*Published in Punjabi & English*

Distributed in Toronto, Calgary, Vancouver, Winnipeg and Online Worldwide.

Voice of Social Concerns

Pro-People Arts Project Media Group

Sarokaran Di Awaz

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 16, ਅੰਕ-10, ਅਕਤੂਬਰ 2026 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## 'ਸਰੋਕਾਰਾਂ ਦੀ ਆਵਾਜ਼' ਦੇ ਰੂਹੇ-ਰਵਾਂ

# ਸਾਥੀ ਹਰਬੰਸ ਸਿੰਘ ਦਾ ਸਦੀਵੀ ਵਿਛੋੜਾ

ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇਸ਼-ਬਦੇਸ਼ ਦੇ ਸਮੂਹ ਪਾਠਕਾਂ ਅਤੇ ਹਿਤੈਸ਼ੀਆਂ ਨਾਲ ਇਹ ਬੇਹੱਦ ਦੁਖਦਾਈ ਜਾਣਕਾਰੀ ਸਾਂਝੀ ਕਰ ਰਿਹਾ ਹੈ ਕਿ ਸਾਡੇ ਪੇਪਰ ਦੇ ਬਾਨੀ ਸੰਪਾਦਕ ਅਤੇ ਲੋਕ ਸੰਘਰਸ਼ਾਂ ਵਿਚ ਹਮੇਸ਼ਾ ਸਰਗਰਮ ਰਹਿਣ ਵਾਲੀ ਲੋਕ ਹਿਤੈਸ਼ੀ ਨਿਧੜਕ ਆਵਾਜ਼ ਸਾਥੀ ਹਰਬੰਸ ਸਿੰਘ ਸਾਡੇ ਦਰਮਿਆਨ ਨਹੀਂ ਰਹੇ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਨਾਸਾਜ਼ ਚੱਲ ਰਹੀ ਸੀ। 28 ਸਤੰਬਰ ਨੂੰ ਅਚਾਨਕ ਤਬੀਅਤ ਜ਼ਿਆਦਾ ਵਿਗੜ ਜਾਣ 'ਤੇ ਬਰੈਂਪਟਨ ਦੇ ਹਸਪਤਾਲ ਵਿੱਚ ਦੁਪਹਿਰ ਇੱਕ ਵਜੇ ਉਹ ਜ਼ਿੰਦਗੀ ਦਾ ਸਫ਼ਰ ਮੁਕਾ ਗਏ। ਨਾਲ ਹੀ ਸਾਡੇ ਸਾਰਿਆਂ ਉੱਪਰ ਇਸ ਪ੍ਰਕਾਸ਼ਨ ਨੂੰ ਇਸੇ ਤਰ੍ਹਾਂ ਜਾਰੀ ਰੱਖਣ ਦੀ ਵੱਡੀ ਜ਼ਿੰਮੇਵਾਰੀ ਵੀ ਪਾ ਪਏ।

ਪਿੰਡ ਧੂੜਕੋਟ ਰਣਸੀਂਹ (ਜ਼ਿਲ੍ਹਾ ਮੋਗਾ) ਵਿਖੇ ਅਗਸਤ 1958 'ਚ ਜਨਮੇ ਹਰਬੰਸ ਸਿੰਘ ਨੇ ਪਿੰਡ ਭਰੋਵਾਲ ਕਲਾਂ (ਜ਼ਿਲ੍ਹਾ ਲੁਧਿਆਣਾ) ਵਿਖੇ ਆਪਣੀ ਭੂਆ ਜੀ ਕੋਲ ਰਹਿਕੇ ਪੜ੍ਹਾਈ ਕੀਤੀ। ਇੱਥੇ ਜਗਰਾਓਂ ਦੇ ਸਾਇੰਸ ਕਾਲਜ ਵਿਚ ਪੜ੍ਹਦਿਆਂ ਸਾਥੀ ਹਰਬੰਸ ਵਿਦਿਆਰਥੀ ਜੀਵਨ ਦੌਰਾਨ ਹੀ ਲੋਕ ਸੰਘਰਸ਼ਾਂ ਨਾਲ ਜੁੜ ਗਏ ਸਨ। ਇਤਿਹਾਸਕ ਮੋਗਾ ਘੋਲ ਸਮੇਂ ਇਨਕਲਾਬੀ ਤਰਥੱਲੀਆਂ ਦੇ ਦੌਰ ਵਿਚ ਉਹ ਪੰਜਾਬ ਦੀ ਇਨਕਲਾਬੀ ਵਿਦਿਆਰਥੀ ਜਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਦੇ ਮੈਂਬਰ ਬਣਕੇ ਜਗਰਾਓਂ ਇਲਾਕੇ ਵਿਚ ਵਿਦਿਆਰਥੀ ਆਗੂ ਬਣਕੇ ਉੱਭਰੇ। ਵਿਦਿਅਕ ਸੰਸਥਾਵਾਂ ਵਿਚ ਕੰਮ ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਇਲਾਕੇ ਦੇ ਪਿੰਡਾਂ ਵਿਚ ਨੌਜਵਾਨ ਭਾਰਤ ਸਭਾਵਾਂ ਬਣਾਉਣ ਅਤੇ ਇਨਕਲਾਬੀ ਸੱਭਿਆਚਾਰਕ ਸਮਾਗਮ ਕਰਵਾਕੇ ਇਨਕਲਾਬੀ ਚੇਤਨਾ ਦਾ ਚਾਨਣ ਵੰਡਣ ਲਈ ਅਣਥੱਕ ਮਿਹਨਤ ਕੀਤੀ। ਇਲਾਕੇ ਦੇ ਜਲਾ ਕਤਲ ਕਾਂਡ, ਰਾਣਕੇ ਦੇ ਪੁਲਿਸ ਜਬਰ ਵਿਰੋਧੀ ਘੋਲ, 1980 ਦੇ ਬੱਸ ਕਿਰਾਇਆ ਵਿਰੋਧੀ ਘੋਲ, 1984 'ਚ ਭਾਰਤੀ ਕਿਸਾਨ ਯੂਨੀਅਨ ਵੱਲੋਂ ਗਵਰਨਰ ਦਾ ਘਿਰਾਓ ਕਰਨ ਦੇ ਸੱਦੇ ਤਹਿਤ ਇਲਾਕੇ ਵਿਚ ਕੀਤੀ ਗਈ ਲਾਮਬੰਦੀ ਆਦਿ ਸਰਗਰਮੀਆਂ ਵਿਚ ਉਨ੍ਹਾਂ ਦੀ ਬਹੁਤ ਹੀ ਸਰਗਰਮ ਭੂਮਿਕਾ ਰਹੀ। ਇਨਕਲਾਬੀ ਹਲਕਿਆਂ ਵਿਚ ਉਹ ਬੰਸੇ ਭਰੋਵਾਲੀਏ ਵਜੋਂ ਜਾਣੇ ਜਾਂਦੇ ਸਨ। ਉਨ੍ਹਾਂ ਨੇ ਕੁਝ ਸਮਾਂ ਬਤੌਰ ਸਾਇੰਸ ਅਧਿਆਪਕ ਨੌਕਰੀ ਵੀ ਕੀਤੀ ਅਤੇ ਫਿਰ ਚੰਗੇਰੇ ਭਵਿੱਖ ਦੀ ਤਲਾਸ਼ 'ਚ ਕੈਨੇਡਾ ਆ ਗਏ। ਕੈਨੇਡਾ ਆ ਕੇ ਵੀ ਉਹ ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਨਾਲ ਜੁੜੇ ਰਹੇ ਅਤੇ ਹਰ ਸੰਭਵ ਤਰੀਕੇ ਨਾਲ ਯੋਗਦਾਨ ਪਾਉਂਦੇ ਰਹੇ। ਇੱਥੇ ਆ ਕੇ ਉਹ ਰੋਜ਼ੀ-ਰੋਟੀ ਦੇ ਸੰਘਰਸ਼ ਤੱਕ ਸੀਮਤ ਨਾ ਰਹਿ ਕੇ ਲੋਕਪੱਖੀ ਜਥੇਬੰਦੀਆਂ ਨਾਲ ਜੁੜਕੇ ਸਰਗਰਮ ਹੋ ਗਏ ਅਤੇ ਆਪਣੇ ਅੰਤਮ ਸਾਹਾਂ ਤੱਕ ਲੋਕ ਹਿਤਾਂ ਤੇ ਸਰੋਕਾਰਾਂ ਨੂੰ ਸਮਰਪਿਤ ਰਹੇ। ਇੱਥੇ ਅਗਾਂਹਵਧੂ ਵਿਗਿਆਨਕ ਚੇਤਨਾ ਦੇ ਪਸਾਰੇ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਹੋਰ ਸਾਥੀਆਂ ਨਾਲ ਮਿਲਕੇ ਉਨ੍ਹਾਂ ਨੇ 'ਪ੍ਰੋ-ਪੀਪਲ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ' ਦੀ ਸਥਾਪਨਾ ਕੀਤੀ। ਇਸੇ ਪ੍ਰੋਜੈਕਟ ਦੇ ਤਹਿਤ ਮਾਸਿਕ 'ਸਰੋਕਾਰਾਂ ਦੀ ਆਵਾਜ਼' ਦੇ ਮਾਧਿਅਮ ਰਾਹੀਂ ਉਨ੍ਹਾਂ ਨੇ ਪੰਜਾਬੀ ਜ਼ਬਾਨ ਵਿਚ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਦੇ ਹਕੀਕੀ ਮੁੱਦਿਆਂ ਨੂੰ ਇਨਕਲਾਬੀ ਕੌਮਾਂਤਰੀਵਾਦੀ ਨਜ਼ਰੀਏ ਤੋਂ ਉਠਾਉਣ ਅਤੇ ਲੋਕ ਰਾਇ ਖੜ੍ਹੀ ਕਰਨ ਦਾ ਬੀੜਾ ਚੁੱਕਿਆ ਅਤੇ ਪੇਪਰ ਨੂੰ ਲੋਕਾਂ ਦੀ ਧਿਰ ਦੀ ਮਕਬੂਲ, ਬੁਲੰਦ ਆਵਾਜ਼ ਦੇ ਰੂਪ ਵਿਚ ਸਥਾਪਤ ਕੀਤਾ। ਅੱਜ ਦੁਨੀਆ ਭਰ ਵਿਚ ਫਾਸ਼ੀਵਾਦੀ ਦੇ ਬੋਲਬਾਲੇ ਦੇ ਵੱਡੀਆਂ ਚੁਣੌਤੀਆਂ ਵਾਲੇ ਸਮਿਆਂ ਵਿਚ ਐਸੀ ਬਹੁਗੁਣੀ ਇਨਕਲਾਬੀ ਸ਼ਖਸੀਅਤ ਦਾ ਵਿਛੋੜਾ ਦੇ ਜਾਣਾ ਅਦਾਰਾ 'ਸਰੋਕਾਰਾਂ ਦੀ ਆਵਾਜ਼' ਲਈ ਤਾਂ ਨਾ ਪੂਰਾ ਹੋਣ ਵਾਲਾ ਘਾਟਾ ਹੈ ਹੀ, ਉਨ੍ਹਾਂ ਦਾ ਬੇਵਕਤ ਤੁਰ ਜਾਣਾ ਕੈਨੇਡਾ ਦੀਆਂ ਸਮੂਹ ਅਗਾਂਹਵਧੂ ਤਾਕਤਾਂ ਅਤੇ ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਲਈ ਵੀ ਵੱਡਾ ਘਾਟਾ ਹੈ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਆਪਣੇ ਅਦਾਰੇ ਦੀ ਰੂਹੇ-ਰਵਾਂ ਸਾਡੇ ਇਸ ਪਿਆਰੇ ਸਾਥੀ ਵੱਲੋਂ ਵਿੱਢੇ ਕਾਰਜ ਨੂੰ ਬੁਲੰਦ ਰੱਖੇਗਾ। ਉਨ੍ਹਾਂ ਦੀ ਯਾਦ ਸਾਡੇ ਚੇਤਿਆਂ 'ਚ ਹਮੇਸ਼ਾ ਰਹੇਗੀ।

**- ਸੰਪਾਦਕੀ ਬੋਰਡ**

ਇਨਕਲਾਬ ਜ਼ਿੰਦਾਬਾਦ

**IN LOVING MEMORY OF**



**HARBANS SINGH**

August 10th, 1958 – September 28th, 2026

**FUNERAL ਸੋਗ ਸਮਾਗਮ**

Saturday October 3rd, 2026
3.00 PM – 5.00 PM

Brampton Crematorium and Visitation Centre
Suite A&B
30 Bramwin CR, Brampton, On
L6T 5G2

GOLDEN HARMONY CARE
Medical & Paramedic-Led Home Care
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆ ਕੇ ਅਸੀਂ ਕਰਾਂਗੇ

ਘਰ ਵਿਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਪੈਂਸ਼ੀਆ ਕੇਅਰ
- ਖਾਣਾ ਬਣਾਉਣਾ
- ਸਫ਼ਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ

ਆਪਣੇ ਘਰ ਵਿਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ
ਸਰਕਾਰੀ ਫੰਡ ਨਾਲ ਘਰ ਵਿਚ ਦੇਖਭਾਲ ਦੀਆਂ ਸੇਵਾਵਾਂ
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚੇ ਲਏ
ਕੈਲਗਰੀ, ਐਡਮਿੰਟਨ ਅਤੇ ਆਲੇ ਦੁਆਲੇ ਦੇ ਸਾਰੇ ਖੇਤਰਾਂ ਵਿਚ ਸੇਵਾ ਪ੍ਰਦਾਨ ਕਰਦਾ ਹੈ।

(403) 439-6688 | (825) 712-9295
www.goldenharmonycare.ca
goldenharmonycare@gmail.com
Info@goldenharmonycare.ca

ਮਰੀਜ਼ਾਂ ਲਈ ਕੋਈ ਖਰਚਾ ਨਹੀਂ
ਏਐਸਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ

ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਬਿਜਨਸ ਇੰਸ਼ੋਰੈਂਸ

Call us for FREE Insurance Quote

Paramjit Plaha
403 554.4444
paramjit@paramjit.ca
paramjit.ca
520 - 10655 Southport Road SW Calgary

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
EACH OFFICE INDEPENDENTLY OWNED AND OPERATED
RE/MAX MOUNTAIN VIEW



AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com



Sherjang Singh Rana
416.910.9000

RDSP UP TO $90,000 GOVERNMENT GRANT + BOND.
SUPER VISA INSURANCE
PUNJAB INSURANCE INC.
- Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca



Sandeep Ahuja
416.660.1010

# ਡਾ. ਸਾਹਿਬ ਦੇ ਨਾਟਕ ਐਡਰੀ (ਕੈਲਗਰੀ) 'ਚ 4 ਅਕਤੂਬਰ ਨੂੰ ਹੋਣਗੇ



(ਦੇਖੋ ਸਫ਼ਾ 20 ਅਤੇ 40 'ਤੇ)


NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available





www.careinc.ca
1st Location : 124-4774 Westwinds Drive NE Calgary, Alberta
Email : westwinds@careine.ca
2nd Location : 2110-4250 109 Ave NE, Calgary, AB (The Port Plaza)
3rd Location : 45-250 Carrington Blvd NW Calgary, AB, T3P OC7
Phone : 403-605-6300 | Fax : 403-536-4057
Email : calgary@careinc.ca



16 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।





| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
|---|---|---|---|---|---|
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |



AAXEL INSURANCE BROKERS LTD.
Harcharan Parhar
403-614-1797
harcharan.parhar@aaxelinsurance.com
Auto·Home·Business Insurance
✓ Commercial Auto & Trucking
✓ Commercial Property
✓ Rental Property
✓ Tenant Insurance
✓ General Liability
✓ Builder's Risk
✓ Special Event, Shows, Parties Liability
Ph. 403-614-1797 | Email : harcharan.parhar@aaxelinsurance.com
#3256, 4310-104 Ave NE, Calgary AB T3N 1W1
www.aaxelinsurance.com

Insta Realty
BUY SELL INSTANTLY
Residential | Commercial | Rural
Property Management
Harcharan Parhar
BROKER
403-681-8689





info@instarlt.com | www.instarlt.com
400, 3115-12th St NE Calgary AB T2E 7J2





ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work
www.hmphome.com

HMP Custom Cabinets Ltd.
Specialist in :





Custom Kitchen, Bars, Washroom Vanity, Custom Bedroom Closet & All Commercial Mill Work
Free Estimate Paul Sekhon : 403-701-4947
Bay 11 2316 27 Ave. NE, Calgary





Harpinder Sidhu INSURANCE EXPERT
Punjab Insurance Inc
SUPER VISA INSURANCE
✱ LIFE INSURANCE ✱ RESPs
# 5106-4310 104 Ave,
NE Calgary AB T3N 1W5
CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Parminder Swaich
Surrey (BC)
604-760-4794
pswaich@hotmail.com
Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne, Calgary, AB T3J 4C5
Email : vvakil@universalhealthcentre.com
www.universalhealthcentre.com



For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD
Taranjit "T. J." Mand
Real Estate Associate
Max Value Reality Ltd.



Call Romi Sidhu For Insurance & Financial Needs



StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILITY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਪਬਲਿਕ ਯੂਨੀਵਰਸਿਟੀ ਦੀ 'ਰਾਜਧ੍ਰੋਹੀ' ਜ਼ਿੰਦਗੀ

*ਨਾਰੀਵਾਦੀ ਕਾਰਕੁਨ ਅਤੇ ਖੋਜਾਰਥੀ ਝੇਲਮ ਰਾਏ ਆਪਣੇ ਇਸ ਲੇਖ ਵਿਚ ਇਸ ਮਹੱਤਵਪੂਰਨ ਸਵਾਲ ਨੂੰ ਮੁਖ਼ਾਤਬ ਹੁੰਦੀ ਹੈ ਕਿ ਫਾਸ਼ੀਵਾਦੀ ਹਕੂਮਤਾਂ ਪਬਲਿਕ ਯੂਨੀਵਰਸਿਟੀ ਉੱਪਰ ਕੰਟਰੋਲ ਸਥਾਪਤ ਕਰਨ ਲਈ ਐਨਾ ਤਾਹੂ ਕਿਉਂ ਹੁੰਦੀਆਂ ਹਨ। ਜੇ.ਐੱਨ.ਯੂ. ਅਤੇ ਹੋਰ ਕੇਂਦਰੀ ਯੂਨੀਵਰਸਿਟੀਆਂ ਦੀ ਕੈਂਪਸ ਜ਼ਿੰਦਗੀ ਉੱਪਰ ਮੋਦੀ ਸਰਕਾਰ ਵੱਲੋਂ ਕੱਸਿਆ ਜਾ ਰਿਹਾ ਸ਼ਿਕੰਜਾ ਅਤੇ ਫਾਸ਼ੀਵਾਦੀ ਰੋਕਾਂ ਇਸ ਦੀਆਂ ਗਵਾਹ ਹਨ। ਲੇਖਿਕਾ ਜ਼ੋਰ ਦਿੰਦੀ ਹੈ ਕਿ ਅੱਜ ਜਦੋਂ ਭਾਰਤ ਦੇ ਲੋਕ ਆਪਣੀਆਂ ਪਬਲਿਕ ਯੂਨੀਵਰਸਿਟੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ ਤਾਂ ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਦਾਅ ਉੱਤੇ ਸਿਰਫ਼ ਲੋਕਤੰਤਰੀ ਅਮਲ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਜਾਂ ਅਕਾਦਮਿਕ ਆਜ਼ਾਦੀ ਹੀ ਨਹੀਂ ਲੱਗੀ ਹੋਈ। ਸਗੋਂ ਖ਼ੁਦ ਪਬਲਿਕ ਯੂਨੀਵਰਸਿਟੀ ਦਾ ਮੂਲ ਵਿਚਾਰ ਹੀ ਦਾਅ 'ਤੇ ਲੱਗਿਆ ਹੋਇਆ ਹੈ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। – ਸੰਪਾਦਕ*

**-ਝੇਲਮ ਰਾਏ**
**ਅਨੁ. : ਬੂਟਾ ਸਿੰਘ ਮਹਿਮੂਦਪੁਰ**




"ਮੈਂ ਰਾਜੇ, ਉਸਦੇ ਸ਼ਾਹੀ ਜਾਨਸ਼ੀਨਾਂ ਅਤੇ ਫਾਸ਼ੀਵਾਦੀ ਰਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਦਾ ਹਾਂ। ਮੈਂ (ਨੈਸ਼ਨਲ ਫਾਸ਼ਿਸਟ ਪਾਰਟੀ ਦੇ) ਵਿਧਾਨ ਅਤੇ ਰਾਜ ਦੇ ਹੋਰ ਕਾਨੂੰਨਾਂ ਦਾ ਸਤਿਕਾਰ ਕਰਨ ਅਤੇ ਮਿਹਨਤੀ, ਨੇਕ, ਦੇਸ਼ਭਗਤ ਅਤੇ ਫਾਸ਼ੀਵਾਦੀ ਰਾਜ ਪ੍ਰਤੀ ਸਮਰਪਿਤ ਨਾਗਰਿਕ ਤਿਆਰ ਕਰਨ ਦੇ ਉਦੇਸ਼ ਨਾਲ ਇਕ ਅਧਿਆਪਕ ਅਤੇ ਵਿਦਵਾਨ ਵਜੋਂ ਆਪਣੇ ਸਾਰੇ ਫ਼ਰਜ਼ ਨਿਭਾਉਣ ਦੀ ਸਹੁੰ ਚੁੱਕਦਾ ਹਾਂ। ਮੈਂ ਸਹੁੰ ਚੁੱਕਦਾ ਹਾਂ ਕਿ ਮੈਂ ਉਨ੍ਹਾਂ ਸੰਗਠਨਾਂ ਜਾਂ ਪਾਰਟੀਆਂ ਦਾ ਮੈਂਬਰ ਨਹੀਂ ਹਾਂ ਅਤੇ ਨਾ ਹੀ ਕਦੇ ਬਣਾਂਗਾ, ਜਿਨ੍ਹਾਂ ਦੀਆਂ ਸਰਗਰਮੀਆਂ ਮੇਰੇ ਸਰਕਾਰੀ ਫ਼ਰਜ਼ਾਂ ਨਾਲ ਬੇਮੇਲ ਹਨ।

ਸਾਲ 1931, ਮੁਸੋਲਿਨੀ ਦਾ ਇਟਲੀ। ਰਾਜ ਨੇ ਯੂਨੀਵਰਸਿਟੀਆਂ ਦੇ ਸਾਰੇ ਪ੍ਰੋਫ਼ੈਸਰਾਂ ਲਈ ਰਾਜੇ ਅਤੇ ਫਾਸ਼ੀਵਾਦੀ ਹਕੂਮਤ ਦੇ ਨਾਂ 'ਤੇ ਜਨਤਕ ਤੌਰ 'ਤੇ ਵਫ਼ਾਦਾਰੀ ਦੀ ਸਹੁੰ ਚੁੱਕਣੀ ਲਾਜ਼ਮੀ ਕਰ ਦਿੱਤੀ ਸੀ। ਬਾਰਾਂ ਪ੍ਰੋਫ਼ੈਸਰਾਂ ਨੇ ਇਹ ਐਲਾਨ ਕਰਦਿਆਂ ਸਹੁੰ ਚੁੱਕਣ ਤੋਂ ਨਾਂਹ ਕਰ ਦਿੱਤੀ ਕਿ ਇਹ ਉਨ੍ਹਾਂ ਦੀ ਅਕਾਦਮਿਕ ਅਤੇ ਸਿਆਸੀ ਇਮਾਨਦਾਰੀ ਨਾਲ ਬੇਮੇਲ ਹੈ। ਇਸ ਅਵੱਗਿਆ ਕਾਰਨ ਉਨ੍ਹਾਂ ਨੂੰ ਆਪਣੀਆਂ ਨੌਕਰੀਆਂ ਅਤੇ ਸਮਾਜਿਕ ਰੁਤਬਾ ਗੁਆਉਣਾ ਪਿਆ ਅਤੇ ਕੁਝ ਦੀ ਆਰਥਕ ਸੁਰੱਖਿਆ ਵੀ ਖੁੱਸ ਗਈ।

ਫਿਰ ਵੀ ਲਗਭਗ ਇਕ ਸਦੀ ਬਾਅਦ ਇਤਿਹਾਸ ਉਨ੍ਹਾਂ ਬਾਰਾਂ ਪ੍ਰੋਫ਼ੈਸਰਾਂ ਦੀ ਨਾਂਹ ਨੂੰ ਹੀ ਸ਼ਾਨਦਾਰ ਢੰਗ ਨਾਲ ਯਾਦ ਕਰਦਾ ਹੈ। ਪਰ ਅੱਜ ਜਦੋਂ ਅਸੀਂ ਆਪਣੇ ਵਰਤਮਾਨ ਨੂੰ ਸਮਝਣ ਲਈ ਇਸ ਘਟਨਾ ਵੱਲ ਮੁੜਦੇ ਹਾਂ ਤਾਂ ਦੋ ਅਸਹਿਜ ਸਵਾਲ ਸਾਡੇ ਸਾਹਮਣੇ ਖੜ੍ਹੇ ਹੋ ਜਾਂਦੇ ਹਨ ਅਤੇ ਉਹ ਸਾਡਾ ਖਹਿੜਾ ਛੱਡਣ ਤੋਂ ਇਨਕਾਰੀ ਹਨ।

**ਪਹਿਲਾ ਸਵਾਲ ਹੈ:** ਲਗਭਗ 1,250 ਅਕਾਦਮਿਕਾਂ ਨੇ—ਜਿਨ੍ਹਾਂ ਵਿੱਚੋਂ ਬਹੁਤ ਸਾਰੇ ਫਾਸ਼ੀਵਾਦੀ ਵਜੋਂ ਨਹੀਂ ਜਾਣੇ ਜਾਂਦੇ ਸਨ—ਇਸ ਹੁਕਮ ਦੀ ਪਾਲਣਾ ਕਿਉਂ ਕੀਤੀ?

**ਦੂਜਾ ਸਵਾਲ ਸ਼ਾਇਦ ਹੋਰ ਵੀ ਜ਼ਿੱਦੀ ਹੈ:** ਮੁਸੋਲਿਨੀ ਨੂੰ ਉਨ੍ਹਾਂ ਕੋਲੋਂ ਜਨਤਕ ਤੌਰ 'ਤੇ ਆਪਣੀ ਵਫ਼ਾਦਾਰੀ ਦਾ ਪ੍ਰਦਰਸ਼ਨ ਕਰਵਾਉਣ ਦੀ ਲੋੜ ਹੀ ਕਿਉਂ ਪਈ?

ਸਾਲ 1931 ਤੱਕ ਹਕੂਮਤ ਪਹਿਲਾਂ ਹੀ ਵਧੇਰੇ ਖ਼ਾਮੋਸ਼ ਤਰੀਕਿਆਂ ਨਾਲ ਯੂਨੀਵਰਸਿਟੀ ਉੱਤੇ ਆਪਣੀ ਪਕੜ ਬਣਾ ਰਹੀ ਸੀ—ਅਸੁਵਿਧਾਜਨਕ ਸਮਝੇ ਜਾਂਦੇ ਅਕਾਦਮਿਕਾਂ ਨੂੰ ਹਟਾਉਣਾ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਸੀਮਤ ਕਰਨਾ, ਨਿਯੁਕਤੀਆਂ ਉੱਪਰ ਕੰਟਰੋਲ ਕਰਨਾ, ਸਿਆਸੀ ਵਫ਼ਾਦਾਰੀ ਨੂੰ ਇਨਾਮ ਦੇਣਾ ਅਤੇ ਅਸਹਿਮਤੀ ਨੂੰ ਜ਼ਾਬਤਾਬੱਧ ਕਰਨਾ। ਪ੍ਰੋਫ਼ੈਸਰਾਂ ਨੂੰ ਜਨਤਕ ਤੌਰ 'ਤੇ ਸਹੁੰ ਚੁੱਕਣ ਲਈ ਕਹੇ ਜਾਣ ਤੋਂ ਬਹੁਤ ਪਹਿਲਾਂ ਹੀ ਯੂਨੀਵਰਸਿਟੀ ਨੂੰ ਅੰਦਰੋਂ ਖੋਖਲਾ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਸੀ।

ਤਾਂ ਫਿਰ ਇਸ ਸਹੁੰ ਨੇ ਹੋਰ ਕੀ ਜੋੜਿਆ? ਸਹੁੰ ਦੀ ਆਪਣੀ ਭਾਸ਼ਾ ਹੀ ਇਸ ਸਵਾਲ ਦਾ ਕੁਝ ਜਵਾਬ ਦਿੰਦੀ ਹੈ। ਇਸ ਵਿੱਚ ਸਿਰਫ਼ ਆਗਿਆਕਾਰੀ ਦੀ ਮੰਗ ਹੀ ਨਹੀਂ ਕੀਤੀ ਗਈ ਸੀ। ਪ੍ਰੋਫ਼ੈਸਰਾਂ ਨੂੰ ਮਹਿਜ਼ ਹਕੂਮਤ ਦਾ ਵਿਰੋਧ ਨਾ ਕਰਨ ਲਈ ਨਹੀਂ ਕਿਹਾ ਗਿਆ ਸੀ। ਉਨ੍ਹਾਂ ਕੋਲੋਂ ਅਜਿਹੇ "ਮਿਹਨਤੀ ਅਤੇ ਨੇਕ ਨਾਗਰਿਕ ਤਿਆਰ ਕਰਨ" ਦੀ ਮੰਗ ਕੀਤੀ ਗਈ ਸੀ, ਜੋ "ਦੇਸ਼ਭਗਤ ਅਤੇ ਫਾਸ਼ੀਵਾਦੀ ਹਕੂਮਤ ਪ੍ਰਤੀ ਸਮਰਪਿਤ" ਹੋਣ।

ਇਸ ਸਹੁੰ ਰਾਹੀਂ ਯੂਨੀਵਰਸਿਟੀ ਦੇ ਉਦੇਸ਼ ਉੱਤੇ ਜਨਤਕ ਦਾਅਵਾ ਪੇਸ਼ ਕੀਤਾ ਗਿਆ ਸੀ। ਇਹ ਸਿਰਫ਼ ਨਿੱਜੀ ਵਿਸ਼ਵਾਸ ਦੀ ਪਰਖ ਨਹੀਂ ਸੀ, ਸਗੋਂ ਯੂਨੀਵਰਸਿਟੀ ਉੱਤੇ ਥੋਪੀ ਗਈ ਇਕ ਰਾਇ ਸ਼ੁਮਾਰੀ ਸੀ। ਸੰਸਥਾਵਾਂ ਉੱਤੇ ਅਥਾਹ ਤਾਕਤ ਰੱਖਣ ਦੇ ਬਾਵਜੂਦ ਫਾਸ਼ੀਵਾਦੀ ਪ੍ਰੋਜੈਕਟ ਨੂੰ ਅਜੇ ਵੀ ਜਨਤਕ ਵਾਜਬੀਅਤ ਦੀ ਲੋੜ ਸੀ। ਜਨਤਕ ਸਹਿਮਤੀ ਦਾ ਤਮਾਸ਼ਾ ਉਹ ਕੰਮ ਕਰ ਸਕਦਾ ਸੀ, ਜੋ ਅਨੁਸ਼ਾਸਨਾਤਮਕ ਕਾਰਵਾਈ ਦੇ ਦਸ ਲੱਖ ਨੋਟਿਸ ਵੀ ਨਹੀਂ ਕਰ ਸਕਦੇ ਸਨ।

ਇਸ ਨਾਲ ਫਾਸ਼ੀਵਾਦ ਨੂੰ ਸਿਰਫ਼ ਇਹ ਦਾਅਵਾ ਕਰਨ ਦਾ ਮੌਕਾ ਨਹੀਂ ਮਿਲਿਆ ਕਿ ਯੂਨੀਵਰਸਿਟੀ ਉਸਦੇ ਕੰਟਰੋਲ ਹੇਠ ਹੈ, ਸਗੋਂ ਇਹ ਦਾਅਵਾ ਕਰਨ ਦਾ ਮੌਕਾ ਵੀ ਮਿਲਿਆ ਕਿ ਯੂਨੀਵਰਸਿਟੀ ਨੇ ਫਾਸ਼ੀਵਾਦੀ ਪ੍ਰਬੰਧ ਦੇ ਅੰਦਰ ਆਪਣੀ ਥਾਂ ਖ਼ੁਦ ਚੁਣੀ ਹੈ।

ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਸੀ ਕਿ ਸਹੁੰ ਨੇ ਸਪੱਸ਼ਟ ਕਰ ਦਿੱਤਾ ਕਿ ਲੜਾਈ ਕਦੇ ਵੀ ਮਹਿਜ਼ ਇਸ ਗੱਲ ਨੂੰ ਲੈ ਕੇ ਨਹੀਂ ਸੀ ਕਿ ਯੂਨੀਵਰਸਿਟੀ ਵਿੱਚ ਕੌਣ ਪੜ੍ਹਾਏਗਾ, ਕੀ ਪੜ੍ਹਾਇਆ ਜਾ ਸਕੇਗਾ ਅਤੇ ਕਿਵੇਂ ਪੜ੍ਹਾਇਆ ਜਾਵੇਗਾ। ਲੜਾਈ ਇਸ ਗੱਲ ਦੀ ਸੀ ਕਿ ਯੂਨੀਵਰਸਿਟੀ ਕਿਸ ਤਰ੍ਹਾਂ ਦੇ ਲੋਕ ਤਿਆਰ ਕਰੇਗੀ, ਉਹ ਕਿਸ ਤਰ੍ਹਾਂ ਦੀਆਂ ਸਮੂਹਿਕ ਸਾਂਝਾਂ ਨੂੰ ਪ੍ਰਵਾਨਗੀ ਦੇਵੇਗੀ ਅਤੇ ਅੰਤ ਵਿੱਚ ਉਹ ਕਿਸ ਕਿਸਮ ਦੇ ਭਵਿੱਖ ਨੂੰ ਮੁੜ ਸਿਰਜਣ ਵਿੱਚ ਮਦਦ ਕਰੇਗੀ।

ਤਾਂ ਫਿਰ ਪਬਲਿਕ ਯੂਨੀਵਰਸਿਟੀ ਦੇ ਸੁਭਾਅ ਅਤੇ ਖ਼ਾਸੇ ਵਿੱਚ ਅਜਿਹੀ ਕਿਹੜੀ ਗੱਲ ਹੈ, ਜੋ ਉਸਦੇ ਉਦੇਸ਼ ਉੱਤੇ ਇੰਨੇ ਜਨਤਕ ਢੰਗ ਨਾਲ ਦਾਅਵਾ ਕਰਨ ਨੂੰ ਮਹੱਤਵਪੂਰਨ ਬਣਾਉਂਦੀ ਹੈ? ਆਪਣੇ ਬੁਨਿਆਦੀ ਰੂਪ ਵਿੱਚ ਪਬਲਿਕ ਯੂਨੀਵਰਸਿਟੀ ਦਾ ਵਿਚਾਰ ਇਸ ਸਿਧਾਂਤ ਉੱਤੇ ਅਧਾਰਤ ਹੈ ਕਿ ਸਿੱਖਿਆ ਕੋਈ ਵਸਤੂ ਨਹੀਂ, ਸਗੋਂ ਇਕ ਸਮਾਜਿਕ ਭਲਾਈ ਹੈ, ਜਿਸ ਉੱਤੇ ਹਰ ਵਿਅਕਤੀ ਦਾ ਅਧਿਕਾਰ ਹੈ। ਇਹੀ ਸਿਧਾਂਤ ਪਬਲਿਕ ਯੂਨੀਵਰਸਿਟੀ ਨੂੰ ਕੁਝ ਲੋਕਤੰਤਰੀ ਕਦਰਾਂ-ਕੀਮਤਾਂ, ਸਮੂਹਿਕ ਜ਼ਿੰਦਗੀ ਦੀ ਸਿਰਜਣਾ ਕਰਨ ਵਾਲੇ ਅਮਲਾਂ ਅਤੇ ਉਸਨੂੰ ਕਾਇਮ ਰੱਖਣ ਵਾਲੇ ਸਮਾਜ ਪ੍ਰਤੀ ਵਚਨਬੱਧਤਾ ਦੇ ਸਾਹਮਣੇ ਜਵਾਬਦੇਹ ਬਣਾਉਂਦਾ ਹੈ।

ਯੂਨੀਵਰਸਿਟੀ ਇਨ੍ਹਾਂ ਸੰਭਾਵਨਾਵਾਂ ਨੂੰ ਖੁੱਲ੍ਹਾ ਰੱਖ ਸਕਦੀ ਹੈ ਅਤੇ ਇਸੇ ਕਰਕੇ ਇਤਿਹਾਸਕ ਤੌਰ 'ਤੇ ਇਹ ਹਮੇਸ਼ਾ ਸੰਘਰਸ਼ ਦਾ ਮੈਦਾਨ ਰਹੀ ਹੈ। ਪਬਲਿਕ ਯੂਨੀਵਰਸਿਟੀ ਸਮੂਹਿਕ ਵਸੀਲਿਆਂ ਨਾਲ ਬਣਦੀ ਹੈ। ਉਸਦੀਆਂ ਜਮਾਤਾਂ, ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ, ਹੋਸਟਲ, ਕੰਟੀਨਾਂ, ਵਜ਼ੀਫੇ, ਤਨਖ਼ਾਹਾਂ ਅਤੇ ਬੁਨਿਆਦੀ ਢਾਂਚਾ ਮਿਹਨਤਕਸ਼ ਲੋਕਾਂ ਦੀ ਕਿਰਤ ਨਾਲ ਕਾਇਮ ਰੱਖੇ ਜਾਂਦੇ ਹਨ। ਇਹ ਤੱਥ ਉਸ ਮਿਹਨਤਕਸ਼ ਸਮਾਜ ਨੂੰ ਯੂਨੀਵਰਸਿਟੀ ਵਿੱਚ ਹਿੱਸੇਦਾਰ ਬਣਾਉਂਦਾ ਹੈ, ਭਾਵੇਂ ਉਸਦੇ ਬਹੁਤ ਸਾਰੇ ਲੋਕ ਕਦੇ ਯੂਨੀਵਰਸਿਟੀ ਦੇ ਅੰਦਰ ਕਦਮ ਵੀ ਨਾ ਰੱਖਣ।

ਇਹੀ ਗੱਲ ਆਖ਼ਿਰਕਾਰ ਯੂਨੀਵਰਸਿਟੀ ਨੂੰ ਇਸ ਸਮਾਜ ਪ੍ਰਤੀ ਜਵਾਬਦੇਹ ਬਣਾਉਂਦੀ ਹੈ। ਇਹ ਜ਼ਿੰਮੇਵਾਰੀ ਯੂਨੀਵਰਸਿਟੀ ਉੱਤੇ ਲੋਕਤੰਤਰੀ ਅਮਲ ਵਿਕਸਤ ਕਰਨ, ਜ਼ਿੰਦਗੀ ਨੂੰ ਵੱਖਰੇ ਢੰਗ ਨਾਲ ਜਥੇਬੰਦ ਕਰਨ ਅਤੇ ਸਭ ਤੋਂ ਵੱਧ ਇਹ ਕਲਪਨਾ ਕਰਨ ਦਾ ਫ਼ਰਜ਼ ਆਇਦ ਕਰਦੀ ਹੈ ਕਿ ਇਕ ਹੋਰ ਦੁਨੀਆ ਸੰਭਵ ਹੈ।

ਇਸ ਲਈ ਇਤਿਹਾਸ ਵਿੱਚ ਸਾਹਮਣੇ ਆਉਂਦਾ ਇਹ ਟਕਰਾਅ ਜ਼ਿੰਦਗੀ ਨੂੰ ਜਥੇਬੰਦ ਕਰਨ ਦੀਆਂ ਇਨ੍ਹਾਂ ਸੰਭਾਵਨਾਵਾਂ, ਸਮਾਜ ਦੀ ਕਲਪਨਾ ਕਰਨ ਦੇ ਵੱਖ-ਵੱਖ ਢੰਗਾਂ ਅਤੇ ਅਜਿਹੇ ਸਮਾਜ ਵਿੱਚ ਲੋਕਤੰਤਰੀ ਅਮਲਾਂ ਨੂੰ ਮੁੜ ਪੈਦਾ ਕਰਨ ਨੂੰ ਲੈ ਕੇ ਹੋਣ ਵਾਲਾ ਟਕਰਾਅ ਹੈ, ਜੋ ਖ਼ੁਦ ਜਮਾਤ, ਜਾਤ, ਲਿੰਗ, ਨਸਲੀ, ਭਾਸ਼ਾਈ ਅਤੇ ਖੇਤਰੀ ਦਰਜਾਬੰਦੀਆਂ ਰਾਹੀਂ ਡੂੰਘੇ ਰੂਪ 'ਚ ਬੱਝਵੀਂ ਵਿਵਸਥਾ ਹੈ।

ਇਹੀ ਗੱਲ ਲਾਇਬ੍ਰੇਰੀਆਂ, ਕਲਾਸਾਂ, ਗਲਿਆਰਿਆਂ, ਹੋਸਟਲਾਂ, ਖੇਡ ਮੈਦਾਨਾਂ ਅਤੇ ਕੰਟੀਨਾਂ ਨੂੰ ਇੰਨਾ ਖ਼ਤਰਨਾਕ ਬਣਾਉਂਦੀ ਹੈ, ਕਿਉਂਕਿ ਉਹ ਮੰਡੀ ਦੀਆਂ ਫ਼ੌਰੀ ਮਜਬੂਰੀਆਂ ਅੱਗੇ ਸਮਰਪਣ ਨਹੀਂ ਕਰਦੀਆਂ। ਇਹ ਥਾਵਾਂ ਹੁਣ ਨਿੱਜੀ ਲਾਭ ਦੇ ਆਲੇ-ਦੁਆਲੇ ਸੰਗਠਿਤ ਨਹੀਂ ਰਹਿੰਦੀਆਂ, ਸਗੋਂ ਅਜਿਹੀਆਂ ਥਾਵਾਂ ਬਣ ਜਾਂਦੀਆਂ ਹਨ ਜਿੱਥੇ ਲੋਕ ਠਹਿਰਦੇ ਹਨ, ਬਿਨਾਂ ਕਿਸੇ ਤੈਅਸ਼ੁਦਾ ਮਕਸਦ ਦੇ ਸਮਾਂ ਗੁਜ਼ਾਰਦੇ ਹਨ ਅਤੇ ਜਮਾਤਾਂ ਤੋਂ ਬਾਹਰ ਗੁਜ਼ਾਰੇ ਘੰਟਿਆਂ ਰਾਹੀਂ ਸਮਾਜਿਕ ਜ਼ਿੰਦਗੀ ਦੀ ਸਿਰਜਣਾ ਕਰਦੇ ਹਨ।

ਉੱਥੇ ਬਹਿਸਾਂ, ਅਧਿਐਨ-ਮੰਡਲੀਆਂ, ਵਿਦਿਆਰਥੀ ਜਥੇਬੰਦੀਆਂ, ਰਿਹਰਸਲਾਂ, ਹੜਤਾਲਾਂ ਜਾਂ ਹੋਸਟਲਾਂ ਦੇ ਗਲਿਆਰਿਆਂ, ਚਾਹ ਦੀਆਂ ਦੁਕਾਨਾਂ, ਕੰਟੀਨਾਂ ਅਤੇ ਲਾਇਬ੍ਰੇਰੀਆਂ ਵਿੱਚ ਹੋਣ ਵਾਲੀਆਂ ਸਧਾਰਨ ਗੱਲਬਾਤਾਂ ਰਾਹੀਂ ਦੋਸਤੀਆਂ ਅਤੇ ਸਾਥ ਦੇ ਰਿਸ਼ਤੇ ਬਣਦੇ ਹਨ।

ਇਹ ਗੱਲ ਨੋਟ ਕਰਨੀ ਮਹੱਤਵਪੂਰਨ ਹੈ ਕਿ ਇਹ ਥਾਵਾਂ ਬਾਹਰਲੇ ਸਮਾਜ ਨੂੰ ਬਣਤਰ ਦੇਣ ਵਾਲੀਆਂ ਦਰਜਾਬੰਦੀਆਂ ਨੂੰ ਕਿਸੇ ਜਾਦੂ ਨਾਲ ਖ਼ਤਮ ਨਹੀਂ ਕਰ ਦਿੰਦੀਆਂ। ਜਾਤ ਵਿਦਿਆਰਥੀਆਂ ਦਾ ਪਿੱਛਾ ਕਰਦੀ ਹੋਈ ਕਲਾਸਾਂ, ਕੰਟੀਨਾਂ ਅਤੇ ਗਲਿਆਰਿਆਂ ਤੱਕ ਪਹੁੰਚ ਜਾਂਦੀ ਹੈ। ਜਮਾਤ ਇਹ ਤੈਅ ਕਰਦੀ ਹੈ ਕਿ ਕੌਣ ਉੱਥੇ ਆਰਾਮ ਨਾਲ ਸਮਾਂ ਗੁਜ਼ਾਰ ਸਕਦਾ ਹੈ, ਕਿਸਨੂੰ ਪੜ੍ਹਾਈ ਦੇ ਨਾਲ ਕੰਮ ਵੀ ਕਰਨਾ ਪੈਂਦਾ ਹੈ, ਕੌਣ ਸੌਖ ਨਾਲ ਹੀ ਕਿਸੇ ਥਾਂ ਉੱਤੇ ਆਪਣਾ ਹੱਕ ਜਤਾ ਸਕਦਾ ਹੈ ਅਤੇ ਕਿਸਨੂੰ ਦੂਜਿਆਂ ਦੇ ਬਰਾਬਰ ਪਹੁੰਚਣ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ।



ਲਿੰਗ ਇਹ ਤੈਅ ਕਰਦਾ ਹੈ ਕਿ ਕੌਣ ਦੇਰ ਨਾਲ ਹੋਸਟਲ ਵਾਪਸ ਆ ਸਕਦਾ ਹੈ, ਕੌਣ ਜਿਨਸੀ ਪ੍ਰੇਸ਼ਾਨੀ ਵਿਰੁੱਧ ਆਵਾਜ਼ ਉਠਾਉਣ ਲਈ ਜਨਰਲ ਬਾਡੀ ਦੀ ਮੀਟਿੰਗ ਵਿੱਚ ਦਖ਼ਲ ਦੇ ਸਕਦਾ ਹੈ ਅਤੇ ਕਿਸ ਦੀਆਂ ਦੋਸਤੀਆਂ ਉੱਤੇ ਨਿਗਰਾਨੀ ਰੱਖੀ ਜਾਂਦੀ ਹੈ। ਯੂਨੀਵਰਸਿਟੀਆਂ ਨੇ ਇਤਿਹਾਸਕ ਤੌਰ 'ਤੇ ਇਨ੍ਹਾਂ ਨਬਰਾਬਰੀਆਂ ਨੂੰ ਓਨੀ ਹੀ ਕੁਸ਼ਲਤਾ ਨਾਲ ਮੁੜ ਪੈਦਾ ਕੀਤਾ ਹੈ, ਜਿੰਨੀ ਕੁਸ਼ਲਤਾ ਨਾਲ ਉਨ੍ਹਾਂ ਨੂੰ ਚੁਣੌਤੀ ਦਿੱਤੀ ਹੈ।

ਪਰ ਪਬਲਿਕ ਯੂਨੀਵਰਸਿਟੀ ਲਈ ਹਾਸ਼ੀਏਕਰਨ ਅਤੇ ਅਸਮਾਨਤਾ ਦੇ ਇਨ੍ਹਾਂ ਤਜਰਬਿਆਂ ਨੂੰ ਅਮੂਰਤ ਬਣਾਈ ਰੱਖਣਾ ਅਤੇ ਉਨ੍ਹਾਂ ਨੂੰ ਸਾਫ਼-ਸੁਥਰੇ, ਵੱਖਰੇ ਅਤੇ ਹਵਾ-ਬੰਦ ਖ਼ਾਨਿਆਂ ਵਿੱਚ ਕੈਦ ਕਰ ਦੇਣਾ ਏਨਾ ਸੌਖਾ ਨਹੀਂ ਹੁੰਦਾ।

ਕਿਸੇ ਦੋਸਤ ਵੱਲੋਂ ਸੁਣਾਇਆ ਗਿਆ ਜਾਤੀ ਅਪਮਾਨ ਸਿਰਫ਼ ਸਮਾਜ-ਵਿਗਿਆਨ ਦੀ ਕਿਤਾਬ ਵਿੱਚ ਦਰਜ ਇਕ ਇੰਦਰਾਜ ਨਹੀਂ ਰਹਿੰਦਾ। ਕਿਸੇ ਸਾਥਣ ਨੂੰ ਦੇਰ ਨਾਲ ਵਾਪਸ ਆਉਣ ਕਾਰਨ ਹੋਸਟਲ ਦੇ ਦਰਵਾਜ਼ੇ ਉੱਤੇ ਰੋਕ ਦਿੱਤੇ ਜਾਣ ਦੀ ਘਟਨਾ ਆਉਣ-ਜਾਣ ਉੱਤੇ ਲਿੰਗ-ਅਧਾਰਤ ਕੰਟਰੋਲ ਨੂੰ ਕਿਸੇ ਹੋਰ ਵਿਅਕਤੀ ਦੀ ਸਮੱਸਿਆ ਸਮਝਣਾ ਮੁਸ਼ਕਲ ਬਣਾ ਦਿੰਦੀ ਹੈ।

ਫ਼ੀਸ ਵਾਧੇ ਦਾ ਖ਼ਰਚਾ ਚੁਕਾਉਣ ਲਈ ਕੰਮ ਦੀ ਸ਼ਿਫ਼ਟ ਕਰਨ ਵਾਸਤੇ ਕੈਂਪਸ ਤੋਂ ਗ਼ਾਇਬ ਹੋਣ ਲਈ ਮਜਬੂਰ ਕਿਸੇ ਦੋਸਤ ਦੀ ਅਸੁਰੱਖਿਆ; ਭੋਜਨ, ਭਾਸ਼ਾ, ਧਰਮ ਜਾਂ ਉਪਨਾਮ ਕਾਰਨ ਕਿਸੇ ਹੋਰ ਨਾਲ ਹੋਣ ਵਾਲਾ ਵਿਤਕਰਾ; ਜਾਂ ਦਹਾਕਿਆਂ ਤੋਂ ਯੂਨੀਵਰਸਿਟੀ ਲਈ ਕੰਮ ਕਰਨ ਦੇ ਬਾਵਜੂਦ ਕਿਰਤ ਅਧਿਕਾਰਾਂ ਵਾਲੇ ਹਿੱਸੇਦਾਰ ਵਜੋਂ ਮਾਨਤਾ ਨਾ ਪ੍ਰਾਪਤ ਉਸ ਠੇਕਾ ਮਜ਼ਦੂਰ ਦੀ ਅਸੁਰੱਖਿਆ, ਜਿਸਨੂੰ ਅਸੀਂ ਹਰ ਰੋਜ਼ ਦੇਖਦੇ ਹਾਂ—ਇਨ੍ਹਾਂ ਸਾਰਿਆਂ ਨੂੰ ਹੌਲੀ-ਹੌਲੀ ਨਾਂ, ਚਿਹਰੇ ਅਤੇ ਇਤਿਹਾਸ ਮਿਲਣ ਲੱਗਦੇ ਹਨ।

ਦੋਸਤੀ ਆਪਣੇ ਆਪ ਲੋਕਾਂ ਦਾ ਸਿਆਸੀਕਰਨ ਨਹੀਂ ਕਰ ਦਿੰਦੀ, ਪਰ ਇਹ ਉਦਾਸੀਨ ਰਹਿਣਾ ਮੁਸ਼ਕਲ ਬਣਾ ਦਿੰਦੀ ਹੈ। ਉਹ ਸਿਆਸੀ ਮਹੱਤਤਾ ਹਾਸਲ ਕਰਨ ਲੱਗਦੀ ਹੈ। ਉਹ ਸਵਾਲ ਪੁੱਛਣ, ਅਸਹਿਮਤੀ ਪ੍ਰਗਟ ਕਰਨ, ਸਿੱਖੀਆਂ ਗੱਲਾਂ ਨੂੰ ਮੁੜ ਪਰਖਣ ਅਤੇ ਨਵੀਆਂ ਗੱਲਾਂ ਸਿੱਖਣ, ਵਖਰੇਵਿਆਂ ਦੇ ਆਰ-ਪਾਰ ਇਕਜੁੱਟਤਾਵਾਂ ਬਣਾਉਣ, ਸਿਆਸੀ ਤੌਰ 'ਤੇ ਜਥੇਬੰਦ ਹੋਣ ਅਤੇ ਲੋਕਤੰਤਰੀ ਅਮਲ ਵਿਕਸਤ ਕਰਨ ਲਈ ਸਪੇਸ ਪੈਦਾ ਕਰਦੀ ਹੈ।

ਅਜਿਹੇ ਸਮਾਜ ਵਿੱਚ ਜਿੱਥੇ ਲੋਕਤੰਤਰ ਦਾ ਅਨੁਭਵ ਬਹੁਤ ਅਸਾਵੇਂ ਢੰਗ ਨਾਲ ਹੁੰਦਾ ਹੈ, ਨੇੜਤਾ ਅਤੇ ਦੋਸਤੀਆਂ ਰਾਹੀਂ ਪੈਦਾ ਹੋਣ ਵਾਲੇ ਰੋਜ਼ਮਰ੍ਹਾ ਦੇ ਇਹ ਮਨੁੱਖੀ ਮੇਲ-ਜੋਲ—ਭਾਵੇਂ ਉਹ ਥੋੜ੍ਹੇ ਸਮੇਂ ਲਈ ਅਤੇ ਅਧੂਰੇ ਹੀ ਕਿਉਂ ਨਾ ਹੋਣ—ਜੀਵਨ-ਸਿਰਜਣਾ ਨੂੰ ਵੱਖਰੇ ਢੰਗ ਨਾਲ ਜਥੇਬੰਦ ਕਰਨ ਲੱਗਦੇ ਹਨ।

ਵਿਦਿਆਰਥੀ ਸੰਸਥਾਗਤ ਤੌਰ 'ਤੇ ਆਪਣੇ ਤੋਂ ਉੱਪਰ ਬਿਠਾਏ ਗਏ ਲੋਕਾਂ ਨੂੰ ਸਵਾਲ ਕਰਨਾ ਸਿੱਖਦੇ ਹਨ। ਜਾਤ ਜਾਂ ਧਰਮ ਦੇ ਆਧਾਰ 'ਤੇ ਵੱਖ ਕੀਤੇ ਲੋਕ ਇਕੱਠੇ ਖਾਂਦੇ, ਜਥੇਬੰਦ ਹੁੰਦੇ ਅਤੇ ਬਹਿਸ ਕਰਦੇ ਹਨ। ਮਜ਼ਦੂਰ ਅਤੇ ਵਿਦਿਆਰਥੀ ਆਪਣੇ ਆਪ ਨੂੰ ਕਿਸੇ ਸੰਘਰਸ਼ ਵਿੱਚ ਇਕੋ ਪਾਸੇ ਖੜ੍ਹਾ ਪਾਉਂਦੇ ਹਨ। ਯੂਨੀਵਰਸਿਟੀ ਦੇ ਦਰਵਾਜ਼ੇ ਦੇ ਬਾਹਰ ਚਾਹ ਵੇਚਣ ਵਾਲਿਆਂ, ਯੂਨੀਵਰਸਿਟੀ ਨੂੰ ਚੱਲਦਾ ਰੱਖਣ ਵਾਲੇ ਸਫ਼ਾਈ ਕਾਮਿਆਂ, ਰਿਕਸ਼ਾ ਚਾਲਕ ਅਤੇ ਬੱਸ ਡਰਾਈਵਰ ਦੀ ਜ਼ਿੰਦਗੀ ਇਸ ਸਮੂਹਿਕ ਜੀਵਨ-ਸਿਰਜਣਾ ਦਾ ਹਿੱਸਾ ਬਣ ਜਾਂਦੀ ਹੈ। ਇਸ ਨਾਲ ਯੂਨੀਵਰਸਿਟੀ ਕੋਈ ਮੁਕਤ ਖੇਤਰ ਨਹੀਂ ਬਣ ਜਾਂਦੀ। ਨਾ ਹੀ ਇਸਦਾ ਮਤਲਬ ਇਹ ਹੈ ਕਿ ਸਾਰੀਆਂ ਪਬਲਿਕ ਯੂਨੀਵਰਸਿਟੀਆਂ ਅਸਹਿਮਤੀ ਲਈ ਸਪੇਸ ਬਣ ਜਾਂਦੀਆਂ ਹਨ। ਪਰ ਇਹ ਯੂਨੀਵਰਸਿਟੀ ਨੂੰ ਅੰਤਰ-ਵਿਰੋਧਾਂ ਨਾਲ ਭਰਪੂਰ ਜ਼ਰੂਰ ਬਣਾ ਦਿੰਦਾ ਹੈ।

ਜਿਹੜੀ ਯੂਨੀਵਰਸਿਟੀ ਜਾਤੀ ਵਿਵਸਥਾ ਨੂੰ ਮੁੜ ਪੈਦਾ ਕਰਦੀ ਹੈ, ਉਸੇ ਵਿੱਚ ਜਾਤ-ਵਿਰੋਧੀ ਸਿਆਸਤ ਦਾ ਕੇਂਦਰ ਬਣਨ ਦੀ ਸੰਭਾਵਨਾ ਵੀ ਮੌਜੂਦ ਹੁੰਦੀ ਹੈ। ਜਿਹੜਾ ਕੈਂਪਸ ਔਰਤਾਂ ਨੂੰ ਅਨੁਸ਼ਾਸਿਤ ਕਰਦਾ ਹੈ, ਉਹੀ ਅਜਿਹੀ ਥਾਂ ਬਣ ਸਕਦਾ ਹੈ ਜਿੱਥੇ ਔਰਤਾਂ ਕਰਫ਼ਿਊ ਦੀ ਉਲੰਘਣਾ ਕਰਨ ਲਈ ਇਕੱਠੀਆਂ



ਹੁੰਦੀਆਂ ਹਨ। ਜਿਹੜੀ ਸੰਸਥਾ ਵਿਦਿਆਰਥੀਆਂ ਨੂੰ ਕਿਰਤ ਮੰਡੀ ਲਈ ਤਿਆਰ ਕਰਦੀ ਹੈ, ਉਹੀ ਉਨ੍ਹਾਂ ਨੂੰ ਅਜਿਹੇ ਰਿਸ਼ਤੇ, ਆਦਤਾਂ ਅਤੇ ਸਿਆਸੀ ਸਮਰੱਥਾਵਾਂ ਵੀ ਦੇ ਸਕਦੀ ਹੈ, ਜੋ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮੁਕਾਬਲੇ ਅਤੇ ਨਿੱਜੀ ਤਰੱਕੀ ਦੇ ਪੈਮਾਨੇ ਰਾਹੀਂ ਸਮਝਣ ਤੋਂ ਇਨਕਾਰ ਕਰਦੀਆਂ ਹਨ। ਸ਼ਾਇਦ ਖ਼ਤਰਾ ਇੱਥੇ ਹੀ ਮੌਜੂਦ ਹੈ।

ਦਰਜਾਬੰਦੀਆਂ ਰਾਹੀਂ ਵਿਵਸਥਿਤ ਸਮਾਜ ਕੁਝ ਹੱਦ ਤੱਕ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਇਹ ਦਰਜਾਬੰਦੀਆਂ ਅਟੱਲ ਅਤੇ ਨਾ ਟਾਲੀਆਂ ਜਾ ਸਕਣ ਵਾਲੀਆਂ ਦਿਸਣ। ਪਬਲਿਕ ਯੂਨੀਵਰਸਿਟੀ ਨਾ ਸਿਰਫ਼ ਆਲੋਚਨਾਤਮਕ ਸਿਧਾਂਤ ਰਾਹੀਂ, ਸਗੋਂ ਰੋਜ਼ਾਨਾ ਦੇ ਲੋਕਤੰਤਰੀ ਅਮਲਾਂ ਰਾਹੀਂ ਵੀ ਇਸ ਅਟੱਲਤਾ ਨੂੰ ਭੰਗ ਕਰ ਸਕਦੀ ਹੈ। ਇਹ ਅਮਲ ਭਾਵੇਂ ਥੋੜ੍ਹੇ ਚਿਰ ਲਈ ਹੀ ਸਹੀ, ਸਮਾਜਿਕ ਰਿਸ਼ਤਿਆਂ ਨੂੰ ਮੁੜ ਜਥੇਬੰਦ ਕਰ ਸਕਦੇ ਹਨ।

ਪਬਲਿਕ ਯੂਨੀਵਰਸਿਟੀ ਅਜਿਹੀ ਸਪੇਸ ਮੁਹੱਈਆ ਕਰਦੀ ਹੈ ਜਿੱਥੇ ਸੱਤਾ ਨੂੰ ਸਵਾਲ ਕੀਤੇ ਜਾਂਦੇ ਹਨ; ਜਿੱਥੇ ਇਕਜੁੱਟਤਾ ਵਿਰਾਸਤ ਵਿੱਚ ਨਹੀਂ ਮਿਲਦੀ, ਸਗੋਂ ਉਸਦੀ ਉਸਾਰੀ ਕੀਤੀ ਜਾਂਦੀ ਹੈ; ਅਤੇ ਜਿੱਥੇ 'ਜਨਤਾ' ਦੀ ਪਰਿਭਾਸ਼ਾ ਪਹਿਲਾਂ ਤੋਂ ਰਾਜ ਜਾਂ ਮੰਡੀ ਵੱਲੋਂ ਤੈਅ ਹੋਣੀ ਲਾਜ਼ਮੀ ਨਹੀਂ ਹੁੰਦੀ। ਇਸਦੀ ਥਾਂ ਅਸਹਿਮਤੀ, ਸਾਂਝ ਅਤੇ ਸਮੂਹਿਕ ਭਾਗੀਦਾਰੀ ਰਾਹੀਂ ਪਬਲਿਕ ਨੂੰ ਸਿਆਸੀ ਤੌਰ 'ਤੇ ਸਿਰਜਿਆ ਜਾ ਸਕਦਾ ਹੈ। ਇਸ ਮਾਇਨੇ 'ਚ ਯੂਨੀਵਰਸਿਟੀ ਲੋਕਾਂ ਨੂੰ ਸਿਰਫ਼ ਇਕ ਹੋਰ ਦੁਨੀਆ ਦੀ ਸੰਭਾਵਨਾ ਦੀ ਕਲਪਨਾ ਕਰਨਾ ਹੀ ਨਹੀਂ ਸਿਖਾਉਂਦੀ। ਆਪਣੇ ਸਭ ਤੋਂ ਵੱਧ ਲੋਕਤੰਤਰੀ ਰੂਪ ਵਿੱਚ ਉਹ ਇਕ ਹੋਰ ਦੁਨੀਆ ਦੇ ਕੁਝ ਟੁਕੜਿਆਂ ਨੂੰ ਵਰਤਮਾਨ ਵਿੱਚ ਅਮਲ ਵਿੱਚ ਲਿਆਉਣ ਦਾ ਮੌਕਾ ਵੀ ਦਿੰਦੀ ਹੈ।

ਇਹੀ ਸੰਭਾਵਨਾ ਪਬਲਿਕ ਯੂਨੀਵਰਸਿਟੀ ਨੂੰ ਕਿਸੇ ਵੀ ਅਜਿਹੇ ਸਿਆਸੀ ਪ੍ਰੋਜੈਕਟ ਲਈ ਸੰਭਾਵੀ ਤੌਰ 'ਤੇ ਰਾਜਧ੍ਰੋਹੀ ਬਣਾ ਦਿੰਦੀ ਹੈ, ਜੋ ਪਹਿਲਾਂ ਹੀ ਇਹ ਤੈਅ ਕਰਨਾ ਚਾਹੁੰਦਾ ਹੋਵੇ ਕਿ ਕਿਸ ਕਿਸਮ ਦੀ ਜਨਤਾ ਦੀ ਹੋਂਦ ਪ੍ਰਵਾਨ ਕੀਤੀ ਜਾ ਸਕਦੀ ਹੈ।

ਇਸੇ ਲਈ ਹਕੂਮਤ ਇਸ ਥਾਂ ਨੂੰ ਕਾਬੂ ਕਰਨ ਲਈ ਲੜਦੀ ਹੈ। ਇਸੇ ਲਈ ਇਤਿਹਾਸ ਵਿੱਚ ਫਾਸ਼ੀਵਾਦੀਆਂ ਨੇ ਇਹ ਨਿਯਮਤ ਕਰਨ ਦੀ ਕੋਸ਼ਿਸ਼ ਕੀਤੀ ਕਿ ਯੂਨੀਵਰਸਿਟੀ ਕਿਸ ਕਿਸਮ ਦੀ ਜਨਤਾ ਤਿਆਰ ਕਰੇਗੀ, ਸਾਂਝ ਅਤੇ ਜਥੇਬੰਦੀ ਦੇ ਕਿਹੜੇ ਰੂਪ ਜਾਇਜ਼ ਰਹਿਣਗੇ ਅਤੇ ਸਿੱਖਿਆ ਕਿਸ ਸਿਆਸੀ ਦਿਸਹੱਦੇ ਦੀ ਸੇਵਾ ਕਰੇਗੀ।

ਅਸੀਂ ਹਿਟਲਰ ਦੇ ਜਰਮਨੀ ਵਿੱਚ ਯੂਨੀਵਰਸਿਟੀਆਂ ਦਾ ਨਾਜ਼ੀਕਰਨ ਦੇਖਿਆ ਹੈ। ਅਸੀਂ ਮੁਸੋਲਿਨੀ ਦੇ ਇਟਲੀ ਵਿੱਚ ਇਹ ਵਰਤਾਰਾ ਦੇਖਿਆ ਹੈ। ਅਸੀਂ ਫ਼ਰਾਂਕੋਵਾਦੀ ਸਪੇਨ ਵਿੱਚ ਯੂਨੀਵਰਸਿਟੀ ਨੂੰ ਜੰਗ ਦਾ ਮੈਦਾਨ ਬਣਦਿਆਂ ਦੇਖਿਆ ਹੈ। ਅੱਜ ਅਸੀਂ ਇਸੇ ਤਰ੍ਹਾਂ ਦੇ ਸੰਘਰਸ਼ ਆਪਣੇ ਘਰ ਦੇ ਨੇੜੇ ਵੀ ਦੇਖ ਸਕਦੇ ਹਾਂ—ਸਿੱਖਿਆ ਦੇ ਭਗਵਾਕਰਨ ਅਤੇ ਨਿੱਜੀਕਰਨ, ਸੰਸਥਾਗਤ ਖ਼ੁਦਮੁਖ਼ਤਿਆਰੀ ਨੂੰ ਖੋਰੇ, ਵਿਦਿਆਰਥੀ ਵਿਰੋਧ ਨੂੰ ਅਨੁਸ਼ਾਸਿਤ ਕਰਨ ਅਤੇ ਉਨ੍ਹਾਂ ਥਾਵਾਂ ਨੂੰ ਸੁੰਗੇੜਨ ਦੇ ਰੂਪ ਵਿੱਚ, ਜਿੱਥੇ ਲੋਕਤੰਤਰੀ ਸਾਂਝ ਕੋਈ ਰੂਪ ਧਾਰ ਸਕਦੀ ਹੈ।

ਦਾਅ ਉੱਤੇ ਸਿਰਫ਼ ਇਹ ਗੱਲ ਨਹੀਂ ਲੱਗੀ ਕਿ ਕੀ ਪੜ੍ਹਾਇਆ ਜਾ ਸਕਦਾ ਹੈ ਜਾਂ ਕੌਣ ਬੋਲ ਸਕਦਾ ਹੈ। ਸਵਾਲ ਇਹ ਹੈ ਕਿ ਯੂਨੀਵਰਸਿਟੀ ਕਿਸ ਕਿਸਮ ਦੀ ਜਨਤਾ ਪੈਦਾ ਕਰਨ ਵਿੱਚ ਸਹਾਇਤਾ ਕਰੇਗੀ ਅਤੇ ਕੀ ਉਹ ਅਜਿਹੀ ਜਗ੍ਹਾ ਬਣੀ ਰਹੇਗੀ, ਜਿੱਥੇ ਲੋਕ ਰਾਜ ਅਤੇ ਮੰਡੀ ਵੱਲੋਂ ਤੈਅ ਕੀਤੀਆਂ ਸ਼ਰਤਾਂ ਤੋਂ ਪਰੇ ਜਾ ਕੇ ਇਕੱਠੇ ਜੀਊਣਾ, ਸੋਚਣਾ ਅਤੇ ਕਾਰਵਾਈ ਕਰਨਾ ਸਿੱਖ ਸਕਣਗੇ।

ਇਸੇ ਕਾਰਨ ਪਬਲਿਕ ਯੂਨੀਵਰਸਿਟੀਆਂ ਬਾਰੇ ਲੜਾਈਆਂ ਅਕਸਰ ਦੇਖਣ ਨੂੰ ਬਹੁਤ ਸਧਾਰਨ ਜਾਪਦੇ ਰੂਪ ਧਾਰ ਲੈਂਦੀਆਂ ਹਨ।

ਕੈਂਪਸ ਦੀਆਂ ਕੰਧਾਂ ਉੱਤੇ ਕਿਸਦੇ ਸੰਦੇਸ਼ ਰਹਿ ਸਕਦੇ ਹਨ? ਟੈਕਸ ਦੇਣ ਵਾਲਿਆਂ ਦਾ ਪੈਸਾ ਅਜਿਹੇ ਵਿਭਾਗਾਂ ਨੂੰ ਕਾਇਮ ਰੱਖਣ ਲਈ ਕਿਉਂ ਵਰਤਿਆ ਜਾਵੇ, ਜੋ ਸੱਤਾਧਾਰੀਆਂ ਨੂੰ ਬੇਚੈਨ ਕਰਨ ਦੇ ਸਮਰੱਥ ਆਲੋਚਨਾਤਮਕ ਚਿੰਤਨ ਪੈਦਾ ਕਰਦੇ ਹਨ? ਯੂਨੀਅਨਾਂ ਯੂਨੀਵਰਸਿਟੀ ਜ਼ਿੰਦਗੀ ਦਾ ਹਿੱਸਾ ਕਿਉਂ ਬਣੀਆਂ ਰਹਿਣ? ਯੂਨੀਵਰਸਿਟੀ ਦੇ ਦਰਵਾਜ਼ੇ ਉਨ੍ਹਾਂ ਲੋਕਾਂ ਲਈ ਕਿਉਂ ਖੁੱਲ੍ਹੇ ਰਹਿਣ, ਜਿਨ੍ਹਾਂ ਕੋਲ ਪਛਾਣ-ਪੱਤਰ ਨਹੀਂ ਹੈ? ਵਿਦਿਆਰਥੀਆਂ, ਅਧਿਆਪਕਾਂ ਅਤੇ ਕਾਮਿਆਂ ਨੂੰ ਜਾਤੀ ਹਿੰਸਾ, ਕਿਰਤ ਅਧਿਕਾਰਾਂ, ਲਿੰਗ ਨਿਆਂ, ਨਾਗਰਿਕਤਾ ਜਾਂ ਲੋਕਤੰਤਰ ਵਰਗੇ ਸਵਾਲਾਂ ਨਾਲ ਸਰੋਕਾਰ ਕਿਉਂ ਰੱਖਣਾ ਚਾਹੀਦਾ ਹੈ, ਜਿਹੜੇ ਡਿਗਰੀਆਂ ਹਾਸਲ ਕਰਨ ਅਤੇ ਵੰਡਣ ਦੇ ਫ਼ੌਰੀ ਕੰਮ ਤੋਂ ਬਾਹਰਲੇ ਜਾਪਦੇ ਹਨ?

ਅਸਲ ਵਿੱਚ ਇਨ੍ਹਾਂ ਵਿੱਚੋਂ ਹਰ ਸਵਾਲ ਇਹ ਪੁੱਛਦਾ ਹੈ ਕਿ ਪਬਲਿਕ ਯੂਨੀਵਰਸਿਟੀ ਦਾ ਉਦੇਸ਼ ਕੀ ਹੈ।

ਜੇ ਯੂਨੀਵਰਸਿਟੀ ਸਿਰਫ਼ ਰੁਜ਼ਗਾਰ-ਯੋਗ ਵਿਅਕਤੀ ਪੈਦਾ ਕਰਨ ਵਾਲੀ ਸੰਸਥਾ ਹੈ ਤਾਂ ਇਸ ਸਮੂਹਿਕ ਜ਼ਿੰਦਗੀ ਦਾ ਬਹੁਤਾ ਹਿੱਸਾ ਬੇਲੋੜਾ, ਇੱਥੋਂ ਤੱਕ ਕਿ ਅੜਿੱਕਾ ਪਾਊ ਵੀ ਜਾਪਦਾ ਹੈ। ਪਰ ਜੇ ਪਬਲਿਕ ਯੂਨੀਵਰਸਿਟੀ ਉਸਨੂੰ ਕਾਇਮ ਰੱਖਣ ਵਾਲੇ ਸਮਾਜ ਪ੍ਰਤੀ ਕੋਈ ਫ਼ਰਜ਼ ਰੱਖਦੀ ਹੈ ਤਾਂ ਇਨ੍ਹਾਂ ਥਾਵਾਂ ਦਾ ਮਾਇਨਾ ਬਦਲ ਜਾਂਦਾ ਹੈ।

ਕੰਧਾਂ "ਗ਼ਰੀਬਾਂ ਦੀਆਂ ਪ੍ਰਕਾਸ਼ਕ" ਬਣ ਜਾਂਦੀਆਂ ਹਨ। ਯੂਨੀਅਨ ਉਨ੍ਹਾਂ ਸੰਸਥਾਗਤ ਰੂਪਾਂ ਵਿੱਚੋਂ ਇਕ ਬਣ ਜਾਂਦੀ ਹੈ, ਜਿਨ੍ਹਾਂ ਰਾਹੀਂ ਯੂਨੀਵਰਸਿਟੀ ਦੀ ਜ਼ਿੰਦਗੀ ਨੂੰ ਸਮੂਹਿਕ ਤੌਰ 'ਤੇ ਜਥੇਬੰਦ ਕੀਤਾ ਜਾ ਸਕਦਾ ਹੈ। ਖੁੱਲ੍ਹਾ ਗੇਟ ਗਿਆਨ ਅਤੇ ਸਿਆਸੀ ਜ਼ਿੰਦਗੀ ਦੀ ਆਵਾਜਾਈ ਨੂੰ ਯੂਨੀਵਰਸਿਟੀ ਤੋਂ ਸਮਾਜ ਅਤੇ ਸਮਾਜ ਤੋਂ ਯੂਨੀਵਰਸਿਟੀ ਵੱਲ ਜਾਰੀ ਰੱਖਦਾ ਹੈ ਅਤੇ ਦੋਵੇਂ ਇਕ-ਦੂਜੇ ਨੂੰ ਰੂਪ ਦਿੰਦੇ ਹਨ। ਵਿਰੋਧ-ਪ੍ਰਦਰਸ਼ਨ ਉਸ ਮਿਹਨਤਕਸ਼ ਸਮਾਜ ਪ੍ਰਤੀ ਇਕ ਜ਼ਿੰਮੇਵਾਰੀ ਬਣ ਜਾਂਦਾ ਹੈ, ਜਿਸਦੀ ਬਦੌਲਤ ਯੂਨੀਵਰਸਿਟੀ ਹੋਂਦ ਵਿੱਚ ਹੈ।

ਇਸੇ ਕਾਰਨ ਪਬਲਿਕ ਯੂਨੀਵਰਸਿਟੀਆਂ ਉੱਤੇ ਹਮਲੇ ਕੈਂਪਸ ਦੇ ਅੰਦਰੂਨੀ ਮਾਮਲੇ ਬਣੇ ਰਹਿਣ ਤੱਕ ਸੀਮਤ ਨਹੀਂ ਰਹਿੰਦੇ। ਜਦੋਂ ਵਿਦਿਆਰਥੀਆਂ ਨੂੰ ਕੁੱਟਿਆ ਜਾਂਦਾ ਹੈ, ਯੂਨੀਅਨਾਂ ਉੱਤੇ ਪਾਬੰਦੀ ਲਾਈ ਜਾਂਦੀ ਹੈ, ਵਿਭਾਗਾਂ ਦੀ ਵਿੱਤੀ ਸਹਾਇਤਾ ਰੋਕੀ ਜਾਂਦੀ ਹੈ, ਅਧਿਆਪਕਾਂ ਨੂੰ ਖ਼ਾਮੋਸ਼ ਕੀਤਾ ਜਾਂਦਾ ਹੈ, ਯੂਨੀਵਰਸਿਟੀ ਦੇ ਦਰਵਾਜ਼ੇ ਜਨਤਾ ਲਈ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਰਾਜ ਬਿਨਾਂ ਸਵਾਲ ਕੀਤੇ ਵਫ਼ਾਦਾਰੀ ਦੀ ਮੰਗ ਕਰਦਾ ਹੈ ਤਾਂ ਇਹ 'ਪਬਲਿਕ' ਨੂੰ ਮੁੜ ਪਰਿਭਾਸ਼ਤ ਕਰਨ ਅਤੇ ਸਮਾਜਿਕ ਰਿਸ਼ਤਿਆਂ ਤੇ ਲੋਕਤੰਤਰੀ ਅਮਲਾਂ ਨੂੰ ਮੁੜ ਜਥੇਬੰਦ ਕਰਨ ਦੀ ਕੋਸ਼ਿਸ਼ ਹੁੰਦੀ ਹੈ।

ਇਸ ਨਾਲ ਅਜਿਹੀਆਂ ਥਾਵਾਂ ਨੂੰ ਕਾਇਮ ਰੱਖਣ ਦੀ ਮਹੱਤਤਾ ਬਾਰੇ ਇਕ ਬਹੁਤ ਵੱਡਾ ਸਿਆਸੀ ਸਵਾਲ ਖੜ੍ਹਾ ਹੁੰਦਾ ਹੈ—ਉਹ ਥਾਵਾਂ ਜਿੱਥੇ ਲੋਕ ਮੰਡੀ ਅਤੇ ਰਾਜ ਵੱਲੋਂ ਉਨ੍ਹਾਂ ਲਈ ਤੈਅ ਕੀਤੇ ਰਿਸ਼ਤਿਆਂ ਤੋਂ ਬਾਹਰ ਇਕ-ਦੂਜੇ ਨੂੰ ਮਿਲ ਸਕਦੇ ਹਨ ਅਤੇ ਜਿੱਥੇ 'ਪਬਲਿਕ' ਦੇ ਮਾਇਨੇ ਨੂੰ ਲੈ ਕੇ ਟਕਰਾਅ ਦੀ ਸੰਭਾਵਨਾ ਖੁੱਲ੍ਹੀ ਰਹਿ ਸਕਦੀ ਹੈ।

ਪਰ ਜੇ ਇਹ ਸੰਭਾਵਨਾਵਾਂ ਯੂਨੀਵਰਸਿਟੀ ਨੂੰ ਸਿਆਸੀ ਤੌਰ 'ਤੇ ਇੰਨੀ ਮਹੱਤਵਪੂਰਨ ਬਣਾਉਂਦੀਆਂ ਹਨ ਤਾਂ ਦੂਜੇ ਸਵਾਲ ਨੂੰ ਨਜ਼ਰਅੰਦਾਜ਼ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ: ਲਗਭਗ 1,250 ਪ੍ਰੋਫ਼ੈਸਰਾਂ ਨੇ ਹੁਕਮ ਦੀ



ਪਾਲਣਾ ਕਿਉਂ ਕੀਤੀ?

ਸਭ ਤੋਂ ਸੌਖਾ ਜਵਾਬ ਹੈ—ਕਾਇਰਤਾ। ਪਰ ਸਿਆਸੀ ਹਿੰਮਤ ਦਾ ਵੀ ਇਕ ਭੌਤਿਕ ਬੁਨਿਆਦੀ ਢਾਂਚਾ ਹੁੰਦਾ ਹੈ।

ਇਹ ਸਾਨੂੰ ਉਸ ਅਸਹਿਜ ਸੱਚਾਈ ਦਾ ਸਾਹਮਣਾ ਕਰਨ ਲਈ ਮਜਬੂਰ ਕਰਦਾ ਹੈ ਕਿ 1931 ਵਿੱਚ ਜਦੋਂ ਸਹੁੰ ਦਾ ਹੁਕਮ ਆਇਆ ਤਾਂ ਉਸਦਾ ਸਾਹਮਣਾ ਕਰਨ ਵਾਲੇ ਪ੍ਰੋਫ਼ੈਸਰ ਉਸੇ ਯੂਨੀਵਰਸਿਟੀ ਵਿੱਚ ਨਹੀਂ ਖੜ੍ਹੇ ਸਨ, ਜਿਹੜੀ ਯੂਨੀਵਰਸਿਟੀ ਫਾਸ਼ੀਵਾਦ ਨੂੰ ਲਗਭਗ ਇਕ ਦਹਾਕਾ ਪਹਿਲਾਂ ਵਿਰਾਸਤ ਵਿੱਚ ਮਿਲੀ ਸੀ। ਸਹੁੰ ਤੋਂ ਪਹਿਲਾਂ ਦੇ ਸਾਲ ਆਪਣਾ ਕੰਮ ਕਰ ਚੁੱਕੇ ਸਨ।

'ਮੁਸੀਬਤ ਖੜ੍ਹੀ ਕਰਨ ਵਾਲੇ' ਸਮਝੇ ਜਾਂਦੇ ਅਕਾਦਮਿਕਾਂ ਨੂੰ ਪਹਿਲਾਂ ਹੀ ਹਟਾਇਆ ਜਾ ਚੁੱਕਾ ਸੀ, ਹਾਸ਼ੀਏ ਉੱਤੇ ਧੱਕ ਦਿੱਤਾ ਗਿਆ ਸੀ ਜਾਂ ਸੇਵਾਮੁਕਤੀ ਲੈਣ ਲਈ ਮਨਾ ਲਿਆ ਗਿਆ ਸੀ। ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਨੂੰ ਚੁੱਪ-ਚੁਪੀਤੇ ਖੋਰਿਆ ਜਾ ਚੁੱਕਾ ਸੀ। ਨਿਯੁਕਤੀਆਂ ਅਤੇ ਤਰੱਕੀਆਂ ਵਧਦੀ ਹੱਦ ਤੱਕ ਸਿਆਸੀ ਵਫ਼ਾਦਾਰੀ ਦੀਆਂ ਕਸੌਟੀਆਂ ਵਿੱਚੋਂ ਲੰਘਣ ਲੱਗੀਆਂ ਸਨ। ਵਿਦਿਆਰਥੀ ਜਥੇਬੰਦੀ ਨੂੰ ਅਪਰਾਧੀ ਕਰਾਰ ਦੇ ਕੇ ਫਾਸ਼ੀਵਾਦੀ ਕੰਟਰੋਲ ਹੇਠ ਲਿਆਂਦਾ ਜਾ ਚੁੱਕਾ ਸੀ।

ਅਸਹਿਮਤੀ ਕਿਸੇ ਇਕ ਨਾਟਕੀ ਸਫ਼ਾਏ ਨਾਲ ਗ਼ਾਇਬ ਨਹੀਂ ਹੋਈ ਸੀ। ਉਸਨੂੰ ਛੋਟੇ-ਛੋਟੇ ਸਮਝੌਤਿਆਂ, ਅਨੁਸ਼ਾਸਨਾਤਮਕ ਕਾਰਵਾਈਆਂ ਅਤੇ ਖ਼ਾਮੋਸ਼ੀਆਂ ਦੀ ਲੜੀ ਰਾਹੀਂ ਹੌਲੀ-ਹੌਲੀ ਕਮਜ਼ੋਰ ਕੀਤਾ ਗਿਆ ਸੀ।

ਜਦੋਂ ਇਕ ਸਹਿਕਰਮੀ ਨੂੰ ਬਾਹਰ ਕੱਢ ਦਿੱਤਾ ਗਿਆ ਅਤੇ ਬਾਕੀ ਪੜ੍ਹਾਉਂਦੇ ਰਹੇ; ਜਦੋਂ ਕਿਸੇ ਨਿਯੁਕਤੀ ਵਿੱਚ ਸਿਆਸੀ ਹੇਰਾਫੇਰੀ ਹੋਈ ਅਤੇ ਅਕਾਦਮਿਕ ਜ਼ਿੰਦਗੀ ਪਹਿਲਾਂ ਵਾਂਗ ਚੱਲਦੀ ਰਹੀ; ਜਦੋਂ ਕਿਸੇ ਸਮੂਹਿਕ ਟਕਰਾਅ ਤੋਂ ਬਿਨਾਂ ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਨੂੰ ਟੁਕੜੇ-ਟੁਕੜੇ ਕਰਕੇ ਸਮਰਪਿਤ ਕਰ ਦਿੱਤਾ ਗਿਆ—ਤਾਂ ਯੂਨੀਵਰਸਿਟੀ ਨੇ ਇਸਦੀ ਕੀਮਤ ਆਪਣੀ ਸਮੂਹਿਕ ਜ਼ਿੰਦਗੀ ਨਾਲ ਤਾਰੀ।

ਜਦੋਂ ਆਖ਼ਿਰਕਾਰ ਪ੍ਰੋਫ਼ੈਸਰਾਂ ਨੂੰ ਸਹੁੰ ਚੁੱਕਣ ਲਈ ਕਿਹਾ ਗਿਆ, ਉਦੋਂ ਤੱਕ ਸਾਂਝ ਅਤੇ ਸੰਸਥਾਗਤ ਜ਼ਿੰਦਗੀ ਦੀ ਉਹ ਬਹੁਤੀ ਜ਼ਮੀਨ ਪਹਿਲਾਂ ਹੀ ਖੋਰ ਦਿੱਤੀ ਗਈ ਸੀ, ਜਿਸ ਉੱਤੇ ਖੜ੍ਹ ਕੇ ਉਹ ਸਾਰੇ ਇਕੱਠੇ ਇਨਕਾਰ ਕਰ ਸਕਦੇ ਸਨ। ਇਸ ਲਈ ਜਦੋਂ ਮੰਗ ਦੇ ਅਸਲ ਮਾਇਨੇ ਨੂੰ ਗ਼ਲਤ ਸਮਝਣਾ ਅਸੰਭਵ ਹੋ ਗਿਆ, ਉਸ



ਸਮੇਂ ਪ੍ਰੋਫ਼ੈਸਰ ਵੱਡੀ ਹੱਦ ਤੱਕ ਵਿਅਕਤੀਆਂ ਵਜੋਂ ਉਸਦਾ ਸਾਹਮਣਾ ਕਰ ਰਹੇ ਸਨ।

ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਪ੍ਰੋਫ਼ੈਸਰੀ ਦਾ ਅਰਥ ਤਨਖ਼ਾਹ, ਸਮਾਜਿਕ ਰੁਤਬਾ, ਸਾਲਾਂ ਦੀ ਮਿਹਨਤ, ਕਿਤਾਬਾਂ ਅਤੇ ਪ੍ਰਯੋਗਸ਼ਾਲਾਵਾਂ ਤੱਕ ਪਹੁੰਚ, ਪੇਸ਼ਾਵਰ ਰਿਸ਼ਤੇ ਅਤੇ ਅਕਸਰ ਪੂਰੇ ਪਰਿਵਾਰ ਦੀ ਆਰਥਕ ਸੁਰੱਖਿਆ ਸੀ।

ਪ੍ਰੋਫ਼ੈਸਰ ਵਰਗ ਇਕ ਵਿਸ਼ੇਸ਼ ਅਧਿਕਾਰ ਪ੍ਰਾਪਤ ਸਮਾਜਿਕ ਸਥਿਤੀ ਉੱਤੇ ਕਾਬਜ਼ ਸੀ, ਜਿਸ ਨਾਲ ਫਾਸ਼ੀਵਾਦ ਸੌਦੇਬਾਜ਼ੀ ਕਰ ਸਕਦਾ ਸੀ। ਬਹੁਤ ਸਾਰੇ ਲੋਕਾਂ ਲਈ ਸਮਝੌਤਾ ਕਰਨਾ ਇਸ ਸਥਿਤੀ ਨੂੰ ਬਚਾਈ ਰੱਖਣ ਦਾ ਜ਼ਰੀਆ ਬਣਿਆ। ਅਹੁਦੇ ਕਾਇਮ ਰਹੇ, ਪੇਸ਼ਾਵਰ ਜ਼ਿੰਦਗੀ ਚੱਲਦੇ ਰਹੇ ਅਤੇ ਅਧਿਕਾਰ ਬਚੇ ਰਹੇ; ਕੁਝ ਲੋਕਾਂ ਲਈ ਨਵੇਂ ਮੌਕੇ ਵੀ ਖੁੱਲ੍ਹੇ।

ਹਕੂਮਤ ਅਕਾਦਮਿਕ ਕੁਲੀਨ ਵਰਗ ਨੂੰ ਪੂਰੀ ਤਰ੍ਹਾਂ ਵਸੀਲਿਆਂ ਤੋਂ ਵਾਂਝਾ ਕੀਤੇ ਬਿਨਾਂ ਉਸਦਾ ਸਹਿਯੋਗ ਪ੍ਰਾਪਤ ਕਰ ਸਕਦੀ ਸੀ। ਇਸ ਲਈ ਸਹੁੰ ਵਿੱਚ ਵਰਗ ਦੇ ਹਿੱਤ ਲਾਜ਼ਮੀ ਤੌਰ 'ਤੇ ਫਾਸ਼ੀਵਾਦੀ ਵਿਚਾਰਧਾਰਾ ਵਿੱਚ ਸੁਚੇਤ ਵਿਸ਼ਵਾਸ ਵਜੋਂ ਦਾਖ਼ਲ ਨਹੀਂ ਹੋਇਆ। ਉਹ ਇਸ ਤੋਂ ਕਿਤੇ ਵੱਧ ਖ਼ਾਮੋਸ਼ ਸਵਾਲ ਰਾਹੀਂ ਦਾਖ਼ਲ ਹੋਇਆ: ਸਮਝੌਤਾ ਕਰਕੇ ਵਿਅਕਤੀ ਆਪਣੇ ਕੋਲ ਕੀ ਕੁਝ ਬਚਾਈ ਰੱਖ ਸਕਦਾ ਹੈ?

ਫਿਰ ਵੀ ਇੱਥੇ ਇਕ ਨੈਤਿਕ ਚੋਣ ਨਾਲ ਸਬੰਧਤ ਵੱਡਾ ਸਵਾਲ ਕਾਇਮ ਰਹਿੰਦਾ ਹੈ। ਸਹੁੰ ਨੇ ਅਸਾਧਾਰਨ ਸਪੱਸ਼ਟਤਾ ਨਾਲ ਦੱਸਿਆ ਸੀ ਕਿ ਪ੍ਰੋਫ਼ੈਸਰਾਂ ਨੂੰ ਕੀ ਕਬੂਲ ਕਰਨ ਲਈ ਕਿਹਾ ਜਾ ਰਿਹਾ ਸੀ—ਉਨ੍ਹਾਂ ਦਾ ਅਧਿਆਪਨ ਹਕੂਮਤ ਪ੍ਰਤੀ ਸਮਰਪਿਤ ਨਾਗਰਿਕ ਤਿਆਰ ਕਰਨ ਵਿੱਚ ਸਹਾਇਤਾ ਕਰੇਗਾ।

ਕੋਈ ਵਿਅਕਤੀ ਆਪਣੇ ਆਪ ਨੂੰ ਇਹ ਕਹਿ ਸਕਦਾ ਸੀ ਕਿ ਸੰਸਥਾ ਦੇ ਅੰਦਰ ਬਣੇ ਰਹਿਣ ਨਾਲ ਵਿਦਿਆਰਥੀਆਂ ਦੀ ਰੱਖਿਆ ਹੋਵੇਗੀ, ਵਿਦਵਤਾ ਬਚੀ ਰਹੇਗੀ, ਪ੍ਰਯੋਗਸ਼ਾਲਾ ਖੁੱਲ੍ਹੀ ਰਹੇਗੀ ਜਾਂ ਆਜ਼ਾਦ ਚਿੰਤਨ ਲਈ ਕੋਈ ਛੋਟੀ ਜਿਹੀ ਸਪੇਸ ਬਚੀ ਰਹੇਗੀ। ਕੋਈ ਵਿਅਕਤੀ ਜਨਤਕ ਦਸਖ਼ਤ ਅਤੇ ਨਿੱਜੀ ਵਿਸ਼ਵਾਸ ਦਰਮਿਆਨ ਫ਼ਰਕ ਕਰ ਸਕਦਾ ਸੀ।

ਪਰ ਸਹੁੰ ਨੇ ਇਸ ਫ਼ਰਕ ਨੂੰ ਕਾਇਮ ਰੱਖਣਾ ਲਗਾਤਾਰ ਮੁਸ਼ਕਲ ਬਣਾ ਦਿੱਤਾ। ਉਸਨੇ ਅਕਾਦਮਿਕਾਂ ਸਾਹਮਣੇ ਇਹ ਸਵਾਲ ਰੱਖਿਆ ਕਿ ਕੀ ਉਨ੍ਹਾਂ ਦੀ ਆਪਣੀ ਪੇਸ਼ਾਵਰ ਜ਼ਿੰਦਗੀ ਦੀ ਨਿਰੰਤਰਤਾ ਨੂੰ ਉਸ ਜ਼ਿੰਮੇਵਾਰੀ ਤੋਂ ਵੱਖ ਕੀਤਾ ਜਾ ਸਕਦਾ ਹੈ, ਜਿਹੜੀ ਸੰਸਥਾ ਦੇ ਬਣਦੇ ਜਾ ਰਹੇ ਨਵੇਂ ਰੂਪ ਪ੍ਰਤੀ ਉਨ੍ਹਾਂ ਦੀ ਸੀ। ਸਹੁੰ ਨੇ ਉਨ੍ਹਾਂ ਨੂੰ ਪਬਲਿਕ ਯੂਨੀਵਰਸਿਟੀ ਦੀ ਇਕ ਵੱਖਰੀ ਕਲਪਨਾ ਨੂੰ ਜਿਉਂਦਾ ਰੱਖਣ ਦੀ ਜ਼ਿੰਮੇਵਾਰੀ ਤਿਆਗਣ ਲਈ ਵੀ ਕਿਹਾ।

ਫਾਸ਼ੀਵਾਦ ਨੂੰ 1,250 ਵਚਨਬੱਧ ਫਾਸ਼ੀਵਾਦੀਆਂ ਦੀ ਲੋੜ ਨਹੀਂ ਸੀ। ਸੰਸਥਾ ਉੱਤੇ ਖ਼ਾਮੋਸ਼ ਕਬਜ਼ੇ ਦੇ ਸਾਲਾਂ ਨੇ ਪਹਿਲਾਂ ਹੀ ਇਸ ਸੰਭਾਵਨਾ ਨੂੰ ਕਮਜ਼ੋਰ ਕਰ ਦਿੱਤਾ ਸੀ ਕਿ ਉਹ 1,250 ਲੋਕ ਇਕੱਠੇ ਇਸ ਸਵਾਲ ਦਾ ਸਾਹਮਣਾ ਕਰਨਗੇ।

ਹਕੂਮਤ ਨੂੰ ਇਸ ਗੱਲ ਦੀ ਲੋੜ ਸੀ ਕਿ ਉਨ੍ਹਾਂ ਵਿੱਚੋਂ ਹਰ ਵਿਅਕਤੀ ਇਕੱਲਾ ਸਹੁੰ ਦਾ ਸਾਹਮਣਾ ਕਰੇ—ਹਰ ਕੋਈ ਆਪਣੀ ਜ਼ਮੀਰ ਦੇ ਮੁਕਾਬਲੇ ਰੋਜ਼ੀ-ਰੋਟੀ, ਨੈਤਿਕਤਾ ਦੇ ਮੁਕਾਬਲੇ ਨਿੱਜੀ ਹਿੱਤ ਅਤੇ ਵਿਰੋਧ ਦੇ ਮੁਕਾਬਲੇ ਉਸ ਸਥਿਤੀ ਨੂੰ ਤੋਲੇ, ਜੋ ਪਹਿਲਾਂ ਹੀ ਆਮ ਜਾਪਣ ਲੱਗ ਪਈ ਸੀ। ਸਹਿਮਤੀ ਦੇ ਤਮਾਸ਼ੇ ਨੂੰ ਸਮੂਹਿਕ ਰੂਪ ਦਿੱਤੇ ਜਾਣ ਤੋਂ ਬਹੁਤ ਪਹਿਲਾਂ ਅਸਹਿਮਤੀ ਦੀ ਕੀਮਤ ਨੂੰ ਵਿਅਕਤੀਗਤ ਬਣਾ ਦਿੱਤਾ ਗਿਆ ਸੀ।

ਇਸ ਲਈ ਸ਼ਾਇਦ ਇਹ ਕੋਈ ਇਤਫ਼ਾਕ ਨਹੀਂ ਕਿ ਪਬਲਿਕ ਯੂਨੀਵਰਸਿਟੀ ਦਾ ਨਵ-ਉਦਾਰਵਾਦੀ ਪੁਨਰਗਠਨ ਅੱਜ ਸਾਡੇ ਆਲੇ-ਦੁਆਲੇ ਦਿਖਾਈ ਦੇ ਰਹੇ ਹਮਲਿਆਂ ਦੇ ਨਾਲ-ਨਾਲ ਚੱਲਿਆ ਹੈ ਅਤੇ ਇਸਨੇ ਯੂਨੀਵਰਸਿਟੀ ਨੂੰ ਇਨ੍ਹਾਂ ਹਮਲਿਆਂ ਪ੍ਰਤੀ ਹੋਰ ਕਮਜ਼ੋਰ ਬਣਾਇਆ ਹੈ।

ਨਾਜ਼ੀ ਜਰਮਨੀ ਵਿੱਚ 'ਵ੍ਹਾਈਟ ਰੋਜ਼' ਲਹਿਰ ਉਸ ਸਮੂਹਿਕ ਜ਼ਿੰਦਗੀ ਉੱਤੇ ਖੜ੍ਹੀ ਸੀ, ਜਿਸਨੂੰ ਦੋਸਤੀਆਂ ਅਤੇ ਸਮਾਜਿਕ-ਸੱਭਿਆਚਾਰਕ ਅਮਲਾਂ ਰਾਹੀਂ ਸਿਰਜਿਆ ਗਿਆ ਸੀ ਅਤੇ ਜਿਸਨੇ ਹਿੰਮਤ ਨੂੰ ਸੰਭਵ ਬਣਾਇਆ। ਫ਼ਰਾਂਕੋਵਾਦੀ ਸਪੇਨ ਵਿੱਚ ਵਿਦਿਆਰਥੀ ਨੈੱਟਵਰਕਾਂ, ਸੱਭਿਆਚਾਰਕ ਸੰਗਠਨਾਂ ਅਤੇ ਕੈਂਪਸ ਤੋਂ ਬਾਹਰ ਤੱਕ ਲਗਾਤਾਰ ਫੈਲ ਰਹੀਆਂ ਇਕਜੁੱਟਤਾਵਾਂ ਨੇ ਖਿੰਡੇ ਹੋਏ ਅਸੰਤੋਸ਼ ਨੂੰ ਜਥੇਬੰਦ ਵਿਰੋਧ ਵਿੱਚ ਬਦਲ ਦਿੱਤਾ।

ਭਾਰਤ ਵਿੱਚ ਐੱਨ.ਆਰ.ਸੀ. ਅਤੇ ਸੀ.ਏ.ਏ. ਵਿਰੋਧੀ ਅੰਦੋਲਨਾਂ ਦੌਰਾਨ ਅਸੀਂ ਯੂਨੀਵਰਸਿਟੀਆਂ ਨੂੰ ਵਿਰੋਧ ਦੀਆਂ ਲਾਇਬ੍ਰੇਰੀਆਂ, ਲੰਗਰਾਂ, ਮੁਹੱਲਾ-ਪੱਧਰੀ ਇਕਜੁੱਟਤਾਵਾਂ ਅਤੇ ਸਾਂਝੀ ਸਿਆਸੀ ਜ਼ਿੰਦਗੀ ਦੇ ਰੂਪ ਵਿੱਚ ਸੜਕਾਂ ਉੱਤੇ ਫੈਲਦਿਆਂ ਦੇਖਿਆ ਹੈ।

ਸਪੇਸਾਂ ਦਾ ਇਹ ਫੈਲਾਅ, ਦੋਸਤੀ ਦਾ ਸਿਆਸੀਕਰਨ ਅਤੇ ਸਮਾਜਿਕਤਾ ਤੇ ਸਮੂਹਿਕ ਜ਼ਿੰਦਗੀ ਦਾ ਪੁਨਰਗਠਨ ਸਾਨੂੰ ਇਸ ਗੱਲ ਦੀ ਝਲਕ ਦਿੰਦੇ ਹਨ ਕਿ ਪਬਲਿਕ ਯੂਨੀਵਰਸਿਟੀ ਕੀ ਹੋ ਸਕਦੀ ਹੈ ਅਤੇ ਕਿਸੇ ਯੂਨੀਵਰਸਿਟੀ ਦੇ ਸੱਚਮੁੱਚ ਪਬਲਿਕ ਹੋਣ ਦਾ ਕੀ ਮਾਇਨਾ ਹੈ।

ਇਹੀ ਸੰਭਾਵਨਾ ਅਤੇ ਸਮਰੱਥਾ ਇਸ ਥਾਂ ਅਤੇ ਇਨ੍ਹਾਂ ਸਾਂਝਾਂ ਨੂੰ ਰਾਜਧ੍ਰੋਹੀ ਬਣਾਉਂਦੀ ਹੈ। ਪਬਲਿਕ ਯੂਨੀਵਰਸਿਟੀ ਇਕ ਸਿਆਸੀ ਜੰਗ ਦਾ ਮੈਦਾਨ ਇਸ ਲਈ ਬਣਦੀ ਹੈ, ਕਿਉਂਕਿ ਉਹ ਸਮੂਹਿਕ ਜ਼ਿੰਦਗੀ ਦੇ ਅਜਿਹੇ ਰੂਪਾਂ ਦੀ ਸਿਰਜਣਾ ਕਰ ਸਕਦੀ ਹੈ, ਜਿਨ੍ਹਾਂ ਨੂੰ ਨਾ ਤਾਂ ਪੂਰੀ ਤਰ੍ਹਾਂ ਪਹਿਲਾਂ ਤੋਂ ਤੈਅ ਕਰ ਸਕਦੀ ਹੈ ਅਤੇ ਨਾ ਹੀ ਤਾਨਾਸ਼ਾਹ ਸੱਤਾ।

ਡੂੰਘੀ ਨਬਰਾਬਰੀ ਰਾਹੀਂ ਜਥੇਬੰਦ ਕੀਤੇ ਸਮਾਜ ਵਿੱਚ ਅਜਿਹੀਆਂ ਸਪੇਸ ਸਾਵਧਾਨੀ ਨਾਲ ਕਾਇਮ ਰੱਖੀ ਗਈ ਵਿਵਸਥਾ ਨੂੰ ਅਸਥਿਰ ਕਰਨ ਦੀ ਤਾਕਤ ਰੱਖਦੀਆਂ ਹਨ।

ਅੱਜ ਜਦੋਂ ਅਸੀਂ ਆਪਣੀਆਂ ਪਬਲਿਕ ਯੂਨੀਵਰਸਿਟੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਾਂ, ਤਾਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਦਾਅ ਉੱਤੇ ਸਿਰਫ਼ ਲੋਕਤੰਤਰੀ ਅਮਲ, ਪ੍ਰਸ਼ਾਸਕੀ ਖ਼ੁਦਮੁਖ਼ਤਿਆਰੀ ਜਾਂ ਅਕਾਦਮਿਕ ਆਜ਼ਾਦੀ ਹੀ ਨਹੀਂ ਲੱਗੀ ਹੋਈ। ਦਾਅ ਉੱਤੇ ਇਹ ਕਲਪਨਾ, ਇਹ ਸੰਭਾਵਨਾ ਅਤੇ ਖ਼ੁਦ ਪਬਲਿਕ ਯੂਨੀਵਰਸਿਟੀ ਦਾ ਇਹ ਵਿਚਾਰ ਲੱਗਿਆ ਹੋਇਆ ਹੈ।

ਇਸ ਲਈ ਪਬਲਿਕ ਯੂਨੀਵਰਸਿਟੀ ਲਈ ਸੰਘਰਸ਼ ਇਸ ਗੱਲ ਲਈ ਵੀ ਸੰਘਰਸ਼ ਹੈ ਕਿ ਕੀ ਸਾਡੇ ਕੋਲ ਅਜਿਹੀਆਂ ਥਾਵਾਂ ਕਾਇਮ ਰਹਿਣਗੀਆਂ, ਜਿੱਥੇ ਇਕੱਠੇ ਜੀਊਣ ਦੇ ਹੋਰ ਢੰਗਾਂ ਨੂੰ ਇੰਨਾ ਹਕੀਕੀ ਰੂਪ ਦਿੱਤਾ ਜਾ ਸਕੇ ਕਿ ਕਿਸੇ ਹੋਰ ਥਾਂ ਵੀ ਉਨ੍ਹਾਂ ਦੀ ਕਲਪਨਾ ਕਰਨਾ ਸੰਭਵ ਹੋ ਜਾਵੇ।

# ਕੈਨੇਡਾ ਦੀਆਂ ਸਥਾਨਕ ਸਰਕਾਰਾਂ ਦੀ ਸੱਚਾਈ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਬਾਕੀ ਦੇ ਸਰਮਾਏਦਾਰੀ ਰਾਜ ਪ੍ਰਬੰਧ ਵਾਲੇ ਮੁਲਕਾਂ ਵਾਂਗ ਕੈਨੇਡਾ ਵੀ ਲੋਕ ਤੰਤਰਿਕ ਸਥਾਨਕ ਸਰਕਾਰਾਂ ਦਾ ਭਰਮ ਪਾਲਦਾ ਹੈ। ਇਹ ਲੋਕਲ ਸਰਕਾਰਾਂ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ, ਸਿਟੀ ਕਾਊਂਸਲ ਜਾਂ ਕਾਰਪੋਰੇਸ਼ਨ ਆਖਿਆ ਜਾਂਦਾ ਹੈ; ਕਿਵੇਂ ਵੀ ਲੋਕ ਤੰਤਰਿਕ ਨਹੀਂ ਹਨ। ਇਹ ਨਾ ਹੀ ਉਪਰਲੀ ਰਾਜ ਵਿਵਸਥਾ ਜਿਵੇਂ ਪ੍ਰੋਵੈਂਸ਼ਲ ਜਾਂ ਫੈਡਰਲ ਸਰਕਾਰ ਦੀਆਂ ਥੰਮ੍ਹ ਆਖੀਆਂ ਜਾ ਸਕਦੀਆਂ ਹਨ।

ਅਸਲ ਵਿਚ ਅਜੋਕੀ ਲੋਕਲ ਸਰਕਾਰ ਵਿਵਸਥਾ ਅਠਾਰਵੀਂ ਸਦੀ ਦੇ ਅੰਤਲੇ ਵੇਲੇ ਬਸਤੀਵਾਦੀ ਯੂਰਪੀਅਨ ਕੌਮਾਂ ਵਲੋਂ, ਮੂਲ ਵਾਸੀਆਂ ਦੀ ਸਹੀ ਮਾਅਨਿਆਂ ਦੀ ਡੈਮੋਕਰੈਟਿਕ ਵਿਵਸਥਾ ਨੂੰ ਕੁਚਲ ਕੇ ਸਥਾਪਤ ਕੀਤੀ ਗਈ ਹੈ। ਪ੍ਰਿੰਸ ਜਾਰਜ ਆਈਲੈਂਡ ਸੂਬੇ ਦੇ ਸ਼ਹਿਰ ਸੰਨ ਜੌਹਨ ਤੋਂ 1785 ਵਿਚ ਇਸ ਦੀ ਸ਼ੁਰੂਆਤ ਹੋਈ।

ਮੂਲ ਵਾਸੀਆਂ ਜਾਂ ਜਿਨ੍ਹਾਂ ਨੂੰ ਹੁਣ, ਕੈਨੇਡਾ ਦੀਆਂ ਪਹਿਲੀਆਂ ਕੌਮਾਂ, ਫਸਟ ਨੇਸ਼ਨਜ਼ ਆਖਿਆ ਜਾਂਦਾ ਹੈ, ਦੀ ਅਰਥ ਅਤੇ ਸਮਾਜਿਕ ਵਿਵਸਥਾ ਸਹੀ ਅਰਥਾਂ ਵਿਚ ਲੋਕ ਤੰਤਰਿਕ ਸੀ। ਸਮੁੱਚਾ ਭਾਈਚਾਰਾ ਜ਼ਮੀਨ, ਜਾਇਦਾਦ ਦਾ ਮਾਲਕ ਹੁੰਦਾ ਸੀ ਅਤੇ ਭਾਰਤ ਦੀ ਪੁਰਾਤਣ ਪੰਚਾਇਤ ਵਿਵਸਥਾ ਵਾਂਗ, ਉਨ੍ਹਾਂ ਦੇ ਸਾਰੇ ਸਮਾਜਿਕ ਮਸਲੇ ਭਾਈਚਾਰਕ ਪੰਚਾਇਤ ਰਾਹੀਂ ਹੱਲ ਕੀਤੇ ਜਾਂਦੇ ਸਨ। ਕਬੀਲੇ ਦਾ ਮੁਖੀ, ਜਨਤਕ ਚੋਣ ਰਾਹੀਂ ਚੁਣਿਆ ਜਾਂਦਾ ਸੀ। ਯੂਰਪੀਅਨ ਬਸਤੀਵਾਦੀਆਂ ਦੀ ਆਮਦ ਨੇ ਇਸ ਵਿਵਸਥਾ ਨੂੰ ਤਹਿਸ ਨਹਿਸ ਕਰ ਦਿੱਤਾ।

ਆਪਣਾ ਸਾਮਰਾਜਵਾਦੀ ਯੂਰਪੀਅਨ ਮਾਡਲ ਲਾਗੂ ਕਰ ਦਿੱਤਾ। ਸੋ ਇਹ ਵਿਵਸਥਾ ਸਰਮਾਏਦਾਰੀ ਦੀਆਂ ਨੀਹਾਂ ਅਤੇ ਥੰਮ੍ਹ ਵਜੋਂ ਅੱਜ ਅਸੀਂ ਦੇਖ ਰਹੇ ਹਾਂ।

ਕੈਨੇਡਾ ਦੇ 1867 ਦੇ ਸੰਵਿਧਾਨ ਦੀ ਧਾਰਾ 98 (2) ਵਿਚ ਸਿਰਫ਼ ਇਹ ਲਿਖਿਆ ਹੈ ਕਿ ਪ੍ਰੋਵੈਂਸ਼ਲ ਸਰਕਾਰ, ਆਪਣੀ ਲੋੜ ਅਨੁਸਾਰ ਆਪਣੇ ਰਾਜ ਵਿਚ ਸਥਾਨਕ ਸਰਕਾਰਾਂ ਦਾ ਢਾਂਚਾ ਸਥਾਪਤ ਕਰਨ ਦੀ ਵਿਵਸਥਾ ਸੰਬੰਧੀ ਕਾਨੂੰਨ ਪਾਸ ਕਰ ਸਕਦੀ ਹੈ। ਇਸ ਤੋਂ ਅਗਾਂਹ ਕੈਨੇਡਾ ਦਾ ਸੰਵਿਧਾਨ ਖਾਮੋਸ਼ ਹੈ। ਇਸ ਲਈ ਕੈਨੇਡਾ ਦੇ 10 ਅੱਡੋ ਅੱਡਰੇ ਸੂਬਿਆਂ ਅਤੇ ਤਿੰਨ ਕੇਂਦਰੀ ਖੇਤਰਾਂ ਵਿਚ ਸਥਾਨਕ ਸਰਕਾਰਾਂ ਸੰਬੰਧੀ ਅੱਡੋ ਅੱਡਰੇ ਕਾਨੂੰਨ ਹਨ। ਸਥਾਨਕ ਸਰਕਾਰਾਂ, ਅਸਲ ਮਾਅਨਿਆਂ ਵਿਚ ਸੂਬਾ ਸਰਕਾਰਾਂ ਦੇ ਰਹਿਮੋਕਰਮ 'ਤੇ ਹਨ। ਸੂਬਾ ਸਰਕਾਰ ਆਪਣੀ ਮਰਜ਼ੀ ਅਨੁਸਾਰ ਉਨ੍ਹਾਂ ਦੀ ਸਥਾਪਨਾ ਕਰ ਸਕਦੀ ਹੈ, ਉਨ੍ਹਾਂ ਦਾ ਰਲੇਵਾਂ ਕਰ ਸਕਦੀ ਹੈ, ਪੱਧਰ ਘਟਾ ਵਧਾ ਸਕਦੀ ਹੈ ਜਾਂ ਤੋੜ ਵੀ ਸਕਦੀ ਹੈ।

2016 ਦੀ ਇਕ ਰਿਪੋਰਟ ਅਨੁਸਾਰ ਕੈਨੇਡਾ ਦੇ 10 ਸੂਬਿਆਂ ਅਤੇ ਤਿੰਨ ਕੇਂਦਰੀ ਖੇਤਰਾਂ ਵਿਚ, ਕੁੱਲ 3572 ਕਾਊਂਸਲਾਂ, ਕਮੇਟੀਆਂ ਜਾਂ ਕਾਰਪੋਰੇਸ਼ਨਾਂ ਹਨ। ਪਰ ਵਿੱਕੀ ਪੀਡੀਆ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਇਹ ਗਿਣਤੀ 3700 ਹੈ।

ਪੰਜ ਵੱਡੇ ਸੂਬੇ ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀ ਜਾਂ ਹੋਰ ਕੌਮੀਅਤਾਂ ਦੇ ਲੋਕ ਵਸਦੇ ਹਨ, ਉਨ੍ਹਾਂ ਵਿਚ ਗਿਣਤੀ ਇਸ ਪ੍ਰਕਾਰ ਹੈ – ਉਂਟਾਰੀਓ 444, ਬੀਸੀ 162, ਅਲਬਰਟਾ 354 ਕਿਊਬਿਕ 1134 ਅਤੇ ਮਨੀਟੋਬਾ 137

ਉਪਰੋਕਤ, 3700 ਕਾਊਂਸਲਾਂ ਦੀਆਂ ਕੁੱਲ 36 ਵੰਨਗੀਆਂ ਹਨ। ਜਿਵੇਂ ਸਿਟੀ ਕਾਊਂਸਲ, ਟਾਊਨ ਕਾਊਂਸਲ, ਵਿਲੇਜ਼ ਕਾਊਂਸ਼ਲ ਟਾਊਨਸ਼ਿਪ ਕਾਊਂਸਲ, ਹੈਮਲਿਟ ਕਾਊਂਸਲ, ਪਾਰਿਸ਼ ਕਾਊਂਸਲ ਜਾਂ ਸਿਰਫ਼ ਮਿਊਂਸਪੈਲਟੀ ਆਦਿ। ਇਸ ਤੋਂ ਅੱਗੇ, ਕਈ ਥਾਈਂ ਰਲੇਵੇਂ ਕਰਕੇ, ਕਾਊਂਟੀ ਕਾਊਂਸਲ, ਰਿਜ਼ਨਲ ਕਾਊਂਟੀ ਕਾਊਂਸਲ, ਰਿਜ਼ਨਲ ਜ਼ਿਲ੍ਹਾ ਕਾਊਂਸਲ ਜਾਂ ਰਿਜ਼ਨਲ ਪੇਂਡੂ ਕਾਊਂਸਲ, ਵੱਡੇ ਸ਼ਹਿਰਾਂ ਜਿਵੇਂ ਟੋਰਾਂਟੋ, ਵੈਨਕੂਵਰ ਆਦਿ ਵਿਚ ਮੈਨਰੋਪੋਲੀਟਨ ਕਾਊਂਸਲਾਂ ਵੀ ਹੋਂਦ ਵਿਚ ਹਨ।

ਪਹਿਲਾਂ ਮੈਂ ਆਖ ਚੁੱਕਿਆ ਹਾਂ ਕਿ ਇਹ ਵਿਵਸਥਾ ਸਰਮਾਏਦਾਰੀ ਰਾਜ ਪ੍ਰਬੰਧ ਦੀ ਨੀਂਹ ਤਾਂ ਆਖੀ ਜਾ ਸਕਦੀ ਹੈ ਪਰ ਡੈਮੋਕਰੈਟਿਕ ਬਿਲਕੁਲ ਨਹੀਂ। ਇਸ ਵਿਵਸਥਾ ਦੇ ਕੁਝ ਮੂਲ ਤੱਤ ਹਨ ਜੋ ਇਹ ਧਾਰਨਾ ਸਿੱਧ ਕਰਦੇ ਹਨ। ਪਹਿਲਾ, ਕੈਨੇਡਾ ਦੇ ਸੰਵਿਧਾਨ ਵਿਚ, ਸਥਾਨਕ ਸਰਕਾਰਾਂ ਦੀ ਵਿਵਸਥਾ ਦੀ ਅਣਹੋਂਦ ਹੈ। ਇਸ ਤਰ੍ਹਾਂ ਇਹ ਵਿਵਸਥਾ ਪੰਗੂ ਬਣ ਕੇ, ਸੂਬਾ ਸਰਕਾਰ ਦੇ ਰਹਿਮ 'ਤੇ ਨਿਰਭਰ ਹੈ। ਇਸ ਦੀ ਇਕ ਤਾਜ਼ਾ ਤਰੀਨ ਉਦਾਹਰਣ ਉਂਟਾਰੀਓ ਪ੍ਰਾਂਤ ਦਾ ਟੋਰਾਂਟੋ ਸ਼ਹਿਰ ਹੈ। ਇਹ 44 ਵਾਰਡਾਂ ਵਿਚ ਵੰਡਿਆ ਹੋਇਆ ਹੈ। 44 ਹੀ ਪ੍ਰੋਵੈਂਸ਼ਲ ਅਸੈਂਬਲੀ ਖੇਤਰ ਹਨ। 45ਵਾਂ ਸ਼ੇਅਰ ਓਪਨ ਸਿਸਟਮ ਰਾਹੀਂ ਚੁਣਿਆ ਜਾਂਦਾ ਹੈ ਪਰ ਟੌਰੀ ਸਰਕਾਰ ਦਾ ਡੱਗ ਫੋਰਡ ਪ੍ਰਾਈਮਰ, ਵਾਰਡਾਂ ਜਾਂ ਗਿਣਤੀ ਘਟਾ ਕੇ 25 ਕਰਨ 'ਤੇ ਤੁਲਿਆ ਹੋਇਆ ਹੈ। ਰਾਇਆਮਾ ਇਸਦੇ ਖਿਲਾਫ਼ ਹੈ ਪਰ ਉਸਨੇ ਕਾਊਂਸਲ ਤੇ ਇਹ ਕੁਹਾੜਾ ਚਲਾ ਹੀ ਦੇਣਾ ਹੈ। ਦੂਜਾ, ਸਥਾਨਕ ਸਰਕਾਰਾਂ ਦੀ ਪ੍ਰੋਵੈਂਸ ਪੱਧਰ ਤੱਕ ਵੀ ਕੋਈ ਜੋੜਵੀ ਕੜੀ–ਆਰਗੇਨਾਈਜ਼ਿੰਗ ਲਿੰਕ ਨਹੀਂ। ਪੰਜਾਬ ਦੇ 12,000 ਕੁ ਹਜ਼ਾਰ ਪਿੰਡਾਂ ਦੀਆਂ ਆਪਣੀਆਂ ਪੰਚਾਇਤਾਂ ਹਨ। ਇਹ ਅੱਗੋਂ ਦੂਜੇ ਪੱਧਰ ਪੰਚਾਇਤ ਸੰਮਤੀ ਨਾਲ ਜੁੜ ਜਾਂਦੀਆਂ ਹਨ, ਪੰਚਾਇਤ ਸੰਮਤੀਆਂ ਤੀਜੇ ਪੱਧਰ ਜ਼ਿਲ੍ਹਾ ਪ੍ਰੀਸ਼ਦ ਨਾਲ ਇਕੱਠੀਆਂ ਹੋ ਜਾਂਦੀਆਂ ਹਨ। ਇਨ੍ਹਾਂ ਦੀ ਇਕ ਤਾਕਤ ਜੁੜਵੀਂ ਕੜੀ ਦੇ ਰੂਪ ਵਿਚ ਬਣ ਜਾਂਦੀ ਹੈ। ਸ਼ਹਿਰੀ ਵਿਵਸਥਾ ਇਸ ਤੋਂ ਵੱਖਰੀ ਹੈ। ਭਾਵੇਂ ਇਹ ਭੁਲੇਖਾ ਅੱਜ ਦੇ ਹਾਲਤ ਵਿਚ ਸਾਨੂੰ ਨਹੀਂ ਪਾਲਣਾ ਚਾਹੀਦਾ ਹੈ ਕਿ ਪੰਜਾਬ ਦਾ ਢਾਂਚਾ ਕੈਨੇਡਾ ਨਾਲੋਂ ਜ਼ਿਆਦਾ ਡੈਮੋਕ੍ਰੈਟਿਕ ਹੈ ਪਰ ਉਥੋਂ ਦੀ ਵਰਕਿੰਗ ਲੋਕਤੰਤਰੀ ਨਹੀਂ ਰਹੀ ਪਰ ਢਾਂਚਾ ਸਬੂਤਾ ਹੈ। ਇਥੋਂ ਦਾ ਢਾਂਚਾ ਹੀ ਗੈਰ ਲੋਕਤੰਤਰੀ ਹੈ ਜਿਹੜਾ ਲੋਕਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਕੇ ਰੱਖਦਾ ਹੈ।

ਤੀਜਾ, ਭਾਵੇਂ ਕੈਨੇਡਾ ਦੇ ਨਾਗਰਿਕ ਆਪਣੀ ਵੋਟ ਦਾ ਇਸਤੇਮਾਲ ਕਰਕੇ ਆਪਣੇ ਨੁਮਾਇੰਦੇ ਚੁਣ ਸਕਦੇ ਹਨ, ਪਰ ਇਸ ਤੋਂ ਅੱਗੇ ਉਹ ਕਾਊਂਸਲ ਕੋਈ ਸਿੱਧੀ ਪਹੁੰਚ ਨਹੀਂ ਕਰ ਸਕਦੇ। ਆਪਣੇ ਕਿਸੇ ਸਥਾਨਕ ਮਸਲੇ ਬਾਰੇ ਉਹ ਸਿਰਫ਼ ਪਟੀਸ਼ਨ ਕਰ ਸਕਦੇ ਹਨ। ਭਾਵ ਦਇਆ ਦੀ ਅਰਜ਼ੀ ਹੀ ਦੇ ਸਕਦੇ ਹਨ ਅਤੇ ਇਸ ਤਰ੍ਹਾਂ ਦੀ ਅਰਜ਼ੀਆਂ ਦਾ ਅੰਤ 100 ਵਿਚੋਂ 99ਵੇਂ ਵਾਰ ਨਾਂ ਮਨਜ਼ੂਰੀ ਵਿਚ ਹੀ ਹੁੰਦਾ ਹੈ।

ਚੌਥਾ, ਸਿਟੀ ਕਾਊਂਸਲਾਂ ਵਿਚ ਆਮ ਕਰਕੇ ਅਫ਼ਸਰਸ਼ਾਹੀ ਭਾਰੂ ਹੁੰਦੀ ਹੈ। ਇਥੇ ਬੀਸੀ ਦੇ ਸਰੀ ਸ਼ਹਿਰ ਦੀ ਮਿਸਾਲ ਪੇਸ਼ ਹੈ। ਸਰੀ ਬੀਸੀ ਦਾ ਪੰਜ ਛੇ ਲੱਖ ਦੀ ਆਬਾਦੀ ਵਾਲਾ ਕੈਨੇਡਾ ਦਾ ਦਸਵਾਂ ਵੱਡਾ ਸ਼ਹਿਰ ਹੈ। ਇਸ ਵਿਚ ਚੌਥੀ ਵਸੋਂ ਪੰਜਾਬੀ ਚੀਨੀ, ਕੋਰੀਅਨ, ਵੀਅਤਨਾਮੀ ਇਰਾਨੀ ਆਦਿ ਪਿਛੋਕੜ ਦੇ ਲੋਕ ਵਸਦੇ ਹਨ। ਸਰੀ ਸਕਾਈ ਟ੍ਰੇਨ ਰਾਹੀਂ ਵੈਨਕੂਵਰ ਨਾਲ ਜੁੜਿਆ ਹੋਇਆ ਹੈ। ਕਿੰਗ ਜਾਰਜ, ਸਰੀ ਸੈਂਟਰਲ ਅਤੇ ਸਕਾਟ ਰੋਡ ਤਿੰਨ ਮੈਟਰੋ ਸਟੇਸ਼ਨ ਹਨ। ਸਰੀ ਦੀਆਂ ਅਵਾਮੀ ਜਥੇਬੰਦੀਆਂ, ਲੋਕਾਂ ਅਤੇ ਬਹੁਗਿਣਤੀ ਕਾਊਂਸਲਰਾਂ ਦੀ ਚਿਰੋਕਈ ਮੰਗ ਹੈ ਕਿ ਸਕਾਈ ਟ੍ਰੇਨ ਲਾਈਨਾਂ ਦਾ ਵਾਧਾ ਕਰਕੇ ਸ਼ਹਿਰ ਦਾ ਅੰਦਰੂਨੀ ਟਰਾਂਸਪੋਰਟੇਸ਼ਨ ਨੂੰ ਸੁਚਾਰੂ ਬਣਾਇਆ ਜਾਵੇ। ਇਸ ਵੇਲੇ ਇਸ ਦਾ ਮੰਦਾ ਹਾਲ ਹੈ। ਇਹ ਸਰੀ ਦੇ ਵਿਕਾਸ ਅਤੇ ਵਿਸਤਾਰ ਵਿਚ ਅੜਿੱਕਾ ਹੈ। ਇਸ ਮੰਗ ਦਾ ਪਬਲਿਕ ਸੈਕਟਰ ਦੀਆਂ ਜਥੇਬੰਦੀਆਂ ਵੀ ਸਮਰਥਨ ਕਰਦੀਆਂ ਹਨ ਪਰ ਲੋਕ ਰਾਇ ਦੀਆਂ ਸਾਰੀਆਂ ਅਵਾਜ਼ਾਂ ਦਰ ਕਿਨਾਰ ਹਨ।

ਐਨ.ਡੀ.ਪੀ. ਦੀ ਜੌਹਨ ਹਾਰਜ਼ਨ ਸਰਕਾਰ, ਪਹਿਲੀ ਲਿਬਰਲ ਸਰਕਾਰ ਵਾਂਗ ਹੀ ਸਰੀ ਸਿਰ ਨਵਾਂ, ਖਰਚੀਲਾ ਲਾਈਟ ਰੇਲ ਢਾਂਚਾ ਲੋਕਾਂ ਸਿਰ ਮੜ੍ਹ ਰਹੀ ਹੈ ਜਿਸ ਦਾ ਐਨ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਗਿਆ ਹੈ। ਇਹ ਕਿਹੋ ਜਿਹਾ ਲੋਕਤੰਤਰ ਹੈ? ਲਾਈਟ ਰੇਲ, ਸਕਾਈ ਟ੍ਰੇਨ ਦੇ ਢਾਂਚੇ ਤੋਂ ਬਾਹਰ ਹੋਣ ਕਰਕੇ ਲੋਕਾਂ ਵਾਸਤੇ ਮਹਿੰਗੀ ਸਾਬਤ ਹੋਵੇਗੀ। ਇਸ ਵਿਚੋਂ ਪ੍ਰਾਈਵੇਟ ਮੁਨਾਫ਼ਾਕਾਰੀ ਅਤੇ ਅਫ਼ਸਰਸ਼ਾਹੀ ਦੀ ਗੰਢ–ਤਰੁੱਪ ਸਾਫ਼ ਨਜ਼ਰ ਆਉਂਦੀ ਹੈ।

ਕਿਉਂਕਿ ਕਾਊਂਸਲਾਂ ਵੱਖ–ਵੱਖ ਕਮੇਟੀਆਂ ਵਿਚ ਕੰਮ ਕਰਦੀਆਂ ਜਿਵੇਂ ਟੋਰਾਂਟੋ



ਕਾਊਂਸਲ ਦੀਆਂ 16 ਵਿਭਾਗੀ ਕਮੇਟੀਆਂ ਹਨ ਜਿਨ੍ਹਾਂ ਵਿਚ ਐਡਵਾਈਜ਼ਰ ਦੇ ਰੂਪ ਵਿਚ ਅਫ਼ਸਰਸ਼ਾਹੀ ਹੀ ਨਿਰਣੇ ਲੈਂਦੀ ਹੈ। ਕਾਊਂਸਲਰ ਵਿਚਾਰੇ ਉਨ੍ਹਾਂ ਫੈਸਲਿਆਂ 'ਤੇ ਹੀ ਆਪਣੀ ਮੋਹਰ ਲਾਉਂਦੇ ਹਨ। ਮਸਲਿਆਂ 'ਤੇ ਬਹਿਸ ਬਹੁਤ ਘੱਟ ਹੁੰਦੀ ਹੈ। ਮੇਰੇ ਸ਼ਹਿਰ ਐਬਟਸਫੋਰਡ ਦੀ ਉਦਾਹਰਣ ਹੈ; ਇਕ ਸੀਨੀਅਰ ਕਾਊਂਸਲਰ ਜਿਹੜਾ ਹੁਣ ਮੇਅਰ ਵਜੋਂ ਖੜ੍ਹਾ ਹੈ, ਨੇ ਆਖਿਆ ਹੈ ਕਿ 96 ਫੀਸਦ ਫੈਸਲੇ ਸਰਵਸੰਮਤੀ ਨਾਲ ਕੀਤੇ ਗਏ। ਇਸ ਸਰਵਸੰਮਤੀ ਦੇ ਕੀ ਅਰਥ ਹਨ? ਅਸੀਂ ਆਪ ਅੰਦਾਜ਼ਾ ਲਾ ਸਕਦੇ ਹਾਂ।

ਪੰਜਵਾਂ ਵੱਡਾ ਤੱਤ ਇਹ ਹੈ ਕਿ ਕੋਈ ਵੀ ਸਥਾਨਕ ਸਰਕਾਰ, ਫੈਡਰਲ ਸਰਕਾਰ ਤੱਕ ਸਿੱਧੀ ਪਹੁੰਚ ਨਹੀਂ ਕਰ ਸਕਦੀ। ਉਸ ਨੂੰ ਸੂਬਾ ਸਰਕਾਰ ਤੱਕ ਹੀ ਸੀਮਤ ਰਹਿਣਾ ਪੈਂਦਾ ਹੈ। ਇਹ ਡੈਮੋਕ੍ਰੈਟਿਕ ਵਿਵਸਥਾ ਨਹੀਂ ਹੈ। ਛੇਵਾਂ ਤੱਤ ਵੀ ਬਹੁਤ ਅਹਿਮ ਹੈ। ਕੌਮੀ ਜਾਂ ਰਾਜ ਪੱਧਰ ਦੀਆਂ ਰਾਜਨੀਤਕ ਪਾਰਟੀਆਂ ਸਥਾਨਕ ਚੋਣਾਂ ਵਿਚ ਗੈਰ ਹਾਜ਼ਰ ਹੁੰਦੀਆਂ ਹਨ। ਚੋਣਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਨਹੀਂ ਹੁੰਦੀ। ਕਾਊਂਸਲ ਪੱਧਰ ਦੀਆਂ ਛੋਟੀਆਂ ਪਾਰਟੀਆਂ ਜਾਂ ਸਲੇਟਾਂ ਤੱਕ ਹੀ ਕਾਊਂਸਲ ਦੀ ਰਾਜਨੀਤੀ ਸੀਮਤ ਹੋ ਕੇ ਰਹਿ ਜਾਂਦੀ ਹੈ। ਸੱਤਵਾਂ ਤੱਤ ਇਹ ਹੈ ਕਿ ਕਾਊਂਸਲ ਦੀ ਸਮੁੱਚੀ ਅਰਥ ਵਿਵਸਥਾ ਤੇ ਅਫ਼ਸਰਸ਼ਾਹੀ ਦੀ ਜਕੜ ਹੁੰਦੀ ਹੈ। ਅਫ਼ਸਰਸ਼ਾਹੀ ਹੀ ਬਜਟ ਵਿਵਸਥਾ, ਟੈਕਸ ਉਗਰਾਹੀ ਅਤੇ ਲੇਖੇ ਜੋਖੇ ਦੀ ਇੰਚਾਰਜ ਹੁੰਦੀ ਹੈ। ਕਿਸੇ ਵੀ ਹਾਲਤ ਵਿਚ ਬਜਟ ਘਾਟੇ ਵਾਲਾ ਨਹੀਂ ਬਣਾਇਆ ਜਾ ਸਕਦਾ। ਉਪਰੋਕਤ ਲੱਛਣਾਂ ਤੋਂ ਬਿਨਾਂ ਵੀ ਕਈ ਹੋਰ ਮੂਲ ਤੱਤ ਹਨ ਜਿਨ੍ਹਾਂ ਦੀ ਵਿਆਖਿਆ ਇਸ ਲੇਖ ਵਿਚ ਸੰਭਵ ਨਹੀਂ। ਜਿਵੇਂ ਕਾਊਂਸਲੀ ਫੈਸਲਿਆਂ ਵਿਚ ਭਾਈ ਭਤੀਜਾਵਾਦ ਪਾਰਦਰਸ਼ਤਾ ਦੀ ਅਣਹੋਂਦ ਅਤੇ ਰੰਗ ਨਸਲ ਭੇਦ ਭਾਵ ਜੋ ਇਨ੍ਹਾਂ ਸਥਾਨਕ ਸਰਕਾਰਾਂ ਦੀ ਗੈਰ ਲੋਕਤੰਤਰੀ ਦਿੱਖ ਦਾ ਕਾਰਨ ਬਣਦੇ ਹਨ। ਆ ਰਹੀਆਂ ਚੋਣਾਂ ਦੇ ਸੰਦਰਭ ਵਿਚ ਇਸ ਤਰ੍ਹਾਂ ਦੀਆਂ ਟਿੱਪਣੀਆਂ ਪ੍ਰੈਸ ਅਤੇ ਸ਼ੋਸਲ ਮੀਡੀਏ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

**ਚੋਣ ਵਿਵਸਥਾ**

ਸਥਾਨਕ ਸਰਕਾਰਾਂ ਦੀ ਚੋਣ ਵਿਵਸਥਾ ਵੀ ਕੈਨੇਡਾ ਭਰ ਵਿਚ ਵੱਖੋ ਵੱਖਰੀ ਹੈ। ਇਨ੍ਹਾਂ ਦਾ ਕਾਰਜਕਾਲ ਦੋ, ਤਿੰਨ ਜਾਂ ਚਾਰ ਸਾਲ ਦਾ ਹੋ ਸਕਦਾ ਹੈ। ਚੋਣ ਦਾ ਦਿਨ ਅਤੇ ਮਹੀਨਾ ਮਿਥਿਆ ਹੁੰਦਾ ਹੈ। ਮਹੀਨਾ ਆਮ ਕਰਕੇ ਅਕਤੂਬਰ ਜਾਂ ਨਵੰਬਰ। ਹਫ਼ਤੇ ਦਾ ਪਹਿਲਾ, ਦੂਜਾ, ਤੀਜਾ ਚੌਥਾ ਆਦਿ ਦਿਨ ਹੋ ਸਕਦਾ ਹੈ। ਹਰ ਸਾਲ ਇਕੋ ਹੀ ਹੋਵੇਗਾ। 2022 ਵਿਚ ਕੈਨੇਡਾ ਦੇ ਹੇਠ ਲਿਖੇ ਸੂਬਿਆਂ ਵਿਚ ਚੋਣ ਸਾਰਣੀ ਇਸ ਤਰ੍ਹਾਂ ਹੈ। ਬੀਸੀ ਅਕਤੂਬਰ ਦਾ ਦੂਜਾ ਸ਼ਨੀਵਾਰ, ਮਨੀਟੋਬਾ ਅਤੇ ਸਕੈਚਵਨ ਅਤੇ ਇੰਡੀਆਨਾ ਅਕਤੂਬਰ ਦਾ ਚੌਥਾ ਬੁੱਧਵਾਰ। ਉਤਰ ਪੱਛਮੀ ਖੇਤਰ ਅਤੇ ਨੂਨਾਵੂੱਤ ਤੀਜਾ ਸੋਮਵਾਰ। ਯੂਕੋਨ, ਅਕਤੂਬਰ ਦਾ ਤੀਜਾ ਸੋਮਵਾਰ ਅਤੇ ਪ੍ਰਿੰਸ ਜਾਰਜ ਆਈਲੈਂਡ ਨਵੰਬਰ ਦਾ ਪਹਿਲਾ ਸੋਮਵਾਰ ਇਸ ਤਰ੍ਹਾਂ ਦਿਨ ਪੱਕਾ ਹੈ ਤਰੀਕ ਸਾਲ ਦੇ ਸਾਲ ਬਦਲ ਜਾਂਦੀ ਹੈ।

ਸਾਡੇ ਪੰਜਾਬੀ ਭਾਈਚਾਰੇ ਵਾਸਤੇ ਉਂਟਾਰੀਓ, ਬੀਸੀ ਅਤੇ ਮਨੀਟੋਬਾ ਦੀਆਂ ਚੋਣਾਂ ਅਹਿਮ ਹਨ। ਟੋਰਾਂਟੋ ਵਿਨੀਪੈਗ, ਵੈਨਕੂਵਰ, ਸਰੀ, ਐਬਟਫੋਰਡ ਵੱਡੇ ਸ਼ਹਿਰ ਹਨ ਅਤੇ ਪੰਜਾਬੀ ਵਸੋਂ ਦੇ ਗੜ੍ਹ ਹਨ। ਚੋਣਾਂ ਵਿਚ ਸਿਰਫ਼ ਕੈਨੇਡਾ ਦੇ ਨਾਗਰਿਕ ਹੀ ਹੱਕ ਰੱਖਦੇ ਹਨ। ਪੱਕੇ ਵਸਨੀਕ ਪੀ.ਆਰ. ਭਾਵੇਂ ਲੰਬੇ ਸਮੇਂ ਤੋਂ ਇਥੇ ਵਸਦੇ ਹਨ ਅਤੇ ਉਨ੍ਹਾਂ ਨੂੰ ਗੈਰ ਹਾਜ਼ਰੀ ਕਾਰਨ ਆਪਣੇ ਮੁਲਕ ਵਿਚ ਵੀ ਵੋਟ ਦਾ ਹੱਕ ਨਹੀਂ; ਉਹ ਵੋਟ ਦੇ ਹੱਕਦਾਰ ਨਹੀਂ। ਇਹ ਵੀ ਲੋਕਤੰਤਰਿਕ ਅਕਸ਼ ਦੇ ਉਲਟ ਭਾਵੀ ਹੈ।

ਵੈਸੇ ਵੀ ਚੋਣਾਂ ਵਿਚ ਔਸਤ ਫੀਸਦ 30 ਦੇ ਨੇੜੇ ਤੇੜੇ ਹੀ ਰਹਿੰਦੀ ਹੈ। ਮੂਲ ਵਾਸੀਆਂ ਵਾਸਤੇ ਵੀ ਤਾਨਾਸਾਹੀ ਵਰਗਾ ਵੱਖਰਾ ਸਿਸਟਮ ਹੈ। ਸਥਾਨਕ ਸਰਕਾਰਾਂ ਦੇ ਕਾਰਜ ਖੇਤਰ ਆਓ ਹੁਣ ਗੱਲ ਕਰੀਏ ਉਨ੍ਹਾਂ ਕੰਮਾਂ ਦੀ ਜੋ ਇਨ੍ਹਾਂ ਸਰਕਾਰਾਂ ਦੇ ਕਾਰਜ ਖੇਤਰ ਹਨ। ਜੋ ਕੰਮ ਇਹ ਲੋਕਾਂ ਵਾਸਤੇ ਕਰਦੇ ਹਨ ਜਾਂ ਉਲਟ ਭਾਵੀ ਰੂਪ ਵਿਚ ਜੋ ਲੋਕ ਹਿੱਤਾਂ ਦੇ ਕੰਮ ਇਨ੍ਹਾਂ ਨੂੰ ਕਰਨੇ ਚਾਹੀਦੇ ਹਨ ਪਰ ਨਹੀਂ ਕੀਤੇ ਜਾਂਦੇ। ਇਨ੍ਹਾਂ ਦਾ ਕਾਰਜ ਖੇਤਰ ਬੜਾ ਵਿਸ਼ਾਲ ਹੈ। ਕਾਊਂਸਲ ਏਰੀਏ ਵਿਚ ਅਮਨ ਅਮਾਨ ਮੁੱਖ ਕਾਰਜ ਹੈ। ਪੁਲਿਸ ਫੋਰਸ ਇਸ ਵਾਸਤੇ ਕਾਊਂਸਲ ਦੇ ਅਧੀਨ ਹੁੰਦੀ ਹੈ। ਇਥੇ ਦੂਹਰੀ ਵਿਵਸਥਾ ਹੈ। ਲੋਕਲ ਫੋਰਸ ਹੈ ਅਤੇ ਆਰ.ਸੀ.ਐਮ.ਪੀ. ਹੈ। ਆਰ. ਸੀ. ਐਮ. ਪੀ. ਕਾਊਂਸਲਾਂ ਕੋਲ ਫੈਡਰਲ ਸਰਕਾਰ ਵਲੋਂ ਲੋਨ ਜਾਂ ਡੈਪੂਟੇਸ਼ਨ 'ਤੇ ਹੁੰਦੀ ਹੈ। ਫੈਡਰਲ ਪੱਧਰ ਦੀਆਂ ਕੁੱਲ ਆਰ.ਸੀ.ਐਮ.ਪੀ. ਦੀਆਂ 2300 ਪੋਸਟਾਂ ਹਨ। ਅੱਧੀਆਂ ਖਾਲੀ ਹਨ। ਬਾਕੀ ਵੱਡਿਆਂ ਸ਼ਹਿਰਾਂ ਵਿਚ ਲੋਨ 'ਤੇ ਹਨ। ਅਮਨ ਅਮਾਨ ਦੀ ਪਰਖ ਉਦੋਂ ਹੁੰਦੀ ਹੈ ਜਦੋਂ ਨਿਵੇਕਲੇ ਕੇਸ ਜਿਵੇਂ ਮੂਲ ਵਾਸੀ ਕੌਮਾਂ ਨਾਲ ਜਾਂ ਹੋਰ ਘੱਟ ਗਿਣਤੀ ਕੌਮਾਂ ਨਾਲ ਸੰਬੰਧਤ ਨਸ਼ਰ ਹੁੰਦੇ ਹਨ। ਮੂਲ ਵਾਸੀਆਂ ਦੀਆਂ ਸੈਂਕੜੇ ਗੁੰਮ ਕੀਤੀਆਂ ਜਾਂ ਕਤਲ ਕੀਤੀਆਂ ਔਰਤਾਂ ਦਾ ਕੇਸ ਹੈ। ਪੁਲਿਸ ਫੋਰਸ ਵਿਚ ਡਰੱਗ ਸੇਵਨ, ਨਸਲਪ੍ਰਸਤੀ, ਲਿੰਗਕ ਭੇਦ ਭਾਵ ਅਤੇ ਸੋਸ਼ਣ ਦੇ ਦੋਸ਼ ਆਮ ਲੱਗਦੇ ਹਨ। ਪਰ ਕੋਈ ਗੁਨਾਹਗਾਰ ਪੁਲਿਸ ਅਫ਼ਸਰ ਘੱਟ ਹੀ ਚਾਰਜ ਕੀਤਾ ਦਿਸਦਾ ਹੈ।

ਦੂਜਾ ਵੱਡਾ ਕੰਮ ਹੈ ਵਿਕਾਸ ਵਿਵਸਥਾ ਦਾ। ਇਨ੍ਹਾਂ ਵਲੋਂ ਹਰ ਕੰਮ ਜੋ ਵਿਕਾਸ ਨਾਲ ਸੰਬੰਧਤ ਹੁੰਦਾ ਹੈ, ਸਰਮਾਏਦਾਰੀ ਮਾਡਲ ਵਿਚ ਆਂਕਿਆ ਜਾਂਦਾ ਹੈ। ਮੁਨਾਫ਼ਾ ਚਾਹੀਦਾ ਹੈ। ਭਾਵੇਂ ਲੋਕ ਬੇਘਰੇ ਹੋਣ, ਜੇਬਾਂ ਖਾਲੀ ਅਤੇ ਨਿਆਸਰੇ ਹੋਣ। ਉਨ੍ਹਾਂ ਕੋਲ ਖਾਣ ਖਰਚਣ ਵਾਸਤੇ ਕੱਖ ਨਾ ਹੋਵੇ। ਕੋਈ ਗੱਲ ਨਹੀਂ। ਦੂਜਿਆਂ ਕੋਲ ਜੋ ਬਚਿਆ ਹੈ ਉਹ ਨਿਚੋੜਿਆ ਜਾਵੇਗਾ। ਇਹ ਹੈ ਵਿਕਾਸ ਦਾ ਮਾਡਲ ਜੋ ਕਾਊਂਸਲਾਂ ਨੇ ਲਾਗੂ ਕਰਨਾ ਹੁੰਦਾ ਹੈ।

ਸਿੱਖਿਆ ਦਾ ਤੀਜਾ ਵੱਡਾ ਕਾਰਜ ਖੇਤਰ ਹੈ। ਇਥੇ ਵੀ ਕਾਊਂਸਲਾਂ ਵਲੋਂ ਮੁਨਾਫ਼ੇਖੋਰਾਂ ਦਾ ਹੀ ਪੱਖ ਪੂਰਿਆਂ ਜਾਂਦਾ ਹੈ। ਐਬਟਸਫੋਰਡ ਨਿਊਜ਼, ਬਾਈ ਵੀਕਲੀ ਵਿਚ, ਹੁਣੇ ਜਿਹੇ ਇਕ ਖ਼ਬਰ ਛਪੀ ਹੈ ਕਿ ਇਕੋ ਹੀ ਸਟੇਸ਼ਨਰੀ ਸਪਲਾਇਰ ਤੋਂ, ਇਕੋ ਜਿਹੇ ਸਕੂਲ ਬੈਗ, ਜ਼ਿਲ੍ਹਾ ਸਿੱਖਿਆ ਬੋਰਡ ਜੇ ਖਰੀਦ ਲੈਂਦਾ ਤਾਂ ਲੱਖਾਂ ਡਾਲਰ ਬਚ ਸਕਦੇ ਸਨ ਪਰ ਅਲੱਗ ਅਲੱਗ ਸਕੂਲਾਂ ਤੋਂ ਅਲੱਗ ਅਲੱਗ ਖਰੀਦਦਾਰੀ ਕਰਵਾ ਕੇ ਉਹੀ ਲੱਖਾਂ ਡਾਲਰ (ਲੋਕਾਂ ਦੇ ਟੈਕਸ ਦੇ) ਸਪਲਾਇਅਰ ਦਾ ਮੁਨਾਫ਼ਾ ਹੋ ਗਏ। ਸਕੂਲ, ਬੋਰਡਾਂ ਵਿਚ ਵੀ ਪੁਲਿਸ ਵਾਂਗ ਆਰਥਿਕ ਅਨਿਯਮਤਾਵਾਂ ਆਮ ਸੁਣੀਂਦੀਆਂ ਹਨ।

ਆਵਾਜਾਈ ਦੇ ਕਾਰਜ ਖੇਤਰ ਵਿਚ ਵੀ ਇਹੀ ਮੰਜਰ ਹੈ। ਕਾਰ ਕੰਪਨੀਆਂ ਦੀ ਧੌਂਸ ਹੈ। ਜੇ ਕਾਊਂਸਲਾਂ ਵਿਚ ਕੰਮ ਕਰਨਗੀਆਂ ਤਾਂ ਕਾਰ ਅਤੇ ਤੇਲ ਕੰਪਨੀਆਂ ਕੀ ਕਰਨਗੀਆਂ, ਮੁਨਾਫ਼ਾ ਕਿਵੇਂ ਕਮਾਉਣਗੀਆਂ। ਇਕ ਨਵਾਂ ਭਵਿੱਖ ਵਰਤਾਰਾ ਪੇਸ਼ ਹੈ। ਗ੍ਰੇਅ ਹਾਊਂਡ ਅਮਰੀਕਾ ਦੀ ਬੱਸ, ਕੰਪਨੀ, ਪੁਰਾਣੇ ਸਮੇਂ ਤੋਂ ਕੈਨੇਡਾ ਦੇ ਦੂਰ ਦੁਰਾਡੇ ਦੇ ਖੇਤਰਾਂ ਨੂੰ ਅਮਰੀਕਾ ਨਾਲ ਜੋੜਦੀ ਰਹੀ ਹੈ। ਹੁਣ ਉਸ ਨੇ ਜ਼ਿਅਦਾਤਰ ਖੇਤਰਾਂ, ਖਾਸ ਕਰਕੇ ਉਤਰੀ ਪੱਛਮੀ ਸੂਬਿਆਂ ਵਿਚੋਂ ਬੱਸ ਸੇਵਾ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਲੋਕਾਂ ਵਾਸਤੇ ਸਸਤੇ ਵਿਚ ਪਾਰਸਲ ਅਤੇ ਸਫ਼ਰ ਸਹੂਲਤ ਵਿਚ ਵਿਘਨ ਪੈਣ ਦੇ ਅਸਾਰ ਹਨ। ਕੀ ਕੋਈ ਕਾਊਂਸਲਾਂ ਦੀ ਸਾਂਝੀਦਾਰੀ ਵਿਵਸਥਾ ਜਾਂ ਪਬਲਿਕ ਸੈਕਟਰ ਦੀ ਬੱਸ ਕੰਪਨੀ ਇਹ ਘਾਟਾ ਪੂਰਾ ਕਰੇਗੀ? ਲੋਕਾਂ ਦੀ ਮੰਗ ਹੈ ਕਿ ਅਜਿਹਾ ਹੋਵੇ। ਪਰ, ਪਰ...ਬਹੁਤ ਵੱਡਾ ਸਵਾਲ ਹੈ।

ਹਾਊਸਿੰਗ ਵਿਵਸਥਾ ਵਿਚ ਵੀ ਇਹੀ ਹਾਲ ਹੈ। ਖਾਸ ਕਰ ਘੱਟ ਆਮਦਨ ਲੋਕਾਂ ਵਾਸਤੇ ਹਾਊਸਿੰਗ ਕਾਰਜ ਵਾਸਤੇ ਕਿਸੇ ਕਾਊਂਸਲ, ਕਾਰਪੋਰੇਸ਼ਨ ਦੀ ਕੋਈ ਉਪਲਬਧੀ ਨਜ਼ਰ ਨਹੀਂ ਆਉਂਦੀ। ਕਾਊਂਸਲਾਂ, ਪ੍ਰਾਪਰਟੀ ਟੈਕਸ ਇਕੱਠੇ ਕਰਕੇ, ਖਰਚਣ ਵੇਲੇ ਖਜ਼ਾਨੇ ਦਾ ਮੂੰਹ ਰੀਅਲ ਇਸਟੇਟ, ਮੁਨਾਫ਼ੇਕਾਰਾਂ, ਬੈਂਕਾਂ ਅਤੇ ਬੀਮਾ ਕੰਪਨੀਆਂ ਦੇ ਹਿੱਤ ਪੂਰਦੀਆਂ ਦਿੱਸਦੀਆਂ ਹਨ।

ਬੱਲੇ ਕੈਨੇਡਾ, ਬੱਲੇ ਕੈਨੇਡਾ ਅਸੀਂ ਬਹੁਤ ਕਹਿੰਦੇ ਸੁਣਦੇ ਰਹਿੰਦੇ ਹਾਂ ਪਰ ਕੈਨੇਡਾ ਦੇ ਕਿਸੇ ਵੀ ਸ਼ਹਿਰੀ ਕਸਬੇ ਵਿਚ ਜੇ ਕੋਈ ਮੈਨੂੰ ਦੱਸ ਦੇਵੇ ਕਿ ਕਿ ਫਲਾਣੇ ਥਾਂ ਪਬਲਿਕ ਵਾਸ਼ਰੂਮਾਂ ਦੀ ਵਿਵਸਥਾ ਫਲਾਣੀ ਕਾਊਂਸਲ ਜਾਂ ਕਾਰਪੋਰੇਸ਼ਨ ਨੇ ਕੀਤੀ ਹੈ ਤਾਂ ਮੈਂ ਵੀ ਮੰਨ ਜਾਵਾਂਗਾ ਕਿ ਕੈਨੇਡਾ ਵਧੀਆ ਲੋਕ ਹਿਤੂ ਦੇਸ਼ ਹੈ। ਠੰਢਾ ਜਲਵਾਯੂ ਹੈ। ਬੁਢਾਪੇ ਨਾਲ ਤੇਜ਼ੀ ਨਾਲ ਵਧਦੀ ਵਸੋਂ ਹੈ। ਪਰ ਜਨਤਕ ਥਾਵਾਂ ਬੱਸ ਅੱਡਿਆਂ, ਆਮ ਲੋਕਾਂ ਦੇ ਲਾਂਘਿਆਂ, ਚੌਹਾਰਿਆਂ ਤੇ ਕੋਈ ਜਨਤਕ ਵਾਸ਼ਰੂਮ ਨਹੀਂ ਹਨ। ਲੋਕ ਵਿਚਾਰੇ ਕਰਨ ਤਾਂ ਕੀ ਕਰਨ? ਮੈਂ ਖੁਦ ਕਈ ਵਾਰ ਐਬਟਸਫੋਰਡ ਦੇ ਸੁਮਾਸ ਬਾਰਡਰ ਦੇ ਪਾਰਕਿੰਗਾਂ ਵਿਚ ਲੋਕਾਂ ਨੂੰ ਖੁੱਲ੍ਹੇ ਵਿਚ ਬੈਠੇ ਦੇਖਿਆ ਹੈ। ਸਰੀ ਦਾ ਸੈਂਟਰਲ ਟ੍ਰੇਨ ਅਤੇ ਬੱਸ ਅੱਡਾ ਹੈ। ਹਮੇਸ਼ਾ 200, 300 ਲੋਕ ਉਡੀਕ ਵਿਚ ਹੁੰਦੇ ਹਨ। ਦੋ ਤਿੰਨ ਘੰਟਿਆਂ ਦਾ ਐਧਰੋਂ–ਉਧਰ ਸਫ਼ਰ ਹੁੰਦਾ ਹੈ। ਕੋਈ ਜਨਤਕ ਵਾਸ਼ਰੂਮ ਨਹੀਂ। ਕਿਉਂ ਕੀ ਇਹ ਸਰੀ ਕਾਊਂਸਲ ਦਾ ਕਾਰਜ ਖੇਤਰ ਨਹੀਂ? ਜ਼ਰੂਰ ਹੈ। ਪਰ ਜੇ ਕਾਊਂਸਲ ਜਨਤਕ ਵਾਸ਼ਰੂਮ ਦੀ ਵਿਵਸਥਾ ਕਰੇਗੀ ਤਾਂ ਉਡੀਕਵਾਨ ਲੋਕ ਸ਼ਾਪਿੰਗ ਮਾਲਾਂ ਅਤੇ ਰੈਸਟੋਰੈਂਟਾਂ ਵਿਚ ਨਹੀਂ ਜਾਣਗੇ। ਹੁਣ ਦੱਸੋ ਉਹ ਅਦਾਰੇ ਮੁਨਾਫ਼ਾ ਕਿਵੇਂ ਕਮਾਉਣਗੇ। ਮੁਨਾਫ਼ਾ ਤਾਂ ਉਨ੍ਹਾਂ ਦੀਆਂ ਜੇਬਾਂ ਵਿਚ ਹੈ। ਸੋ ਬੇਨਤੀ ਹੈ ਕਿ ਜਿਸ ਸੱਜਣ ਦੀ ਵੋਟ ਹੈ ਉਹ ਇਸਤੇਮਾਲ ਜ਼ਰੂਰ ਕਰੇ ਅਤੇ ਨਾਲ ਹੀ ਮੇਰੇ ਉਪਰੋਕਤ ਵਿਚਾਰ ਜੇ ਠੀਕ ਹਨ ਤਾਂ ਉਨ੍ਹਾਂ ਦੀ ਚਰਚਾ ਉਮੀਦਵਾਰ ਨਾਲ ਜ਼ਰੂਰ ਕਰੇ।

ਇਹ ਵੀ ਲਿਖ ਦੇਣਾ ਕਿ ਚੋਣਾਂ ਪੇਪਰ ਬੈਲਟ ਵੀ ਹੋ ਸਕਦਾ ਹੈ ਅਤੇ ਇਲੈਂਟ੍ਰਾਨਿਕ ਵੋਟਿੰਗ ਵੀ ਹੋ ਸਕਦੀ ਹੈ। ਕਾਊਂਸਲਾਂ ਦੀ ਵਾਰਡਬੰਦੀ ਜਿਵੇਂ ਟੋਰਾਂਟੋ ਵਿਚ, ਵੀ ਹੋ ਸਕਦੀ ਹੈ ਅਤੇ ਖੁੱਲ੍ਹੀ ਵੋਟਿੰਗ ਜਿਵੇਂ ਸਰੀ, ਵੈਨਕੂਵਰ ਐਬਟਫੋਰਡ ਵਿਚ ਵੀ ਹੋ ਸਕਦੀ ਹੈ। ਕਾਊਂਸਲ ਮੇਅਰ ਦੋ ਕਿਸਮ ਦੇ ਹਨ। ਆਲ ਇੰਨ ਆਲ ਮੇਅਰ, ਇਸ ਵਿਚ ਮੇਅਰ ਹੀ ਸਰਬ ਸ਼ਕਤੀਮਾਨ ਹੁੰਦਾ ਹੈ। ਉਹ ਮੈਂਬਰਾਂ ਦੇ ਮਤੇ ਵੀਟੋ ਕਰ ਸਕਦਾ ਹੈ ਅਤੇ ਸਾਰੀ ਅਫ਼ਸਰਸ਼ਾਹੀ ਉਸਦੇ ਅਧੀਨ ਹੁੰਦੀ ਹੈ। ਉਹ ਭਰਤੀ ਵੀ ਕਰਦਾ ਹੈ ਅਤੇ ਡਿਸਮਿਸ ਵੀ ਕਰ ਸਕਦਾ ਹੈ। ਉਹ ਕਿਸੇ ਨੂੰ ਜਵਾਬਦੇਹ ਨਹੀਂ ਹੁੰਦਾ ਪਰ ਦੂਜੀ ਕਮਜ਼ੋਰ ਮੇਅਰ, ਵਿਵਸਥਾ ਆਮ ਹੈ। ਇਸ ਵਿਚ ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਅਫ਼ਸਰਸ਼ਾਹੀ ਭਾਰੂ ਹੁੰਦੀ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਜਿਹੜੀ ਵਿਵਸਥਾ ਨੂੰ ਲੋਕਤੰਤਰਿਕ ਆਖਿਆ ਜਾਵੇ। ਕਾਊਂਸਲ ਮੈਂਬਰਾਂ ਦੀ ਚੋਣ ਦੇ ਨਾਲ ਹੀ ਸਕੂਲ ਬੋਰਡ ਦੇ ਮੈਂਬਰ (ਸਕੂਲ ਟਰੱਸਟੀ) ਦੀ ਚੋਣ ਕੀਤੀ ਜਾਂਦੀ ਹੈ ਇਨ੍ਹਾਂ ਦਾ ਕਾਰਜ ਕਾਲ ਵੀ ਕਾਊਂਸਲ ਦੇ ਕਾਰਜ ਕਾਲ ਦੇ ਬਰਾਬਰ ਹੀ ਹੁੰਦਾ ਹੈ। ਇਨ੍ਹਾਂ ਦੀ ਗਿਣਤੀ ਪੰਜ ਸੱਤ ਜਾਂ ਨੌਂ ਤੱਕ ਹੋ ਸਕਦੀ ਹੈ। ਸਕੂਲ ਬੋਰਡ ਦੀ ਪ੍ਰਾਂਤਕ (ਪ੍ਰੋਵੇਸਲ) ਸਰਕਾਰਾਂ ਦੇ ਅਧੀਨ ਹੁੰਦੇ ਹਨ। ਸਕੂਲ ਬੋਰਡ ਵੀ ਲੋਕਤੰਤਰ ਵਿਧੀ ਤੋਂ ਵਿਰਵੇ ਹੁੰਦੇ ਹਨ ਇਸ ਦੀ ਇਕ ਉਦਾਹਰਣ ਪੇਸ਼ ਹੈ। 1015 ਵਿਚ ਬੀ.ਸੀ. ਦੇ ਵੈਨਕੂਵਰ ਸ਼ਹਿਰ ਦਾ ਸਕੂਲ ਬੋਰਡ ਲਿਬਰਲ ਸਰਕਾਰ ਨੇ ਇਸ ਕਰਕੇ ਭੰਗ ਕਰ ਦਿੱਤਾ ਕਿ ਉਹ ਸਿੱਖਿਆ ਖੇਤਰ ਵਿਚ ਸੁਧਾਰ ਕਰਨ ਵਾਸਤੇ ਅਧਿਆਪਕ ਜਥੇਬੰਦੀਆਂ ਦਾ ਸਮਰਥਣ ਕਰਦਾ ਸੀ।

# ਤੀਜੇ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਵਲੋਂ ਭਾਰੀ ਉਤਸ਼ਾਹ

## ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ ਮੇਲਾ 4 ਅਕਤੂਬਰ ਨੂੰ ਹੋਵੇਗਾ।







ਕੈਲਗਰੀ, (ਹਰਚਰਨ ਪਰਹਾਰ) : 20 ਸਤੰਬਰ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਅਤੇ ਸਹਿਯੋਗੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਤੀਜਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦਾ ਉਦਘਾਟਨ ਉਘੇ ਨਾਟਕਕਾਰ, ਲੇਖਕ, ਐਕਟਰ ਤੇ ਨਿਰਦੇਸ਼ਕ ਡਾ. ਸਾਹਿਬ ਵਲੋਂ ਕੀਤਾ ਗਿਆ। ਉਨ੍ਹਾਂ ਪਾਠਕਾਂ ਨੂੰ ਸੰਬੋਧਨ ਹੁੰਦੇ ਹੋਏ, ਕਿਤਾਬਾਂ ਦੇ ਮਹੱਤਵ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੁਸਤਕਾਂ ਨਾ ਸਿਰਫ ਤੁਹਾਡੀਆਂ ਜੀਵਨ ਸਾਥੀ ਹੁੰਦੀਆਂ ਹਨ, ਸਗੋਂ ਤੁਹਾਡੀ ਸੋਚ ਨੂੰ ਵੀ ਵਿਸ਼ਾਲ ਬਣਾਉਂਦੀਆਂ ਹਨ।

ਇਸ ਮੌਕੇ 'ਤੇ ਪ੍ਰੋਗਰੈਸਿਵ ਕਲਾ ਮੰਚ ਵਲੋਂ ਕਮਲਪ੍ਰੀਤ ਪੰਧੇਰ ਨੇ 4 ਅਕਤੂਬਰ, 2026 ਨੂੰ ਹੋ ਰਹੇ ਨਾਟਕ ਮੇਲੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਏਅਰਡਰੀ ਵਿੱਚ ਹੋ ਰਹੇ ਇਸ ਨਾਟਕ ਮੇਲੇ ਵਿੱਚ ਦੋ ਨਾਟਕ ਪ੍ਰੋਗਰੈਸਿਵ ਕਲਾ ਮੰਚ ਦੇ ਕਾਲਕਾਰਾਂ ਵਲੋਂ ਖੇਡੇ ਜਾਣਗੇ ਅਤੇ ਇੱਕ ਸੋਲੋ ਨਾਟਕ 'ਲੱਛੂ ਕਬਾੜੀਆ' ਡਾ. ਸਾਹਿਬ ਸਿੰਘ ਵਲੋਂ ਖੇਡਿਆ ਜਾਵੇਗਾ। ਇਹ ਸਾਰੇ ਨਾਟਕ ਡਾ. ਸਾਹਿਬ ਸਿੰਘ ਵਲੋਂ ਵਰਕਸ਼ਾਪ ਲਗਾ ਕੇ ਤਿਆਰ ਕਰਾਏ ਜਾ ਰਹੇ ਹਨ। ਪੁਸਤਕ ਮੇਲੇ ਦੇ ਮੁੱਖ ਸੰਚਾਲਕ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ ਅਤੇ ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਇਸ ਵਾਰ ਅਨੇਕਾਂ ਨਵੇਂ ਪਾਠਕ ਕਿਤਾਬਾਂ ਖਰੀਦਣ ਆਏ। ਤੁਸੀਂ ਅਗਰ ਮੇਲੇ ਵਿੱਚ ਪਹੁੰਚ ਕੇ ਕਿਤਾਬਾਂ ਨਹੀਂ ਖਰੀਦ ਸਕੇ ਤਾਂ ਮਾਸਟਰ ਭਜਨ ਸਿੰਘ ਹੋਰਾਂ ਨਾਲ 403-455-4220 'ਤੇ ਸੰਪਰਕ ਕਰਕੇ ਉਨ੍ਹਾਂ ਦੇ ਘਰੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਅਤੇ ਨਾਟਕ ਮੇਲੇ ਦੀਆਂ ਟਿਕਟਾਂ ਵੀ ਲੈ ਸਕਦੇ ਹੋ।

# ਹਰਕੇਸ਼ ਚੌਧਰੀ ਦੇ ਨਿਰਦੇਸ਼ਨ ਹੇਠ ਨਾਟਕ 'ਮਸ਼ਾਲ ਬਾਲ ਕੇ ਰੱਖੀਂ' ਦੀ ਸ.ਫਲ ਪੇਸ਼ਕਾਰੀ

ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਨੂੰ ਇਸ ਵਾਰ ਅਗਸਤ 1947 ਵਿੱਚ ਅਜ਼ਾਦੀ



ਦਿਵਸ ਦੇ ਮੌਕੇ ਤੇ ਦਸ ਲੱਖ ਦੇ ਕਰੀਬ ਅਣਆਈ ਮੌਤੇ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਰਵਾਇਆ ਗਿਆ। ਸਮਾਗਮ ਦਾ ਅਗਾਜ਼ ਕਰਦਿਆਂ ਮੋਮਬੱਤੀਆਂ ਬਾਲ ਕੇ ਸ਼ਮ੍ਹਾਂ ਰੋਸ਼ਨ ਕੀਤੀ ਗਈ। ਇਸ ਮੌਕੇ 'ਤੇ ਪ੍ਰੋਫੈਸਰ ਮਨਜੀਤ ਸਿੰਘ ਛਾਬੜਾ, ਉੱਘੇ ਲੇਖਕ ਅਮਰੀਕ ਤਲਵੰਡੀ, ਡਾਕਟਰ ਅਮਰਪ੍ਰੀਤ ਦਿਉਲ, ਡਾਕਟਰ ਰੂਹੀ ਦਿਉਲ, ਤਰਕਸ਼ੀਲ ਸੁਸਾਇਟੀ ਕੈਲਗਰੀ ਤੋਂ ਗੋਪਾਲ ਕਾਉਂਕੇ ਜੀ, ਪ੍ਰਧਾਨ ਜਰਨੈਲ ਸਿੰਘ ਗਿੱਲ ਆਦਿ ਨੇ ਸਾਂਝੇ ਰੂਪ ਨਾਲ ਸਮਾਗਮ ਦਾ ਆਗਾਜ਼ ਕੀਤਾ। ਇਸ ਮੌਕੇ 'ਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਆਇਆ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਖਿਆ ਕਿ ਇਹ ਦੇਸ਼ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਨਹੀਂ ਬਣਿਆ। ਇਸ ਮੌਕੇ ਤੇ ਡਾਕਟਰ ਅਮਰਪ੍ਰੀਤ ਦਿਉਲ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਸ਼ਹੀਦ ਭਗਤ ਸਿੰਘ ਦਾ ਇਨਕਲਾਬ ਜਿੰਦਾਬਾਦ ਦਾ ਨਾਆਰਾ ਜੋ ਕਿ ਸਭ ਤੋਂ ਪਹਿਲਾਂ ਮੌਲਾਨਾ ਹਸਰਤ ਮੋਹਾਨੀ ਨੇ ਪਹਿਲੀ ਵਾਰ 1921 ਵਿੱਚ ਲਾਇਆ ਸੀ। ਇਸ ਉਪਰੰਤ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਨੇ ਹਰਕੇਸ਼ ਚੌਧਰੀ ਜੀ ਦੇ ਨਿਰਦੇਸ਼ਨ ਹੇਠ ਨਾਟਕ "ਮਸ਼ਾਲ ਬਾਲ ਕੇ ਰੱਖੀਂ" ਪੇਸ਼ ਕੀਤਾ ਗਿਆ। ਨਾਟਕ ਨੇ ਸਫਾਈ ਸੇਵਕਾਂ ਦੀ ਵਿਥਿਆ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਵੀ ਸੜਕਾਂ ਤੇ ਰੁਲਣਾ ਪੈਂਦਾ ਹੈ। ਇਸ ਦੇਸ਼ ਦੀਆਂ ਧਰਮ ਨਿਰਪੱਖ ਕਦਰਾਂ ਕੀਮਤਾਂ ਨੂੰ ਹਕੂਮਤ ਵੱਲੋਂ ਧਾਰਮਿਕ ਕੱਟੜਤਾ ਦੀ ਭੱਠੀ ਵਿੱਚ ਝੋਕਿਆ ਜਾ ਰਿਹਾ ਹੈ। ਨਾਟਕ ਆਪਣਾ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਸਫ਼ਾਈ ਸੇਵਕਾ ਰਾਧਾ ਦੇ ਰੋਲ ਵਿੱਚ ਕਮਲਜੀਤ ਮੋਹੀ ਅਤੇ ਭਜਨ ਲਾਲ ਦੇ ਰੂਪ ਵਿੱਚ ਦੀਪਕ ਰਾਏ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਨੈਨਾ ਸ਼ਰਮਾ ਨੇ ਨੇਹਾ ਦੇ ਰੂਪ ਵਿੱਚ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਰਣਵੀਰ ਸਿੰਘ, ਅਭਿਨੈ ਬਾਂਸਲ, ਜੀਵੀਕਾ ਬਲੋਚ, ਕਿਰਨਦੀਪ ਕੌਰ, ਮਨਪ੍ਰੀਤ ਸਿੰਘ ਆਪੋ-ਆਪਣੇ ਕਿਰਦਾਰ ਵਿੱਚ ਛਾਏ ਰਹੇ। ਨਾਟਕ ਨੂੰ ਦਰਸ਼ਕਾਂ ਨੇ ਖੂਬ ਪਿਆਰ ਦਿੱਤਾ। ਇਸ ਮੌਕੇ 'ਤੇ ਪ੍ਰੋਫੈਸਰ ਮਨਜੀਤ ਛਾਬੜਾ ਜੀ ਨੇ ਕਿਹਾ ਕਿ ਸੱਚ ਬੋਲਣਾ ਬੜਾ ਔਖਾ ਹੁੰਦਾ ਹੈ। ਪਰ ਨਾਟਕ ਨੇ ਇਹ ਜੁਰਅਤ ਕੀਤੀ ਹੈ। ਮੈਂ ਵੀ ਭਾਵੁਕ ਹੋ ਗਿਆ ਸਾਂ। ਇਸੇ ਤਰ੍ਹਾਂ ਅਮਰੀਕ ਤਲਵੰਡੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਨਾਟਕ ਨੇ ਪੰਜਤਾਲੀ ਮਿੰਟਾਂ ਵਿੱਚ ਇੱਕ ਸਦੀ ਦਾ ਇਤਿਹਾਸ ਪੇਸ਼ ਕਰ ਕੇ ਰੱਖ ਦਿੱਤਾ ਹੈ। ਇਸ ਲਈ ਸਾਰੀ ਟੀਮ ਮੁਬਾਰਕਬਾਦ ਦੀ ਹੱਕਦਾਰ ਹੈ। ਇਸ ਮੌਕੇ 'ਤੇ ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੇ ਬੱਚਿਆਂ ਨੇ ਕਾਮਰੇਡ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਇੱਕ ਸ਼ਾਨਦਾਰ ਕੋਰੀਓਗ੍ਰਾਫੀ ਵੀ ਪੇਸ਼ ਕੀਤੀ। ਇਸ ਮੌਕੇ 'ਤੇ ਵਿਨੋਦ ਕਾਲੀਆ ਜੀ ਪੱਤਰਕਾਰ ਰੋਜ਼ਾਨਾ ਜੱਗਬਾਣੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ 'ਤੇ ਦਰਸ਼ਕਾਂ ਵਿੱਚ ਡਾਕਟਰ ਸੰਦੀਪ ਸਿੰਘ, ਪੱਤਰਕਾਰ ਰਾਜ ਜੋਸ਼ੀ ਜੀ, ਲੈਕਚਰਾਰ ਇਕਬਾਲ ਸਿੰਘ, ਮਾਸਟਰ ਗੁਰਜੀਤ ਸਿੰਘ, ਬਲਵਿੰਦਰ ਸਿੰਘ ਲਾਲ ਬਾਗ, ਭਾਗ ਸਿੰਘ ਗਿੱਲ, ਸੁਖਵਿੰਦਰ ਸਿੰਘ ਗਿੱਲ, ਅਜਮੇਰ ਸਿੰਘ ਮੁੱਲਾਂਪੁਰ, ਲੈਕਚਰਾਰ ਪ੍ਰਗਟ ਸਿੰਘ, ਵਿਜੇ ਮਿੱਤਲ, ਸੁਖਦੀਪ ਚਾਨਾ, ਅੰਜੂ ਚੌਧਰੀ, ਨੀਰਜਾ ਬਾਂਸਲ ਆਦਿ ਹਾਜ਼ਰ ਸਨ।









# ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਇਨਕਲਾਬੀ ਰੰਗ ਮੰਚ ਦਿਹਾੜਾ








ਮੁੱਲਾਂਪੁਰ, (ਬਲਜਿੰਦਰ ਸਿੰਘ ਪਟਿਆਲਾ) : ਇਨਕਲਾਬੀ ਰੰਗ ਮੰਚ ਦਿਹਾੜਾ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਨਾਇਆ ਗਿਆ। ਗੁਰਸ਼ਰਨ ਭਾਅ ਜੀ ਦੇ ਵਿਛੋੜਾ ਦਿਵਸ ਅਤੇ ਸ਼ਹੀਦ ਭਗਤ ਸਿੰਘ ਦੇ 120ਵੇਂ ਜਨਮ ਦਿਨ ਨੂੰ ਸਮਰਪਿਤ ਸਮਾਗਮ ਪੰਜਾਬ ਲੋਕ ਸਭਿਆਚਾਰ ਮੰਚ ਪੰਜਾਬ ਅਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਕਰਵਾਇਆ ਗਿਆ। ਸਮਾਗਮ ਦਾ ਉਦਘਾਟਨ ਸਾਂਝੇ ਰੂਪ ਵਿੱਚ ਡਾਕਟਰ ਨਵਸ਼ਰਨ ਕੌਰ, ਅਮੋਲਕ ਸਿੰਘ, ਡਾਕਟਰ ਅਵਤਾਰ ਸਿੰਘ ਸਾਬਕਾ ਪ੍ਰਿੰਸੀਪਲ, ਅਮਨਦੀਪ ਸਿੰਘ ਲਲਤੋਂ, ਹਰਦੀਪ ਸਿੰਘ ਟੱਲੇਵਾਲ, ਹਰਜਿੰਦਰ ਸਿੰਘ, ਪ੍ਰੋਫੈਸਰ ਜਗਮੋਹਣ ਸਿੰਘ, ਹਰਕੇਸ਼ ਚੌਧਰੀ, ਕਮਲਜੀਤ ਖੰਨਾ, ਜਸਵੰਤ ਜੀਰਖ, ਅਮਰੀਕ ਤਲਵੰਡੀ, ਮਾਸਟਰ ਉਜਾਗਰ ਸਿੰਘ, ਕਸਤੂਰੀ ਲਾਲ ਸੂਬਾ ਵਿੱਤ ਸਕੱਤਰ ਆਦਿ ਨੇ ਕੀਤਾ। ਸਾਰੇ ਹਾਲ ਦੇ ਦਰਸ਼ਕਾਂ ਨੇ ਹਨੇਰ ਨਾ ਸਮਝੇ ਕਿ ਚਾਨਣ ਡਰ ਗਿਆ ਹੈ, ਰਾਤ ਨਾ ਸੋਚੇ ਕਿ ਸੂਰਜ ਮਰ ਗਿਆ ਹੈ, ਬੋਲ ਕੇ ਹੁੰਗਾਰਾ ਭਰਦਿਆਂ ਉਦਘਾਟਨ ਦੀ ਰਸਮ ਵਿੱਚ ਸ਼ਾਮਲ ਹੋਏ। ਇਸ ਸਮਾਗਮ ਵਿੱਚ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਵੱਲੋਂ ਮਾਸਟਰ ਰਾਮ ਕੁਮਾਰ ਦੀ ਅਗਵਾਈ ਵਿੱਚ ਗੀਤ ਪੇਸ਼ ਕੀਤੇ। ਇਸ ਤੋਂ ਤਰੁੰਤ ਬਾਅਦ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਅਮੋਲਕ ਸਿੰਘ ਦੇ ਗੀਤ ਤੇ ਅਧਾਰਿਤ ਕੌਰੀਓਗ੍ਰਾਫੀ "ਤੂੰ ਕਲਮ ਕਾਰ ਹੈਂ ਲੋਕਾਂ ਦਾ ਤੈਨੂੰ ਕਲਮ ਕੋਈ ਨਹੀਂ ਕਰ ਸਕਦਾ।"ਗੁਰਸ਼ਰਨ ਭਾਅ ਜੀ ਨੂੰ ਸਮਰਪਿਤ ਕਰ ਕੇ ਪੇਸ਼ ਕੀਤੀ ਗਈ। ਦਰਸ਼ਕਾਂ ਨੇ ਇਸ ਕੋਰੀਓਗ੍ਰਾਫੀ ਨੂੰ ਬਹੁਤ ਪਸੰਦ ਕੀਤਾ ਹੈ। ਇਸ ਉਪਰੰਤ ਗੁਰਸ਼ਰਨ ਸਿੰਘ ਜੀ ਦੀ ਬੇਟੀ ਡਾਕਟਰ ਨਵਸ਼ਰਨ ਕੌਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅੱਜ ਦੇ ਕਿਰਤੀ ਵਰਗ ਨੂੰ ਬਚਾਉਣ ਦਾ ਸਵਾਲ ਸਾਡੇ ਸਾਹਮਣੇ ਖੜ੍ਹਾ ਹੋ। ਉਨ੍ਹਾਂ ਕਿਹਾ ਕਿ ਪਰ ਜਦੋਂ ਕਿਰਤੀ ਬੰਦਾ ਕਰਨ ਤੇ ਆ ਜਾਵੇ ਤਾਂ ਰੱਬ ਦੇ ਕੀਤਿਆਂ ਵਿੱਚ ਦਖਲ ਦਿੰਦਾ ਹੈ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਕਲਾਕਾਰਾਂ ਅੰਜੂ ਚੌਧਰੀ, ਸੀਮਾ ਰਾਣੀ, ਨੀਰਜਾ ਬਾਂਸਲ ਅਤੇ ਪ੍ਰੋਫੈਸਰ ਜਗਮੋਹਣ ਸਿੰਘ ਜੀ ਅਤੇ ਹਰਕੇਸ਼ ਚੌਧਰੀ ਵੱਲੋਂ ਡਾਕਟਰ ਨਵਸ਼ਰਨ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਪੰਜਾਬ ਲੋਕ ਸਭਿਆਚਾਰ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਭਗਤ ਸਿੰਘ ਅਵਾਜ ਮਾਰ ਰਿਹਾ ਹੈ ਕਿ ਆਉ ਆਪਾਂ ਸਾਮਰਾਜ ਦਾ ਟਾਕਰਾ ਕਰੀਏ। ਲੋਕ ਮੁਕਤੀ ਲਈ ਅੱਗੇ ਵਧੀਏ। ਇਸ ਤੋਂ ਬਾਅਦ ਲੋਕ ਕਲਾ ਮੰਚ ਦੇ ਕਲਾਕਾਰਾਂ ਨੇ ਗੁਰਸ਼ਰਨ ਭਾਅ ਜੀ ਦਾ ਲਿਖਿਆ ਨਾਟਕ ਅਸੀਂ ਯੁੱਗ ਸਿਰਜਾਂਗੇ। ਹਰਕੇਸ਼ ਚੌਧਰੀ ਦੇ ਨਿਰਦੇਸ਼ਨ ਹੇਠ ਪੇਸ਼ ਹੋਇਆ। ਨਾਟਕ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਨਰਗਸ ਨਗਰ ਨੇ ਇਕ ਗੀਤ ਪੇਸ਼ ਕੀਤਾ "ਫੁੱਲਾਂ ਵਰਗੀਓ ਕੁੜੀਓ"। ਗੀਤ ਨੂੰ ਲੋਕਾਂ ਨੇ ਪਸੰਦ ਕੀਤਾ। ਪੰਜਾਬ ਲੋਕ ਸਭਿਆਚਾਰ ਮੰਚ ਦੇ ਸਕੱਤਰ ਕਮਲਜੀਤ ਖੰਨਾ ਨੇ ਇਸ ਮੌਕੇ 'ਤੇ ਅਵਤਾਰ ਪਾਸ਼ ਦੀ ਯਾਦਗਾਰ ਨਾਲ ਛੇੜਛਾੜ ਵਿਰੁੱਧ ਸਾਰੇ ਦਰਸ਼ਕਾਂ ਤੋਂ ਹੱਥ ਖੜ੍ਹੇ ਕਰਕੇ ਮਤਾ ਪਾਸ ਕਰਵਾਇਆ। ਪ੍ਰੋਗਰਾਮ ਦੇ ਅਖੀਰ ਵਿੱਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਪ੍ਰਸਿੱਧ ਕੌਰੀਓਗ੍ਰਾਫੀ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਦੀ ਘੋੜੀ ਪੇਸ਼ ਕੀਤੀ ਗਈ। ਕੋਰੀਓਗ੍ਰਾਫੀ ਨੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਸਮਾਗਮ ਹਰ ਪੱਖੋਂ ਬਹੁਤ ਪ੍ਰਭਾਵਸ਼ਾਲੀ ਰਿਹਾ ਹੈ। ਇਸ ਸਮਾਗਮ ਵਿੱਚ ਹਰਜੀਤ ਸਿੰਘ, ਪ੍ਰਦੀਪ ਲੋਟੇ, ਜੋਗਿੰਦਰ ਅਜ਼ਾਦ, ਮਿੱਤਰਸੈਨ ਮੀਤ, ਹਰਿੰਦਰਪਾਲ ਸਿੰਘ ਸੰਗੋਵਾਲ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਕਮਲਜੀਤ ਖੰਨਾ ਨੇ ਨਿਭਾਈ ਅਤੇ ਅੰਤ ਵਿੱਚ ਉਨ੍ਹਾਂ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਉ ਆਪਾਂ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੇ ਸੁਪਨਿਆਂ ਦਾ ਦੇਸ਼ ਬਣਾਉਣ ਦਾ ਅਹਿਦ ਕਰੀਏ। ਸਮਾਗਮ ਹਰ ਪੱਖੋਂ ਬਹੁਤ ਸਫਲ ਰਿਹਾ।

ਆਪਣੇ ਫੋਨ ਵਿਚ
'ਸਰੋਕਾਰਾਂ ਦੀ ਆਵਾਜ਼'
ਦੀ ਐਪ ਫਰੀ ਡਾਊਨ
ਲੋਡ ਕਰੋ


SWIFTWRENCH AUTO & DIESEL REPAIR
Your Car, Our Care
SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding
Red Seal Certified Reliable On-Time
Mobile Mechanic Services - We Come to You!
- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# 'ਕਿਛੁ ਸੁਣੀਐ ਕਿਛੁ ਕਹੀਐ' ਤਹਿਤ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗਮ 'ਚ ਪ੍ਰੋ. ਤਲਵਿੰਦਰ ਸਿੰਘ ਮੰਡ ਤੇ ਡਾ. ਸੁਖਦੇਵ ਸਿੰਘ ਝੰਡ ਵਲੋਂ ਵਿਚਾਰ-ਚਰਚਾ



ਬਰੈਂਪਟਨ, (ਡਾ. ਝੰਡ) : ਲੰਘੇ ਐਤਵਾਰ 20 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਆਯੋਜਿਤ ਕੀਤੇ ਗਏ ਸਮਾਗਮ ਵਿੱਚ ਸਭਾ ਦੇ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਪ੍ਰੋ. ਤਲਵਿੰਦਰ ਸਿੰਘ ਮੰਡ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਆਪਣੇ ਸਾਹਿਤਕ ਸਫ਼ਰ ਅਤੇ ਪੰਜਾਬੀ ਬੋਲੀ ਤੇ ਪੰਜਾਬੀ ਸਾਹਿਤ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਪਹਿਲਾਂ ਸੈਸ਼ਨ ਦੇ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਉਨ੍ਹਾਂ ਨੂੰ ਸਭਾ ਦੇ ਸਰਪ੍ਰਸਤਾਂ ਬਲਰਾਜ ਚੀਮਾ ਅਤੇ ਕਿਰਪਾਲ ਸਿੰਘ ਪੰਨੂੰ ਦੇ ਨਾਲ ਪ੍ਰਧਾਨਗੀ-ਮੰਡਲ 'ਚ ਬੈਠਣ ਲਈ ਕਿਹਾ ਗਿਆ। ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਮੈਂਬਰਾਂ ਤੇ ਮਹਿਮਾਨਾਂ ਨੂੰ ਨਿੱਘੀ 'ਜੀ ਆਇਆਂ' ਕਹਿੰਦਿਆਂ ਹੋਇਆਂ ਹਾਜ਼ਰੀਨ ਨੂੰ ਦੱਸਿਆ ਕਿ ਸਭਾ ਦੀ ਕਾਰਜਕਾਰਨੀ ਕਮੇਟੀ ਵਿੱਚ ਵਾਧਾ ਕਰਦਿਆਂ ਹੋਇਆਂ ਦੋ ਨਵੇਂ ਮੈਂਬਰਾਂ ਸ਼ਾਇਰ ਮਲਵਿੰਦਰ ਅਤੇ ਨੌਜੁਆਨ ਕਵੀ ਗੁਰਦਾਸ ਥਾਬਲ ਨੂੰ ਸ਼ਾਮਲ ਕੀਤਾ ਗਿਆ ਹੈ। ਉਪਰੰਤ, ਮੰਚ-ਸੰਚਾਲਕ ਵੱਲੋਂ ਪ੍ਰੋ. ਤਲਵਿੰਦਰ ਸਿੰਘ ਮੰਡ ਨੂੰ ਆਪਣੇ ਬਾਰੇ, ਸਾਹਿਤ ਪੜ੍ਹਨ ਤੇ ਲਿਖਣ ਅਤੇ ਪੰਜਾਬੀ ਬੋਲੀ ਤੇ ਸਾਹਿਤ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਪ੍ਰੋ. ਮੰਡ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਗੁਰੂ ਨਾਨਕ ਕਾਲਜ ਫਗਵਾੜਾ ਵਿਖੇ ਬੀ.ਏ. ਕਰਦਿਆਂ ਉਨ੍ਹਾਂ ਨੇ ਆਪਣੇ ਮਾਪਿਆਂ ਵੱਲੋਂ ਬਾਜ਼ਾਰੋਂ ਘਰ ਦਾ 'ਸੌਦਾ-ਸੂਤ' (ਗਰੌਸਰੀ) ਲਿਆਉਣ ਲਈ ਦਿੱਤੇ ਗਏ ਪੈਸਿਆਂ ਵਿੱਚੋਂ 10 ਰੁਪਏ ਰੱਖ ਕੇ 'ਤਸਵੀਰਾਂ ਵਾਲੀ ਹੀਰ' ਖ਼ਰੀਦੀ ਅਤੇ ਘਰ ਆ ਕੇ ਉਨ੍ਹਾਂ ਤੋਂ ਚੋਰੀਂ ਪੜ੍ਹੀ। ਇੱਥੋਂ ਹੀ ਉਨ੍ਹਾਂ ਨੂੰ ਸਾਹਿਤ ਪੜ੍ਹਨ ਦੀ ਚੇਟਕ ਲੱਗੀ ਅਤੇ ਇਹ ਸਿਲਸਿਲਾ ਅੱਗੇ ਤੁਰ ਪਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਪਹਿਲੀ ਕਵਿਤਾ ਬੀ.ਏ. ਦੀ ਪੜ੍ਹਾਈ ਦੌਰਾਨ ਲਿਖੀ, ਪਰ ਇਹ ਪਾੜ ਦਿੱਤੀ ਗਈ। ਫਿਰ ਕਵਿਤਾਵਾਂ ਦਾ ਇੱਕ ਖਰੜਾ ਤਿਆਰ ਕੀਤਾ ਅਤੇ ਉਹ ਵੀ ਪਾੜ ਛੱਡਿਆ, ਕਿਉਂਕਿ ਉਹ ਉਨ੍ਹਾਂ ਦੇ ਆਪਣੇ 'ਤੈਅ-ਸ਼ੁਦਾ ਮਿਆਰ' 'ਤੇ ਪੂਰਾ ਨਹੀਂ ਸੀ ਉੱਤਰਿਆ। ਇਹੋ ਹੀ ਹਾਲ ਬਾਅਦ ਵਿੱਚ ਲਿਖੇ ਗਏ ਪੁਸਤਕ ਦੇ ਇੱਕ ਹੋਰ ਖਰੜੇ ਦਾ ਹੋਇਆ। ਉਨ੍ਹਾਂ ਕਿਹਾ ਕਿ ਲਿਖਤ ਮਿਆਰੀ ਹੋਣੀ ਚਾਹੀਦੀ ਹੈ ਅਤੇ ਲੇਖਕ ਨੂੰ ਪੁਸਤਕ ਛਪਵਾਉਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ਪੰਜਾਬੀ ਬੋਲੀ ਤੇ ਸਾਹਿਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਬਹੁਤ ਅਮੀਰ ਹੈ। ਇਹ ਬਾਬਾ ਫ਼ਰੀਦ ਜੀ ਤੋਂ ਆਰੰਭ ਹੋਏ ਪੁਰਾਤਨ ਸਾਹਿਤ, ਗੁਰਮਤਿ ਸਾਹਿਤ, ਮੱਧ-ਕਾਲੀ ਸਾਹਿਤ ਤੋਂ ਹੁੰਦਾ ਹੋਇਆ ਅਜੋਕੇ ਪੰਜਾਬੀ ਸਾਹਿਤ ਤੱਕ ਪਹੁੰਚਾ ਹੈ ਅਤੇ ਇਹ ਬੜੀ ਵਧੀਆ ਚਾਲੇ ਚੱਲ ਰਿਹਾ ਹੈ। ਪੰਜਾਬੀ ਬੋਲੀ ਤੇ ਭਾਸ਼ਾ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਸਾਡਾ ਇਹ ਵੱਡਾ ਭਰਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਇਹ ਕਦੇ ਖ਼ਤਮ ਨਹੀਂ ਹੋ ਸਕਦੀ। ਸੋਚਣ ਵਾਲੀ ਗੱਲ ਇਹ ਹੈ ਕਿ ਇਸ ਸਤਿਕਾਰਤ 'ਧਾਰਮਿਕ ਗ੍ਰੰਥ' ਨੂੰ ਕਿੰਨੇ ਕੁ ਪੜ੍ਹਦੇ ਤੇ ਵਿਚਾਰਦੇ ਹਨ ਅਤੇ ਰੋਮਨ ਅੱਖਰਾਂ 'ਚ ਲਿਖਿਆ ਹੋਇਆ ਪੜ੍ਹਨ ਵਾਲੀਆਂ ਅਗਲੀਆਂ ਪੀੜ੍ਹੀਆਂ ਅੱਗੋਂ ਗੁਰਮੁਖੀ ਵਿੱਚ ਇਸ ਨੂੰ ਕਿੰਨਾ ਕੁ ਪੜ੍ਹਨਗੀਆਂ। ਇਸਦੇ ਨਾਲ ਹੀ ਉਨ੍ਹਾਂ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਪੰਜਾਬੀ ਬੋਲੀ ਤੇ ਭਾਸ਼ਾ ਵਿੱਚ ਹੋ ਰਹੀ ਪ੍ਰਗਤੀ ਉੱਪਰ ਤਸੱਲੀ ਦਾ ਪ੍ਰਗਟਾਵਾ ਕੀਤਾ।

ਸਮਾਗਮ ਦੇ ਦੂਸਰੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਨੇ ਆਪਣੀ ਗੱਲ ਸਕੂਲ ਸਮੇਂ ਤੋਂ ਸ਼ੁਰੂ ਕਰਦਿਆਂ ਕਿਹਾ ਕਿ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਉਨ੍ਹਾਂ ਦੇ ਪੰਜਾਬੀ ਅਧਿਆਪਕ ਗਿਆਨੀ ਪ੍ਰੀਤਮ ਸਿੰਘ ਨੇ ਉਨ੍ਹਾਂ ਅਤੇ ਦੋ ਹੋਰ ਵਿਦਿਆਰਥੀਆਂ ਨੂੰ ਜਦੋਂ ਸਕੂਲ ਦੀ ਲਾਇਬ੍ਰੇਰੀ ਦੀਆਂ ਅਲਮਾਰੀਆਂ 'ਚ ਪਈਆਂ ਕਿਤਾਬਾਂ ਦਾ ਮਿੱਟੀ-ਘੱਟਾ ਝਾੜਨ ਲਈ ਕਿਹਾ ਤਾਂ ਉਨ੍ਹਾਂ ਨੂੰ ਦੋ ਪੁਸਤਕਾਂ ਸ਼ਾਹ ਮੁਹੰਮਦ ਦਾ 'ਜੰਗਨਾਮਾ ਹਿੰਦ ਪੰਜਾਬ' ਤੇ ਪ੍ਰਸਿੱਧ ਸੈਲਾਨੀ ਰੌਬਿਨਸਨ ਕਰੂਸੋ ਦੇ ਸਫ਼ਰਨਾਮੇ ਦਾ ਪੰਜਾਬੀ ਅਨੁਵਾਦ 'ਲਾਭ ਸਿੰਘ ਦੀ ਯਾਤਰਾ' ਦਿਲਚਸਪ ਲੱਗੀਆਂ ਅਤੇ ਉਨ੍ਹਾਂ ਨੇ ਗਿਆਨੀ ਜੀ ਹੁਰਾਂ ਤੋਂ ਇਸ਼ੂ ਕਰਵਾ ਕੇ ਘਰ ਲਿਆ ਕੇ ਇਹ ਪੜ੍ਹੀਆਂ। ਕਿਤਾਬਾਂ ਪੜ੍ਹਨ ਦੀ ਇਹ 'ਜਾਗ' ਖ਼ਮੀਰ ਬਣ ਕੇ ਅੱਗੋਂ ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਦੇ ਨਾਵਲਾਂ, ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ ਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਤੱਕ ਪਹੁੰਚ ਗਈ ਤੇ ਫਿਰ ਅੱਗੇ ਚੱਲ ਸੋ ਚੱਲ। ਉਨ੍ਹਾਂ ਦੱਸਿਆ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਖੇ ਬਾਇਓਕੈਮਿਸਟਰੀ ਵਿਸ਼ੇ ਵਿੱਚ ਐੱਮ.ਐੱਸ.ਸੀ. ਕਰਦਿਆਂ ਬੌਟਨੀ ਪੜ੍ਹਦੇ ਸਮੇਂ ਉਨ੍ਹਾਂ ਦੀ ਦਿਲਚਸਪੀ ਪੌਦਿਆਂ ਤੇ ਰੁੱਖਾਂ ਵਿੱਚ ਬਣ ਗਈ, ਜੋ ਬਾਅਦ ਵਿੱਚ ਪੜ੍ਹਾਈ ਦੇ ਇਸ ਖ਼ੇਤਰ ਵਿੱਚ ਯੋਗ ਨੌਕਰੀ ਨਾ ਮਿਲਣ ਕਾਰਨ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿੱਚ ਆਉਣ ਕਰਕੇ ਰੁੱਖਾਂ ਬਾਰੇ ਤਿੰਨ ਪੁਸਤਕਾਂ 'ਪੰਜਾਬ ਦੇ ਲੋਕ ਰੁੱਖ', 'ਸਾਡੇ ਰੁੱਖ' ਅਤੇ 'ਉੱਤਰੀ ਅਮਰੀਕਨ ਰੁੱਖ' ਲਿਖਣ ਵਿੱਚ ਸਹਾਈ ਹੋਈ। ਉਨ੍ਹਾਂ ਕਿਹਾ ਕਿ ਅੱਗੇ ਚੱਲ ਕੇ ਉਨ੍ਹਾਂ ਨੇ ਸਵੈਜੀਵਨੀ 'ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ', ਵਾਰਤਕ ਪੁਸਤਕ 'ਸਰੋਕਾਰ ਤੇ ਸ਼ਖ਼ਸੀਅਤਾਂ' ਅਤੇ ਪਾਕਿਸਤਾਨੀ ਸਫ਼ਰਨਾਮਾ 'ਪੁਰਖ਼ਿਆਂ ਦਾ ਦੇਸ' ਲਿਖੀਆਂ ਤੇ ਛਪਵਾਈਆਂ। ਉਨ੍ਹਾਂ ਦੱਸਿਆ ਕਿ ਉਹ ਵਾਰਤਕ ਤੋਂ ਕਵਿਤਾ ਵੱਲ ਆਏ ਤੇ ਉਨ੍ਹਾਂ ਦਾ ਕਾਵਿ-ਸੰਗ੍ਰਹਿ 'ਕਦੋਂ' 2015 ਵਿੱਚ ਛਪਿਆ। ਇਸਦੇ ਨਾਲ ਹੀ ਉਨ੍ਹਾਂ ਦੀਆਂ ਤਿੰਨ ਕਿਤਾਬਾਂ ਲਾਇਬ੍ਰੇਰੀ ਐਂਡ ਇਨਫ਼ਰਮੇਸ਼ਨ ਸਾਇੰਸ ਵਿਸ਼ੇ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਬੋਲੀ ਤੇ ਭਾਸ਼ਾ ਦੇ ਚੰਗੇਰੇ ਭਵਿੱਖ ਬਾਰੇ ਉਹ ਕਾਫ਼ੀ ਆਸਵੰਦ ਹਨ। 'ਚੜ੍ਹਦੇ ਪੰਜਾਬ' ਤੇ 'ਲਹਿੰਦੇ ਪੰਜਾਬ' ਤੋਂ ਇਲਾਵਾ ਇਹ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ ?ਰੇਲੀਆ ਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿੱਚ ਵੱਸੇ 'ਪੰਜਾਬਾਂ' ਵਿੱਚ ਅੱਗੇ ਵੱਧ ਰਹੀ ਹੈ। ਲੋੜ ਬੱਸ ਅਗਲੀ ਪੀੜ੍ਹੀ ਨੂੰ ਇਸਦੇ ਨਾਲ ਜੋੜੀ ਰੱਖਣ ਦੀ ਹੈ।

ਪ੍ਰਧਾਨਗੀ-ਮੰਡਲ ਵਿੱਚ ਸੁਸ਼ੋਭਿਤ ਕਿਰਪਾਲ ਸਿੰਘ ਪੰਨੂੰ ਵੱਲੋਂ ਸਮਾਗਮ ਦੇ ਦੋਹਾਂ ਬੁਲਾਰਿਆਂ ਵੱਲੋਂ ਆਪਣੇ ਅਤੇ ਪੰਜਾਬੀ ਬੋਲੀ ਤੇ ਸਾਹਿਤ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਦੀ ਭਰਪੂਰ ਸਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਹਰੇਕ ਲੇਖਕ ਨੂੰ ਆਪਣੇ ਵਿਚਾਰ ਲਿਖ ਕੇ ਛਪਵਾਉਣ ਦਾ ਹੱਕ ਹਾਸਲ ਹੈ ਅਤੇ ਹਰ ਤਰ੍ਹਾਂ ਦੇ ਵਿਚਾਰ ਪੁਸਤਕ ਰੂਪ ਵਿੱਚ ਆਉਣੇ ਚਾਹੀਦੇ ਹਨ। ਅੱਗੋਂ ਇਹ ਪਾਠਕਾਂ ਉੱਪਰ ਨਿਰਭਰ ਕਰਦਾ ਹੈ ਕਿ ਉਹ ਲੇਖਕਾਂ ਦੇ ਕਿਸ ਕਿਸਮ ਦੇ ਵਿਚਾਰਾਂ ਨੂੰ ਕਿਸ ਹੱਦ ਤੱਕ ਪ੍ਰਵਾਨ ਕਰਦੇ ਹਨ। 'ਕਿਛੁ ਸੁਣੀਐ ਕਿਛੁ ਕਹੀਏ' ਨਾਮਕ ਇਸ ਪ੍ਰੋਗਰਾਮ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਬਲਰਾਜ ਚੀਮਾ ਨੇ ਕਿਹਾ ਕਿ ਉਨ੍ਹਾਂ ਦੀ ਚਿਰੋਕਣੀ ਇੱਛਾ ਸੀ ਕਿ ਸਾਹਿਤ ਸਭਾਵਾਂ ਵਿੱਚ ਕੰਮ ਕਰ ਰਹੇ ਪ੍ਰਬੰਧਕ, ਜੋ ਦੂਸਰੇ ਲੇਖਕਾਂ ਨਾਲ ਸੰਵਾਦ ਰਚਾਉਂਦੇ ਰਹਿੰਦੇ ਹਨ, ਆਪਣੇ ਬਾਰੇ ਤੇ ਆਪਣੀ ਲੇਖਣੀ ਬਾਰੇ ਵੀ ਕੁਝ ਦੱਸਣ। ਉਨ੍ਹਾਂ ਕਿਹਾ ਕਿ ਇਸ ਸਭਾ ਵੱਲੋਂ ਇਹ ਬੜੀ ਵਧੀਆ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ ਅੱਗੋਂ ਜਾਰੀ ਰਹਿਣੀ ਚਾਹੀਦੀ ਹੈ। ਇਸਦੇ ਨਾਲ ਹੀ ਉਨ੍ਹਾਂ ਕਿਹਾ ਸਾਹਿਤ ਵਿੱਚ ਵਾਰਤਕ ਦਾ ਆਪਣਾ ਹੀ ਵਿਸ਼ੇਸ਼ ਸਥਾਨ ਹੈ। ਬੇਸ਼ਕ ਚੰਗੀ ਕਵਿਤਾ ਦਾ ਵੀ ਕੋਈ ਮੁਕਾਬਲਾ ਨਹੀਂ ਹੈ, ਪਰ ਸਾਹਿਤ ਵਿੱਚ ਵਾਰਤਕ ਦੀ ਆਪਣੀ ਹੀ ਮਹੱਤਤਾ ਹੈ।

Moga Auto Repairs Ltd.
We Repair All Domestic & Imported Cars
Body Work & Painting
Services
- Body Work - Painting - Oil Change
- Shocks - Tires - Breaks - Muffler
- Starters - Electrical - Transmission
- A/C & Heating
Queen st. E. Kennedy Rd. Hansen Rd. S Orenda Rd. Rutherford Rd. S Stafford Dr. #111
Bus : 289-505-9495
Cell : Raj 416-473-0911
Cell : Baljinder 647920-2876
111 Orenda RD. Brampton Ontario L6W 1V7

S&G APPLIANCE REPAIR
FAST • RELIABLE • PROFESSIONAL
OUR SERVICES
Refrigerator & Freezer
Washer & Dryer
Stove & Oven
Dishwasher & Rangehood
All Built-in Appliances
Repairs & Installation
All Make and Models
+1 (647) 946-0042
sgappliance22@gmail.com
www.sgappliance.ca
MAYTAG Electrolux Haier LG FRIGIDAIRE SAMSUNG Whirlpool

Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ, ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

# ਅਲਬਰਟਾ ਵਿਖੇ ਅਕਤੂਬਰ ’ਚ ਹੋ ਰਹੇ ਰੈਫਰੰਡਮ ਦਾ ਇੰਮੀਗ੍ਰੈਂਟ ਵਿਰੋਧੀ ਪਹਿਲੂ



ਸੁਖਵੰਤ ਹੁੰਦਲ
604644-2470



19 ਅਕਤੂਬਰ ਨੂੰ ਅਲਬਰਟਾ ਵਿੱਚ ਸੂਬਾਈ ਪੱਧਰ ’ਤੇ ਰੈਫਰੰਡਮ ਕਰਵਾਇਆ ਜਾ ਰਿਹਾ ਹੈ। ਆਮ ਸਮਝ ਮੁਤਾਬਕ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਬਾਰੇ ਹੈ। ਕਈ ਟ ?ਰੇਡ ਯੂਨੀਅਨਾਂ, ਮਾਈਗ੍ਰੈਂਟਾਂ ਦੇ ਹੱਕਾਂ ਲਈ ਕੰਮ ਕਰ ਰਹੀਆਂ ਸੰਸਥਾਵਾਂ ਇਸ ਗੱਲ ਵੱਲ ਧਿਆਨ ਦਵਾ ਰਹੀਆਂ ਹਨ ਕਿ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਦੇ ਨਾਲ ਨਾਲ ਇੰਮੀਗ੍ਰੈਂਟਾਂ/ ਮਾਈਗ੍ਰੈਂਟਾਂ ਦੇ ਵੀ ਵਿਰੁੱਧ ਹੈ। ਇਸ ਰੈਫਰੰਡਮ ਵਿੱਚ ਪੁੱਛੇ ਜਾ ਰਹੇ 10 ਸਵਾਲਾਂ ਵਿੱਚੋਂ ਇਕ ਸਵਾਲ ਕੈਨੇਡਾ ਤੋਂ ਵੱਖ ਹੋਣ ਬਾਰੇ ਜਦੋਂ ਕਿ 5 ਸਵਾਲ ਇੰਮੀਗ੍ਰੇਸ਼ਨ ਬਾਰੇ ਹਨ। ਇਹ ਸਵਾਲ ਇਸ ਰੈਫਰੰਡਮ ਦੇ ਪਹਿਲੇ ਪੰਜ ਸਵਾਲ ਹਨ। ਹੇਠਾਂ ਅਸੀਂ ਇਹ ਪੰਜ ਸਵਾਲ ਅਤੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਵਲੋਂ ਰੈਫਰੰਡਮ ਬਾਰੇ ਤਿਆਰ ਕੀਤੀ ਗਈ ਗਾਈਡ ਵਿੱਚ ਹਰ ਸਵਾਲ ਦੇ ਮਕਸਦ ਬਾਰੇ ਕੀਤੀ ਇਕ ਸੰਖੇਪ ਟਿੱਪਣੀ ਦੇਵਾਂਗੇ।

**ਸਵਾਲ** 1. ਕੀ ਤੁਸੀਂ ਇਸ ਗੱਲ ਦਾ ਸਮਰਥਨ ਕਰਦੇ ਹੋ ਕਿ ਇਮੀਗ੍ਰੇਸ਼ਨ ਨੂੰ ਵਧੇਰੇ ਟਿਕਾਊ ਪੱਧਰ ’ਤੇ ਲਿਆਉਣ ਲਈ ਇੰਮੀਗ੍ਰੇਸ਼ਨ ਨੂੰ ਘਟਾਉਣ, ਆਰਥਿਕ ਮਾਈਗ੍ਰੇਸ਼ਨ ਨੂੰ ਪਹਿਲ ਦੇਣ ਅਤੇ ਅਲਬਰਟਾ ਵਾਸੀਆਂ ਨੂੰ ਰੁਜ਼ਗਾਰ ਦੇ ਨਵੇਂ ਮੌਕਿਆਂ ਵਿੱਚ ਪਹਿਲ ਦੇਣ ਲਈ ਅਲਬਰਟਾ ਦੀ ਸਰਕਾਰ ਦਾ ਇੰਮੀਗ੍ਰੇਸ਼ਨ ਉੱਤੇ ਜ਼ਿਆਦਾ ਕੰਟਰੋਲ ਹੋਵੇ?

ਸੋ ਇਹ ਸਵਾਲ ਇੰਮੀਗ੍ਰੇਸ਼ਨ ’ਤੇ ਕੰਟਰੋਲ ਬਾਰੇ ਹੈ ਅਤੇ ਇਸ ਦਾ ਮਕਸਦ ਅਲਬਰਟਾ ਵਿੱਚ ਇੰਮੀਗ੍ਰੈਂਟਾਂ ਦੀ ਗਿਣਤੀ ਘਟਾਉਣ ਲਈ ਇੰਮੀਗ੍ਰੇਸ਼ਨ ਦਾ ਕੰਟਰੋਲ ਲੈਣਾ ਹੈ।

**ਸਵਾਲ** 2: ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿੱਚ ਇਹ ਲਾਜ਼ਮੀ ਕੀਤਾ ਗਿਆ ਹੋਵੇ ਕਿ ਸਿਰਫ਼ ਕੈਨੇਡੀਅਨ ਨਾਗਰਿਕ, ਪੱਕੇ ਵਸਨੀਕ (ਪਰਮਾਨੈਂਟ ਰੈਜ਼ਿਡੈਂਟਸ) ਅਤੇ ਅਲਬਰਟਾ-ਪ੍ਰਵਾਨਿਤ ਇਮੀਗ੍ਰੇਸ਼ਨ ਦਰਜੇ ਵਾਲੇ ਵਿਅਕਤੀ ਹੀ ਸੂਬਾਈ ਫੰਡਾਂ ਨਾਲ ਚੱਲਣ ਵਾਲੇ ਪ੍ਰੋਗਰਾਮਾਂ, ਜਿਵੇਂ ਕਿ ਸਿਹਤ ਸੰਭਾਲ, ਸਿੱਖਿਆ ਅਤੇ ਹੋਰ ਸਮਾਜਿਕ ਸੇਵਾਵਾਂ ਲਈ ਯੋਗ ਹੋਣਗੇ?

ਇਸ ਸਵਾਲ ਦਾ ਮਕਸਦ ਟੈਕਸ ਦੇਣ ਵਾਲੇ ਟੈਂਪਰੇਰੀ ਵਰਕਰਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸ਼ਰਨ ਦੀ ਮੰਗ ਕਰਨ ਵਾਲਿਆਂ ਨੂੰ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਦੇਣੀਆਂ ਬੰਦ ਕਰਨਾ ਹੈ ਅਤੇ ਇਹ ਨਿਸ਼ਚਤ ਕਰਨਾ ਹੈ ਕਿ ਸਿਹਤ ਸੰਭਾਲ, ਵਿਦਿਆ ਅਤੇ ਸਮਾਜਕ ਪ੍ਰੋਗਰਾਮ ਸਿਰਫ ਸਿਟੀਜ਼ਨਾਂ ਅਤੇ ਪੱਕੇ ਵਸਨੀਕਾਂ (ਪਰਮਾਨੈਂਟ ਰੈਜ਼ੀਡੈਂਟਸ) ਨੂੰ ਹੀ ਮਿਲਣ।

**ਸਵਾਲ** 3: ਇਹ ਮੰਨਦਿਆਂ ਕਿ ਸਾਰੇ ਕੈਨੇਡੀਅਨ ਨਾਗਰਿਕ ਅਤੇ ਪੱਕੇ ਵਸਨੀਕ (ਪਰਮਾਨੈਂਟ ਰੈਜ਼ਿਡੈਂਟਸ) ਪਹਿਲਾਂ ਵਾਂਗ ਹੀ ਸਮਾਜਕ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਰਹਿਣਗੇ, ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿੱਚ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਸਾਰੇ ਵਿਅਕਤੀਆਂ ਲਈ ਕਿਸੇ ਵੀ ਸੂਬਾਈ ਫੰਡ ਨਾਲ ਚੱਲਣ ਵਾਲੇ ਸਮਾਜਕ ਸਹਾਇਤਾ ਪ੍ਰੋਗਰਾਮਾਂ ਦੀਆਂ ਸੇਵਾਵਾਂ ਲੈਣ ਦੇ ਯੋਗ ਹੋਣ ਤੋਂ ਪਹਿਲਾਂ ਅਲਬਰਟਾ ਵਿੱਚ ਘੱਟੋ-ਘੱਟ 12 ਮਹੀਨੇ ਰਹਿਣਾ ਲਾਜ਼ਮੀ ਕੀਤਾ ਗਿਆ ਹੋਵੇ?

ਇਹ ਸਵਾਲ ਨਾਨ-ਪਰਮਾਨੈਂਟ ਲੀਗਲ ਰੈਜ਼ੀਡੈਂਟਾਂ ਨੂੰ ਅਲਬਰਟਾ ਵਿੱਚ ਰਹਿਣ ਦੇ ਆਪਣੇ ਪਹਿਲੇ ਸਾਲ ਦੌਰਾਨ ਸਮਾਜਕ ਸਹਾਇਤਾ ਲੈਣ ਤੋਂ ਵਾਂਝੇ ਕਰਦਾ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੂਬਾ ਇਹਨਾਂ ਵਰਕਰਾਂ ਤੋਂ ਅਲਬਰਟਾ ਵਿੱਚ ਆਉਣ ਦੇ ਪਹਿਲੇ ਦਿਨ ਤੋਂ ਹੀ ਟੈਕਸ ਲੈਣੇ ਸ਼ੁਰੂ ਕਰ ਦਿੰਦਾ ਹੈ, ਪਰ ਚਾਹੁੰਦਾ ਹੈ ਕਿ ਉਹਨਾਂ ਕੋਲ ਇਕ ਸਾਲ ਤੱਕ ਸੇਵਾਵਾਂ ਤੱਕ ਪਹੁੰਚ ਨਾ ਹੋਵੇ।

**ਸਵਾਲ** 4: ਇਹ ਮੰਨਦਿਆਂ ਕਿ ਸਾਰੇ ਕੈਨੇਡੀਅਨ ਨਾਗਰਿਕ ਅਤੇ ਪੱਕੇ ਵਸਨੀਕ (ਪਰਮਾਨੈਂਟ ਰੈਜ਼ਿਡੈਂਟਸ) ਪਹਿਲਾਂ ਵਾਂਗ ਹੀ ਪਬਲਿਕ (ਸਰਕਾਰੀ) ਸਿਹਤ ਸੰਭਾਲ ਅਤੇ ਸਿੱਖਿਆ ਲੈਣ ਲਈ ਯੋਗ ਰਹਿਣਗੇ, ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਅਲਬਰਟਾ ਵਿੱਚ ਰਹਿ ਰਹੇ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਸਾਰੇ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ ਵਲੋਂ ਸਿਹਤ ਸੰਭਾਲ ਅਤੇ ਸਿੱਖਿਆ ਪ੍ਰਬੰਧ ਦੀ ਵਰਤੋਂ ਲਈ ਇੱਕ ਵਾਜਬ ਫ਼ੀਸ ਜਾਂ ਪ੍ਰੀਮੀਅਮ ਵਸੂਲ ਕਰਨ ਦਾ ਸਮਰਥਨ ਕਰਦੇ ਹੋ?

ਇਹ ਸਵਾਲ ਨਾਨ-ਪਰਮਾਨੈਂਟ ਲੀਗਲ ਇੰਮੀਗ੍ਰੇਸ਼ਨ ਸਟੇਟਸ ਵਾਲੇ ਵਿਅਕਤੀਆਂ ਤੋਂ ਸਕੂਲ ਅਤੇ ਸਿਹਤ ਸੰਭਾਲ ਪ੍ਰਾਪਤ ਕਰਨ ਲਈ ਫੀਸ ਜਾਂ ਪ੍ਰੀਮੀਅਮ ਲੈਣ ਦੀ ਗੱਲ ਕਰਦਾ ਹੈ। ਇਕ ਤਰ੍ਹਾਂ ਨਾਲ ਇਹ ਇਹਨਾਂ ਲੋਕਾਂ ਅਤੇ ਉਹਨਾਂ ਦੇ ਪਰਿਵਾਰਾਂ ’ਤੇ ਵਾਧੂ ਯੂਜ਼ਰ ਫੀਸ ਲਾ ਕੇ ਉਹਨਾਂ ’ਤੇ ਡਬਲ ਟੈਕਸ ਲਾਉਂਦਾ ਹੈ, ਕਿਉਂਕਿ ਇਹ ਵਰਕਰ ਪਹਿਲਾਂ ਹੀ ਇਨਕਮ ਟੈਕਸ ਅਤੇ ਸੇਲਜ਼ ਟੈਕਸ ਅਦਾ ਕਰਦੇ ਹਨ।

**ਸਵਾਲ** 5: ਕੀ ਤੁਸੀਂ ਅਲਬਰਟਾ ਸਰਕਾਰ ਵਲੋਂ ਇੱਕ ਅਜਿਹਾ ਕਾਨੂੰਨ ਲਾਗੂ ਕਰਨ ਦਾ ਸਮਰਥਨ ਕਰਦੇ ਹੋ ਜਿਸ ਵਿੱਚ ਅਲਬਰਟਾ ਦੀ ਸੂਬਾਈ ਚੋਣ ਵਿੱਚ ਵੋਟ ਪਾਉਣ ਲਈ ਲੋਕਾਂ ਲਈ ਸਿਟੀਜ਼ਨਸ਼ਿੱਪ ਦਾ ਸਬੂਤ ਦੇਣਾ ਲਾਜ਼ਮੀ ਕੀਤਾ ਗਿਆ ਹੋਵੇ, ਜਿਵੇਂ ਕਿ ਪਾਸਪੋਰਟ, ਜਨਮ ਸਰਟੀਫਿਕੇਟ ਜਾਂ ਸਿਟੀਜ਼ਨਸ਼ਿੱਪ ਕਾਰਡ?

ਇਹ ਸਵਾਲ ਅਲਬਰਟਾ ਵਿੱਚ ਇਕ ਅਜਿਹੀ ਸਮੱਸਿਆ ਦਾ ਹੱਲ ਕਰਨ ਲਈ ਹੈ ਜੋ ਹੈ ਹੀ ਨਹੀਂ, ਵੋਟਰਾਂ ਅੱਗੇ ਵੋਟ ਪਾਉਣ ਲਈ ਅੜਿੱਕੇ ਖੜ੍ਹਾ ਕਰਦਾ ਹੈ ਅਤੇ ਨੈਚੂਰਲਾਈਜ਼ਡ ਸਿਟੀਜ਼ਨਾਂ (ਦੂਜੇ ਮੁਲਕਾਂ ਤੋਂ ਆ ਕੇ ਕੈਨੇਡਾ ਦੇ ਸਿਟੀਜ਼ਨ ਬਣੇ ਲੋਕਾਂ) ਬਾਰੇ ਸ਼ੰਕੇ ਖੜ੍ਹੇ ਕਰਦਾ ਹੈ। ਉਪਰਲੇ ਪੰਜ ਸਵਾਲਾਂ ਤੋਂ ਸਾਫ ਹੋ ਜਾਂਦਾ ਹੈ ਕਿ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿੱਥ ਅਲਬਰਟਾ ਦੇ ਲੋਕਾਂ ਤੋਂ ਇੰਮੀਗ੍ਰੈਂਟਾਂ ਦੀ ਗਿਣਤੀ ਘਟਾਉਣ, ਸਿਹਤ ਸੰਭਾਲ ਅਤੇ ਵਿਦਿਆ ਵਰਗੀਆਂ ਸੂਬੇ ਵਲੋਂ ਫੰਡ ਕੀਤੀਆਂ ਜਾਂਦੀਆਂ ਸੇਵਾਵਾਂ ਸਿਰਫ ਸਿਟੀਜ਼ਨਾਂ, ਪੱਕੇ ਵਸਨੀਕਾਂ (ਪਰਮਾਨੈਂਟ ਰੈਜ਼ੀਡੈਂਟਸ) ਅਤੇ ਅਲਬਰਟਾ-ਪ੍ਰਵਾਨਿਤ ਇਮੀਗ੍ਰੇਸ਼ਨ ਦਰਜੇ ਵਾਲੇ ਵਿਅਕਤੀਆਂ ਤੱਕ ਸੀਮਤ ਕਰਨ, ਟੈਂਪਰੇਰੀ ਇੰਮੀਗ੍ਰੇਸ਼ਨ ਸਟੇਟਸ ਵਾਲੇ ਲੋਕਾਂ ਨੂੰ ਅਲਬਰਟਾ ਵਿੱਚ ਪਹੁੰਚਣ ਤੋਂ ਬਾਅਦ ਇੱਕ ਸਾਲ ਲਈ ਸੂਬੇ ਵੱਲੋਂ ਫੰਡ ਕੀਤੀ ਜਾਂਦੀ ਸਮਾਜਕ ਸਹਾਇਤਾ ਦੇਣ ਤੋਂ ਇਨਕਾਰ ਕਰਨ, ਮਾਈਗ੍ਰੈਂਟਾਂ ਅਤੇ ਉਹਨਾਂ ਦੇ ਪਰਿਵਾਰਾਂ ਤੋਂ ਪਬਲਿਕ ਸਿਹਤ ਸੰਭਾਲ ਅਤੇ ਵਿਦਿਅਕ ਪ੍ਰਬੰਧ ਦੀ ਵਰਤੋਂ ਕਰਨ ਲਈ ਫੀਸ ਵਸੂਲਣ ਅਤੇ ਸੂਬਾਈ









ਇਲੈਕਸ਼ਨ ਵਿੱਚ ਵੋਟ ਪਾਉਣ ਲਈ ਵੋਟਰਾਂ ਤੋਂ ਸਿਟੀਜ਼ਨਸ਼ਿੱਪ ਦਾ ਸਬੂਤ ਮੰਗਣ ਦੀ ਆਗਿਆ ਮੰਗ ਰਹੀ ਹੈ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪਹਿਲਾਂ ਹੀ ਅਲਬਰਟਾ ਦੀ ਸੂਬਾਈ ਇਲੈਕਸ਼ਨ ਵਿੱਚ ਵੋਟ ਪਾਉਣ ਲਈ ਲੋਕਾਂ ਦਾ ਕੈਨੇਡਾ ਦੇ ਸਿਟੀਜ਼ਨ ਹੋਣਾ ਜ਼ਰੂਰੀ ਹੈ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਦੀ ਗਾਈਡ ਵਿੱਚ ਕਿਹਾ ਗਿਆ ਹੈ ਕਿ ਇਹ ਸਵਾਲ ਕੈਨੇਡਾ ਵਿੱਚ ਨਵੇਂ ਆਉਣ ਵਾਲਿਆਂ ਨੂੰ ਬਲੀ ਦਾ ਬੱਕਰਾ ਬਣਾਉਂਦੇ ਹਨ, ਸਰਕਾਰੀ ਸੇਵਾਵਾਂ ਦੀਆਂ ਘਾਟਾਂ ਤੋਂ ਧਿਆਨ ਭਟਕਾਉਂਦੇ ਹਨ ਅਤੇ ਸੰਵਿਧਾਨ ਵਿੱਚ ਦਿੱਤੇ ਹੱਕਾਂ ਨੂੰ ਖਤਮ ਕਰਦੇ ਹਨ। ਇਹ ਸਵਾਲ ਹਸਪਤਾਲਾਂ ਵਿੱਚਲੀ ਭੀੜ ਅਤੇ ਘਰਾਂ ਦੀ ਕਮੀ ਲਈ ਨਵੇਂ ਆਉਣ ਵਾਲੇ ਲੋਕਾਂ 'ਤੇ ਦੋਸ਼ ਦਿੰਦੇ ਹਨ ਅਤੇ ਇਹਨਾਂ ਸੇਵਾਵਾਂ ਲਈ ਸੂਬੇ ਵਲੋਂ ਦਿੱਤੇ ਜਾਂਦੇ ਘੱਟ ਫੰਡਾਂ ਅਤੇ ਭੈੜੇ ਪ੍ਰਬੰਧ ਉੱਤੇ ਪਰਦਾ ਪਾਉਂਦੇ ਹਨ।

ਮਾਈਗ੍ਰੈਂਟ ਰਾਈਟਸ ਨੈੱਟਵਰਕ ਵਲੋਂ 18 ਸਤੰਬਰ ਨੂੰ ਜਾਰੀ ਕੀਤੀ ਗਈ ਜਾਣਕਾਰੀ ਵਿੱਚ ਕਿਹਾ ਗਿਆ ਹੈ ਕਿ ਇਹ ਸਵਾਲ ਲੋਕਾਂ ਵਿੱਚ ਵੰਡੀਆਂ ਪਾਉਣ ਵਾਲੇ ਅਤੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਵਾਲੇ ਹਨ ਅਤੇ ਇਹਨਾਂ ਦੇ ਮਾਈਗ੍ਰੈਂਟ ਲੋਕਾਂ 'ਤੇ ਗੰਭੀਰ ਅਸਰ ਪੈਣਗੇ। ਮਾਈਗ੍ਰੈਂਟਸ ਰਾਈਟਸ ਨੈੱਟਵਰਕ ਦੀ ਜਾਣਕਾਰੀ ਅਨੁਸਾਰ ਅਲਬਰਟਾ ਦੀ ਸਰਕਾਰ ਨੇ ਸਰਕਾਰੀ ਸੇਵਾਵਾਂ ਲਈ ਬਹੁਤ ਘੱਟ ਫੰਡ ਦਿੱਤੇ ਹਨ ਅਤੇ ਉਹਨਾਂ ਦਾ ਨਿੱਜੀਕਰਨ ਕੀਤਾ ਹੈ। ਅਲਬਰਟਾ ਵਿੱਚ ਇਕ ਵਿਦਿਆਰਥੀ ਮਗਰ ਦਿੱਤੇ ਜਾਂਦੇ ਫੰਡ ਕੈਨੇਡਾ ਦੀਆਂ ਸਾਰੇ ਸੂਬਿਆਂ ਤੋਂ ਘੱਟ ਹਨ। ਜੇ ਇਨਫਲੇਸ਼ਨ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਪਿਛਲੇ ਨੌਂ ਸਾਲਾਂ ਦੌਰਾਨ ਪ੍ਰਤੀ ਵਿਦਿਆਰਥੀ ਦਿੱਤੇ ਜਾਂਦੇ ਫੰਡਾਂ ਵਿੱਚ 17.5 ਫੀਸਦੀ ਦੀ ਕਮੀ ਹੋਈ ਹੈ। ਇਸ ਸਾਲ ਅਲਬਰਟਾ ਨੇ ਡਾਕਟਰਾਂ ਲਈ ਇਕ ਨਵੀਂ ਨੀਤੀ ਵੀ ਸ਼ੁਰੂ ਕੀਤੀ ਹੈ, ਜਿਸ ਅਧੀਨ ਉਹ ਪ੍ਰਾਈਵੇਟ ਥਾਂਵਾਂ 'ਤੇ ਪ੍ਰਾਈਵੇਟ ਸਰਜਰੀਆਂ ਦੀ ਸੇਵਾ ਵੀ ਪ੍ਰਦਾਨ ਕਰ ਸਕਦੇ ਹਨ।

ਇਸ ਦੇ ਨਾਲ ਹੀ ਅਲਬਰਟਾ ਵਿੱਚ ਕਾਰਪੋਰੇਸ਼ਨਾਂ 'ਤੇ ਲਾਏ ਜਾਂਦੇ ਟੈਕਸ ਦਾ ਰੇਟ ਵੀ ਕੈਨੇਡਾ ਵਿੱਚ ਸਭ ਤੋਂ ਘੱਟ ਹੈ। ਸਿਰਫ 8 ਫੀਸਦੀ। ਉਦਾਹਰਨ ਲਈ ਸੰਨ 2025 ਵਿੱਚ ਕੈਨੇਡੀਅਨ ਨੈਚੁਰਲ ਰੀਸੋਰਸਜ਼ ਦੀ ਨਿਰੋਲ ਕਮਾਈ (ਨੈੱਟ ਅਰਨਿੰਗਜ਼) 10.8 ਅਰਬ (ਬਿਲੀਅਨ) ਡਾਲਰ ਸੀ, ਸਨ ਕੋਰ ਦੀ 5.9 ਅਰਬ (ਬਿਲੀਅਨ) ਡਾਲਰ ਅਤੇ ਸੀਨੋਵਸ ਦੀ 3.9 ਅਰਬ (ਬਿਲੀਅਨ) ਡਾਲਰ। ਸੋ ਕਾਰਪੋਰੇਸ਼ਨਾਂ ਇੰਨਾ ਜਿ ?ਆਦਾ ਮੁਨਾਫਾ ਕਮਾ ਰਹੀਆਂ ਹਨ। ਮਾਈਗ੍ਰੈਂਟਸ ਰਾਈਟਸ ਨੈੱਟਵਰਕ ਅਨੁਸਾਰ 'ਪਬਲਿਕ ਸੇਵਾਵਾਂ ਨੂੰ ਫੰਡ ਕਰਨ ਲਈ ਇਹਨਾਂ ਬਹੁਤ ਅਮੀਰ ਕਾਰਪੋਰੇਸ਼ਨਾਂ 'ਤੇ ਟੈਕਸ ਲਾਉਣ ਦੀ ਗੱਲ ਕਰਨ ਦੀ ਥਾਂ- ਇਹ ਰੈਫਰੰਡਮ ਲੋਕਾਂ ਨੂੰ ਮਾਈਗ੍ਰੈਂਟਾਂ ਨੂੰ ਦੋਸ਼ ਦੇਣ ਲਈ ਉਤਸ਼ਾਹਿਤ ਕਰ ਰਿਹਾ ਹੈ।'



ਇਸ ਦੇ ਨਾਲ ਹੀ ਇਹ ਗੱਲ ਵੀ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਅਲਬਰਟਾ ਵਿੱਚ ਪੱਕੇ ਵਸਨੀਕ (ਪਰਮਾਨੈਂਟ ਰੈਜ਼ੀਡੈਂਟ) ਦਾ ਦਰਜਾ ਨਾ ਰੱਖਣ ਵਾਲੇ ਲੋਕਾਂ ਦੀ ਗਿਣਤੀ 3 ਲੱਖ ਦੇ ਕਰੀਬ ਹੈ, ਜੋ ਅਲਬਰਟਾ ਦੀ ਕੁੱਲ ਅਬਾਦੀ ਦੇ 6 ਫੀਸਦੀ ਤੋਂ ਘੱਟ ਹੈ। ਇੰਨੀ ਛੋਟੀ ਗਿਣਤੀ ਦਾ ਅਲਬਰਟਾ ਦੇ ਹਸਪਤਾਲਾਂ, ਸਕੂਲਾਂ ਆਦਿ ਵਿੱਚ ਭੀੜ ਪੈਦਾ ਕਰਨ ਅਤੇ ਸਰਕਾਰੀ ਸੇਵਾਵਾਂ ਵਿੱਚ ਮੁਸ਼ਕਿਲਾਂ ਖੜ੍ਹੀਆਂ ਕਰਨ ਵਿੱਚ ਕਿੰਨੀ ਕੁ ਯੋਗਦਾਨ ਹੋ ਸਕਦਾ ਹੈ। ਇਸ ਦੇ ਨਾਲ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਲੋਕ ਇਨਕਮ ਟੈਕਸ ਅਤੇ ਸੇਲਜ਼ ਟੈਕਸ ਦਿੰਦੇ ਹਨ ਅਤੇ ਕੈਨੇਡਾ ਪੈਨਸ਼ਨ ਪਲੈਨ ਅਤੇ ਇੰਪਲੌਏਮੈਂਟ ਇੰਸ਼ੋਰੈਂਸ ਦੇ ਪ੍ਰੋਗਰਾਮਾਂ ਲਈ ਵੀ ਅਦਾਇਗੀਆਂ ਕਰਦੇ ਹਨ।

ਸੋ ਇਹ ਸਪਸ਼ਟ ਹੈ ਕਿ ਇਹ ਰੈਫਰੰਡਮ ਕੈਨੇਡਾ ਤੋਂ ਵੱਖ ਹੋਣ ਦੇ ਨਾਲ ਨਾਲ ਇੰਮੀਗ੍ਰੈਂਟ ਵਿਰੋਧੀ ਵੀ ਹੈ। ਅਲਬਰਟਾ ਦੇ ਆਮ ਲੋਕਾਂ ਲਈ ਨਾ ਤਾਂ ਕੈਨੇਡਾ ਤੋਂ ਵੱਖ ਹੋਣਾ ਲਾਹੇਵੰਦ ਹੈ ਅਤੇ ਨਾ ਹੀ ਸਰਕਾਰ ਵਲੋਂ ਸਰਕਾਰੀ ਸੇਵਾਵਾਂ ਲਈ ਲੋੜੀਂਦੇ ਫੰਡ ਨਾ ਦੇਣ ਕਾਰਨ ਸੇਵਾਵਾਂ ਵਿੱਚ ਪੈਦਾ ਹੋਈਆਂ ਮੁਸ਼ਕਿਲਾਂ ਲਈ ਇੰਮੀਗ੍ਰੈਂਟਾਂ ਨੂੰ ਦੋਸ਼ੀ ਠਹਿਰਾਉਣਾ। ਇਸ ਲਈ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੀ ਅਲਬਰਟਾ ਬ੍ਰਾਂਚ ਇਸ ਰੈਫਰੰਡਮ ਦੇ ਪਹਿਲੇ ਨੌਂ ਸਵਾਲਾਂ ਦਾ ਜੁਆਬ 'ਨਹੀਂ (ਨੋ)' ਵਿੱਚ ਦੇਣ ਅਤੇ ਦਸਵੇਂ ਸਵਾਲ ਵਿੱਚ ਆਪਸ਼ਨ 1 ਦੀ ਚੋਣ ਕਰਨ ਦੀ ਸਿਫਾਰਸ਼ ਕਰਦੀ ਹੈ।

# ਸੋਸ਼ਲ ਮੀਡੀਆ 'ਤੇ ਦੋਸਤਾਂ ਦੀ ਭੀੜ 'ਚ ਮਨੁੱਖ ਦੀ ਇਕੱਲਤਾ

**ਨਰਿੰਦਰਪਾਲ ਸਿੰਘ ਗਿੱਲ**




ਮਾਨਵਤਾ ਦੇ ਇਤਿਹਾਸ ਵਿੱਚ ਅਸੀਂ ਇੱਕ ਅਜਿਹੇ ਅਜੀਬ ਅਤੇ ਦੁਬਿਧਾਪੂਰਨ ਮੋੜ 'ਤੇ ਖੜ੍ਹੇ ਹਾਂ, ਜਿੱਥੇ ਮਨੁੱਖ ਸਮਾਰਟਫੋਨ ਦੀ ਇੱਕ ਛੋਹ ਨਾਲ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਵਿਅਕਤੀ ਨਾਲ ਜੁੜ ਸਕਦਾ ਹੈ। ਪਰ ਤ੍ਰਾਸਦੀ ਇਹ ਹੈ ਕਿ ਅੱਜ ਦਾ ਇਨਸਾਨ ਇਤਿਹਾਸ ਦੇ ਕਿਸੇ ਵੀ ਹੋਰ ਦੌਰ ਨਾਲੋਂ ਜ਼ਿਆਦਾ ਮਾਨਸਿਕ ਤੌਰ 'ਤੇ ਇਕੱਲਾ, ਉਦਾਸ ਅਤੇ ਅਲੱਗ-ਥਲੱਗ ਮਹਿਸੂਸ ਕਰ ਰਿਹਾ ਹੈ। ਸਾਡੀਆਂ ਜੇਬਾਂ ਵਿੱਚ ਪਏ ਛੋਟੇ-ਛੋਟੇ ਡਿਜੀਟਲ ਯੰਤਰਾਂ ਨੇ ਸਾਨੂੰ ਪੂਰੀ ਦੁਨੀਆ ਨਾਲ ਜੋੜਨ ਦਾ ਦਾਅਵਾ ਤਾਂ ਕੀਤਾ ਸੀ, ਪਰ ਇਸ ਵਰਚੁਅਲ ਚਮਕ-ਧਮਕ ਨੇ ਸਾਨੂੰ ਸਾਡੇ ਆਪਣੇ ਆਪ ਤੋਂ, ਸਾਡੇ ਪਰਿਵਾਰਾਂ ਤੋਂ ਅਤੇ ਸਾਡੇ ਅਸਲੀ ਦੋਸਤਾਂ ਤੋਂ ਬਹੁਤ ਦੂਰ ਕਰ ਦਿੱਤਾ ਹੈ।

ਫੇਸਬੁੱਕ, ਇੰਸਟਾਗ੍ਰਾਮ, ਵਟਸਐਪ, ਐਕਸ (ਟਵਿੱਟਰ) ਅਤੇ ਸਨੈਪਚੈਟ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਹਰ ਵਿਅਕਤੀ ਦੀਆਂ ਪ੍ਰੋਫਾਈਲਾਂ 'ਤੇ ਸੈਂਕੜੇ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ 'ਫਰੈਂਡਜ਼' ਅਤੇ 'ਫਾਲੋਅਰਜ਼' ਦੀ ਭੀੜ ਦਿਖਾਈ ਦਿੰਦੀ ਹੈ। ਪਰ ਜਦੋਂ ਜ਼ਿੰਦਗੀ ਵਿੱਚ ਕੋਈ ਅਸਲ ਸੰਕਟ ਆਉਂਦਾ ਹੈ, ਜਦੋਂ ਮਨ ਦੀ ਉਦਾਸੀ ਨੂੰ ਵੰਡਾਉਣ ਲਈ ਕਿਸੇ ਦੀ ਲੋੜ ਹੁੰਦੀ ਹੈ ਜਾਂ ਜਦੋਂ ਅੱਖਾਂ ਵਿੱਚ ਹੰਝੂ ਕੇਵਲ ਇੱਕ ਹਮਦਰਦ ਛੂਹ ਮੰਗਦੇ ਹਨ, ਤਾਂ ਇਹ ਹਜ਼ਾਰਾਂ ਦੀ ਭੀੜ ਅਚਾਨਕ ਅਦ੍ਰਿਸ਼ਟ ਹੋ ਜਾਂਦੀ ਹੈ।

ਸੋਸ਼ਲ ਮੀਡੀਆ ਨੇ ਰਿਸ਼ਤਿਆਂ ਦੀ ਪਰਿਭਾਸ਼ਾ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ। ਪ੍ਰਾਚੀਨ ਅਤੇ ਪਾਰੰਪਰਿਕ ਸਮੇਂ ਵਿੱਚ ਦੋਸਤੀ ਆਪਸੀ ਮੇਲ-ਜਲ, ਸਾਂਝੇ ਅਨੁਭਵਾਂ, ਤਿਆਗ ਅਤੇ ਔਖੇ ਸਮੇਂ ਵਿੱਚ ਇੱਕ-ਦੂਜੇ ਦੇ ਨਾਲ ਖੜਨ ਦੀ ਭਾਵਨਾ 'ਤੇ ਆਧਾਰਿਤ ਹੁੰਦੀ ਸੀ। ਪਰ ਡਿਜੀਟਲ ਦੌਰ ਵਿੱਚ ਦੋਸਤੀ ਦਾ ਮਾਪਦੰਡ ਕੇਵਲ 'ਲਾਈਕ', 'ਕਮੈਂਟ', 'ਸ਼ੇਅਰ' ਅਤੇ 'ਸਟ੍ਰੀਕਸ' ਤੱਕ ਸੀਮਤ ਹੋ ਕੇ ਰਹਿ ਗਿਆ ਹੈ।

ਅੱਜ ਅਸੀਂ ਇੱਕ ਅਜਿਹੇ 'ਦਿਖਾਵੇ ਦੇ ਕਲਚਰ' ਵਿੱਚ ਜਿਉਂ ਰਹੇ ਹਾਂ, ਜਿੱਥੇ ਹਰ ਕੋਈ ਆਪਣੀ ਜ਼ਿੰਦਗੀ ਦੇ ਕੇਵਲ ਸੁੰਦਰ, ਸਫ਼ਲ ਅਤੇ ਖੁਸ਼ਹਾਲ ਪਲਾਂ ਨੂੰ ਹੀ ਪੋਸਟ ਕਰਦਾ ਹੈ। ਨਵੇਂ ਕੱਪੜੇ, ਮਹਿੰਗੇ ਹੋਟਲਾਂ ਦਾ ਖਾਣਾ, ਦੇਸ਼-ਵਿਦੇਸ਼ ਦੀਆਂ ਸੈਰਾਂ ਅਤੇ ਬਣਾਵਟੀ ਹਾਸੇ-ਇਹ ਸਭ ਸੋਸ਼ਲ ਮੀਡੀਆ ਦੀਆਂ ਦੀਵਾਰਾਂ 'ਤੇ ਸਜਾਏ ਜਾਂਦੇ ਹਨ।

ਤਕਨਾਲੋਜੀ ਨੇ 'ਕਮਿਊਨੀਕੇਸ਼ਨ' (ਸੰਚਾਰ) ਨੂੰ ਬਹੁਤ ਤੇਜ਼ ਕਰ ਦਿੱਤਾ ਹੈ, ਪਰ 'ਡਾਇਲਾਗ' (ਸੱਚਾ ਆਪਸੀ ਸੰਵਾਦ) ਖ਼ਤਮ ਕਰ ਦਿੱਤਾ ਹੈ। ਅਸੀਂ ਦਿਨ ਵਿੱਚ ਸੈਂਕੜੇ ਮੈਸੇਜ ਭੇਜਦੇ ਹਾਂ, ਈਮੋਜੀ ਰਾਹੀਂ ਆਪਣੀਆਂ ਭਾਵਨਾਵਾਂ ਨੂੰ ਜ਼ਾਹਰ ਕਰਨ ਦਾ ਅਭਿਨੇ ਕਰਦੇ ਹਾਂ। ਦਿਲ ਵਾਲਾ ਈਮੋਜੀ ਭੇਜ ਕੇ ਅਸੀਂ ਇਹ ਜਤਾਉਂਦੇ ਹਾਂ ਕਿ ਅਸੀਂ ਬਹੁਤ ਪਿਆਰ ਕਰਦੇ ਹਾਂ ਅਤੇ ਹੱਸਣ ਵਾਲਾ ਈਮੋਜੀ ਭੇਜ ਕੇ ਅਸੀਂ ਆਪਣੀ ਖ਼ੁਸ਼ੀ ਦਾ ਦਾਅਵਾ ਕਰਦੇ ਹਾਂ। ਪਰ ਕੀ ਅਸਲ ਵਿੱਚ ਉਹ ਭਾਵਨਾ ਸਾਡੇ ਮਨ ਅੰਦਰ ਹੁੰਦੀ ਹੈ ?

ਕਿਸੇ ਵਿਅਕਤੀ ਨਾਲ ਆਹਮੋ-ਸਾਹਮਣੇ ਬੈਠ ਕੇ ਉਸ ਦੀਆਂ ਅੱਖਾਂ ਵਿੱਚ ਦੇਖਣਾ, ਉਸ ਦੀ ਆਵਾਜ਼ ਦੀ ਕੰਬਣੀ ਨੂੰ ਮਹਿਸੂਸ ਕਰਨਾ ਅਤੇ ਉਸ ਦੇ ਮੋਢੇ ਤੇ ਹੱਥ ਰੱਖਣਾ-ਇਹ ਉਹ ਮਾਨਵੀ ਛੂਹਾਂ ਹਨ ਜੋ ਡਿਜੀਟਲ ਟੈਕਸਟ ਮੈਸੇਜ ਕਦੇ ਵੀ ਨਹੀਂ ਦੇ ਸਕਦੇ। ਅੱਜ ਇੱਕੋ ਘਰ ਵਿੱਚ, ਇੱਕੋ ਡਾਇਨਿੰਗ ਟੇਬਲ 'ਤੇ ਬੈਠੇ ਚਾਰ ਜੀਅ ਆਪਸ ਵਿੱਚ ਗੱਲ ਕਰਨ ਦੀ ਬਜਾਏ ਆਪਣੇ-ਆਪਣੇ ਫ਼ੋਨਾਂ ਦੀਆਂ ਸਕ੍ਰੀਨਾਂ ਵਿੱਚ ਗੁਆਚੇ ਹੁੰਦੇ ਹਨ। ਅਸੀਂ ਸਰੀਰਕ ਤੌਰ 'ਤੇ ਇੱਕ-ਦੂਜੇ ਦੇ ਕੋਲ ਹੁੰਦੇ ਹੋਏ ਵੀ ਮਾਨਸਿਕ ਤੱਰ 'ਤੇ ਮੀਲਾਂ ਦੂਰ ਹਾਂ। ਇਹ 'ਨਜ਼ਦੀਕੀਆਂ 'ਚ ਫਾਸਲੇ' ਹੀ ਅਸਲ ਇਕੱਲੇਪਣ ਦਾ ਮੁੱਖ ਕਾਰਨ ਹੈ।

**ਮਨੋਵਿਗਿਆਨਕ ਖੋਜਾਂ**

ਦਰਸਾਉਂਦੀਆਂ ਹਨ ਕਿ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਅਤੇ ਮਾਨਸਿਕ ਬੀਮਾਰੀਆਂ ਵਿਚਕਾਰ ਇੱਕ ਡੂੰਘਾ ਸੰਬੰਧ ਹੈ। FOMO (Fear of Missing Out) ਯਾਨੀ 'ਕੁਝ ਛੁੱਟ ਜਾਣ ਦਾ ਡਰ' ਅੱਜ ਦੀ ਨੌਜਵਾਨ ਪੀੜ੍ਹੀ ਨੂੰ ਅੰਦਰੋਂ ਅੰਦਰ ਖਾ ਰਿਹਾ ਹੈ। ਜਦੋਂ ਕੋਈ ਵਿਅਕਤੀ ਸੋਸ਼ਲ ਮੀਡੀਆ 'ਤੇ ਦੂਜਿਆਂ ਨੂੰ ਪਾਰਟੀਆਂ ਕਰਦੇ, ਘੁੰਮਦੇ ਜਾਂ ਖ਼ੁਸ਼ੀਆਂ ਮਨਾਉਂਦੇ ਦੇਖਦਾ ਹੈ, ਤਾਂ ਉਸ ਨੂੰ ਲੱਗਦਾ ਹੈ ਕਿ ਕੇਵਲ ਉਹੀ ਇੱਕ ਅਜਿਹਾ ਅਭਾਗਾ ਹੈ ਜੋ ਇਕੱਲਾ ਹੈ ਅਤੇ ਉਸ ਦੀ ਜ਼ਿੰਦਗੀ ਬੋਰਿੰਗ ਹੈ।

ਸੱਚੀ ਦੋਸਤੀ ਇੱਕ ਅਜਿਹਾ ਰਿਸ਼ਤਾ ਹੈ ਜੋ ਮਨੁੱਖ ਨੂੰ ਕਿਸੇ ਵੀ ਪਰਖ ਤੋਂ ਬਿਨਾਂ ਇੱਕ 'ਸੁਰੱਖਿਅਤ ਘੇਰਾ' ਦਿੰਦੀ ਹੈ। ਇੱਕ ਅਸਲੀ ਦੋਸਤ ਸਾਡੀਆਂ ਕਮਜ਼ੋਰੀਆਂ ਨੂੰ ਜਾਣਦੇ ਹੋਏ ਵੀ ਸਾਨੂੰ ਸਵੀਕਾਰ ਕਰਦਾ ਹੈ। ਪਰ ਸੋਸ਼ਲ ਮੀਡੀਆ 'ਤੇ ਦੋਸਤੀ ਫਿਲਟਰ ਹੁੰਦੀ ਹੈ। ਉੱਥੇ ਅਸੀਂ ਕੇਵਲ ਆਪਣਾ ਚੰਗਾ ਪੱਖ ਹੀ ਦਿਖਾ ਸਕਦੇ ਹਾਂ, ਕਮਜ਼ੋਰੀ ਦਿਖਾਉਣ 'ਤੇ ਟਰੋਲ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਜਦੋਂ ਮਨੁੱਖ ਕੋਲ ਅਸਲ ਜ਼ਿੰਦਗੀ ਵਿੱਚ ਕੋਈ ਅਜਿਹਾ ਦੋਸਤ ਨਹੀਂ ਹੁੰਦਾ ਜਿਸ ਨਾਲ ਉਹ ਆਪਣੇ ਦਿਲ ਦਾ ਸੱਚਾ ਗੁਬਾਰ ਕੱਢ ਸਕੇ, ਤਾਂ ਉਹ ਅੰਦਰੋਂ ਘੁਟਣ ਮਹਿਸੂਸ ਕਰਨ ਲੱਗਦਾ ਹੈ। ਪੰਜਾਬ ਦੇ ਸਮਾਜਿਕ-ਸਭਿਆਚਾਰਕ ਤਾਣੇ-ਬਾਣੇ ਦੀ ਗੱਲ ਕਰੀਏ ਤਾਂ ਕਿਸੇ ਸਮੇਂ ਪਿੰਡਾਂ ਦੀਆਂ ਸੱਥਾਂ ਅਜਿਹੇ ਕੇਂਦਰ ਹੁੰਦੇ ਸਨ ਜਿੱਥੇ ਲੋਕ ਬਿਨਾਂ ਕਿਸੇ ਸਵਾਰਥ ਦੇ ਘੰਟਿਆਂ-ਬੱਧੀ ਬੈਠ ਕੇ ਦੁੱਖ-ਸੁੱਖ ਸਾਂਝਾ ਕਰਦੇ ਸਨ। ਪਰ ਅੱਜ ਉਹ ਰੌਣਕਾਂ ਗਾਇਬ ਹੋ ਚੁੱਕੀਆਂ ਹਨ। ਸੱਥਾਂ ਦੀ ਜਗ੍ਹਾ ਹੁਣ ਵਟਸਐਪ ਗਰੁੱਪਾਂ ਨੇ ਲੈ ਲਈ ਹੈ, ਜਿੱਥੇ ਸੰਵੇਦਨਸ਼ੀਲਤਾ ਦੀ ਥਾਂ ਕੇਵਲ ਫਾਰਵਰਡ ਕੀਤੇ ਮੈਸੇਜਾਂ ਅਤੇ ਨਫ਼ਰਤੀ ਪ੍ਰਚਾਰ ਨੇ ਲੈ ਲਈ ਹੈ।

ਅੱਜ 'ਇਕੱਲਾਪਣ ਇੱਕ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ। ਇਹ ਕੇਵਲ ਮਾਨਸਿਕ ਸਮੱਸਿਆ ਹੀ ਨਹੀਂ, ਸਗੋਂ ਸਰੀਰਕ ਬੀਮਾਰੀਆਂ ਜਿਵੇਂ ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਅਨਿੰਦਰਾ ਅਤੇ ਇਮਿਊਨਿਟੀ ਦੀ ਕਮੀ ਦਾ ਕਾਰਨ ਵੀ ਬਣ ਰਿਹਾ ਹੈ।

ਜਦੋਂ ਇਨਸਾਨ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ, ਤਾਂ ਉਸ ਅੰਦਰ ਨਕਾਰਾਤਮਕ ਵਿਚਾਰ ਘਰ ਕਰ ਜਾਂਦੇ ਹਨ। ਉਹ ਆਪਣੇ ਆਪ ਨੂੰ ਨਿਕੰਮਾ ਅਤੇ ਬੇਕਾਰ ਸਮਝਣ ਲੱਗਦਾ ਹੈ। ਬੱਚਿਆਂ ਅਤੇ ਨੌਜਵਾਨਾਂ ਵਿੱਚ ਵੱਧ ਰਿਹਾ ਗੁੱਸਾ, ਚਿੜਚਿੜਾਪਨ ਅਤੇ ਖੁਦਕੁਸ਼ੀਆਂ ਦੀਆਂ ਵਧ ਰਹੀਆਂ ਘਟਨਾਵਾਂ ਦੇ ਪਿੱਛੇ ਵੀ ਇਹੋ ਅਦ੍ਰਿਸ਼ਟ ਇਕੱਲਾਪਣ ਇੱਕ ਵੱਡਾ ਕਾਰਨ ਹੈ। ਅਸੀਂ ਭੀੜ ਦੇ ਵਿਚਕਾਰ ਖੜ੍ਹੇ ਹੋ ਕੇ ਵੀ ਇਕੱਲੇ ਹਾਂ, ਕਿਉਂਕਿ ਸਾਡੇ ਆਲੇ-ਦੁਆਲੇ ਲੋਕ ਤਾਂ ਹਨ, ਪਰ ਭਾਵਨਾਤਮਕ ਸਾਂਝ ਗਾਇਬ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਸੋਸ਼ਲ ਮੀਡੀਆ ਤੋਂ ਪੂਰੀ ਤਰ੍ਹਾਂ ਮੁੱਖ ਮੋੜਨਾ ਸੰਭਵ ਨਹੀਂ ਹੈ ਅਤੇ ਨਾ ਹੀ ਇਹ ਇਸ ਦਾ ਹੱਲ ਹੈ। ਤਕਨਾਲੋਜੀ ਇੱਕ ਸਾਧਨ ਹੈ, ਪਰ ਸਮੱਸਿਆ ਤਦ ਪੈਦਾ ਹੁੰਦੀ ਹੈ ਜਦੋਂ ਸਾਧਨ ਹੀ ਸਾਡਾ ਮਾਲਕ ਬਣ ਜਾਂਦਾ ਹੈ। ਇਸ ਡਿਜੀਟਲ ਦੁਖਾਂਤ ਤੋਂ ਬਚਣ ਲਈ ਸਾਨੂੰ ਆਪਣੀ ਜੀਵਨ ਸ਼ੈਲੀ ਵਿੱਚ ਕੁਝ ਸੰਤੁਲਨ ਅਤੇ ਤਬਦੀਲੀਆਂ ਲਿਆਉਣ ਦੀ ਸਖ਼ਤ ਲੋੜ ਹੈ:

**ਡਿਜੀਟਲ ਡੀਟਾਕਸ ਅਪਣਾਓ**

ਦਿਨ ਵਿੱਚ ਕੋਈ ਇੱਕ ਜਾਂ ਦੋ ਘੰਟੇ ਅਜਿਹੇ ਨਿਸ਼ਚਿਤ ਕਰੋ ਜਦੋਂ ਤੁਸੀਂ ਫੋਨ ਤੋਂ ਪੂਰੀ ਤਰ੍ਹਾਂ ਦੂਰ ਰਹੋ। ਖਾਸ ਕਰਕੇ ਰਾਤ ਨੂੰ ਸੌਣ ਤੋਂ ਪਹਿਲਾਂ ਅਤੇ ਸਵੇਰੇ ਉੱਠਣ ਤੋਂ ਬਾਅਦ ਸਕ੍ਰੀਨ ਤੋਂ ਦੂਰੀ ਬਣਾਓ।

ਅਸਲੀ ਰਿਸ਼ਤਿਆਂ ਵਿੱਚ ਨਿਵੇਸ਼ ਕਰੋ ਸੋਸ਼ਲ ਮੀਡੀਆ 'ਤੇ ਚੈਟ ਕਰਨ ਦੀ ਬਜਾਏ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਆਹਮੋ-ਸਾਹਮਣੇ ਮਿਲਣ ਦੀ ਆਦਤ ਪਾਓ। ਕਿਸੇ ਪੁਰਾਣੇ ਦੋਸਤ ਨੂੰ ਫੋਨ ਕਰਕੇ ਉਸ ਦਾ ਹਾਲ-ਚਾਲ ਪੁੱਛੋ ਅਤੇ ਉਸ ਨਾਲ ਸਮਾਂ ਬਿਤਾਓ।

ਗੁਣਵੱਤਾ ਨੂੰ ਤਰਜੀਹ ਦਿਓ. ਗਿਣਤੀ ਨੂੰ ਨਹੀਂ ਸੋਸ਼ਲ ਮੀਡੀਆ 'ਤੇ ਹਜ਼ਾਰਾਂ ਆਭਾਸੀ ਦੋਸਤਾਂ ਦੀ ਬਜਾਏ ਅਸਲ ਜ਼ਿੰਦਗੀ ਵਿੱਚ ਇੱਕ ਜਾਂ ਦੋ ਅਜਿਹੇ ਸੱਚੇ ਦੋਸਤ ਬਣਾਓ, ਜਿਨ੍ਹਾਂ 'ਤੇ ਤੁਸੀਂ ਅੱਖਾਂ ਮੀਚ ਕੇ ਭਰੋਸਾ ਕਰ ਸਕੋ।

ਪਰਿਵਾਰਕ ਸਮਾਂ ਨਿਸ਼ਚਿਤ ਕਰੋ। ਘਰ ਵਿੱਚ ਖਾਣਾ ਖਾਂਦੇ ਸਮੇਂ ਫੋਨ ਦੀ ਵਰਤੋਂ 'ਤੇ ਪਾਬੰਦੀ ਹੋਣੀ ਚਾਹੀਦੀ ਹੈ। ਪਰਿਵਾਰ ਦੇ ਸਾਰੇ ਜੀਆਂ ਨੂੰ ਆਪਸ ਵਿੱਚ ਬੈਠ ਕੇ ਆਪਣੇ ਦਿਨ ਭਰ ਦੇ ਅਨੁਭਵ ਸਾਂਝੇ ਕਰਨੇ ਚਾਹੀਦੇ ਹਨ।

ਸੋਸ਼ਲ ਮੀਡੀਆ ਦੀ ਚਮਕਦਾਰ ਦੁਨੀਆ ਇੱਕ ਅਜਿਹੀ ਮਿਰਗ-ਤ੍ਰਿਸ਼ਨਾ ਹੈ, ਜੋ ਦੂਰੋਂ ਤਾਂ ਬਹੁਤ ਮਨਮੋਹਕ ਲੱਗਦੀ ਹੈ, ਪਰ ਨੇੜੇ ਜਾਣ 'ਤੇ ਪਤਾ ਲੱਗਦਾ ਹੈ ਕਿ ਉੱਥੇ ਪਿਆਸ ਬੁਝਾਉਣ ਲਈ ਇੱਕ ਬੂੰਦ ਵੀ ਪਾਣੀ ਨਹੀਂ ਹੈ। ਵਰਚੁਅਲ ਦੁਨੀਆ ਦੇ 'ਲਾਈਕਸ' ਅਤੇ ਕਮੈਂਟਸ ਕਦੇ ਵੀ ਕਿਸੇ ਦੋਸਤ ਦੇ ਸੱਚੇ ਹੁੰਗਾਰੇ ਜਾਂ ਜੱਫੀ ਦਾ ਬਦਲ ਨਹੀਂ ਹੋ ਸਕਦੇ।

ਜ਼ਿੰਦਗੀ ਦਾ ਅਸਲ ਰੰਗ ਸਕ੍ਰੀਨ ਦੇ ਪਿਕਸਲਾਂ ਵਿੱਚ ਨਹੀਂ, ਸਗੋਂ ਸਾਹਮਣੇ ਬੈਠੇ ਇਨਸਾਨ ਦੀਆਂ ਅੱਖਾਂ ਵਿੱਚ ਹੁੰਦਾ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਮਨੁੱਖੀ ਭਾਵਨਾਵਾਂ ਡਿਜੀਟਲ ਨਹੀਂ, ਸਗੋਂ ਰੂਹਾਨੀ ਹੁੰਦੀਆਂ ਹਨ। ਜੇਕਰ ਅਸੀਂ ਅਜੇ ਵੀ ਨਾ ਸੰਭਲੇ, ਤਾਂ ਅਸੀਂ ਅਜਿਹੀ ਭੀੜ ਦਾ ਹਿੱਸਾ ਬਣ ਕੇ ਰਹਿ ਜਾਵਾਂਗੇ ਜਿੱਥੇ ਹਰ ਕੋਈ ਬੋਲ ਤਾਂ ਰਿਹਾ ਹੋਵੇਗਾ, ਪਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਫੋਨਾਂ ਦੀਆਂ ਸਕ੍ਰੀਨਾਂ ਨੂੰ ਥੋੜ੍ਹਾ ਸਮਾਂ ਆਰਾਮ ਦੇਣ ਅਤੇ ਆਪਣੇ ਆਲੇ-ਦੁਆਲੇ ਬੈਠੇ ਅਸਲੀ ਇਨਸਾਨਾਂ ਦਾ ਹੱਥ ਫੜ ਕੇ ਜ਼ਿੰਦਗੀ ਦੇ ਅਸਲ ਰੰਗਾਂ ਨੂੰ ਮਾਣਨ ਦੀ ਲੋੜ ਹੈ, ਤਾਂ ਜੋ ਅਸੀਂ ਭੀੜ ਵਿੱਚ ਹੁੰਦੇ ਹੋਏ ਵੀ ਇਕੱਲੇਪਣ ਦੇ ਇਸ ਦੁਖਾਂਤ ਤੋਂ ਮੁਕਤ ਹੋ ਸਕੀਏ।

# ਮਘ ਰਿਹਾ ਨਵਾਂ ਜੰਗੀ ਅਖਾੜਾ

**ਪਰਮਜੀਤ ਰੋਡੇ**

ਅਰਬ ਉਪਦੀਪ ’ਚ ਜੰਗ ਦਾ ਇਕ ਹੋਰ ਅਖਾੜਾ ਮਘ ਗਿਆ ਹੈ। ਦੇਸ਼ ਯਮਨ ’ਚ ਹੂਥੀ ਦੇ ਨਾਮ ਨਾਲ ਜਾਣੀ ਜਾਂਦੀ ਅਨਸਰਅੱਲਾ (ਰੱਬ ਦੇ ਹਮਾਇਤੀ) ਨਾਮ ਦੀ ਜੱਥੇਬੰਦੀ ਦੀ ਫੌਜ ਨੇ, ਸਰਕਾਰੀ ਫੌਜਾਂ ’ਤੇ ਜਬਰਦਸਤ ਹਮਲਾ ਕਰਕੇ ‘ਲਾਲ ਸਾਗਰ’ ਨਾਲ ਲੱਗਦੇ ਯਮਨ ਦੇ ਸਾਰੇ ਇਲਾਕੇ (ਬੰਦਰਗਾਹਾਂ) ਅਤੇ ਕੁੰਜੀਵਤ ਯੁੱਧਨੀਤਿਕ ਟਾਪੂਆਂ ’ਤੇ ਕਬਜ਼ਾ ਕਰ ਲਿਆ ਹੈ। ਜਿਵੇਂ ਈਰਾਨ ਨੇ ਅਮਰੀਕਾ ਤੇ ਇਜ਼ਰਾਈਲ ਦੇ ਹਮਲੇ ਵਿਰੁੱਧ ਲੜਦਿਆਂ, ਪਰਸ਼ੀਅਨ ਗਲਫ ’ਚ ਹੋਰਮੂਜ ਸਟਰੇਟ ਦੇ ਨਾਮ ਨਾਲ ਜਾਣੇ ਜਾਂਦੇ ਗਲਘੋਟੂ ਸਮੁੰਦਰੀ ਲਾਂਘੇ ’ਤੇ ਕੰਟਰੋਲ ਕਰ ਲਿਆ ਸੀ! ਉਸ ਤਰ੍ਹਾਂ ਹੀ ਯਮਨ ਦੇ ਹੂਥੀ ਮਲੇਸ਼ੀਆ ਨੇ ਵੀ ‘ਲਾਲ ਸਾਗਰ’ ਦੀ ਇੰਟਰੀ ਤੇ ‘ਬਾਬ ਅਲ-ਮੈਂਡੇਬ’ ਨਾਮ ਦੇ ਨਾਜ਼ੁਕ ਸਮੁੰਦਰੀ ਲਾਂਘੇ ਨੂੰ ਪੂਰੀ ਤਰ੍ਹਾਂ ਆਪਣੀ ਮਾਰ ਹੇਠ ਲੈ ਆਂਦਾ ਹੈ! ਇਸ ਤਰਾਂ ਇਰਾਨ ਵਾਂਗ ਹੀ ਯਮਨ ਦੇ ਹੂਥੀ (ਅਨਸਰਅੱਲਾ) ਦੀ ਫ਼ੌਜ ਦੇ ਹੱਥ ਵੀ ਇਸ ਸਮੁੰਦਰੀ ਰੂਟ ਤੇ ਕੰਟਰੋਲ ਕਰਨ ਦਾ ਲੈਵਰੇਜ ਹੱਥ ਆ ਗਿਆ ਹੈ, ਜੀਹਦੀ ਵਜ੍ਹਾ ਕਰਕੇ ਉਹ ਸਿਆਸੀ ਤੇ ਫੌਜੀ ਯੁਧਨੀਤੀ ਪੱਖੋਂ ਪਹਿਲਾਂ ਨਾਲੋਂ ਕਿਤੇ ਵੱਧ ਤਕੜੇ ਹੋ ਗਏ ਹਨ।

ਯੁੱਧ ਦਾ ਇਹ ਅਖਾੜਾ ਸਿਰਫ ਹੂਥੀ ਤੇ ਸਰਕਾਰੀ ਫੌਜਾਂ ਦਰਮਿਆਨ ਹੀ ਨਹੀਂ ਮਘਿਆ, ਇਸ ਦੇ ਘੇਰੇ ‘ਚ ਸਾਊਦੀ ਅਰਬ ਅਤੇ ਦੇਸ਼ ਇਰਾਕ ’ਚ ਸਰਗਰਮ “ਟਾਕਰੇ ਦਾ ਧੁਰਾ” (Axis of Resistance) ਵੀ ਆ ਗਏ ਹਨ। ਇਹ ਉਹ ‘ਟਾਕਰੇ ਦਾ ਧੁਰਾ’ ਨਾਮ ਦਾ ਮਲੇਸ਼ੀਆ ਗੱਠਜੋੜ ਹੈ ਜੋ ਅਮਰੀਕਾ ਨੂੰ ਇਰਾਕ ’ਚੋਂ ਬਾਹਰ ਕੱਢਣ ਲਈ ਸਮੇਂ-ਸਮੇਂ ਇਰਾਕ ’ਚ ਸਥਿਤ ਅਮਰੀਕੀ ਮਿਲਟਰੀ ਬੇਸ ਤੇ ਹਮਲੇ ਕਰਦਾ ਰਹਿੰਦਾ ਹੈ। ਇਹ ਇਰਾਕ ਦੇ ਚਾਰ ਮਲੇਸ਼ੀਆ ਗਰੁੱਪਾਂ ਦਾ ਗੱਠਜੋੜ ਹੈ, ਜੀਹਦੇ ’ਤੇ ਦੋ ਮਹੀਨੇ ਪਹਿਲਾਂ ਹੀ ਅਮਰੀਕਾ ਅਤੇ ਸਾਊਦੀ ਅਰਬ ਨੇ ਸਾਂਝਾ ਫੌਜੀ ਹਮਲਾ ਕੀਤਾ ਸੀ। ਇਰਾਨ ਪੂਰੀ ਤਰ੍ਹਾਂ ਯਮਨ ਦੀ ਅਨਸਰਅੱਲਾ (ਹੂਥੀ) ਸਰਕਾਰ ਦੀ ਪਿੱਠ ’ਤੇ ਹੈ। ਰੂਸ ਅਤੇ ਚੀਨ ਨੇ ਵੀ ਆਪਣੀ ਗੁਪਤ ਤੇ ਖੁੱਲੇਆਮ ਮਦਦ ਦਾ ਘੇਰਾ ਇਰਾਨ ਤੋਂ ਵਧਾਕੇ ਯਮਨ ਦੀ ਅਨਸਰਅੱਲਾ ਸਰਕਾਰ ਤੱਕ ਕਰ ਲਿਆ ਹੈ। ਅਨਸਰਅੱਲਾ ਦੀ ਬਾਬ ਅਲ-ਮੰਡੇਰ ਸਮੁੰਦਰੀ ਲਾਂਘੇ ਥਾਂਈਂ ਜਹਾਜ਼ਾਂ ਦੀ ਆਵਾਜਾਈ ਸਬੰਧੀ ਕੋਈ ਡੀਲ ਵੀ ਬਣੀ ਹੈ।

ਉਧਰ ਅਮਰੀਕਾ ਤੇ ਬਰਤਾਨੀਆਂ ਦੇ 120 ਦੇ ਕਰੀਬ ਸਲਾਹਕਾਰ ਇਨਟੈਲੀਜੈਂਸ ਸਹਾਇਤਾ ਦੇ ਮਾਮਲੇ ’ਚ ਤਾਂ ਸਾਊਦੀ ਅਰਬ ਦੀ ਮਦਦ ਕਰ ਹੀ ਰਹੇ ਹਨ, ਹੁਣ ਪਤਾ ਲੱਗਾ ਹੈ ਕਿ ਅਮਰੀਕਾ ਦੀ ਸਲਾਹ ’ਤੇ ਬਹਿਰੀਨ, ਕੁਵੈਤ ਯੂਏਈ, ਕਤਰ, ਸਾਊਦੀ ਅਰਬ, ਜਾਰਡਨ ਅਤੇ ਮਿਸ਼ਰ ਦੇ ਨੁਮਾਇੰਦਿਆਂ ਦੀ ਮੀਟਿੰਗ ਹੋਈ ਹੈ ਕਿ ਯਮਨ ਦੀ ਅਨਸਰਅੱਲਾ ਸਰਕਾਰ ਖਿਲਾਫ਼ ਲੜਾਈ ’ਚ ਸਾਊਦੀ ਅਰਬ ਦੀ ਕਿਵੇਂ ਮਦਦ ਕੀਤੀ ਜਾਵੇ। ਖ਼ਬਰ ਹੈ ਕਿ ਇਸ ਮੀਟਿੰਗ ’ਚ ਇਜ਼ਰਾਈਲ ਦਾ ਚੀਫ ਆਫ ਸਟਾਫ ਵੀ ਹਾਜ਼ਰ ਸੀ।

1991 ’ਚ ਅਫਰੀਕਾ ਦੇ ਦੇਸ਼ ਸੰਭਾਲੀਆਂ ਨਾਲੋਂ ਟੁੱਟਕੇ ਬਣਿਆ ਨਵਾਂ ਦੇਸ਼ ‘ਸਮਾਲੀਲੈਂਡ’ ਜੀਹਨੂੰ ਹੁਣ ਤੱਕ ਸਿਰਫ਼ ਇਜ਼ਰਾਈਲ ਤੇ ਤਾਈਵਾਨ ਨੇ ਮਾਨਤਾ ਦਿੱਤੀ ਹੈ! ਇਜ਼ਰਾਈਲ ਉੱਥੇ ਆਪਣਾ ਮਿਲਟਰੀ ਬੇਸ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਵੀ ਇਜ਼ਰਾਈਲ ਦੇ ਨਾਲ ਖੜ੍ਹਾ ਹੈ। ਇਸ ਨਵੇਂ ਬਣੇ ਦੇਸ਼ ‘ਸਮਾਲੀਲੈਂਡ’ ਦੀ ਯੁੱਧਨੀਤਕ ਪੱਖੋਂ ਬਹੁਤ ਹੀ ਮਹੱਤਤਾ ਹੈ। ਜਿਵੇਂ ਹਰਮੂਜ ਸਟਰੇਟ ਦੇ ਇਕ ਪਾਸੇ ਇਰਾਨ ਤੇ ਦੂਜੇ ਪਾਸੇ ਓਮਾਨ ਹੈ, ਉਸੀ ਤਰ੍ਹਾਂ ਲਾਲ ਸਾਗਰ ਦੇ ਇਕ ਪਾਸੇ ਯਮਨ ਤੇ ਦੂਜੇ ਪਾਸੇ ਸਮਾਲੀਲੈਂਡ ਹੈ।



ਕੁੱਝ ਦਿਨ ਪਹਿਲਾਂ ਸ਼ੁਰੂ ਹੋਈ ਜੰਗ ’ਚ ਜਿੱਥੇ ਯਮਨੀ ਹੂਥੀ ਫੌਜਾਂ ਨੇ ਯਮਨੀ ਸਰਕਾਰੀ ਫ਼ੌਜ ਨੂੰ ਭਾਂਜ ਦਿੱਤੀ ਹੈ, ਉਥੇ ਉਨ੍ਹਾਂ ਨੇ ਯਮਨੀ ਸਰਕਾਰ ਦੇ ਹਮਾਇਤੀ ਅਤੇ ਯਮਨ ’ਚ ਸਿੱਧੀ ਦਖਲਅੰਦਾਜ਼ੀ ਕਰ ਰਹੇ ਦੇਸ਼ ਸਾਊਦੀ ਅਰਬ ਦੇ ਫੌਜੀ ਠਿਕਾਣਿਆਂ, ਹਵਾਈ ਅੱਡਿਆਂ ਅਤੇ ਬੁਨਿਆਦੀ ਊਰਜਾ ਢਾਂਚੇ ’ਤੇ ਡਰੋਨਾਂ ਤੇ ਮਿਜ਼ਾਈਲਾਂ ਰਾਹੀਂ ਵੱਡੇ ਹਮਲੇ ਕਰਕੇ ਉੱਥੇ ਵੀ ਤਬਾਹੀ ਮਚਾਈ ਹੈ। ਇਸ ਸ਼ੁਭ ਕਾਰਵਾਈ ‘ਚ ਇਰਾਕ ਵਿੱਚ ਸਰਗਰਮ ‘ਟਾਕਰੇ ਦਾ ਧੁਰਾ’ ਮਲੇਸ਼ੀਆ ਵੀ ਪਿੱਛੇ ਨਹੀਂ ਰਿਹਾ! ਉਸਨੇ ਡਰੋਨਾਂ ਰਾਹੀਂ ਸਾਊਦੀ ਅਰਬ ਦੇ ਊਰਜਾ ਢਾਂਚੇ ’ਤੇ ਹਮਲੇ ਕਰਦਿਆਂ ਉਸ ਦੀ ‘ਈਸਟ-ਵੈਸਟ ਪਾਈਪਲਾਈਨ’ ਨੂੰ ਸੱਤ ਥਾਵਾਂ ਤੋਂ ਤਬਾਹ ਕਰ ਦਿੱਤਾ ਹੈ। ਸਾਊਦੀ ਆਰਥਿਕਤਾ ਦੀ ਲਾਈਫ-ਲਾਈਨ 1200 ਕਿਲੋਮੀਟਰ ਲੰਬੀ ਇਹ ਉਹ ਪਾਈਪਲਾਈਨ ਹੈ ਜੋ ‘ਲਾਲ ਸਾਗਰ’ ਤੱਕ ਜਾਂਦੀ ਹੈ। ਜਦੋਂ ਈਰਾਨ ਨੇ ‘ਸਟਰੇਟ ਆਫ ਹਾਰਮੂਜ’ ਬੰਦ ਕਰ ਦਿੱਤੀ ਤਾਂ ਉਸ ਬਲਾਕੇਡ ਤੋਂ ਬਚਣ ਲਈ ਸਾਊਦੀ ਅਰਬ ਨੇ ਉਧਰ ਦੀ ਲੰਘਣ ਵਾਲੇ ਆਪਣੇ ਸਾਰੇ ਤੇਲ ਦਾ ਮੁਹਾਣ ਵੀ ਇਸ ਪਾਈਪਲਾਈਨ ਵੱਲ ਮੋੜ ਦਿੱਤਾ ਸੀ, ਪਰ ਹੁਣ ਨੁਕਸਾਨੀ ਜਾਣ ਕਰਕੇ ਸਾਊਦੀ ਅਰਬ ਨੂੰ ਇਹ ਪਾਈਪਲਾਈਨ ਵੀ ਇਕ ਵਾਰ ਬੰਦ ਕਰਨੀ ਪੈ ਗਈ ਹੈ। ਪੱਛਮੀ ਮੀਡੀਏ ਦਾ ਦਾਅਵਾ ਹੈ ਕਿ ਇਸ ਦੇ ਮੁੜ ਚਾਲੂ ਹੋਣ ’ਤੇ ਘੱਟੋ-ਘੱਟ ਇੱਕ ਮਹੀਨੇ ਦਾ ਸਮਾਂ ਲੱਗੇਗਾ।

ਇਸ ਘਟਨਾਕ੍ਰਮ ਦਾ ਮਹੱਤਵਪੂਰਨ ਅਤੇ ਦਿਲਚਸਪ ਪਹਿਲੂ ਇਹ ਹੈ ਕਿ ਸਾਊਦੀ ਅਰਬ ਇੱਕ ਬੇਵੱਸ ਤੇ ਬੇਸਹਾਰਾ ਸਥਿਤੀ ’ਚ ਪਹੁੰਚ ਗਿਆ ਹੈ। ਉਸ ਨੇ ਅੱਗੇ ਵੱਧ ਰਹੇ ਹੂਥੀ ਲੜਾਕਿਆਂ ਨੂੰ ਰੋਕਣ ਅਤੇ ਕੁਚਲਣ ਲਈ ਰਾਸ਼ਟਰਪਤੀ ਟਰੰਪ ਨੂੰ ਫੋਨ ’ਤੇ ਦੋ ਵਾਰ ਅਪੀਲ ਕੀਤੀ। ਪਰ ਪਹਿਲੀ ਵਾਰ ਤਾਂ ਟਰੰਪ ਨੇ ਕਿਸੇ ਵੀ ਕਿਸਮ ਦੀ ਮਦਦ ਕਰਨ ਤੋਂ ਇਹ ਕਹਿਕੇ ਕੋਰੀ ਨਾਂਹ ਕਰ ਦਿੱਤੀ ਕਿ ਸਾਨੂੰ ਹੂਥੀਆਂ ਨਾਲ ਕੋਈ ਸਮੱਸਿਆ ਨਹੀਂ ਅਤੇ ਹੂਥੀਆਂ ਨੂੰ ਸਾਡੇ ਨਾਲ! ਫਿਰ ਦੂਜੀ ਅਪੀਲ ’ਤੇ ਟਰੰਪ ਨੇ ਫੌਜੀ ਮਦਦ ਕਰਨ ਤੋਂ ਤਾਂ ਇਨਕਾਰ ਕਰ ਦਿੱਤਾ ਪਰ ਖੁਫੀਆ ਸਹਿਯੋਗ ਦੇਣ ਲਈ 100 ਸਲਾਹਕਾਰ ਸਾਊਦੀ ਅਰਬ ਭੇਜ ਦਿੱਤੇ। ਇਸ ਤੋਂ ਬਾਅਦ ਅਮਰੀਕੀ ਸੈਂਟਰਲ ਕਮਾਂਡ ਦੇ ਚੀਫ ਦੀ ਸਾਊਦੀ ਅਰਬ ਦੇ ਪ੍ਰਿੰਸ ਨਾਲ ਮੁਲਾਕਾਤ ਹੋਈ ਹੈ ਪਰ ਸਾਊਦੀ ਅਰਬ ਦੇ ਪੱਲੇ ਫਿਰ ਵੀ ਕੁਝ ਨਹੀਂ ਪਿਆ! ਪੰਜ ਹਫ਼ਤੇ ਪਹਿਲਾਂ 7 ਅਗਸਤ ਨੂੰ ਤਿੰਨ ਦੇਸ਼ਾਂ; ਸਾਊਦੀ ਅਰਬ, ਤੁਰਕੀ ਤੇ ਪਾਕਿਸਤਾਨ ’ਚ ‘ਮੱਕਾ ਜੁਆਇੰਟ ਡੀਫੈਂਸ ਐਗਰੀਮੈਂਟ’ ਹੋਇਆ ਸੀ! ਇਸ ਲਈ ਸਾਊਦੀ ਸਰਕਾਰ ਨੇ ਪਾਕਿਸਤਾਨ ਤੇ ਤੁਰਕੀ ਨੂੰ ਅਪੀਲ ਕੀਤੀ ਕਿ ਉਹ ਯਮਨ ਦੀ ਹੂਥੀ ਫੌਜ ਖ਼ਿਲਾਫ਼ ਜੰਗ ’ਚ ਉਸਦੀ ਮਦਦ ਕਰਨ, ਪਰ ਉਨ੍ਹਾਂ ਨੇ ਵੀ ਇਹ ਕਹਿਕੇ ਹਮਾਇਤ ਕਰਨ ਤੋਂ ਜਵਾਬ ਦੇ ਦਿੱਤਾ ਕਿ ਇਹ ਲੜਾਈ ਆਪਣੇ ਡਿਫੈਂਸ ਐਗਰੀਮੈਂਟ ਹੋਣ ਤੋਂ ਪਹਿਲਾਂ ਹੀ ਚੱਲ ਰਹੀ ਸੀ ਅਤੇ ਇਹ ਵੱਖਰੇ ਸੁਭਾਅ ਦੀ ਵੀ ਹੈ ਜੋ ਇਸ ਡਿਫੈਂਸ ਐਗਰੀਮੈਂਟ ਦੇ ਘੇਰੇ ’ਚ ਨਹੀਂ ਆਉਂਦੀ! ਸਾਊਦੀ ਅਰਬ ਨੇ ਸਿਰਫ ਦੋ ਮਹੀਨੇ ਪਹਿਲਾਂ ਅਮਰੀਕਾ ਨਾਲ ਰਲਕੇ ਇਰਾਕ ’ਚ ‘ਟਾਕਰੇ ਦਾ ਧੁਰਾ’ (Axis of Resistance) ਦੇ ਮਲੀਸ਼ੀਆ ’ਤੇ ਸਾਂਝਾ ਹਮਲਾ ਕੀਤਾ ਸੀ! ਹੁਣ ਜਦੋਂ ਉਹੀ ਮਲੀਸ਼ੀਆ ਨੇ ਇਸ ਦੀ ਈਸਟ-ਵੈਸਟ ਪਾਈਪਲਾਈਨ ਤਬਾਹ ਕਰ ਦਿੱਤੀ ਹੈ ਤਾਂ ਸਾਊਦੀ ਅਰਬ ਉਸ ਦੇ ਖਿਲਾਫ਼ ਬਦਲੇ ਦੀ ਕਾਰਵਾਈ ਕਰਨ ਦੀ ਹਿੰਮਤ ਨਹੀਂ ਜੁਟਾ ਸਕਿਆ! ਇਸ ਨੇ ਸਿਰਫ ਇੰਨਾ ਕੀਤਾ ਕਿ ਇਰਾਕ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਲੀਸ਼ੀਆ ਨੂੰ ਸਾਊਦੀ ਅਰਬ ਤੇ ਦੁਬਾਰਾ ਹਮਲਾ ਕਰਨ ਤੋਂ ਰੋਕੇ! ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਯਮਨ ਦੀ ਹੂਥੀ ਸਰਕਾਰ ਨੇ ਰਾਸ਼ਟਰਪਤੀ ਟਰੰਪ ਨੂੰ ਫੋਨ ਕਰਕੇ ਕਿਹਾ ਹੈ ਕਿ ਅਮਰੀਕਾ, ਯਮਨ ਦੇ ਮਾਮਲਿਆਂ/ਜੰਗ ’ਚ ਦਖਲ ਨਾ ਦੇਵੇ ਅਤੇ ਜੇ ਉਸ ਨੇ ਅਜਿਹਾ ਕੀਤਾ ਤਾਂ ਬਾਬ ਅਲ-ਮੈਨਡੇਰ ਸਮੁੰਦਰੀ ਰੂਟ ਰਾਹੀਂ ਉਸ ਦਾ ਕੋਈ ਵੀ ਜਹਾਜ਼, ਲਾਲ ਸਾਗਰ ’ਚ ਆਉਣ-ਜਾਣ ਨਹੀਂ ਕਰ ਸਕੇਗਾ। ਰਾਸ਼ਟਰਪਤੀ ਟਰੰਪ ਨੇ ਇਹ ਤਾਂ ਮੰਨਿਆ ਹੈ ਕਿ ਹੂਥੀਆਂ ਦਾ ਫੋਨ ਆਇਆ ਸੀ ਪਰ ਇਹ ਨਹੀਂ ਦੱਸਿਆ ਕਿ ਜਹਾਜ਼ਾਂ ਦੀ ਆਵਾਜਾਈ ਸਬੰਧੀ ਉਨ੍ਹਾਂ ਨੇ ਕੋਈ ਧਮਕੀ ਵੀ ਦਿੱਤੀ ਸੀ!



ਹੂਥੀ ਫੌਜ ਨੇ ਯਮਨ ਸਰਕਾਰ ਦੀਆਂ ਫੌਜਾਂ ਅਤੇ ਸਾਊਦੀ ਅਰਬ ਤੇ ਧਾਵਾ ਬੋਲਣ ਲਈ ਸਮੇਂ ਦੀ ਚੋਣ ਬਹੁਤ ਹੀ ਚਲਾਕੀ ਤੇ ਸਿਆਣਪ ਨਾਲ ਕੀਤੀ ਹੈ। ਇੰਨਾ ਦਾ ਯਮਨ ਦੀ ਰਾਜਧਾਨੀ ਸਾਨਾ (SAN’A’), ਸਾਨਾ ਅੰਤਰਰਾਸ਼ਟਰੀ ਏਅਰਪੋਰਟ ਅਤੇ ਦੇਸ਼ ਦੀ 70 ਪ੍ਰਤੀਸ਼ਤ ਆਬਾਦੀ ਵਾਲੇ ਇਲਾਕਿਆਂ ਤੇ ਤਾਂ ਪਹਿਲਾਂ ਹੀ ਕਬਜ਼ਾ ਸੀ ਅਤੇ ਉਨ੍ਹਾਂ ਨੇ ਆਪਣਾ ਪ੍ਰਧਾਨ ਮੰਤਰੀ ਵਗੈਰਾ ਚੁਣਕੇ ਬਕਾਇਦਾ ਅਨਸਰਅੱਲਾ ਹਕੂਮਤ ਕਾਇਮ ਕੀਤੀ ਹੋਈ ਸੀ! ਪਹਿਲੀ ਸਰਕਾਰ ਨੇ ਭੱਜ ਕੇ ਗਵਾਂਢੀ ਮੁਲਕ ਸਾਊਦੀ ਅਰਬ ’ਚ ਸ਼ਰਨ ਲੈ ਲਈ ਸੀ ਅਤੇ ਉਹ ਉਥੋਂ ਹੀ ਜਲਾਵਤਨ ਸਰਕਾਰ ਦੇ ਤੌਰ ’ਤੇ ਅਪਰੇਟ ਕਰਦਿਆਂ ਯਮਨ ਦੀ 25-30 ਪ੍ਰਤੀਸ਼ਤ ਅਬਾਦੀ ’ਤੇ ਹਕੂਮਤ ਕਰਦੀ ਸੀ। 2 ਅਪ੍ਰੈਲ 2022 ’ਚ ਯੂਨਾਈਟਡ ਨੇਸ਼ਨਜ ਵੱਲੋਂ ਕਰਵਾਏ ਵਕਤੀ ਸਮਝੌਤੇ ਦੇ ਛੇ ਮਹੀਨੇ ਬਾਅਦ ਹੀ ਖ਼ਤਮ ਹੋਣ ਦੇ ਬਾਵਜੂਦ, ਦੋਵਾਂ ਸਰਕਾਰਾਂ ’ਚ ਮੁਕਾਬਲਤਨ ਸ਼ਾਂਤੀ ਦਾ ਦੌਰ ਚੱਲ ਰਿਹਾ ਸੀ।

ਪਿਛਲੇ ਕੁਝ ਸਾਲਾਂ ’ਚ ਇਰਾਨ ਵਾਂਗ ਯਮਨ ਦੇ ਹੂਥੀ ਵੀ ਫ਼ੌਜੀ ਤੌਰ ’ਤੇ ਕਾਫ਼ੀ ਮਜ਼ਬੂਤ ਹੋਏ ਸਨ ਅਤੇ ਉਨ੍ਹਾਂ ਨੂੰ ਇਹ ਵੀ ਦਿਸ ਰਿਹਾ ਸੀ ਕਿ ਯਮਨ ਦੀ ਜਲਾਵਤਨੀ ਸਰਕਾਰ, ਯਮਨ ਦੀ ਉਸ 25-30 ਪ੍ਰਤੀਸ਼ਤ ਆਬਾਦੀ ’ਚ ਵੀ ਬਦਨਾਮ ਹੋ ਚੁੱਕੀ ਹੈ ਜਿਨ੍ਹਾਂ ਤੇ ਉਹ ਹਕੂਮਤ ਕਰਦੀ ਹੈ! ਪਰ ਫਿਰ ਵੀ ਹੂਥੀ ਫੌਜ, ਸਰਕਾਰੀ ਫੌਜਾਂ ਨੂੰ ਖਦੇੜਕੇ ਸਾਰੇ ਦੇਸ਼ ’ਚ ਹੂਥੀ (ਅਨਸਰਅੱਲਾ) ਹਕੂਮਤ ਕਾਇਮ ਕਰਨ ਲਈ ਤਿਆਰ ਬੈਠੀ ਹੋਣ ਦੇ ਬਾਵਜੂਦ ਜੰਗ ਨਹੀਂ ਸੀ ਛੇੜ ਰਹੀ! ਆਖਿਰ ਸਾਊਦੀ ਅਰਬ ਦੀ ਬੇਵਕੂਫ਼ੀ ਨੇ ਹੂਥੀ ਫੌਜ ਨੂੰ ਪੂਰੀ-ਸੂਰੀ ਜੰਗ ਛੇੜਨ ਦ ਬਹਾਨਾ ਮੁਹੱਈਆ ਕਰ ਦਿੱਤਾ।

ਹੋਇਆ ਇਹ ਕਿ ਇਜ਼ਰਾਈਲ ਵਲੋਂ ਕਤਲ ਕੀਤੇ ਇਰਾਨ ਦੇ ਸੁਪਰੀਮ ਲੀਡਰ ਅਲੀ ਖਮਾਐਨੀ ਦੀਆਂ ਅੰਤਮ ਰਸਮਾਂ ਤੇ ਇਰਾਨ ਗਿਆ ਹੂਥੀ ਡੈਲੀਗੇਸ਼ਨ ਵਾਪਿਸ ਫਲਾਈਟ ਲੈਕੇ ਯਮਨ ਦੇ ਸਾਨਾ ਅੰਤਰਰਾਸ਼ਟਰੀ ਏਅਰਪੋਰਟ ਤੇ ਉਤਰਿਆ। ਪਰ ਸਾਊਦੀ ਅਰਬ ਨੇ ਯਮਨ ਦੇ ਇਸ ਏਅਰਪੋਰਟ ਤੇ ਫਲਾਈਟਾਂ ਦੇ ਉਤਰਨ ‘ਤੇ ਅਣਐਲਾਨੀ ਪਾਬੰਦੀ ਲਾਈ ਹੋਈ ਸੀ। ਇਸ ਲਈ ਹੰਕਾਰੇ ਸਾਊਦੀ ਅਰਬ ਦੀ ਏਅਰਫੋਰਸ ਨੇ 13 ਅਗਸਤ ਨੂੰ ਇਸ ਏਅਰਪੋਰਟ ਤੇ ਹਮਲਾ ਕਰ ਦਿੱਤਾ। ਫਿਰ ਕੀ? ਹੂਥੀ ਫੌਜ ਜਿਹੜੀ ਬਕਾਇਦਾ ਯੁੱਧ ਲੜਨ ਪਹਿਲਾਂ ਹੀ ਪੱਬਾਂ-ਭਾਰ ਬੈਠੀ ਸੀ ਨੇ ਮੋੜਵੀਂ ਕਾਰਵਾਈ ਕੀਤੀ ਤਾਂ ਜੰਗ ਭੜਕ ਪਈ।

ਯਮਨ ਦੀ ਹੂਥੀ (ਅਨਸਰਅੱਲਾ) ਸਰਕਾਰ ਸਿਰਫ਼ ਯਮਨ ਦੀਆਂ ਸਰਕਾਰੀ ਫੌਜਾਂ ਅਤੇ ਸਾਊਦੀ ਅਰਬ ਦੀਆਂ ਫ਼ੌਜਾਂ ਨਾਲ ਲੜਨਾ ਚਾਹੁੰਦੀ ਸੀ ਅਤੇ ਇਹ ਨਹੀਂ ਸੀ ਚਾਹੁੰਦੀ ਕਿ ਇਸ ਜੰਗ ’ਚ ਅਮਰੀਕਾ ਅਤੇ ਇਜ਼ਰਾਈਲ ਵੀ, ਇਨ੍ਹਾਂ ਦੋ ਦੁਸ਼ਮਣਾਂ ਦੀ ਸਹਾਇਤਾ ਲਈ ਆਉਣ! ਇਸ ਪ੍ਰਸੰਗ ’ਚ ਹੂਥੀ ਸਰਕਾਰ ਲਈ ਯੁੱਧ ਲੜਨ ਦਾ ਇਹ ਵਧੀਆ ਮੌਕਾ ਸੀ? ਕਿਉਂਕਿ ਉਸਦੀ ਗਿਣਤੀ-ਮਿਣਤੀ ਸੀ ਕਿ ਚੋਣ ਦੰਗਲ ਦੀਆਂ ਲੋੜਾਂ ’ਚ ਕਸੂਤੇ ਫਸੇ ਅਤੇ ਇਰਾਨ ਤੋਂ ਇੱਕ ਵਾਰ ਸ਼ਿਕਸਤ ਖਾ ਚੁੱਕੇ ਅਮਰੀਕਾ ਅਤੇ ਇਜ਼ਰਾਈਲ, ਇਸ ਜੰਗ ’ਚ ਸਿੱਧੀ ਸ਼ਮੂਲੀਅਤ ਕਰਨ ਦੀ ਜੁਰਅਤ ਨਹੀਂ ਕਰਨਗੇ! ਇਹ ਚੋਣਾਂ ’ਚ ਹੋਣ ਵਾਲੀ ਜਿੱਤ-ਹਾਰ ਦਾ ਤਕਾਜ਼ਾ ਹੈ ਕਿ ਰਾਸ਼ਟਰਪਤੀ ਟਰੰਪ ਇਨ੍ਹਾਂ ਚੋਣਾਂ ਤੋਂ ਪਹਿਲਾਂ ਇਰਾਨ ਅਤੇ ਯਮਨ ਨਾਲ ਯੁੱਧ ਨਹੀਂ ਚਾਹੁੰਦਾ! ਜੇ ਅਜਿਹਾ ਕਰਦਾ ਹੈ ਤਾਂ ਉਸ ਦੀ ਰਿਪਬਲਿਕ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਧਰ ਇਜ਼ਰਾਈਲ ’ਚ ਵੀ 27 ਅਕਤੂਬਰ ਨੂੰ ਵਿਧਾਨਸਭਾ ਦੀਆਂ ਚੋਣਾਂ ਹੋ ਰਹੀਆਂ ਹਨ ਜੀਹਦੇ ’ਚ ਨਿਤਨਯਾਹੂ ਦੁਬਾਰਾ ਪ੍ਰਧਾਨ ਮੰਤਰੀ ਬਣਨ ਦਾ ਇੱਛੁਕ ਤਾਂ ਹੈ, ਪਰ ਉਸਦੀ ਇਹ ਇੱਛਾ ਪੂਰੀ ਹੋਣ ਦੀ ਵੱਧ ਸੰਭਾਵਨਾ ਤਾਂ ਹੀ ਬਣ ਸਕਦੀ ਹੈ ਜੇ ਜੰਗ ਚੱਲਦੀ ਰਹੇ! ਪਰ ਉਹ ਫਲਸਤੀਨ ਅਤੇ ਲਿਬਨਾਨ ’ਚ ਤਾਂ ਇਕੱਲਾ ਜੰਗ ਜਾਰੀ ਰੱਖ ਸਕਦਾ ਹੈ, ਪਰ ਇਰਾਨ ਅਤੇ ਯਮਨ ਦੀ ਹੂਥੀ ਹਕੂਮਤ ਖਿਲਾਫ਼ ਜੰਗ ਲੜਨ ਲਈ ਉਸ ਨੂੰ ਅਮਰੀਕਾ ਦੀ ਇਸ ਜੰਗ ’ਚ ਸਿੱਧੀ ਸ਼ਮੂਲੀਅਤ ਅਤੇ ਸਹਾਇਤਾ ਦੀ ਲੋੜ ਹੈ ਜੋ ਕਿ ਅਮਰੀਕੀ ਚੋਣਾਂ ਤੋਂ ਪਹਿਲਾਂ ਸੰਭਵ ਨਹੀਂ!

ਇਹ ਸਪੱਸ਼ਟ ਹੈ ਕਿ ਇਸ ਸਮੇਂ; ਯਮਨ ਦੇ ਹੂਥੀ, ਇਰਾਕ ’ਚ ਟਾਕਰੇ ਦਾ ਧੁਰਾ, ਲਿਬਨਾਨ ਚ ਹਜ਼ਬਉਲਾ ਅਤੇ ਫਲਸਤੀਨ ’ਚ ਕਿਸੇ ਹੱਦ ਤਕ ਹਮਾਸ ਵੀ! ਇਰਾਨ ਨਾਲ ਲਗਾਤਾਰ ਤਾਲਮੇਲ ’ਚ ਹਨ। ਇਹ ਤਾਲਮੇਲ ਕਿਸੇ ਨਾਲ ਢਿੱਲਾ-ਮੱਠਾ ਅਤੇ ਕਿਸੇ ਨਾਲ ਪੀਡਾ ਹੋ ਸਕਦਾ ਹੈ, ਪਰ ਇੱਕ ਗੱਲ ਪੱਕੀ ਹੈ ਕਿ ਉਹ ਇਰਾਨ ਦੇ ਪ੍ਰਤੀਨਿਧੀ (Proxy) ਨਹੀਂ ਹਨ ਜਿਵੇਂ ਕਿ ਸਰਮਾਏਦਾਰ ਸਰਕਾਰਾਂ ਤੇ ਉਨ੍ਹਾਂ ਦਾ ਝੋਲੀ ਚੁੱਕ ਮੀਡੀਆ ਉਨ੍ਹਾਂ ਨੂੰ ਪੇਸ਼ ਕਰਦਾ ਹੈ। ਉਨ੍ਹਾਂ ਦੇ ਆਪਣੇ ਦੇਸ਼ੀ/ਕੌਮੀ ਸਿਆਸੀ ਹਿੱਤ ਹਨ ਅਤੇ ਇਸੇ ਸੰਦਰਭ ’ਚ ਹੀ ਉਹ ਲੜਦੇ ਤੇ ਫੈਸਲੇ ਲੈਂਦੇ ਹਨ!

43 ਕਰੋੜ ਦੀ ਆਬਾਦੀ ਵਾਲਾ ਦੇਸ਼ ਯਮਨ ਇੱਕ ਗਰੀਬ ਮੁਲਕ ਹੈ। ਇਸ ਦੀ 80 ਪ੍ਰਤੀਸ਼ਤ ਆਬਾਦੀ ਗਰੀਬੀ ਦੀ ਰੇਖਾ ਦੇ ਹੇਠ ਜੀਅ ਰਹੀ ਹੈ। ਇਹ ਦੇਸ਼ ਕਿੰਨੇ ਹੀ ਆਰਥਿਕ ਜ਼ੋਨਾਂ ’ਚ ਵੰਡਿਆ ਹੈ ਅਤੇ ਇੱਥੇ ਦੋ ਸਰਕਾਰਾਂ ਸਮਾਨੰਤਰ ਚੱਲ ਰਹੀਆਂ ਹਨ। ਇਕ ਹੈ ਯੂਐਨਓ ਵਲੋਂ ਮਾਨਤਾ ਪ੍ਰਾਪਤ ਪਰ ਜਲਾਵਤਨ ਸਰਕਾਰ, ਜੋ ਸਾਊਦੀ ਅਰਬ ’ਚ ਬੈਠ ਕੇ, ਯਮਨ ਦੀ ਤੀਹ ਪ੍ਰਤੀਸ਼ਤ ਆਬਾਦੀ ਤੇ ਹਕੂਮਤ ਚਲਾ ਰਹੀ ਸੀ। ਪਰ ਹੁਣ ਹੂਥੀ ਫੌਜ ਨੇ ਆਪਣੇ ਤਾਜ਼ਾ ਹਮਲੇ ’ਚ ਇਸ ਨੂੰ ਲਾਲ ਸਾਗਰ ਦੇ ਨਾਲ ਲੱਗਦੇ ਸਾਰੇ ਇਲਾਕੇ ’ਚੋਂ ਖਦੇੜ ਦਿੱਤਾ ਹੋਣ ਕਰਕੇ, ਇਸ ਦੀ ਹਕੂਮਤ ਹੇਠ ਸਿਰਫ 10-15 ਪ੍ਰਤੀਸ਼ਤ ਆਬਾਦੀ ਹੀ ਰਹਿ ਗਈ ਹੈ। ਦੂਜੀ ਹੈ ਹੂਥੀਆਂ ਦੀ ਅਨਸਰਅੱਲਾ ਸਰਕਾਰ ਜਿਸ ਦੇ ਅਧੀਨ ਯਮਨ ਦੀ 85-90 ਪ੍ਰਤੀਸ਼ਤ ਆਬਾਦੀ ਆਉਂਦੀ ਹੈ, ਪਰ ਇਹ ਯੂਐਨਓ ’ਚ ਯਮਨ ਦੀ ਪ੍ਰਤੀਨਿਧਤਾ ਨਹੀਂ ਕਰਦੀ।

ਯਮਨ ਦਾ ਉਤਪਾਦਨ ਅਧਾਰ ਬਹੁਤ ਕਮਜ਼ੋਰ ਹੈ। ਯੂਐਨਓ ਵੱਲੋਂ ਮਾਨਤਾ ਪ੍ਰਾਪਤ ਪਰ ਯਲਾਵਤਨ ਸਰਕਾਰ ਹੇਠਲੇ ਇਲਾਕੇ ’ਚ ਕਰੰਸੀ ਦੀ ਲਗਾਤਾਰ ਕਦਰ ਘਟਾਈ ਹੋ ਰਹੀ ਹੈ ਅਤੇ ਬੇਰੁਜ਼ਗਾਰੀ ਤੇ ਮਹਿੰਗਾਈ ਸਿਖਰਾਂ ਛੋਹ ਗਈ ਹੈ। ਹੂਥੀ ਸਰਕਾਰ ਦੇ ਅਧੀਨ ਆਉਂਦੇ ਇਲਾਕੇ ’ਚ ਕੈਸ਼ ਤਰਲਤਾ ਦੀ ਘਾਟ ਹੈ ਅਤੇ ਇਹ ਅਮਰੀਕਾ ਤੇ ਸਾਊਦੀ ਅਰਬ ਦੀਆਂ ਅਣਐਲਾਨੀਆਂ ਪਾਬੰਦੀਆਂ ਦੀ ਮਾਰ ਝੱਲ ਰਿਹਾ ਹੈ। ਪਰ ਅਲ ਯਾਜੀਰਾ ਦੀ ਰਿਪੋਰਟ ਮੁਤਾਬਕ ਪਿਛਲੇ ਕੁਝ ਸਾਲਾਂ ’ਚ ਹੂਥੀ ਸਰਕਾਰ ਨੇ ਆਰਥਿਕਤਾ ਦੀ ਮੁੜ ਉਸਾਰੀ ਕੀਤੀ ਹੈ ਅਤੇ ਕੈਸ਼ ਤਰਲਤਾ ਦੀ ਘਾਟ ਨੂੰ ਦੂਰ ਕਰਨ ਲਈ ਕਈ ਬਿਲੀਅਨ ਡਾਲਰ ਵੀ ਇਕੱਠੇ ਕੀਤੇ ਹਨ।

ਯਮਨ ਦੀ ਇਸ ਹੂਥੀ ਮੂਵਮੈਂਟ ਨੇ ਸਟੇਟ ਖਿਲਾਫ਼ 18 ਜੂਨ 2004 ਨੂੰ ਉਤਰੀ ਯਮਨ ਦੀਆਂ ਪਹਾੜੀਆਂ ਚ ਗੁਰੀਲਾ ਲੜਾਈ ਸ਼ੁਰੂ ਕੀਤੀ ਸੀ ਅਤੇ ਉਹ 9 ਸਤੰਬਰ 2014 ਦੇਸ਼ ਦੀ ਰਾਜਧਾਨੀ ‘ਸਾਨਾ’ ਸ਼ਹਿਰ ’ਚ ਦਾਖਲ ਹੋ ਗਏ। ਉਥੇ 12 ਦਿਨ ਦੀ ਗਹਿਗੱਚ ਲੜਾਈ ਤੋਂ ਬਾਅਦ ਉਨ੍ਹਾਂ ਨੇ 21 ਸਤੰਬਰ ਨੂੰ ਸਰਕਾਰੀ ਹੈੱਡਕੁਆਟਰਾਂ ’ਤੇ ਕਬਜ਼ਾ ਕਰਕੇ ਰਾਜਧਾਨੀ ਸਾਨਾ ‘ਕੰਟਰੋਲ ਸਥਾਪਤ ਕਰ ਲਿਆ। ਪਰ ਸਾਰੇ ਦਸ ਤੇ ਕਬਜ਼ਾ ਨਹੀਂ ਕਰ ਸਕੇ। ਇਸ ਲਈ ਦੇਸ਼ ’ਚ ਦੋ ਸਮਾਨ-ਅੰਤਰ ਸਰਕਾਰਾਂ ਚੱਲਣ ਲੱਗੀਆਂ; ਉਤਰੀ ਯਮਨ ’ਚ ਇਰਾਨ ਦੀ ਸਪੋਰਟ ਵਾਲੀ ਅਨਸਰਅੱਲਾ (ਹੈਥੀ) ਸਰਕਾਰ ਅਤੇ ਦੱਖਣੀ ਯਮਨ ’ਚ ਯੂਐਨਓ ਤੋਂ ਮਾਨਤਾ ਪ੍ਰਾਪਤ ਪਹਿਲੇ ਵਾਲੀ ਸਰਕਾਰ। ਆਪਣੀ ਸਰਕਾਰ ਬਣਾਉਣ ਤੋਂ ਬਾਅਦ ਹੂਥੀਆਂ ਨੇ ਇਰਾਨ ਦੀ ਮਦਦ, ਸਥਾਨਕ ਹਥਿਆਰਬੰਦ ਵਾਲੇ ਮਿਸਤਰੀਆਂ ਦੀਆਂ ਸੇਵਾਵਾਂ ਅਤੇ ਪਹਿਲਾਂ ਵਾਲੀ ਸਰਕਾਰ ਤੋਂ ਖੋਹੇ ਹਥਿਆਰ ਤੇ ਹੋਰ ਸਾਜੋ-ਸਾਮਾਨ ਦੇ ਅਧਾਰ ਤੇ ਆਪਣੀ ਫੌਜ ਖੜੀ ਕਰ ਲਈ। ਉਨ੍ਹਾਂ ਨੇ ਤਕਨੀਕੀ ਗਿਆਨ, ਮਿਜ਼ਾਈਲ ਡੀਜ਼ਾਇਨ ਅਤੇ ਬਲਾਸਟਿਕ ਮਿਜ਼ਾਈਲਾਂ ਤੇ ਡਰੋਨਾਂ ਲਈ ਇਰਾਨ ਤੋਂ ਮਦਦ ਲਈ ਅਤੇ ਆਪਣਾ ਮਿਲਟਰੀ ਉਦਯੋਗਿਕ ਅਧਾਰ ਤਿਆਰ ਕਰ ਲਿਆ। ਹੁਣ ਉਹ ਬਨਾਉਟੀ ਇੰਟੈਲੀਜੈਂਸ ਅਤੇ ਹੋਰ ਟੂਲਜ਼ ਵਰਤਕੇ, ਵਿਕਸਤ ਹਥਿਆਰ ਵਿਕਸਿਤ ਕਰ ਰਹੇ ਅਤੇ ਇਰਾਨ ਤੇ ਨਿਰਭਰਤਾ ਨੂੰ ਲਗਾਤਾਰ ਘਟਾ ਰਹੇ ਹਨ। ਹੁਣ ਜਿਸ ਗਤੀ ਨਾਲ ਹੂਥੀ ਫੌਜ ਅੱਗੇ ਵਧ ਰਹੀ ਹੈ, ਸੰਭਾਵਨਾ ਇਹ ਹੈ ਉਹ ਬਹੁਤ ਜਲਦ ਸਰਕਾਰੀ ਫ਼ੌਜ ਨੂੰ ਹਰਾ ਕੇ ਸਾਰੇ ਦੇਸ਼ ’ਚ ਹੂਥੀ ਸਰਕਾਰ ਕਾਇਮ ਕਰ ਲਵੇਗੀ। ਇਹ ਹੂਥੀ (ਅਨਸਰਅੱਲਾ) ਸਰਕਾਰ ਕੋਈ ਇਨਕਲਾਬੀ ਸਰਕਾਰ ਨਹੀਂ, ਇਹ ਇਰਾਨ ਵਾਂਗ ਪਿਛਾਖੜੀ ਇਸਲਾਮੀ ਵਿਚਾਰਧਾਰਾ ਦੀ ਝੰਡਾ-ਬਰਦਾਰ ਸਰਕਾਰ ਹੈ। ਪਰ ਜਦੋਂ ਤੱਕ ਇਸ ਦੀ ਲੜਾਈ ਦਾ ਚੋਟ-ਨਿਸ਼ਾਨਾ ਸਾਮਰਾਜ ਅਤੇ ਖਾਸ ਕਰਕੇ ਅਮਰੀਕੀ ਤੇ ਪੱਛਮੀ ਸਾਮਰਾਜ ਹੈ, ਸਾਨੂੰ ਇਸ ਦੀ ਡਟਵੀਂ ਹਮਾਇਤ ਕਰਨੀ ਚਾਹੀਦੀ ਹੈ!

# ਅਜ਼ਾਦ ਭਾਰਤ ਵਿੱਚ ਪੇਂਡੂ ਮਜਦੂਰਾਂ ਦੀ ਹਾਲਤ

*ਗੁਲਾਮੀ ਦੀ ਜੂਨ ਹੰਡਾਉਂਦੇ ਮਜ਼ਦੂਰ-ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਅਰੇ ਨਾਲ਼ ਸੰਸਾਰ ਵਿੱਚ ਸਰਮਾਏਦਾਰੀ ਪ੍ਰਬੰਧ ਦਾ ਆਗਮਨ ਹੁੰਦਾ ਹੈ। ਗੁਲਾਮਦਾਰੀ ਯੁੱਗ ਦੇ ਕਿਰਤੀ ਪਸ਼ੂਆਂ ਵਾਂਗ ਮਾਲਕ ਦੇ ਸਿੱਧੇ ਗੁਲਾਮ ਸਨ ਪਰ ਬੇਰੁਜ਼ਗਾਰ ਨਹੀਂ ਸਨ, ਮਾਲਕ ਆਪਣੀ ਲੋੜ ਨੂੰ ਉਹਨਾਂ ਨੂੰ ਜਿੰਦਾ ਰੱਖਦਾ ਸੀ। ਭਾਵੇਂ ਕਿ ਪਸ਼ੂਆਂ ਵਾਂਗ ਉਹਨਾਂ ਨੂੰ ਵੇਚ-ਖਰੀਦ ਸਕਦਾ ਸੀ। ਜਗੀਰਦਾਰੀ ਯੁੱਗ ਦੇ ਕਿਰਤੀ ਕਿਸਾਨ, ਭੂਮੀ ਗੁਲਾਮ ਜਾਂ ਮੁਜਾਰੇ ਦੇ ਤੌਰ 'ਤੇ ਆਪਣੀ ਵਾਫਰ ਕਿਰਤ ਦਾ ਵੱਡਾ ਹਿੱਸਾ ਜਗੀਰਦਾਰਾਂ ਦੇ ਹਵਾਲੇ ਕਰਨ ਲਈ ਮਜਬੂਰ ਸਨ।*

**ਸੁਖਦੇਵ**



1947 ਵਿੱਚ ਅੰਗਰੇਜ਼ ਬਸਤੀਵਾਦੀ ਹਾਕਮਾਂ ਤੋਂ ਸੱਤਾ ਭਾਰਤ ਦੀ ਸਰਮਾਏਦਾਰ ਜਮਾਤ ਦੇ ਨੁਮਾਇੰਦਿਆਂ ਦੇ ਹੱਥ ਆ ਜਾਂਦੀ ਹੈ। ਉਸ ਦੌਰ ਦੀਆਂ ਬਾਹਰਮੁਖੀ ਹਾਲਤਾਂ ਜਿਹਨਾਂ ਕਾਰਨ ਬਸਤੀਵਾਦੀ ਹਾਕਮ ਭੱਜਣ ਲਈ ਮਜਬੂਰ ਹੋਏ ਸਾਡੇ ਇਸ ਲੇਖ ਦਾ ਵਿਸ਼ਾ ਨਹੀਂ ਹੈ। ਜਿੱਥੇ ਪੱਛਮੀ ਯੂਰਪ ਵਿੱਚ ਸਰਮਾਏਦਾਰੀ ਨੇ ਆਪਣੇ ਮੁੱਢਲੇ ਦੌਰ ਵਿੱਚ ਮੱਧਯੁਗੀ ਜਗੀਰੂ ਸਬੰਧਾਂ ਨੂੰ ਇਨਕਲਾਬੀ ਤਰੀਕੇ ਨਾਲ਼ ਖਤਮ ਕਰ ਦਿੱਤਾ ਸੀ ਉਥੇ ਭਾਰਤ ਦੇ ਨਵੇਂ ਹਾਕਮਾਂ ਨੇ ਧੀਮੇ ਸੁਧਾਰਾਂ ਨਾਲ਼ ਜਗੀਰੂ ਸਬੰਧਾਂ ਨੂੰ ਸਰਮਾਏਦਾਰਾ ਸਬੰਧਾਂ ਵਿੱਚ ਬਦਲਣ ਦਾ ਰਾਹ ਫੜਿਆ। ਮੱਧ ਅਤੇ ਪੂਰਬੀ ਯੂਰਪ ਦੇ ਮੁਲਕਾਂ ਨੇ ਜਗੀਰਦਾਰਾਂ ਨਾਲ਼ ਸਮਝੌਤਿਆਂ ਰਾਹੀਂ ਸਰਮਾਏਦਾਰੀ ਸਬੰਧ ਲਾਗੂ ਕਰਨ ਦਾ ਜਿਹੜਾ ਤਰੀਕਾ ਅਪਣਾਇਆ ਸੀ, ਉਸੇ ਨੂੰ ਭਾਰਤ ਦੇ ਸਰਮਾਏਦਾਰ ਹਾਕਮਾਂ ਨੇ ਅਪਣਾਇਆ। ਭਾਵੇਂ 1947 ਵਿੱਚ ਭਾਰਤ ਦੀ ਆਰਥਿਕਤਾ ਸਰਮਾਏਦਾਰੀ ਵਿਕਾਸ ਦੇ ਰਾਹ ਪੈ ਗਈ ਸੀ, ਪਰ ਪੇਂਡੂ ਖੇਤਰ ਵਿੱਚ ਜਗੀਰਦਾਰੀ ਦਾ ਮਜਬੂਤ ਬੋਲ-ਬਾਲਾ ਸੀ। ਦੇਸੀ ਰਿਆਸਤਾਂ ਦੇ ਰਾਜੇ ਰਜਵਾੜੇ ਅਤੇ ਵੱਡੇ ਜਗੀਰਦਾਰਾਂ ਦੀ ਹੋਂਦ ਸਰਮਾਏਦਾਰਾ ਵਿਕਾਸ ਦੇ ਰਾਹ ਦੀ ਵੱਡੀ ਰੁਕਾਵਟ ਸੀ। ਇੱਕ ਪਾਸੇ ਮੁਲਕ ਦੇ ਕਈ ਹਿੱਸਿਆਂ ਵਿੱਚ ਕਿਸਾਨ ਘੋਲ਼ ਚੱਲ ਰਹੇ ਸਨ, ਮੁਜਾਰੇ ਕਿਸਾਨ, ਜਗੀਰਦਾਰੀ ਵਿਰੁੱਧ ਬਹਾਦਰੀ ਨਾਲ਼ ਲੜਾਈ ਲੜ ਰਹੇ ਸਨ, ਦੂਜੇ ਪਾਸੇ ਨਵੇਂ ਸਰਮਾਏਦਾਰਾ ਹਾਕਮਾਂ ਨੇ ਵੱਡੇ ਜਗੀਰਦਾਰਾਂ ਨੂੰ ਵੱਡੀਆਂ ਰਿਆਇਤਾਂ ਦੇ ਕੇ, ਉਹਨਾਂ ਨੂੰ ਸਰਮਾਏਦਾਰ ਭੂਮੀਪਤੀਆਂ ਦੇ ਰੂਪ ਵਿੱਚ ਬਦਲਣ ਦਾ ਰਾਹ ਪੱਧਰਾ ਕੀਤਾ। ਬਿਨਾਂ ਸ਼ੱਕ ਕਿਸਾਨ ਘੋਲ਼ਾਂ ਦੇ ਦਬਾਅ ਸਦਕਾ ਅਤੇ ਸਰਮਾਏਦਰੀ ਵਿਕਾਸ ਦੇ ਰਾਹ ਦੀਆਂ ਰੋਕਾਂ ਦੂਰ ਕਰਨ ਦੀ ਅਣਸਰਦੀ ਨੀਤੀ ਤਹਿਤ ਜ਼ਮੀਨੀ ਸੁਧਾਰ ਵੀ ਕੀਤੇ ਗਏ। ਜ਼ਿਮੀਦਾਰਾ ਖਾਤਮਾ ਕਨੂੰਨ ਅਤੇ ਲੰਗੜੇ ਲੂਲ੍ਹੇ ਭੂਮੀ ਹੱਦਬੰਦੀ ਕਨੂੰਨ ਵੀ ਲਾਗੂ ਕੀਤੇ ਗਏ। ਭਾਵੇਂ ਕਿ ਬਹੁਤ ਸਾਰੀਆਂ ਚੋਰ ਮੋਰੀਆਂ ਰਾਹੀਂ ਬਹੁਤੀ ਜਗ੍ਹਾ ਪੁਰਾਣੇ ਜਗੀਰੂ ਭੂਮੀਪਤੀ ਆਪਣੀਆਂ ਜਾਇਦਾਦਾਂ 'ਤੇ ਕਬਜਾ ਬਣਾਈ ਰੱਖਣ ਵਿੱਚ ਕਾਮਯਾਬ ਰਹੇ। ਪੁਰਾਣੇ ਜਗੀਰਦਾਰ ਨਵੇਂ ਵੱਡੇ ਸਰਮਾਏਦਾਰਾ ਭੂਮੀਪਤੀਆਂ ਵਿੱਚ ਬਦਲ ਰਹੇ ਸਨ। ਸੱਭਿਆਚਾਰਕ ਖੇਤਰ ਵਿੱਚ ਪੁਰਾਣਾ ਜਗੀਰੂ ਦਬਦਬਾ ਕਾਫੀ ਹੱਦ ਤੱਕ ਕਾਇਮ ਰਿਹਾ। ਜਿਸ ਵਿੱਚ ਮੁਲਕ ਦੇ ਜਾਤ-ਪਾਤੀ ਪ੍ਰਬੰਧ ਦਾ ਵੀ ਵੱਡਾ ਯੋਗਦਾਨ ਹੈ। ਅਨਾਜ ਦੇ ਮਾਮਲੇ ਵਿੱਚ ਸਵੈ ਨਿਰਭਰਤਾ ਲਈ, ਹਰੇ ਇਨਕਲਾਬ ਦੀਆਂ ਨੀਤੀਆਂ ਮੁਲਕ ਦੇ ਕਈ ਹਿੱਸਿਆਂ ਵਿੱਚ ਲਾਗੂ ਹੋਈਆਂ। ਨਵੀਂ ਮਸ਼ੀਨਰੀ, ਉਨਤ ਕਿਸਮ ਦੀਆਂ ਖਾਦਾਂ, ਕੀਟਨਾਸ਼ਕਾਂ ਤੇ ਉਨਤ ਬੀਜਾਂ 'ਤੇ ਜੋਰ ਦੇਣ ਵਾਲ਼ੀ ਹਰੇ ਇਨਕਲਾਬ ਦੀ ਨੀਤੀ, ਖੇਤੀ ਵਿੱਚ ਸਰਮਾਏਦਾਰੀ ਮਾਡਲ ਲਾਗੂ ਕਰਨ ਦੀ ਨੀਤੀ ਸੀ। ਕੁੱਲ ਮਿਲ਼ਾ ਕੇ ਭਾਰਤ ਦੀ ਸਰਮਾਏਦਾਰ ਜਮਾਤ ਮੁਲਕ ਨੂੰ ਸਰਮਾਏਦਾਰਾ ਲੀਹਾਂ 'ਤੇ ਅੱਗੇ ਲਿਜਾਣ ਵਿੱਚ ਕਾਫੀ ਹੱਦ ਤੱਕ ਕਾਮਯਾਬ ਵੀ ਹੋਈ। ਨਿਸ਼ਚਿਤ ਰੂਪ ਵਿੱਚ ਖੇਤੀ ਖੇਤਰ ਵਿੱਚ ਪੈਦਾਵਾਰੀ ਤਾਕਤਾਂ ਦਾ ਵਿਕਾਸ ਹੋਇਆ, ਜਿਸ ਦੀ ਸਭ ਤੋਂ ਵੱਡੀ ਕੀਮਤ ਪੇਂਡੂ ਕਿਰਤੀ ਜਮਾਤ ਨੂੰ ਅਦਾ ਕਰਨੀ ਪਈ। ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਵਰਗੇ ਖਿੱਤਿਆਂ ਵਿੱਚ ਤਾਕਤਵਰ ਪੇਂਡੂ ਸਰਮਾਏਦਾਰੀ ਜਮਾਤ ਸਾਹਮਣੇ ਆਈ। ਮੁਲਕ ਦੇ ਹੋਰ ਹਿੱਸਿਆਂ ਵਿੱਚ ਵੀ ਇਹ ਅਮਲ ਚੱਲ ਰਿਹਾ ਸੀ। ਦੂਜੇ ਪਾਸੇ ਰਵਾਇਤੀ ਦਲਿਤ ਅਬਾਦੀ ਅਤੇ ਛੋਟੀ ਕਿਸਾਨੀ ਦੇ ਉਜਾੜੇ ਨਾਲ਼ ਪੇਂਡੂ ਮਜਦੂਰ ਅਬਾਦੀ ਦੀ ਵੱਡੀ ਜਮਾਤ ਪ੍ਰਗਟ ਹੁੰਦੀ ਹੈ। ਪੇਂਡੂ ਮਜਦੂਰਾਂ ਦਾ ਇੱਕ ਹਿੱਸੇ ਦਾ ਸ਼ਹਿਰਾਂ ਵੱਲ ਪ੍ਰਵਾਸ ਹੁੰਦਾ ਹੈ ਅਤੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਹੋਰ ਪਛੜੇ ਸੂਬਿਆਂ ਵਿੱਚੋਂ ਪੰਜਾਬ, ਹਰਿਆਣਾ, ਮਹਾਰਾਸ਼ਟਰ ਅਤੇ ਹੋਰ ਵੱਧ ਉਨਤ ਖੇਤਰਾਂ ਵਿੱਚ ਖੇਤੀ ਦੇ ਕੰਮਾਂ ਲਈ ਮਜਦੂਰਾਂ ਦਾ ਪ੍ਰਵਾਸ ਸ਼ੁਰੂ ਹੋਇਆ। ਪੇਂਡੂ ਖੇਤਰ ਦੇ ਮਜਦੂਰਾਂ ਦੀ ਇਸ ਵਿਸ਼ਾਲ ਜਮਾਤ ਦੀਆਂ ਜੀਵਨ ਹਾਲਤਾਂ ਕਿਰਤ ਦੀ ਬੇਕਿਰਕ ਲੁੱਟ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਹਨ। ਪੇਂਡੂ ਮਜਦੂਰਾਂ ਬਾਰੇ-ਅਜੋਕੇ ਸਮਾਜਿਕ ਆਰਥਿਕ ਪ੍ਰਬੰਧ ਵਿੱਚ ਪੇਂਡੂ ਮਜਦੂਰਾਂ ਦੀ ਭੂਮਿਕਾ ਕਾਫੀ ਮਹੱਤਵਪੂਰਨ ਹੈ। ਪੇਂਡੂ ਮਜਦੂਰ ਸਿਰਫ ਖੇਤ ਮਜਦੂਰ ਹੀ ਨਹੀਂ ਹਨ। ਖੇਤੀ ਤੋਂ ਇਲਾਵਾ ਪੇਂਡੂ ਮਜਦੂਰ ਉਸਾਰੀ ਦੇ ਖੇਤਰ ਅਤੇ ਗੈਰ ਰਸਮੀ ਸਨਅਤਾਂ ਵਿੱਚ ਵੱਡੀ ਗਿਣਤੀ ਵਿੱਚ ਕੰਮ ਕਰਦੇ ਹਨ। ਕਿਉਂਕਿ ਖੇਤੀ ਵਿੱਚ ਫਸਲ ਬੀਜਣ ਅਤੇ ਵੱਢਣ ਦੇ ਸਮੇਂ ਵੱਧ ਮਜਦੂਰਾਂ ਦੀ ਲੋੜ ਪੈਂਦੀ ਹੈ, ਇਸ ਵਾਸਤੇ ਪੇਂਡੂ ਖੇਤਰ ਵਿੱਚ ਮੌਸਮੀ ਬੇਰੁਜਗਾਰੀ ਦਾ ਦਬਾਅ ਬਣਿਆ ਰਹਿੰਦਾ ਹੈ। ਨਤੀਜੇ ਵਜੋਂ ਲੱਖਾਂ ਮਜ਼ਦੂਰ ਸ਼ਹਿਰਾਂ ਵੱਲ ਪ੍ਰਵਾਸ ਕਰਦੇ ਹਨ। 2011 ਦੀ ਜਨਗਣਨਾ ਮੁਤਾਬਕ ਭਾਰਤ ਦੇ ਅੰਦਰੂਨੀ ਪ੍ਰਵਾਸ ਦਾ 37 ਫੀਸਦੀ, ਪੇਂਡੂ ਮਜਦੂਰਾਂ ਦਾ ਸ਼ਹਿਰਾਂ ਵੱਲ ਪ੍ਰਵਾਸ ਸੀ। ਪੇਂਡੂ ਮਜਦੂਰ ਸਸਤੀ ਕਿਰਤ ਸ਼ਕਤੀ ਦਾ ਹਮੇਸ਼ਾ ਵੱਡਾ ਸਰੋਤ ਰਹੇ ਹਨ। ਇਹਨਾਂ ਦਾ ਵੱਡਾ ਹਿੱਸਾ ਭੀੜ ਭਰੀਆਂ ਸ਼ਹਿਰੀ ਗੰਦੀਆਂ ਬਸਤੀਆਂ ਅਤੇ ਝੁੱਗੀਆਂ ਝੌਂਪੜੀਆਂ ਦਾ ਹਿੱਸਾ ਬਣਦਾ ਹੈ। ਪਿੰਡਾਂ ਵਿੱਚ ਮਜਦੂਰੀ ਲੱਗਭੱਗ 300 ਤੋਂ 500 ਵਿੱਚ ਰਹਿੰਦੀ ਹੈ। ਗੈਰ ਖੇਤੀ ਕੰਮਾਂ ਵਿੱਚ ਮਜਦੂਰੀ ਥੋੜੀ ਵੱਧ ਮਿਲ਼ ਜਾਂਦੀ ਹੈ। ਔਰਤਾਂ, ਮਰਦਾਂ ਦੇ ਮੁਕਾਬਲੇ 30-35 ਫੀਸਦੀ ਘੱਟ ਮਜਦੂਰੀ 'ਤੇ ਕੰਮ ਕਰਨ ਲਈ ਮਜਬੂਰ ਹੁੰਦੀਆਂ ਹਨ। ਮਜਦੂਰਾਂ ਦਾ 90 ਫੀਸਦੀ ਹਿੱਸਾ ਗੈਰ-ਜਥੇਬੰਦ ਖੇਤਰਾਂ ਵਿੱਚ ਕੰਮ ਕਰਦਾ ਹੈ। ਪੇਂਡੂ ਮਜਦੂਰਾਂ ਨੂੰ ਸਿਹਤ ਸਹੂਲਤਾਂ, ਕੰਮ ਦੀ ਸੁਰੱਖਿਆ ਅਤੇ ਪੈਨਸ਼ਨ ਆਦਿ ਦੀ ਕੋਈ ਸਹੂਲਤ ਨਹੀਂ ਮਿਲ਼ਦੀ। ਅੰਗਰੇਜੀ ਰਸਾਲੇ 'ਇੰਟਰਨੈਸਨਲ ਜਰਨਲ ਫਾਰ ਮਲਟੀ-ਡਿਸਪਲਨਰੀ ਰਿਸਰਚ' ਦੀ ਰਿਪੋਰਟ ਮੁਤਾਬਕ ਖੇਤੀ ਅਧਾਰਤ ਸਨਅਤਾਂ, ਛੋਟੀਆਂ ਸਨਅਤਾਂ ਅਤੇ ਦਸਤਕਾਰੀ ਦੇ ਖੇਤਰ ਵਿੱਚ ਵੀ ਪੇਂਡੂ ਮਜਦੂਰਾਂ ਦੀ ਵੱਡੀ ਭੂਮਿਕਾ ਹੈ। 2021-22 ਦੀ ਇੱਕ ਰਿਪੋਰਟ ਮੁਤਾਬਕ ਭਾਰਤ ਦੀਆਂ ਦਸਤਕਾਰੀ ਬਰਾਮਦਾਂ 25,706 ਕਰੋੜ ਦੀਆਂ ਸਨ ਜੋ ਪੇਂਡੂ ਦਸਤਕਾਰਾਂ 'ਤੇ ਨਿਰਭਰ ਹਨ। ਛੋਟੀਆਂ ਅਤੇ ਪੇਂਡੂ ਸਨਅਤਾਂ ਵਿੱਚ 1 ਕਰੋੜ 36 ਲੱਖ ਕਾਮੇ ਕੰਮ ਕਰਦੇ ਹਨ। 2022-23 ਦੇ ਇੱਕ ਆਰਥਿਕ ਸਰਵੇਖਣ ਦੀ ਰਿਪੋਰਟ ਮੁਤਾਬਕ ਮੁਲਕ ਵਿੱਚ ਉਸਾਰੀ ਖੇਤਰ ਵਿੱਚ 7 ਕਰੋੜ 40 ਲੱਖ ਕਾਮੇ ਕੰਮ ਕਰਦੇ ਸਨ। ਉਹਨਾਂ ਵਿੱਚੋਂ ਬਹੁਤ ਸਾਰੇ ਸ਼ਹਿਰੀ ਕੇਂਦਰਾਂ ਵਿੱਚ ਪ੍ਰਵਾਸ ਕਰ ਜਾਂਦੇ ਹਨ। ਮਕਾਨ ਉਸਾਰੀ, ਸੜਕਾਂ, ਪੁੱਲ ਅਤੇ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਵੀ ਇਹਨਾਂ ਪੇਂਡੂ ਮਜਦੂਰਾਂ ਦੀ ਹੀ ਵੱਡੀ ਭੂਮਿਕਾ ਹੈ। ਕੌਮਾਂਤਰੀ ਕਿਰਤ ਸੰਸਥਾ ਦੀ 2020 ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੀ ਕਿਰਤ ਸ਼ਕਤੀ ਦਾ 80 ਫੀਸਦੀ ਗੈਰ-ਰਸਮੀ ਖੇਤਰ ਵਿੱਚ ਕੰਮ ਕਰਦਾ ਹੈ, ਜਿਸ ਵਿੱਚ ਬਹੁ-ਗਿਣਤੀ ਪੇਂਡੂ ਮਜਦੂਰਾਂ ਵਿੱਚੋਂ ਆਉਂਦੀ ਹੈ। ਇਸ ਤਰ੍ਹਾਂ ਇਹ ਇੱਕ ਇਤਿਹਾਸਕ ਪ੍ਰਕਿਰਿਆ ਹੈ ਜਿਸ ਵਿੱਚ ਪੇਂਡੂ ਅਤੇ ਸ਼ਹਿਰੀ ਮਜਦੂਰਾਂ ਵਿਚਲੀ ਵੰਡ-ਰੇਖਾ ਅਲੋਪ ਹੁੰਦੀ ਨਜਰ ਆਉਂਦੀ ਹੈ। ਗੁਲਾਮੀ ਦੀ ਜੂਨ ਹੰਡਾਉਂਦੇ ਮਜਦੂਰ-ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਨਾਅਰੇ ਨਾਲ਼ ਸੰਸਾਰ ਵਿੱਚ ਸਰਮਾਏਦਾਰੀ ਪ੍ਰਬੰਧ ਦਾ ਆਗਮਨ ਹੁੰਦਾ ਹੈ। ਗੁਲਾਮਦਾਰੀ ਯੁੱਗ ਦੇ ਕਿਰਤੀ ਪਸ਼ੂਆਂ ਵਾਂਗ ਮਾਲਕ ਦੇ ਸਿੱਧੇ ਗੁਲਾਮ ਸਨ ਪਰ ਬੇਰੁਜਗਾਰ ਨਹੀਂ ਸਨ, ਮਾਲਕ ਆਪਣੀ ਲੋੜ ਨੂੰ ਉਹਨਾਂ ਨੂੰ ਜਿੰਦਾ ਰੱਖਦਾ ਸੀ। ਭਾਵੇਂ ਕਿ ਪਸ਼ੂਆਂ ਵਾਂਗ ਉਹਨਾਂ ਨੂੰ ਵੇਚ-ਖਰੀਦ ਸਕਦਾ ਸੀ। ਜਗੀਰਦਾਰੀ ਯੁੱਗ ਦੇ ਕਿਰਤੀ ਕਿਸਾਨ, ਭੂਮੀ ਗੁਲਾਮ ਜਾਂ ਮੁਜਾਰੇ ਦੇ ਤੌਰ 'ਤੇ ਆਪਣੀ ਵਾਫਰ ਕਿਰਤ ਦਾ ਵੱਡਾ ਹਿੱਸਾ ਜਗੀਰਦਾਰਾਂ ਦੇ ਹਵਾਲੇ ਕਰਨ ਲਈ ਮਜਬੂਰ ਸਨ। ਪਰ ਸਰਮਾਏਦਾਰੀ ਪ੍ਰਬੰਧ ਦੇ ਆਉਣ 'ਤੇ ਜਿਹੜਾ ਆਧੁਨਿਕ ਮਜਦੂਰ ਹੋਂਦ ਵਿੱਚ ਆਉਂਦਾ ਹੈ ਉਹ ਨਾ ਤਾਂ ਕਿਸੇ ਇੱਕ ਮਾਲਕ ਦਾ ਸਿੱਧਾ ਗੁਲਾਮ ਹੈ ਅਤੇ ਨਾ ਹੀ ਭੂਮੀ ਗੁਲਾਮ ਹੈ। ਉਹ ਆਪਣਾ ਮਾਲਕ ਬਦਲਣ ਲਈ ਅਜਾਦ ਹੈ। ਇਤਿਹਾਸਕ ਤੌਰ 'ਤੇ ਭਾਵੇਂ ਇਹ ਇੱਕ ਵੱਡੀ ਤਬਦੀਲੀ ਹੈ ਪਰ ਫਿਰ ਵੀ ਉਹ ਆਪਣੀ ਕਿਰਤ ਸ਼ਕਤੀ ਵੇਚ ਕੇ ਗੁਜਾਰਾ ਕਰਨ ਵਾਲ਼ਾ, ਹਕੀਕਤ ਵਿੱਚ ਪੂਰੀ ਸਰਮਾਏਦਾਰ ਜਮਾਤ ਦਾ ਉਜਰਤੀ ਗੁਲਾਮ ਹੈ। ਪੇਂਡੂ ਖੇਤਰ ਦਾ ਮਜਦੂਰ ਵੀ ਅੱਜ ਕਿਸੇ ਇੱਕ ਮਾਲਕ ਦਾ ਸਿੱਧਾ ਗੁਲਾਮ ਨਹੀਂ ਹੈ। ਗੈਰ ਕਨੂੰਨੀ ਲੁੱਟ ਦੇ ਤਰੀਕੇ - ਭਾਰਤ ਵਿੱਚ ਕਨੂੰਨੀ ਤੌਰ 'ਤੇ ਬੰਧੂਆ ਮਜਦੂਰੀ 'ਤੇ ਪਬੰਦੀ ਹੈ। ਪਰ ਹਰਿਆਣੇ ਦੇ ਸੋਨੀਪਤ ਦੀ ਓਪੀ ਜਿੰਦਲ ਯੂਨੀਵਰਸਿਟੀ ਦੇ ਇੱਕ ਅਧਿਆਪਕ ਪ੍ਰਾਚੀ ਬਾਂਸਲ ਨੇ ਆਪਣੇ ਇੱਕ ਖੋਜ ਪੱਤਰ ਵਿੱਚ ਹਰਿਆਣੇ ਵਿੱਚ ਬੰਧੂਆ ਮਜਦੂਰੀ ਦੇ ਆਧੁਨਿਕ ਤੌਰ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇੱਕ ਸਰਵੇਖਣ ਕੀਤਾ ਗਿਆ ਜਿਸ ਵਿੱਚ 1920, 1950 ਅਤੇ 2003-04 ਦੇ ਮੁਕਾਬਲੇ 2018-19 ਵਿੱਚ ਹੋਣ ਵਾਲ਼ੀਆਂ ਤਬਦੀਲੀਆਂ ਦਰਜ ਕੀਤੀਆਂ ਗਈਆਂ ਹਨ। ਦਾਬੇ ਦੀਆਂ ਹਾਲਤਾਂ ਪੈਦਾ ਕਰਕੇ ਘੱਟ ਮਜਦੂਰੀ 'ਤੇ ਕੰਮ ਕਰਨ ਲਈ ਮਜਬੂਰ ਕਰਾਉਣ ਦੇ ਹਵਾਲਿਆਂ ਨਾਲ਼ ਦੱਸਿਆ ਗਿਆ ਹੈ ਕਿ ਬੰਧੂਆ ਮਜ਼ਦੂਰੀ ਕਈ ਤਰੀਕਿਆਂ ਨਾਲ਼ ਅਮਲ ਵਿੱਚ ਲਿਆਂਦੀ ਜਾਂਦੀ ਹੈ। ਜਦੋਂ ਮਜਦੂਰ ਨੂੰ ਆਪਣਾ ਰੁਜ਼ਗਾਰ ਦਾਤਾ ਜਾਂ ਮਾਲਕ ਬਦਲਣ ਤੋਂ ਰੋਕਿਆ ਜਾਵੇ, ਇਹ ਵੀ ਬੰਧੂਆ ਮਜ਼ਦੂਰੀ ਦਾ ਹੀ ਇੱਕ ਰੂਪ ਹੁੰਦਾ ਹੈ। ਆਮ ਤੌਰ 'ਤੇ ਜਿੰਨਾ ਚਿਰ ਮਜਦੂਰ ਆਪਣੇ ਪਹਿਲੇ ਮਾਲਕ ਦਾ ਕਰਜ਼ਾ ਨਾ ਮੋੜ ਸਕੇ ਤਾਂ ਨਵੇਂ ਮਾਲਕ ਕੋਲ਼ ਕੰਮ ਕਰਨ 'ਤੇ ਪਬੰਦੀ ਲਾਈ ਜਾਂਦੀ ਹੈ। ਕਨੂੰਨ ਮੁਤਾਬਕ ਖੇਤੀ ਵਿੱਚ ਸਰਮਾਏਦਾਰੀ ਸਬੰਧ ਆਉਣ 'ਤੇ ਮਜਦੂਰ ਅਤੇ ਮਾਲਕ ਵਿਚਲੇ ਸਬੰਧਾਂ ਨੂੰ ਰਵਾਇਤੀ ਬੰਧੂਆ ਮਜਦੂਰੀ ਦੇ ਘੇਰੇ ਵਿੱਚ ਨਹੀਂ ਰੱਖਿਆ ਜਾ ਸਕਦਾ। ਹਰਿਆਣਾ ਅਤੇ ਗੁਜਰਾਤ 'ਤੇ ਅਧਾਰਤ ਖੋਜ ਪੱਤਰਾਂ ਵਿੱਚ ਅਜੋਕੇ ਦੌਰ ਵਿੱਚ ਕੀਤੀ ਜਾਣ ਵਾਲ਼ੀ ਮੁਫਤ ਮਜਦੂਰੀ ਦੀ ਲੁੱਟ ਨੂੰ 'ਨਵ ਬੰਧੂਆਂ' ਦਾ ਨਾਂ ਦਿੱਤਾ ਗਿਆ ਹੈ। ਕੌਮਾਂਤਰੀ ਕਿਰਤ ਸੰਸਥਾ ਆਧੁਨਿਕ ਗੁਲਾਮੀ ਦੀ ਕੁਝ ਵਿਸ਼ੇਸ਼ ਕਨੂੰਨੀ ਧਾਰਨਾਵਾਂ ਦੇ ਰੂਪ ਵਿੱਚ ਵਿਆਖਿਆ ਕਰਦੀ ਹੈ। ਜਿਵੇਂ ਕਿ ਜਬਰਦਸਤੀ ਮਜਦੂਰੀ, ਕਰਜੇ ਦੀ ਗੁਲਾਮੀ, ਜਬਰਦਸਤੀ ਵਿਆਹ, ਗੁਲਾਮੀ ਅਤੇ ਗੁਲਾਮੀ ਵਰਗੀਆਂ ਪ੍ਰਥਾਵਾਂ ਅਤੇ ਮਨੁੱਖੀ ਤਸਕਰੀ। ਇਹ ਉਨ੍ਹਾਂ ਹਾਲਤਾਂ ਵੱਲ ਇਸ਼ਾਰਾ ਕਰਦੀ ਹੈ ਜਿੱਥੇ ਮਨੁੱਖ ਲੁੱਟ ਤੋਂ ਬਚ ਨਹੀਂ ਸਕਦਾ ਕਿਉਂਕਿ ਉਸ 'ਤੇ ਧਮਕੀਆਂ, ਹਿੰਸਾ, ਜਬਰ, ਧੋਖਾਧੜੀ ਜਾਂ ਤਾਕਤ ਦੀ ਦੁਰਵਰਤੋਂ ਦਾ ਦਬਾਅ ਹੁੰਦਾ ਹੈ। ਆਈਐਲਓ ਦੀ ਜਬਰਦਸਤੀ ਮਜ਼ਦੂਰੀ ਸਮਝੌਤਾ ਦੀ ਪਰਿਭਾਸ਼ਾ 'ਕੋਈ ਵੀ ਕੰਮ ਜਾਂ ਸੇਵਾਵਾਂ ਜੋ ਕਿਸੇ ਵਿਅਕਤੀ ਤੋਂ ਸਜਾ ਦੇ ਡਰ ਹੇਠ ਲਿਆ ਜਾਂਦਾ ਹੈ ਅਤੇ ਜਿਸ ਲਈ ਉਸਨੇ ਆਪਣੀ ਮਰਜੀ ਨਾਲ਼ ਸਹਿਮਤੀ ਨਹੀਂ ਦਿੱਤੀ ਹੁੰਦੀ।' ਜਬਰਦਸਤੀ ਮਜਦੂਰੀ ਨੂੰ 'ਉਚਿਤ ਕੰਮ' ਦੇ ਵਿਰੁੱਧ ਮੰਨਿਆ ਜਾਂਦਾ ਹੈ। ਕਰਜੇ ਦੀ ਗੁਲਾਮੀ ਜੋ ਆਧੁਨਿਕ ਗੁਲਾਮੀ ਦੇ ਸਭ ਤੋਂ ਖਤਰਨਾਕ ਰੂਪਾਂ ਵਿੱਚੋਂ ਇੱਕ ਹੈ ਦੁਨੀਆ ਭਰ ਵਿੱਚ ਜਬਰਦਸਤੀ ਮਜਦੂਰੀ ਦੇ ਲੱਗਭੱਗ ਅੱਧੇ ਪੀੜਤਾਂ ਲਈ ਜਿੰਮੇਵਾਰ ਹੈ। ਭਾਰਤ ਦੇ ਕਨੂੰਨੀ ਢਾਂਚੇ ਵਿੱਚ ਆਧੁਨਿਕ ਗੁਲਾਮੀ ਸ਼ਬਦ ਨਹੀਂ ਵਰਤਿਆ ਜਾਂਦਾ। ਇੱਥੋਂ ਦੇ ਕਨੂੰਨ ਅਨੁਸਾਰ ਆਧੁਨਿਕ ਮਜਦੂਰੀ ਦੀ ਪਰਿਭਾਸ਼ਾ "ਬੰਧੂਆ ਮਜਦੂਰੀ ਪ੍ਰਣਾਲੀ 1976 ਦੇ ਮੁਤਾਬਕ ਬੰਧੂਆ ਮਜ਼ਦੂਰੀ ਉਹ ਪ੍ਰਣਾਲੀ ਹੈ ਜਿਸ ਵਿੱਚ ਮਜ਼ਦੂਰੀ ਕਰਜ਼ੇ ਜਾਂ ਹੋਰ ਸਬੰਧਾਂ ਦੇ ਬੰਧਨਾਂ ਦੇ ਕਾਰਨ ਜ਼ਬਰਦਸਤੀ ਜਾਂ ਅੰਸ਼ਕ ਜਬਰਦਸਤੀ ਕਰਵਾਈ ਜਾਂਦੀ ਹੈ।" ਇਸ ਕਨੂੰਨ ਦੀ ਇੱਕ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਮੰਨਦਾ ਹੈ ਕਿ ਬੰਧਨ ਸਿਰਫ ਕਰਜ਼ੇ ਤੋਂ ਹੀ ਨਹੀਂ ਸਗੋਂ ਰਵਾਇਤੀ ਫਰਜਾਂ ਤੋਂ ਜਾਂ ਜਾਤੀ ਜਾਂ ਜਨਮ ਅਧਾਰਤ ਦਰਜੇ ਤੋਂ ਵੀ ਪੈਦਾ ਹੋ ਸਕਦਾ ਹੈ। ਹਰਿਆਣਾ ਦੀਆਂ ਖਾਪ ਪੰਚਾਇਤਾਂ ਵਾਂਗ ਜਾਤੀ ਪ੍ਰਥਾ ਜਾਂ ਖਾਸ ਸਮਾਜਿਕ ਸਮੂਹਾਂ ਦੇ ਦਾਬੇ ਦਾ ਕਿਰਤੀਆਂ 'ਤੇ ਦਬਾਅ ਦਾ ਵਰਤਾਰਾ ਭਾਰਤ ਦੇ ਕਈ ਹਿੱਸਿਆਂ ਵਿੱਚ ਮੌਜੂਦ ਹੈ। ਪ੍ਰਾਚੀ ਬਾਂਸਲ ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਹਰਿਆਣੇ ਵਿੱਚ ਖੇਤੀਬਾੜੀ ਬਹੁਤ ਆਧੁਨਿਕ ਹੋ ਚੁੱਕੀ ਹੈ ਜਿਸ ਦੀਆਂ ਖਾਸ ਵਿਸ਼ੇਸ਼ਤਾਵਾਂ ਵਿੱਚ ਵਿਆਪਕ ਮਸ਼ੀਨੀਕਰਨ, ਰਸਾਇਣਿਕ ਖਾਧਾਂ ਦੀ ਵਰਤੋਂ ਅਤੇ ਪ੍ਰਵਾਸੀ ਮਜਦੂਰਾਂ 'ਤੇ ਵਧਦੀ ਨਿਰਭਰਤਾ ਸ਼ਾਮਲ ਹੈ। ਪਰ ਇਸੇ ਵੇਲ਼ੇ ਹਰਿਆਣਾ ਦੇ ਪੇਂਡੂ ਸਮਾਜ ਵਿੱਚ ਖਾਪ ਪੰਚਾਇਤਾਂ ਦਾ ਲਗਾਤਾਰ ਪ੍ਰਭਾਵ ਕਾਇਮ ਹੈ (ਅਰਧ ਨਿਆਇਕ ਸੰਸਥਾਵਾਂ ਜੋ ਪੁਰਾਣੀਆਂ ਰਵਾਇਤਾਂ ਦੇ ਆਧਾਰ 'ਤੇ ਕਠੋਰ ਸਜਾਵਾਂ ਸੁਣਾਉਂਦੀਆਂ ਹਨ)। ਕਈ ਅਧਿਐਨਾਂ ਨੇ ਹਰਿਆਣਾ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਖੇਤੀਬਾੜੀ ਮਜ਼ਦੂਰੀ ਪ੍ਰਣਾਲੀਆਂ ਦੀ ਲਗਾਤਾਰ ਮੌਜੂਦਗੀ ਦੀ ਜਾਂਚ ਕੀਤੀ ਹੈ ਜੋ ਕਿ ਖੇਤੀਬਾੜੀ ਮਜਦੂਰੀ ਦੇ ਵਧਦੇ ਆਰਜੀਕਰਨ ਅਤੇ ਹਰਿਆਣਾ ਦੇ ਗੈਰ ਖੇਤੀਬਾੜੀ ਖੇਤਰ ਦੇ ਤੇਜੀ ਨਾਲ਼ ਫੈਲਾਅ ਦੇ ਨਾਲ਼-ਨਾਲ਼ ਚੱਲ ਰਹੀਆਂ ਹਨ। ਹਰਿਆਣਾ ਖੇਤੀ ਖੇਤਰ ਵਿੱਚ, ਸਰਮਾਏਦਾਰਾ ਸਬੰਧਾਂ ਦੀ ਸਥਾਪਤੀ ਵਾਲ਼ਾ ਨਮੂਨੇ ਦਾ ਖੇਤਰ ਹੈ। ਪਰ ਇੱਥੇ ਵੀ ਦਿਹਾਤੀ ਮਜਦੂਰਾਂ ਦੀ ਗੈਰ ਕਨੂੰਨੀ ਲੁੱਟ ਦਾ ਗੈਰ ਜਮਹੂਰੀ ਵਰਤਾਰਾ ਮੌਜੂਦ ਹੈ। ਗਾਂਧੀ ਪੀਸ ਫਾਊਂਡੇਸ਼ਨ ਨੇ ਵੀ 10 ਸੂਬਿਆਂ ਦੇ ਇੱਕ ਸਰਵੇਖਣ ਦੀ ਰਿਪੋਰਟ 1981 ਵਿੱਚ ਜਾਰੀ ਕੀਤੀ ਸੀ ਜਿਸ ਵਿੱਚ ਕਰਜੇ ਦੇ ਦਬਾਅ ਕਾਰਨ 26 ਲੱਖ ਬੰਧੂਆ ਮਜਦੂਰਾਂ ਦਾ ਜਿਕਰ ਕੀਤਾ ਗਿਆ। ਸਰਮਾਏਦਾਰੀ ਦੌਰ ਵਿੱਚ ਇਸ ਤਰ੍ਹਾਂ ਦੇ ਮੱਧਯੁਗੀ ਦਾਬੇ ਦੀ ਰਹਿੰਦ-ਖੂੰਹਦ ਦੇ ਕੀ ਕਾਰਨ ਹਨ? - ਅੱਜ ਅਸੀਂ ਸਰਮਾਏਦਾਰੀ ਦੇ ਸਾਮਰਾਜੀ ਦੌਰ ਦੇ ਅੰਤ ਦੇ ਪਰਜੀਵੀ ਪੜਾਅ ਵਿੱਚੋਂ ਗੁਜਰ ਰਹੇ ਹਾਂ। ਪਤਨਗ੍ਰਸਤ ਸਰਮਾਏਦਾਰੀ ਪ੍ਰਬੰਧ ਬੀਤੇ ਸਮੇਂ ਦੇ ਜਬਰ ਦੇ ਰੂਪਾਂ ਨੂੰ ਦਾਬੇ ਦੇ ਹਥਿਆਰ ਦੇ ਰੂਪ ਵਿੱਚ ਵਰਤਣ ਵਿੱਚ ਝਿਜਕ ਨਹੀਂ ਵਿਖਾ ਰਿਹਾ ਹੈ, ਬੰਧੂਆ ਮਜ਼ਦੂਰੀ ਵਰਗੀਆਂ ਅਣਮਨੁੱਖੀ ਰਵਾਇਤਾਂ ਅੱਜ ਵੀ ਮਜ਼ਦੂਰਾਂ ਦਾ ਮਾਸ ਨੋਚ ਰਹੀਆਂ ਹਨ। ਮਜ਼ਦੂਰ ਜਮਾਤ ਦੀ ਪਛੜੀ ਸਿਆਸੀ ਅਤੇ ਸੱਭਿਆਚਾਰਕ ਚੇਤਨਾ ਤੇ ਜਥੇਬੰਦਕ ਤਾਕਤ ਦੀ ਘਾਟ ਇਸ ਅਣਮਨੁੱਖੀ ਲੁੱਟ-ਜਬਰ ਦਾ ਰਾਹ ਸਾਫ ਕਰਦੀ ਹੈ। ਭਾਰਤ ਦੇ ਪੇਂਡੂ ਮਜਦੂਰਾਂ ਦੀ ਨਿੱਘਰਦੀ ਹਾਲਤ ਵਿਰੁੱਧ ਮਜਦੂਰਾਂ ਦੀ ਇੱਕ ਜਬਰਦਸਤ ਲਹਿਰ ਹੀ ਰੌਸ਼ਨ ਭਵਿੱਖ ਦੀ ਗਰੰਟੀ ਕਰ ਸਕਦੀ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਕੀ ਸਰਕਾਰ ਵਲੋਂ ਪੈਲੇਟ ਗੰਨ ਦੀ ਵਰਤੋਂ ਕਰਕੇ ਲੋਕਾਂ ਨੂੰ ਅਪੰਗ ਬਣਾਉਣਾ ਜਾਇਜ਼ ਹੈ ?

**-ਮੁਰਲੀਧਰਨ**





ਇਤਿਹਾਸ ਦੇ ਹਰੇਕ ਦੌਰ 'ਚ ਸਰਕਾਰਾਂ ਨੇ ਸਜ਼ਾ ਦੇਣ ਅਤੇ ਸਿਆਸੀ ਕੰਟਰੋਲ ਬਣਾਈ ਰੱਖਣ ਲਈ ਲੋਕਾਂ ਨੂੰ ਅਪੰਗ ਬਣਾਉਣ ਦਾ ਤਰੀਕਾ ਅਪਣਾਇਆ ਹੈ। ਦੁਨੀਆ ਭਰ ਵਿੱਚ ਮੱਧਕਾਲੀ ਕਾਨੂੰਨੀ ਪ੍ਰਣਾਲੀਆਂ ਵਿੱਚ ਚੋਰੀ ਅਤੇ ਬਗ਼ਾਵਤ ਤੇ ਲੈ ਕੇ ਵਿਭਚਾਰ ਅਤੇ ਦੇਸ਼ਧ੍ਰੋਹ ਤੱਕ ਵੱਖ-ਵੱਖ ਅਪਰਾਧਾਂ ਲਈ, ਅੱਖਾਂ ਅੰਨ੍ਹੀਆਂ ਕਰਨ, ਹੱਥ-ਪੈਰ ਜਾਂ ਕੰਨ-ਨੱਕ ਵੱਢਣ ਅਤੇ ਸਰੀਰ ਨੂੰ ਬਦਸੂਰਤ ਬਣਾਉਣ ਵਰਗੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਅਜਿਹੀਆਂ ਸਜਾਵਾਂ ਸਭ ਦੇ ਸਾਹਮਣੇ ਅਤੇ ਵੱਡੇ ਪੱਧਰ 'ਤੇ ਦਿੱਤੀਆਂ ਜਾਂਦੀਆਂ ਸਨ। ਇਨ੍ਹਾਂ ਦਾ ਮਕਸਦ ਸਿਰਫ਼ ਦਰਦ ਪਹੁੰਚਾਉਣਾ ਨਹੀ ਬਲਕਿ ਸਰੀਰ 'ਤੇ ਅਜਿਹਾ ਸਥਾਈ ਨਿਸ਼ਾਨ ਛੱਡਣਾ ਹੁੰਦਾ ਸੀ, ਜੋ ਖੁਦਮੁਖਤਿਆਰ ਸੱਤਾ ਦੀ ਨਿਸ਼ਾਨੀ ਦੇ ਤੌਰ 'ਤੇ ਹਮੇਸ਼ਾ ਦਿਖਾਈ ਦੇਵੇ। ਅੱਖਾਂ ਗੁਆਉਣ ਵਾਲਾ ਵਿਰੋਧੀ ਦੁਬਾਰਾ ਹਕੂਮਤ ਨਹੀਂ ਕਰ ਸਕਦਾ ਸੀ। ਕੱਟਿਆ ਹੋਇਆ ਹੱਥ ਜਾਂ ਕਰੂਪ ਕੀਤਾ ਚਿਹਰਾ ਹੁਕਮਰਾਨ ਦੀ ਤਾਕਤ ਦੀ ਜੀਵਨ ਭਰ ਨਿਸ਼ਾਨੀ ਬਣਿਆ ਰਹਿੰਦਾ ਸੀ।

ਮਿਸ਼ੇਲ ਫੂਕੋ ਨੇ ਆਪਣੀ ਕਿਤਾਬ ਡਿਸਿਪਲਿਨ ਐਂਡ ਪਨਿਸ਼ (ਅਨੁਸ਼ਾਸਨ ਅਤੇ ਸਜ਼ਾ) ਵਿੱਚ ਦਲੀਲ ਦਿੱਤੀ ਹੈ ਕਿ ਆਧੁਨਿਕ ਰਾਜ ਦੇ ਉਭਾਰ ਨੇ ਇਨ੍ਹਾਂ ਢੰਗ-ਤਰੀਕਿਆਂ ਨੂੰ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਹੁਦਰੇ ਹੁਕਮਰਾਨ ਦੀ ਜਗ੍ਹਾ ਹੌਲੀ-ਹੌਲੀ ਅਨੁਸ਼ਾਸਨਾਤਮਕ ਤਾਕਤਾਂ ਨੇ ਲੈ ਲਈ ਹੈ। ਮੁੱਖ ਤੌਰ 'ਤੇ ਸਰੀਰ ਨੂੰ ਸਖ਼ਤ ਸਜ਼ਾ ਦੇਣ ਦੀ ਬਜਾਏ ਆਧੁਨਿਕ ਰਾਜ ਨਿਗਰਾਨੀ, ਸੰਸਥਾਵਾਂ, ਨਿਯਮਾਂ ਅਤੇ ਅਨੁਸ਼ਾਸਨ ਨੂੰ ਦਿਮਾਗ ਵਿੱਚ ਬਿਠਾਉਣ ਜ਼ਰੀਏ ਹਕੂਮਤ ਕਰਨ ਲੱਗੇ ਹਨ। ਇੰਝ ਲੱਗਦਾ ਹੈ ਕਿ ਉਦਾਰਵਾਦੀ ਸੰਵਿਧਾਨਕ ਵਿਵਸਥਾ ਨੇ ਅਤੀਤ ਦੀਆ ਸਖ਼ਤ ਸਰੀਰਕ ਸਜ਼ਾਵਾਂ ਤੋਂ ਇੱਕ ਨਿਰਣਾਇਕ ਫ਼ਾਸਲਾ ਬਣਾ ਲਿਆ ਹੈ।

**ਅਪੰਗ ਬਣਾਉਣ ਦਾ ਅਧਿਕਾਰ** : ਐਪਰ, ਜਿਵੇਂ ਕਿ ਜਸਬੀਰ ਕੇ ਪੁਆਰ ਆਪਣੀ ਕਿਤਾਬ ਦ ਰਾਈਟ ਟੂ ਮੇਮ (ਅਪੰਗ ਬਣਾਉਣ ਦਾ ਅਧਿਕਾਰ) ਵਿੱਚ ਦੱਸਦੀ ਹੈ, ਰਾਜ ਦੀ ਤਾਕਤ ਦਾ ਪ੍ਰਦਰਸ਼ਨ ਕਰਨ ਦੇ ਇੱਕ ਢੰਗ ਵਜੋਂ ਲੋਕਾਂ ਨੂੰ ਅਪੰਗ ਬਣਾਉਣ ਦਾ ਰਿਵਾਜ ਖ਼ਤਮ ਨਹੀਂ ਹੋਇਆ। ਬਲਕਿ ਇਸ ਨੇ ਨਵੇਂ ਰੂਪ ਧਾਰ ਲਏ ਹਨ। ਆਧੁਨਿਕ ਰਾਜ ਸ਼ਾਇਦ ਹੀ ਕਦੇ ਅਦਾਲਤੀ ਹੁਕਮ ਨਾਲ ਲੋਕਾਂ ਦੇ ਸਰੀਰ ਨੂੰ ਅੰਗ-ਭੰਗ ਕਰਨ ਦੀ ਸਜ਼ਾ ਦਿੰਦੇ ਹੋਣ। ਇਸ ਦੀ ਬਜਾਏ ਅਕਸਰ ਸੁਰੱਖਿਆ ਕਾਨੂੰਨ ਵਿਵਸਥਾ ਜਾਂ 'ਘੱਟ ਜਾਨ ਲੇਵਾ' ਬਲ ਦੇ ਨਾਮ 'ਤੇ ਪੁਲਿਸਿੰਗ, ਕਬਜ਼ੇ ਅਤੇ ਜੰਗ ਦੇ ਜ਼ਰੀਏ ਲੋਕਾਂ ਨੂੰ ਪੱਕੇ ਹੋਰ 'ਤੇ ਜ਼ਖ਼ਮੀ ਕੀਤਾ ਜਾਂਦਾ ਹੈ। ਇਸ ਦਾ ਮਕਸਦ ਹੁਣ ਸਜ਼ਾ ਦਾ ਜਨਤਕ ਤਮਾਸ਼ਾ ਦਿਖਾਉਣਾ ਨਹੀਂ ਸਗੋਂ ਸਰੀਰ ਨੂੰ ਇਸ ਤਰ੍ਹਾਂ ਕਮਜ਼ੋਰ ਕਰਨਾ ਹੈ ਜੋ ਜਿੰਦਾ ਤਾਂ ਰਹਿੰਦੇ ਹਨ, ਪਰ ਤਾਉਮਰ ਸਰਕਾਰ ਦੀ ਹਿੰਸਾ ਦੇ ਨਤੀਜਿਆਂ ਨੂੰ ਸਹਿਣ ਕਰਦੇ ਰਹਿੰਦੇ ਹਨ। ਜਿਸ ਤਰ੍ਹਾਂ ਕਿ ਪੁਆਰ ਕਹਿੰਦੀ ਹੈ ਕਿ ਅਜੋਕੀ ਸਰਕਾਰ ਤੇਜ਼ੀ ਨਾਲ ਨਾ ਸਿਰਫ਼ 'ਮਾਰਨ ਦਾ ਅਧਿਕਾਰ' ਸਗੋਂ ਅਪੰਗ ਬਣਾਉਣ ਦੇ ਅਧਿਕਾਰ ਦੀ ਵੀ ਵਰਤੋਂ ਕਰ ਰਹੀ ਹੈ। ਕਬਜਾ ਕਰਨ ਵਾਲੇ ਇਜਰਾਈਲੀ ਫ਼ੌਜੀਆਂ ਦਾ ਜ਼ਿਕਰ ਕਰਦਿਆਂ ਉਹ ਲਿਖਦੀ ਹੈ: 'ਇਜ਼ਰਾਇਲ ਦੀ ਫੌਜ ਦੀ ਤਾਕਤ-ਜੋ ਦੁਨੀਆਂ ਦੀਆ ਸਭ ਤੋਂ ਸ਼ਕਤੀਸ਼ਾਲੀ ਫੌਜਾਂ 'ਚੋਂ ਇੱਕ ਹੈ ਇਤਿਹਾਸ, -ਜ਼ਮੀਨੀ-ਸਿਆਸਤ ਅਤੇ ਧਰਤੀ ਨਾਲ ਜੁੜੀ ਉਸ ਧਾਰਨਾ 'ਤੇ ਟਿਕੀ ਹੈ ਕਿ ਉਸਦੀ ਹੋਂਦ ਹਮੇਸ਼ਾ ਕਮਜ਼ੋਰ ਅਤੇ ਬੇਯਕੀਨੀ ਰਹੀ ਹੈ। 'ਮਾਰਨ ਦਾ ਅਧਿਕਾਰ' ਦੇ ਨਾਲ ਨਾਲ ਮੈਂ ਬਸਤੀਆਂ ਵਸਾ ਕੇ ਰਾਜ ਕਰਨ ਦੀ ਇਜ਼ਰਾਈਲ ਦੀ ਯੁੱਧਨੀਤੀ 'ਚ ਇੱਕ ਹੋਰ ਸੋਚ ਦੇਖੀ ਹੈ ਉਹ ਹੈ ਫ਼ਲਸਤੀਨੀ ਆਬਾਦੀ ਨੂੰ ਜ਼ਖ਼ਮ ਦੇਣਾ ਅਤੇ ਉਨ੍ਹਾਂ ਨੂੰ ਹਮੇਸ਼ਾ ਕਮਜ਼ੋਰ ਬਣਾਈ ਰੱਖਣਾ ਤਾਂ ਕਿ ਉਨ੍ਹਾਂ 'ਤੇ ਕੰਟਰੋਲ ਰੱਖਿਆ ਜਾ ਸਕੇ, ਭਾਵੇਂ ਉਹ ਜਿੰਦਾ ਰਹਿਣ। ਇਜ਼ਰਾਈਲੀ ਸੁਰੱਖਿਆ ਫੌਜਾਂ ਨੇ ਦਹਾਕਿਆ ਤੋਂ ਇਹ ਦਿਖਾਇਆ ਹੈ ਕਿ ਉਹ ਜਾਨ ਲੈਣ ਦੀ ਬਜਾਏ ਅਕਸਰ ਲੋਕਾਂ ਨੂੰ ਅਪੰਗ ਬਣਾਉਣ ਦੇ ਇਰਾਦੇ ਨਾਲ ਗੋਲੀ ਚਲਾਉਂਦੇ ਹਨ।'

7 ਅਕਤੂਬਰ 2023 ਦੀ ਘਟਨਾ ਅਤੇ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਤੋਂ ਕਾਫ਼ੀ ਪਹਿਲਾ, 2017 ਵਿੱਚ, ਪੁਆਰ ਨੇ ਤਰਕ ਦਿੱਤਾ ਸੀ ਕਿ ਜਾਨੋਂ ਮਾਰਨ ਦੀ ਬਜਾਏ ਅਪੰਗ ਬਣਾਉਣ ਦੇ ਇਰਾਦੇ ਨਾਲ ਗੋਲੀ ਚਲਾਉਣਾ ਜਾਨ ਲੈਣ ਦੀ ਨੀਅਤ ਨਾਲ ਗੋਲੀ ਚਲਾਉਣ ਦੀ ਪ੍ਰਵਿਰਤੀ ਨੂੰ ਦੇਖਦੇ ਹੋਏ, ਇੱਕ ਮਾਮੂਲੀ ਰਾਹਤ ਲੱਗ ਸਕਦੀ ਹੈ ਪਰ ਜਾਨ ਲੈਣ ਦੇ ਅਧਿਕਾਰ ਅਤੇ ਅਪੰਗ ਬਣਾਉਣ ਦੇ ਅਧਿਕਾਰ ਵਿਚਕਾਰ ਦਾ ਉਹ ਉਤਰਾਅ-ਚੜ੍ਹਾਅ ਕੋਈ ਬੇਤਰਤੀਬ ਜਾਂ ਮਨਮਾਨਾ ਕੰਮ ਨਹੀਂ ਹੈ ਉਹ ਦੋਵੇਂ ਹੀ ਕਿਸੇ ਆਬਾਦੀ ਨੂੰ ਜਾਣ-ਬੁੱਝ ਕੇ ਕਮਜ਼ੋਰ ਕਰਨ ਦੇ ਹਿੱਸੇ ਹਨ, ਚਾਹੇ ਉਹ ਜਾਨ ਲੈਣ ਦੇ ਆਪਹੁਦਰੇ ਅਧਿਕਾਰ ਰਾਹੀਂ ਹੋਵੇ ਜਾ ਉਸਦੇ ਨਾਲ ਜੁੜੇ ਲੁਕਵੇਂ ਅਧਿਕਾਰ ਯਾਨੀ ਅਪੰਗ ਬਣਾਉਣ ਦੇ ਅਧਿਕਾਰ ਰਾਹੀਂ ਅਤੇ ਇਹ ਸੁਰੱਖਿਆ ਦੇ ਨਸਲਵਾਦੀ ਜੈਵ-ਰਾਜਨੀਤਿਕ ਤਰਕ ਦੇ ਅਹਿਮ ਤੱਤ ਹਨ। ਅੱਜ ਗਾਜ਼ਾ ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਅਜਿਹੇ ਬੱਚੇ ਹਨ, ਜੋ ਅੰਗ-ਭੰਗ ਦਾ ਸ਼ਿਕਾਰ ਹਨ।

ਪੁਆਰ ਦਾ ਵਿਸ਼ਲੇਸ਼ਣ ਫ਼ਲਸਤੀਨ ਤੋਂ ਅੱਗੇ ਤੱਕ ਜਾਂਦਾ ਹੈ। ਇਹ ਸਾਨੂੰ ਇਹ ਸੋਚਣ ਲਈ ਪ੍ਰੇਰਿਤ ਕਰਦਾ ਹੈ ਕਿ ਕੀ ਆਧੁਨਿਕ ਹੁਕਮਰਾਨ ਅਤੇ ਕੰਟਰੋਲ ਦੇ ਤਰੀਕੇ ਦੇ ਸਿਰ 'ਤੇ ਨਾ ਸਿਰਫ਼ ਘਾਤਕ ਤਾਕਤ ਦਾ, ਬਲਕਿ ਜਾਣ-ਬੁੱਝ ਕੇ ਸਥਾਈ ਜ਼ਖ਼ਮ ਦੇਣ ਦਾ ਵੀ ਤੇਜ਼ੀ ਨਾਲ ਸਹਾਰਾ ਲੈ ਰਹੇ ਹਨ।

**ਰਾਜ ਦੀ ਸੱਤਾ ਦੇ ਸਾਧਨ ਦੇ ਤੌਰ 'ਤੇ ਅਪੰਗਤਾ ਦਾ ਇਸਤੇਮਾਲ** : ਇਸ ਲਈ ਰਾਜ ਦੀ ਸੱਤਾ ਦੇ ਸਾਧਨ ਦੇ ਤੌਰ 'ਤੇ ਅਪੰਗਤਾ ਦਾ ਇਸਤੇਮਾਲ ਨਾ ਤਾਂ ਨਵਾਂ ਹੈ ਅਤੇ ਨਾ ਹੀ ਕਿਸੇ ਇੱਕ ਮੁਲਕ ਤੱਕ ਸੀਮਿਤ ਹੈ। ਸਾਮਰਾਜਵਾਦੀ ਸੱਤਾ ਨੇ ਕਈ ਪੀੜੀਆਂ ਨੂੰ ਅਪੰਗਤਾ ਨਾਲ ਜੀਣ ਲਈ ਮਜਬੂਰ ਕੀਤਾ ਹੈ। ਵੀਅਤਨਾਮ ਯੁੱਧ ਦੌਰਾਨ ਵਰਤਿਆ ਗਿਆ 'ਏਜੰਟ ਔਰੈਂਜ' ਪੀੜੀਆਂ ਤੱਕ ਜਨਮਜਾਤ ਵਿਗਾੜਾਂ ਅਤੇ ਅਪੰਗਤਾਵਾਂ ਦਾ ਕਾਰਨ ਬਣਿਆ, ਜਦਕਿ ਵੀਅਤਨਾਮ, ਕੰਬੋਡੀਆ, ਅਫ਼ਗਾਨਿਸਤਾਨ ਅਤੇ ਅੰਗੋਲਾ ਵਿੱਚ ਬਾਰੂਦੀ ਸੁਰੰਗਾਂ ਨੇ ਯੁੱਧ ਖ਼ਤਮ ਹੋਣ ਦੇ ਲੰਮੇ ਸਮੇਂ ਬਾਅਦ ਵੀ ਲੱਖਾਂ ਨਾਗਰਿਕਾਂ ਨੂੰ ਹਮੇਸ਼ਾ ਲਈ ਅਪੰਗ ਬਣਾ ਦਿੱਤਾ। ਇਨ੍ਹਾਂ ਅਤੇ ਹੋਰ ਦੂਸਰੇ ਤਜਰਬਿਆਂ ਦੇ ਸਿੱਟੇ ਵਜੋਂ ਆਖਿਰ ਕੌਮਾਂਤਰੀ ਪੱਧਰ 'ਤੇ ਯਤਨ ਹੋਏ, ਉਨ੍ਹਾਂ ਦਾ ਸਾਰ ਐਂਟੀ-ਪਰਸਨਲ ਮਾਈਨ ਉੱਪਰ ਪਾਬੰਦੀ ਲਾਏ ਜਾਣ ਦੀ ਕਨਵੈਨਸ਼ਨ ਦੇ ਰੂਪ 'ਚ ਸਾਹਮਣੇ ਆਇਆ।

ਇਹ ਕਨਵੈਨਸ਼ਨ ਇਸ ਗੱਲ ਨੂੰ ਮਾਨਤਾ ਦਿੰਦੀ ਹੈ ਕਿ ਅਜਿਹੇ ਹਥਿਆਰ ਜਿਨ੍ਹਾਂ ਦਾ ਸੰਭਵ ਤੌਰ 'ਤੇ ਨਤੀਜਾ ਵੱਡੇ ਪੱਧਰ 'ਤੇ ਅਪੰਗਤਾ ਪੈਦਾ ਕਰਨਾ ਹੈ, ਮਨੁੱਖੀ ਸਿਧਾਤਾਂ ਦੇ ਮੁੱਢਲੇ ਤੌਰ 'ਤੇ ਉਲਟ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤ ਸਮੇਤ ਕਈ ਮੁੱਖ ਮੁਲਕਾਂ ਨੇ ਅਜੇ ਤੱਕ ਇਸ ਕਨਵੈਨਸ਼ਨ 'ਤੇ ਦਸਖ਼ਤ ਨਹੀਂ ਕੀਤੇ ਹਨ।

ਖ਼ੈਰ, ਜੋ ਗੱਲ ਅੱਜ ਸਭ ਤੋਂ ਜ਼ਿਆਦਾ ਚਿੰਤਾਜਨਕ ਹੈ, ਉਹ ਹੈ ਪੁਲਸਿੰਗ ਅਤੇ ਸੁਰੱਖਿਆ ਦੇ ਅਜਿਹੇ ਤੌਰ ਤਰੀਕਿਆਂ ਦਾ ਸਾਹਮਣੇ ਆਉਣਾ, ਜਿਨ੍ਹਾਂ 'ਚ ਹਮੇਸ਼ਾ ਲਈ ਅਪੰਗ ਹੋ ਜਾਣਾ ਸਿਰਫ਼ ਅਣਜਾਣੇ ਵਿੱਚ ਹੋਇਆ ਨੁਕਸਾਨ ਨਹੀਂ, ਸਗੋਂ ਰਾਜ ਦੀ ਕਾਰਵਾਈ ਦਾ ਪ੍ਰਵਾਨਿਤ ਅਤੇ ਕਈ ਵਾਰ ਸਾਫ਼ ਤੌਰ 'ਤੇ ਜਾਣ-ਬੁੱਝ ਕੇ ਕੀਤਾ ਗਿਆ ਨਤੀਜਾ ਹੁੰਦਾ ਹੈ। ਗਾਜ਼ਾ ਵਿੱਚ 'ਗਰੇਟ ਮਾਰਚ ਆਫ ਰਿਟਰਨ ਇਨ ਗਾਜ਼ਾ' ਦੌਰਾਨ, ਇਜ਼ਰਾਇਲੀ ਫ਼ੌਜਾਂ ਦੀ ਗੋਲੀਬਾਰੀ ਵਿੱਚ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ, ਉਨ੍ਹਾਂ ਦੇ ਅੰਗ-ਭੰਗ ਹੋਏ, ਅਤੇ ਉਹ ਹਮੇਸ਼ਾ ਲਈ ਅਪੰਗ ਹੋ ਗਏ। ਇਹ ਸਿਲਸਿਲਾ ਇੱਥੇ ਹਾਲ ਹੀ ਵਿੱਚ ਹੋਏ ਕਤਲੇਆਮ ਦੌਰਾਨ ਵੀ ਜਾਰੀ ਰਿਹਾ।

**ਅਪੰਗਤਾ: ਸਵੀਕਾਰਨ ਯੋਗ ਮੰਨੀ ਗਈ ਸਜ਼ਾ** : ਭਾਰਤ ਵਿੱਚ, ਕਸ਼ਮੀਰ 'ਚ ਪੈਲੇਟ ਫਾਇਰਿੰਗ ਸ਼ਾਟਗਨ ਦੀ ਵਰਤੋਂ ਨਾਲ ਹਜ਼ਾਰਾਂ ਲੋਕ ਅੰਨ੍ਹੇ ਹੋ ਗਏ ਹਨ, ਉੱਥੇ ਉੱਤਰ ਪ੍ਰਦੇਸ਼ ਦੇ ਓਪਰੇਸ਼ਨ ਲੰਗੜਾ ਨੇ ਸ਼ੱਕੀ ਵਿਅਕਤੀਆਂ ਦੀਆਂ ਲੱਤਾਂ ਵਿੱਚ ਗੋਲੀ ਮਾਰਨ ਨੂੰ ਆਮ ਗੱਲ ਬਣਾ ਦਿੱਤਾ ਹੈ, ਜਿਸ ਕਾਰਨ ਹਜ਼ਾਰਾਂ ਲੋਕ ਅਪੰਗ ਹੋ ਗਏ ਹਨ। ਉੱਤਰ ਪ੍ਰਦੇਸ਼ ਪੁਲਿਸ ਦੇ ਅਨੁਸਾਰ 2017 ਤੋਂ ਹੁਣ ਤੱਕ 14,973 ਮੁਕਾਬਲੇ ਹੋਏ ਹਨ, ਜਿਨ੍ਹਾਂ ਵਿੱਚ 2238 ਅਖੌਤੀ ਅਪਰਾਧੀ ਮਾਰੇ ਗਏ ਅਤੇ 9,467 ਦੀਆਂ ਲੱਤਾਂ ਵਿੱਚ ਗੋਲੀ ਲੱਗੀ ਹੈ।

ਹਾਲਾਂਕਿ ਇਹ ਪ੍ਰਸੰਗ ਸਿਆਸੀ ਅਤੇ ਕਾਨੂੰਨੀ ਤੌਰ 'ਤੇ ਵੱਖ-ਵੱਖ ਹਨ। ਪਰ ਇਨ੍ਹਾਂ ਵਿੱਚ ਇੱਕ ਚਿੰਤਾਜਨਕ ਸਮਾਨਤਾ ਨਜ਼ਰ ਆਉਂਦੀ ਹੈ-ਕੰਟਰੋਲ ਬਣਾਉਣ ਦੀ ਸਜ਼ਾ ਨੂੰ ਡਰਾਉਣ-ਧਮਕਾਉਣ ਅਤੇ ਸਮਾਜਿਕ ਕੰਟਰੋਲ ਦੇ ਇੱਕ ਪ੍ਰਵਾਨਤ ਤਰੀਕੇ ਵਜੋਂ ਜ਼ਿਆਦਾ ਦੇਖਿਆ ਜਾਣ ਲੱਗਾ ਹੈ। ਅਫਸੋਸ ਦੀ ਗੱਲ ਹੈ ਕਿ ਨਿਆਪਾਲਿਕਾ ਦੇ ਕੁਝ ਹਿੱਸਿਆਂ ਵਿੱਚ ਵੀ ਇਸਨੂੰ ਸਵੀਕਾਰ ਕੀਤਾ ਜਾਂਦਾ ਹੈ। ਹਾਲ ਹੀ ਵਿੱਚ, ਕਰਨਾਟਕ ਹਾਈ ਕੋਰਟ ਦੇ ਜਸਟਿਸ ਆਰ. ਨਟਰਾਜ ਨੇ ਕਥਿਤ ਤੌਰ 'ਤੇ ਕਿਹਾ ਹੈ ਕਿ ਲੋਕਾਂ ਤੋਂ ਕਾਨੂੰਨ ਦੀ ਪਾਲਣਾ ਕਰਵਾਉਣ ਦਾ ਇੱਕੋ-ਇੱਕ ਤਰੀਕਾ, ਹੱਥ ਜਾਂ ਪੈਰ ਕੱਟਣਾ ਹੋ ਸਕਦਾ ਹੈ।

**ਅਪੰਗ ਬਣਾਉਣ ਵਾਲੇ ਹਥਿਆਰਾਂ ਦਾ ਇਸਤੇਮਾਲ** : ਇਸੇ ਪ੍ਰਸੰਗ 'ਚ 20 ਜੁਲਾਈ ਦੀਆਂ ਘਟਨਾਵਾਂ ਬਹੁਤ ਮਹੱਤਵਪੂਰਨ ਹੋ ਜਾਂਦੀਆਂ ਹਨ। ਇਹ ਸਾਨੂੰ ਇੱਕ ਅਜਿਹੇ ਸਵਾਲ ਬਾਰੇ ਸੋਚਣ ਲਈ ਮਜਬੂਰ ਕਰਦੀਆਂ ਹਨ, ਜੋ ਜਨਤਕ ਬਹਿਸ ਤੋਂ ਗਾਇਬ ਹੈ। ਭਾਰਤ ਵਿੱਚ ਪੈਲਟ ਗੰਨ ਦੇ ਇਸਤੇਮਾਲ ਦੇ ਬਾਵਜੂਦ ਜਦ ਸਰਕਾਰ ਅਜਿਹੇ ਹਥਿਆਰਾਂ ਦੀ ਵਰਤੋਂ ਕਰਦੀ ਹੈ, ਜਿਨ੍ਹਾਂ ਨਾਲ ਸਥਾਈ ਤੌਰ 'ਤੇ ਅਪੰਗ ਹੋਣ ਦਾ ਖ਼ਦਸ਼ਾ ਹੁੰਦਾ ਹੈ, ਤਾਂ ਇਸ ਦਾ ਕੀ ਮਤਲਬ ਹੈ ? 'ਨੈਸ਼ਨਲ ਪਲੈਟਫਾਰਮ ਫਾਰ ਦ ਰਾਈਟਸ ਆਫ ਦ ਡਿਸਏਬਲਡ' ਯਾਨੀ ਅਪਾਹਜਾਂ ਦੇ ਅਧਿਕਾਰ ਲਈ ਕੌਮੀ ਮੰਚ) ਨੇ 447 ਤੋਂ ਵੱਧ ਵਿਕਲਾਂਗਤਾ ਅਧਿਕਾਰ ਸੰਗਠਨਾਂ, ਕਾਰਕੁਨਾਂ, ਜਨਤਕ ਸਿਹਤ ਮਾਹਰਾਂ ਅਤੇ ਅਕਾਦਮਿਕਾਂ ਦੁਆਰਾ ਤਜਵੀਜ਼ਤ ਇੱਕ ਬਿਆਨ ਵਿੱਚ, ਪੈਲੇਟ ਗੰਨ ਅਤੇ ਇਲੈਕਟ੍ਰਿਕ ਸ਼ਾਕ ਬੈਟਨ ਦੇ ਇਸਤੇਮਾਲ ਦੀ ਸਪਸ਼ਟ ਤੌਰ 'ਤੇ ਨਿੰਦਾ ਕੀਤੀ ਹੈ। ਉਨ੍ਹਾਂ ਦਾ ਇਹ ਕਦਮ ਇਸ ਲਈ ਅਹਿਮ ਹੈ, ਕਿਉਂਕਿ ਇਹ ਬਹਿਸ ਨੂੰ ਲੋੜ ਤੋਂ ਵੱਧ ਤਾਕਤ ਵਰਤਣ ਅਤੇ ਨਾਗਰਿਕ ਆਜ਼ਾਦੀ ਦੇ ਅਧਿਕਾਰ ਦੇ ਮੁੱਦੇ ਨੂੰ ਸਾਹਮਣੇ ਲਿਆਉਂਦਾ ਹੈ।

ਭਾਰਤ ਦਾ 'ਵਿਕਲਾਂਗ ਅਧਿਕਾਰ ਅਧਿਨਿਯਮ, 2016 ਅਤੇ 'ਵਿਕਲਾਂਗਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਕਨਵੈਨਸ਼ਨ (ਯੂ.ਐੱਨ.ਸੀ.ਆਰ.ਪੀ.ਡੀ.) ਜਿਸ ਦਾ ਭਾਰਤ ਮੈਂਬਰ ਮੁਲਕ ਹੈ - ਅਪਾਹਜਾਂ ਨੂੰ ਅਧਿਕਾਰ, ਸਮਾਨਤਾ ਅਤੇ ਸਨਮਾਨ ਦੇ ਸਵਾਲ ਦੇ ਰੂਪ ਵਿੱਚ ਮਾਨਤਾ ਦੇਣ ਦੇ ਨਜ਼ਰੀਏ ਨਾਲ ਦੇਖਦੇ ਹਨ। ਇਹ ਕਾਨੂੰਨ ਸਰਕਾਰਾਂ ਤੋਂ ਉਮੀਦ ਕਰਦੇ ਹਨ ਕਿ ਅਪੰਗਤਾ ਰੋਕਣ ਦੇ ਨਾਲ-ਨਾਲ ਰੁਕਾਵਟਾਂ ਨੂੰ ਦੂਰ ਕਰਨ, ਭੇਦਭਾਵ ਵਿਰੁੱਧ ਲੜਨ ਅਤੇ ਵਿਕਲਾਗਾਂ ਦੀ ਪੂਰੀ ਹਿੱਸੇਦਾਰੀ ਨੂੰ ਉਤਸ਼ਾਹਿਤ ਕਰਨ।

**ਰਾਜ: ਅਪੰਗਤਾ ਪੈਦਾ ਕਰਨ ਵਾਲਾ ਸਰਗਰਮ ਕਾਰਕ** : ਪੈਲੇਟ ਗੰਨ ਦਾ ਇਸਤੇਮਾਲ ਇਨ੍ਹਾਂ ਵਿਵਾਦਾਂ ਦੇ ਮੁੱਢ ਵਿੱਚ ਮੌਜੂਦ ਡੂੰਘੀ ਵਿਰੋਧਤਾਈ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦੀ ਬਜਾਏ, ਜੋ ਲੋਕਾਂ ਨੂੰ ਅਪੰਗ ਬਣਾ ਦਿੰਦੀਆਂ ਹਨ, ਰਾਜ ਖੁਦ ਅਪੰਗਤਾ ਪੈਦਾ ਕਰਨ ਵਾਲਾ ਸਰਗਰਮ ਕਾਰਕ ਬਣ ਜਾਂਦਾ ਹੈ।

ਛਰਿਆਂ ਨਾਲ ਹੋਣ ਵਾਲਾ ਹਰ ਅੰਨਾਪਣ, ਖ਼ਰਾਬ ਰੈਟਿਨਾ, ਚਿਹਰੇ 'ਤੇ ਕਦੇ ਨਾ ਸਾਫ਼ ਹੋਣ ਵਾਲੇ ਦਾਗ ਜਾਂ ਤੰਤੂ ਪ੍ਰਣਾਲੀ ਦੇ ਨੁਕਸਾਨ-ਭੀੜ ਤੰਤਰ ਦਾ ਮਹਿਜ਼ ਇੱਕ ਮੰਦਭਾਗਾ ਨਤੀਜਾ ਨਹੀਂ ਹੈ. ਸਗੋਂ ਇਹ ਉਸ ਹਥਿਆਰ ਦੇ ਇਸਤੇਮਾਲ ਦਾ ਅਨੁਮਾਨਿਤ ਨਤੀਜਾ ਹੈ, ਜਿਸ ਦੇ ਪ੍ਰਭਾਵਾਂ ਦਾ ਦਸਤਾਵੇਜ਼ੀਕਰਨ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਕੀਤਾ ਜਾ ਰਿਹਾ ਹੈ। ਹਮਲਾਵਰ ਸੱਟਾਂ ਦੇ ਉਲਟ, ਸੱਤਾ ਉਸ ਹਥਿਆਰ ਦੀ ਸੁਚੇਤ ਵਰਤੋਂ ਦੇ ਨਤੀਜੇ ਵਜੋਂ ਲੱਗਦੀਆਂ ਹਨ, ਜਿਨ੍ਹਾਂ ਬਾਰੇ ਇਹ ਪਤਾ ਹੈ ਕਿ ਇਸ ਨਾਲ ਅਪੰਗ ਹੋਣ ਦਾ ਕਾਫੀ ਖ਼ਤਰਾ ਹੈ।

ਸਰਕਾਰੀ ਨੀਤੀਆਂ ਵਿੱਚ ਟੀਕਾਕਰਨ, ਕੰਮਕਾਜ ਵਾਲੀ ਥਾਂ 'ਤੇ ਸੁਰੱਖਿਆ, ਸੜਕ ਸੁਰੱਖਿਆ ਅਤੇ ਜਨ ਸਿਹਤ ਲਈ ਅਜਿਹੀ ਅਪੰਗਤਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਸਨੂੰ ਟਾਲਿਆ ਜਾ ਸਕਦਾ ਹੈ। ਪੈਲਟ ਇਸਦੇ ਠੀਕ ਉਲਟ ਸਿਧਾਂਤ 'ਤੇ ਕੰਮ ਕਰਦੀ ਹੈ। ਇਸ ਵਿੱਚ ਸਰਕਾਰ ਜਾਣ-ਬੁੱਝ ਕੇ ਅਜਿਹੇ ਹਥਿਆਰ ਦਾ ਇਸਤੇਮਾਲ ਕਰਦੀ ਹੈ, ਜਿਸਦੀ ਮੁੱਖ ਵਿਸ਼ੇਸ਼ਤਾ ਹੀ ਅਜਿਹੀ ਸੱਟ ਮਾਰਨਾ ਹੈ, ਜਿਸ ਨਾਲ ਹੋਣ ਵਾਲੀ ਅਪੰਗਤਾ ਨੂੰ ਠੀਕ ਨਹੀਂ ਕੀਤਾ ਜਾ ਸਕਦਾ।

ਇਸ ਲਈ ਹੁਣ ਸਵਾਲ ਇਹ ਨਹੀਂ ਹੈ ਕਿ ਦਿੱਲੀ ਵਿਚ ਕਿਸੇ ਖ਼ਾਸ ਦਿਨ ਲੋੜ ਤੋਂ ਜ਼ਿਆਦਾ ਪੁਲਿਸ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਸਮਾਨਤਾ, ਸਨਮਾਨ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਵਚਨਬੱਧਤਾ ਵਾਲੇ ਸੰਵਿਧਾਨਕ ਲੋਕਤੰਤਰ ਵਿੱਚ ਪੁਲਿਸਿੰਗ ਦੇ ਅਜਿਹੇ ਤਰੀਕਿਆਂ ਨੂੰ ਜਾਇਜ਼ ਮੰਨਿਆ ਜਾ ਸਕਦਾ ਹੈ, ਜਿਨ੍ਹਾਂ ਨਾਲ ਅਪੰਗਤਾ ਪੈਦਾ ਹੋਣ ਦਾ ਡਰ ਹੋਵੇ।

**ਸੰਵਿਧਾਨਕ ਵਿਰੋਧਤਾਈ** : ਸੰਵਿਧਾਨ ਦੇ ਨਜ਼ਰੀਏ ਤੋਂ ਦੇਖਿਆਂ ਇਹ ਵਿਰੋਧਤਾਈ ਹੋਰ ਵੀ ਡੂੰਘੀ ਹੋ ਜਾਂਦੀ ਹੈ। ਆਰਟੀਕਲ 21 ਨਾ ਸਿਰਫ਼ ਜ਼ਿੰਦਗੀ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ, ਸਗੋਂ ਸਨਮਾਨ ਨਾਲ ਜੀਊਣ ਦੇ ਅਧਿਕਾਰ ਦੀ ਵੀ ਗਾਰੰਟੀ ਦਿੰਦਾ ਹੈ। ਆਰਟੀਕਲ 14 ਅਤੇ 19 ਕਾਨੂੰਨ ਦੇ ਸਾਹਮਣੇ ਸਮਾਨਤਾ, ਪ੍ਰਗਟਾਵੇ ਅਤੇ ਸ਼ਾਂਤਮਈ ਇਕੱਠ ਦੀ ਆਜ਼ਾਦੀ ਦੀ ਰੱਖਿਆ ਕਰਦੇ ਹਨ। ਇਹ ਗਾਰੰਟੀਆਂ ਮੁਅੱਤਲ ਨਹੀਂ ਹਨ, ਕਿਉਕਿ ਨਾਗਰਿਕ ਇਸਦਾ ਵਿਰੋਧ ਕਰਨਗੇ ਜਦਕਿ ਰਾਜ ਕੋਲ ਜਨਤਕ ਵਿਵਸਥਾ ਕਾਇਮ ਰੱਖਣ ਦਾ ਅਧਿਕਾਰ ਅਤੇ ਜ਼ਿੰਮੇਵਾਰੀ ਦੋਵੇਂ ਹਨ। ਸੰਵਿਧਾਨਕ ਸ਼ਾਸਨ ਦੀ ਮੰਗ ਹੈ ਕਿ ਤਾਕਤ ਦੀ ਕੋਈ ਵੀ ਵਰਤੋਂ ਵਾਜਬੀਅਤ, ਲੋੜ ਅਤੇ ਅਨੁਪਾਤਕਤਾ ਦੀਆਂ ਕਸੌਟੀਆਂ 'ਤੇ ਖ਼ਰੀ ਉਤਰੇ। ਪੁਲਿਸ ਦੀ ਵਰਤੋਂ ਹਮੇਸ਼ਾ ਘੱਟ ਤੋਂ ਘੱਟ ਨੁਕਸਾਨ ਪਹੁੰਚਾਉਣ ਵਾਲੇ ਤਰੀਕੇ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਹਥਿਆਰ, ਜਿਨ੍ਹਾਂ ਨਾਲ ਹਮੇਸ਼ਾ ਲਈ ਅੰਨਾਪਣ ਜਾਂ ਤਾਉਮਰ ਦੀ ਅਪੰਗਤਾ ਹੋਣ ਦੀ ਸ਼ੰਕਾ ਹੋਵੇ, ਉਹ ਇਸ ਸੰਵਿਧਾਨਕ ਢਾਂਚੇ ਦੇ ਹਿਸਾਬ ਨਾਲ ਠੀਕ ਨਹੀਂ ਬੈਠਦਾ।

ਇਹ ਵਿਰੋਧਤਾਈ ਘਰੇਲੂ ਕਾਨੂੰਨ ਤੋਂ ਵੀ ਅੱਗੇ ਤੱਕ ਫੈਲੀ ਹੋਈ ਹੈ। ਯੂ.ਐੱਨ.ਸੀ.ਪੀ.ਆਰ.ਡੀ. ਦੀ ਤਾਈਦ ਕਰਕੇ, ਭਾਰਤ ਨੇ ਅਪਾਹਜਾਂ ਲਈ ਸਨਮਾਨ, ਬਰਾਬਰੀ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕੀਤਾ ਹੈ। ਕੰਟਰੋਲ ਅਧਿਕਾਰ ਅਧਿਨਿਯਮ, 2016 ਇਨ੍ਹਾਂ ਵਚਨਬੱਧਤਾਵਾਂ ਦਾ ਪ੍ਰਤੀਕ ਹੈ। ਫਿਰ ਵੀ ਇਹ ਵਾਅਦੇ ਖੋਖਲੇ ਸਾਬਤ ਹੋ ਰਹੇ ਹਨ। ਜੇ ਉਹ ਹੀ ਰਾਜ ਅਜਿਹੇ ਹਥਿਆਰਾਂ ਨੂੰ ਬਰਕਰਾਰ ਰੱਖਦਾ ਹੈ ਅਤੇ ਤਾਇਨਾਤ ਕਰਦਾ ਹੈ, ਜਿਸ ਦਾ ਅਨੁਮਾਨਤ ਨਤੀਜਾ ਨਵੀਂ ਅਪੰਗਤਾ ਪੈਦਾ ਕਰਨਾ ਹੁੰਦਾ ਹੈ ਤਾਂ ਇਹ ਮਹਿਜ਼ ਇਕ ਨੀਤੀਗਤ ਕੁਜੋੜਤਾ ਨਹੀਂ ਹੈ, ਇਹ ਸੰਵਿਧਾਨਕ ਵਿਰੋਧਤਾਈ ਹੈ।

**ਉਹ ਸਬਕ, ਜੋ ਅਸੀਂ ਸਿੱਖਣਾ ਨਹੀਂ ਚਾਹੁੰਦੇ** : ਭਾਰਤ ਵਿੱਚ ਪੈਲਟ ਫਾਇਰ ਕਰਨ ਵਾਲੀਆਂ ਸ਼ਾਟ ਗੰਨਾਂ ਦੀ ਵਰਤੋਂ ਕਸ਼ਮੀਰ ਘਾਟੀ ਵਿੱਚ 2010 ਦੇ ਵਿਰੋਧ-ਪ੍ਰਦਰਸ਼ਨਾਂ ਤੋਂ ਬਾਅਦ ਸ਼ੁਰੂ ਹੋਈ। ਇਨ੍ਹਾਂ ਨੂੰ ਅਸਲੀ ਗੋਲੀਆਂ ਦੇ 'ਗ਼ੈਰ-ਘਾਤਕ' ਬਦਲ ਵਜੋਂ ਪੇਸ਼ ਕੀਤਾ ਗਿਆ ਅਤੇ ਭੀੜ ਨੂੰ ਕਾਬੂ ਕਰਨ ਦਾ ਵਧੇਰੇ ਮਨੁੱਖੀ ਤਰੀਕਾ ਦੱਸਿਆ ਗਿਆ। ਇਨ੍ਹਾਂ ਦੇ ਬੇਹੱਦ ਭਿਆਨਕ ਨਤੀਜਿਆਂ ਅਤੇ ਇਨ੍ਹਾਂ ਉੱਤੇ ਪਾਬੰਦੀ ਲਾਉਣ ਦੀਆਂ ਮੰਗਾਂ ਦੇ ਬਾਵਜੂਦ, ਇਨ੍ਹਾਂ ਦੀ ਵਾਰ-ਵਾਰ ਵਰਤੋਂ ਕੀਤੀ ਗਈ।

ਛੇਤੀ ਹੀ ਪੂਰੀ ਘਾਟੀ ਦੇ ਹਸਪਤਾਲਾਂ ਵਿੱਚ ਅੱਖਾਂ ਦੀਆਂ ਗੰਭੀਰ ਸੱਟਾਂ ਦੇ ਸੈਂਕੜੇ ਮਾਮਲੇ ਦਰਜ ਹੋਣ ਲੱਗੇ। ਸ੍ਰੀਨਗਰ ਦੇ ਸ੍ਰੀ ਮਹਾਰਾਜਾ ਹਰੀ ਸਿੰਘ ਹਸਪਤਾਲ ਦੇ ਅੱਖਾਂ ਦੇ ਮਾਹਿਰਾਂ ਨੇ ਅੱਖਾਂ ਦੇ ਡੇਲੇ ਫਟਣ, ਰੈਟਿਨਾ ਦੇ ਵੱਖ ਹੋ ਜਾਣ, ਦ੍ਰਿਸ਼ਟੀ ਤੰਤੂ ਨੂੰ ਨੁਕਸਾਨ ਪਹੁੰਚਣ ਅਤੇ ਕੌਰਨੀਆ ਦੇ ਬੁਰੀ ਤਰ੍ਹਾਂ ਨੁਕਸਾਨੇ ਜਾਣ ਵਰਗੇ ਮਾਮਲੇ ਦਰਜ ਕੀਤੇ; ਅਜਿਹੀਆਂ ਸੱਟਾਂ ਆਧੁਨਿਕ ਨੇਤਰ-ਚਿਕਿਤਸਾ ਦੇ ਦੌਰ ਵਿੱਚ ਸ਼ਾਇਦ ਹੀ ਕਦੇ ਦੇਖੀਆਂ ਗਈਆਂ ਹੋਣ। ਬਹੁਤ ਸਾਰੇ ਪੀੜਤਾਂ ਦੀਆਂ ਵਾਰ-ਵਾਰ ਸਰਜਰੀਆਂ ਕਰਨੀਆਂ ਪਈਆਂ। ਜਨਵਰੀ 2018 ਵਿੱਚ ਜੰਮੂ-ਕਸ਼ਮੀਰ ਦੀ ਤਤਕਾਲੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਰਾਜ ਵਿਧਾਨ ਸਭਾ ਵਿੱਚ ਦੱਸਿਆ ਕਿ 8 ਜੁਲਾਈ 2016 ਤੋਂ 27 ਫਰਵਰੀ 2017 ਦਰਮਿਆਨ ਕਸ਼ਮੀਰ ਵਿੱਚ ਪੈਲਟ ਗੰਨਾਂ ਨਾਲ 6,221 ਲੋਕ ਜ਼ਖ਼ਮੀ ਹੋਏ ਸਨ। ਇਨ੍ਹਾਂ ਵਿੱਚੋਂ 728 ਲੋਕਾਂ ਦੀਆਂ ਅੱਖਾਂ ਉੱਤੇ ਸੱਟਾਂ ਲੱਗੀਆਂ ਅਤੇ 54 ਲੋਕ ਪੈਲਟਾਂ ਦੀਆਂ ਸੱਟਾਂ ਕਾਰਨ ਕਿਸੇ ਨਾ ਕਿਸੇ ਕਿਸਮ ਦੀ ਦ੍ਰਿਸ਼ਟੀ-ਸਬੰਧੀ ਅਪੰਗਤਾ ਦਾ ਸ਼ਿਕਾਰ ਹੋਏ।

ਪੈਲਟ ਗੰਨਾਂ ਨਾਲ ਲੱਗੀਆਂ ਸੱਟਾਂ ਦੇ ਹਰੇਕ ਅੰਕੜੇ ਪਿੱਛੇ ਇੱਕ ਅਜਿਹੀ ਜ਼ਿੰਦਗੀ ਲੁਕੀ ਹੋਈ ਹੈ, ਜਿਹੜੀ ਹਮੇਸ਼ਾ ਲਈ ਬਦਲ ਗਈ। ਜੁਲਾਈ 2016 ਵਿੱਚ ਸ਼ੋਪੀਆਂ ਦੀ ਰਹਿਣ ਵਾਲੀ ਚੌਦਾਂ ਸਾਲਾ ਇਸ਼ਾ ਮੁਸ਼ਤਾਕ ਆਪਣੇ ਘਰ ਦੀ ਖਿੜਕੀ ਵਿੱਚੋਂ ਬਾਹਰ ਹੋ ਰਿਹਾ ਵਿਰੋਧ-ਪ੍ਰਦਰਸ਼ਨ ਦੇਖ ਰਹੀ ਸੀ। ਪੈਲਟਾਂ ਦੀ ਵਾਛੜ ਨੇ ਖਿੜਕੀ ਦਾ ਸ਼ੀਸ਼ਾ ਤੋੜ ਦਿੱਤਾ ਅਤੇ ਉਸ ਦੀਆਂ ਦੋਵਾਂ ਅੱਖਾਂ ਵਿੱਚ ਜਾ ਵੱਜੀ, ਜਿਸ ਕਾਰਨ ਉਹ ਹਮੇਸ਼ਾ ਲਈ ਅੰਨ੍ਹੀ ਹੋ ਗਈ। ਡਾਕਟਰ ਬਣਨ ਦਾ ਸੁਪਨਾ ਦੇਖਣ ਵਾਲੀ ਹੋਣਹਾਰ ਵਿਦਿਆਰਥਣ ਇਸ਼ਾ ਨੂੰ ਅਚਾਨਕ ਸਕੂਲ ਛੱਡਣਾ ਪਿਆ, ਬ੍ਰੇਲ ਅਤੇ ਲਗਾਤਾਰ ਸਹਾਇਤਾ ਰਾਹੀਂ ਰੋਜ਼ਮਰ੍ਹਾ ਦੇ ਕੰਮ ਮੁੜ ਸਿੱਖਣੇ ਪਏ ਅਤੇ ਇੱਕ ਅਜਿਹੇ ਭਵਿੱਖ ਨੂੰ ਅਪਣਾਉਣਾ ਪਿਆ, ਜਿਸ ਦੀ ਉਸ ਨੇ

ਕਦੇ ਚੋਣ ਨਹੀਂ ਕੀਤੀ ਸੀ। ਦਸ ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ ਇੰਸ਼ਾ ਮੁਸ਼ਤਾਕ ਨੂੰ ਹਾਲ ਹੀ ਵਿੱਚ 41.16 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ।

**ਪੈਲਟ ਕਿਸੇ ਵਿੱਚ ਫ਼ਰਕ ਨਹੀਂ ਕਰਦੇ :** ਆਮ ਗੋਲੀ ਦੇ ਉਲਟ, ਪੈਲਟ ਕਾਰਤੂਸ ਵਿੱਚੋਂ ਧਾਤ ਦੇ ਸੈਂਕੜੇ ਛੋਟੇ ਟੁਕੜੇ ਨਿਕਲਦੇ ਹਨ, ਜਿਹੜੇ ਵੱਡੇ ਇਲਾਕੇ ਵਿੱਚ ਬੇਤਰਤੀਬ ਢੰਗ ਨਾਲ ਫੈਲ ਜਾਂਦੇ ਹਨ। ਇੱਕ ਵਾਰ ਫਾਇਰ ਕੀਤੇ ਜਾਣ ਤੋਂ ਬਾਅਦ ਨਾ ਤਾਂ ਗੋਲੀ ਚਲਾਉਣ ਵਾਲਾ ਅਤੇ ਨਾ ਹੀ ਕਮਾਂਡਿੰਗ ਅਫ਼ਸਰ ਇਹ ਤੈਅ ਕਰ ਸਕਦਾ ਹੈ ਕਿ ਕਿਹੜਾ ਪੈਲਟ ਕਿਸ ਵਿਅਕਤੀ ਨੂੰ ਜਾਂ ਉਸ ਦੇ ਸਰੀਰ ਦੇ ਕਿਹੜੇ ਹਿੱਸੇ ਉੱਤੇ ਲੱਗੇਗਾ। ਇਹ ਹਥਿਆਰ ਪ੍ਰਦਰਸ਼ਨਕਾਰੀ ਅਤੇ ਰਾਹਗੀਰ, ਬਾਲਗ ਅਤੇ ਬੱਚੇ ਜਾਂ ਮੋਢੇ ਅਤੇ ਅੱਖ ਵਿੱਚ ਕੋਈ ਫ਼ਰਕ ਨਹੀਂ ਕਰ ਸਕਦਾ। ਮੁਸ਼ਤਾਕ ਵੀ ਅਜਿਹੇ ਪੀੜਤਾਂ ਵਿੱਚੋਂ ਇੱਕ ਸੀ।

ਅਠਾਰਾਂ ਮਹੀਨਿਆਂ ਦੀ ਹਿਬਾ ਨਿਸਾਰ ਦੀ ਕਹਾਣੀ ਵੱਖਰੀ ਹੈ। 23 ਨਵੰਬਰ 2018 ਨੂੰ ਉਹ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਦੇ ਕਪਰਾਨ ਵਿੱਚ ਆਪਣੇ ਘਰ ਅੰਦਰ ਸੀ। 'ਨਿਊਜ਼ਕਲਿੱਕ' ਦੀ ਰਿਪੋਰਟ ਅਨੁਸਾਰ, "ਬੱਚੀ ਆਪਣੀ ਮਾਂ ਦੀ ਗੋਦ ਵਿੱਚ ਸੀ, ਜਦੋਂ ਸੜਕ ਉੱਤੇ ਪ੍ਰਦਸ਼ਨਕਾਰੀਆਂ ਨੂੰ ਹਟਾਉਣ ਲਈ ਛੱਡੇ ਗਏ ਅੱਥਰੂ ਗੈਸ ਦੇ ਗੋਲਿਆਂ ਦਾ ਧੂੰਆਂ ਉਨ੍ਹਾਂ ਦੇ ਘਰ ਅੰਦਰ ਭਰ ਗਿਆ, ਜਿਸ ਕਾਰਨ ਘਰ ਅੰਦਰ ਰਹਿਣਾ ਮੁਸ਼ਕਲ ਹੋ ਗਿਆ। ਉਸ ਦੀ 32 ਸਾਲਾ ਮਾਂ ਮਾਰਸਾਲਾ ਨੇ ਬੱਚੀ ਨੂੰ ਬਾਹਰ ਲਿਜਾਣ ਦੀ ਕੋਸ਼ਿਸ਼ ਕੀਤੀ, ਪਰ ਜਿਉਂ ਹੀ ਉਸ ਨੇ ਦਰਵਾਜ਼ਾ ਖੋਲ੍ਹਿਆ, ਇੱਕ ਫ਼ੌਜੀ ਨੇ ਉਨ੍ਹਾਂ ਵੱਲ ਪੈਲਟ ਚਲਾ ਦਿੱਤੇ, ਜਿਸ ਕਾਰਨ ਹਿਬਾ ਦੀ ਸੱਜੀ ਅੱਖ ਜ਼ਖ਼ਮੀ ਹੋ ਗਈ। ਪੈਲਟ ਉਸ ਦੀ ਅੱਖ ਨੂੰ ਵਿੰਨ੍ਹਦਾ ਹੋਇਆ ਅੰਦਰ ਡੂੰਘਾਈ ਤੱਕ ਚਲਾ ਗਿਆ ਅਤੇ ਅੱਖ ਦੇ ਉਨ੍ਹਾਂ ਹਿੱਸਿਆਂ ਨੂੰ ਨੁਕਸਾਨ ਪਹੁੰਚਾਇਆ, ਜਿਹੜੇ ਦੇਖਣ ਲਈ ਜ਼ਰੂਰੀ ਹੁੰਦੇ ਹਨ।" ਬਾਅਦ ਵਿੱਚ ਉਸ ਦੀ ਮਾਂ ਨੇ ਕਿਹਾ ਕਿ ਕਾਸ਼ ਪੈਲਟ ਉਸ ਨੂੰ ਲੱਗੇ ਹੁੰਦੇ; ਇਹ ਸੋਚ ਕੇ ਉਸ ਨੂੰ ਦੁੱਖ ਹੋ ਰਿਹਾ ਸੀ ਕਿ ਉਸ ਦੀ ਧੀ ਸਾਰੀ ਜ਼ਿੰਦਗੀ ਅਪੰਗਤਾ ਨਾਲ ਕਿਵੇਂ ਜੀਵੇਗੀ।

ਦਿੱਲੀ ਵਿੱਚ ਹੋਈ ਕਾਰਵਾਈ ਦੌਰਾਨ ਪੈਲਟ ਲੱਗਣ ਕਾਰਨ ਜ਼ਖ਼ਮੀ ਹੋਏ ਪੰਜ ਵਿਅਕਤੀਆਂ ਵਿੱਚ ਸ਼ਾਮਲ ਸਾਹਿਲ ਲੋਚਬ ਦੀ ਅੱਖ ਦੀ ਰੌਸ਼ਨੀ ਹਮੇਸ਼ਾ ਲਈ ਜਾ ਸਕਦੀ ਹੈ। ਉਸ ਨੇ ਕਿਹਾ, "ਮੈਨੂੰ ਇਨਸਾਫ਼ ਚਾਹੀਦਾ ਹੈ। ਜਿਸ ਕਿਸੇ ਨੇ ਵੀ ਮੇਰੇ ਨਾਲ ਅਜਿਹਾ ਕੀਤਾ ਹੈ, ਉਸ ਨੂੰ ਸੱਤਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ।"ਨੂਤਨ ਟੋਪੋ, ਜਿਸ ਦੇ ਸੱਜੇ ਕੰਨ ਉੱਤੇ ਪੈਲਟ ਲੱਗਣ ਕਾਰਨ ਸੱਟ ਲੱਗੀ ਸੀ, ਨੂੰ ਸੁਣਨ ਵਿੱਚ ਮੁਸ਼ਕਲ ਆ ਰਹੀ ਹੈ।

ਇਹ ਘਟਨਾਵਾਂ ਉਸ ਝੂਠ ਦਾ ਪਰਦਾਫ਼ਾਸ਼ ਕਰਦੀਆਂ ਹਨ ਕਿ ਪੈਲਟ ਗੰਨਾਂ ਭੀੜ ਨੂੰ ਕਾਬੂ ਕਰਨ ਵਾਲੇ 'ਗ਼ੈਰ-ਜਾਨਲੇਵਾ' ਜਾਂ 'ਸੁਰੱਖਿਅਤ' ਹਥਿਆਰ ਹਨ। ਇਹ ਸਿਰਫ਼ ਭੀੜ ਨੂੰ ਖਿਡਾਉਂਦੀਆਂ ਹੀ ਨਹੀਂ, ਸਗੋਂ ਲੋਕਾਂ ਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਦਿੰਦੀਆਂ ਹਨ—ਅਕਸਰ ਉਨ੍ਹਾਂ ਲੋਕਾਂ ਦੀ, ਜਿਹੜੇ ਨਾ ਤਾਂ ਕਿਸੇ ਵਿਰੋਧ-ਪ੍ਰਦਰਸ਼ਨ ਵਿੱਚ ਸ਼ਾਮਲ ਹੁੰਦੇ ਹਨ ਅਤੇ ਨਾ ਹੀ ਕੋਈ ਖ਼ਤਰਾ ਬਣ ਰਹੇ ਹੁੰਦੇ ਹਨ।

**ਉਨ੍ਹਾਂ ਨੇ ਮੇਰਾ ਭਵਿੱਖ ਬਰਬਾਦ ਕਿਉਂ ਕੀਤਾ? :** ਇਸ ਦੇ ਨਤੀਜੇ ਸਿਰਫ਼ ਸਰੀਰਕ ਨੁਕਸਾਨ ਤੱਕ ਹੀ ਸੀਮਤ ਨਹੀਂ ਰਹੇ। ਦਾਨਿਸ਼ ਰਜਬ, ਜਿਸ ਦੇ ਚਿਹਰੇ ਅਤੇ ਸਿਰ ਵਿੱਚ ਲਗਭਗ ਸੌ ਪੈਲਟ ਧਸਣ ਕਾਰਨ ਇੱਕ ਅੱਖ ਦੀ ਰੌਸ਼ਨੀ ਚਲੀ ਗਈ ਅਤੇ ਦੂਜੀ ਅੱਖ ਦੀ ਰੌਸ਼ਨੀ ਵੀ ਬਹੁਤ ਘਟ ਗਈ, ਸਮਾਜਿਕ ਜ਼ਿੰਦਗੀ ਤੋਂ ਦੂਰ ਹੋ ਗਿਆ; ਉਸ ਦੀ ਪੜ੍ਹਾਈ ਅਤੇ ਕਰੀਅਰ ਅਚਾਨਕ ਖ਼ਤਮ ਹੋ ਗਏ। ਇੱਕ ਹੋਰ ਨੌਜਵਾਨ ਪੀੜਤ, ਫ਼ੈਲ ਫਿਰਦੌਸੀ ਨੇ ਨਾ ਸਿਰਫ਼ ਆਪਣੀਆਂ ਅੱਖਾਂ ਦੀ ਰੌਸ਼ਨੀ ਗੁਆਉਣ ਦੀ ਦਾਸਤਾਨ ਦੱਸੀ, ਸਗੋਂ ਆਪਣਾ ਭਵਿੱਖ ਗੁਆਉਣ ਦਾ ਵੀ ਜ਼ਿਕਰ ਕੀਤਾ ਅਤੇ ਦਰਦ ਭਰੇ ਲਹਿਜ਼ੇ ਵਿੱਚ ਪੁੱਛਿਆ, "ਉਨ੍ਹਾਂ ਨੇ ਮੇਰਾ ਕਰੀਅਰ ਅਤੇ ਮੇਰਾ ਭਵਿੱਖ ਕਿਉਂ ਬਰਬਾਦ ਕਰ ਦਿੱਤਾ?"

ਇਸ ਲਈ ਕਸ਼ਮੀਰ ਵਿੱਚ ਦੇਖਿਆ ਗਿਆ ਅੰਨ੍ਹਾਪਣ ਕੋਈ ਇਤਫ਼ਾਕ ਜਾਂ ਹਾਦਸਾ ਨਹੀਂ ਸੀ। ਇਹ ਬਿਨਾਂ ਸੋਚੇ-ਸਮਝੇ ਵਰਤੇ ਜਾਣ ਵਾਲੇ ਹਥਿਆਰ ਦਾ ਪਹਿਲਾਂ ਤੋਂ ਹੀ ਅਨੁਮਾਨ ਲਾਇਆ ਜਾ ਸਕਣ ਵਾਲਾ ਨਤੀਜਾ ਸੀ। ਜਿਹੜੇ ਲੋਕ ਜ਼ਖ਼ਮੀ ਹੋਏ, ਉਨ੍ਹਾਂ ਲਈ ਇਸ ਦੇ ਨਤੀਜੇ ਓਪਰੇਸ਼ਨ ਥੀਏਟਰ ਤੱਕ ਹੀ ਸੀਮਤ ਨਹੀਂ ਰਹੇ। ਹਮੇਸ਼ਾ ਲਈ ਨਜ਼ਰ ਚਲੀ ਜਾਣ ਦਾ ਅਕਸਰ ਮਤਲਬ ਸੀ—ਪੜ੍ਹਾਈ ਦਾ ਰੁਕ ਜਾਣਾ, ਨੌਕਰੀ ਚਲੀ ਜਾਣਾ, ਸਾਰੀ ਜ਼ਿੰਦਗੀ ਮੁੜ-ਵਸੇਬੇ ਅਤੇ ਸਹਾਇਕ ਤਕਨਾਲੋਜੀ ਉੱਤੇ ਨਿਰਭਰ ਰਹਿਣਾ, ਮਾਨਸਿਕ ਸਦਮਾ ਅਤੇ ਪਰਿਵਾਰਾਂ ਲਈ ਭਾਰੀ ਆਰਥਕ ਤੰਗੀ। ਇੱਕ ਪਲ ਵਿੱਚ ਲੱਗੀ ਸੱਟ ਸਾਰੀ ਉਮਰ ਦੀ ਅਪੰਗਤਾ ਬਣ ਗਈ, ਜਿਸ ਕਾਰਨ ਮਨੁੱਖ ਨੂੰ ਨਵੀਂ ਹਕੀਕਤ ਮੁਤਾਬਕ ਮੁੜ ਸਿੱਖਣਾ, ਹਾਲਾਤ ਦਾ ਸਾਹਮਣਾ ਕਰਨਾ ਅਤੇ ਆਪਣੇ ਆਪ ਨੂੰ ਢਾਲਣਾ ਪਿਆ।

ਇਹੀ ਕਾਰਨ ਹੈ ਕਿ ਅਪੰਗ ਵਿਅਕਤੀਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਜਥੇਬੰਦੀਆਂ ਪੈਲਟ ਗੰਨਾਂ ਨੂੰ ਨਾਗਰਿਕ ਆਜ਼ਾਦੀਆਂ ਲਈ ਕੰਮ ਕਰਨ ਵਾਲੇ ਸਮੂਹਾਂ ਨਾਲੋਂ ਵੱਖਰੇ ਨਜ਼ਰੀਏ ਤੋਂ ਦੇਖਦੀਆਂ ਹਨ। ਉਨ੍ਹਾਂ ਦੀ ਚਿੰਤਾ ਸਿਰਫ਼ ਮੁਕਾਬਲੇ ਦੌਰਾਨ ਹੋਣ ਵਾਲੀ ਹਿੰਸਾ ਤੱਕ ਸੀਮਤ ਨਹੀਂ, ਸਗੋਂ ਉਸ ਤੋਂ ਬਾਅਦ ਪੈਦਾ ਹੋਣ ਵਾਲੀਆਂ ਸਥਾਈ ਰੁਕਾਵਟਾਂ ਨਾਲ ਵੀ ਸੰਬੰਧਤ ਹੈ। ਪੈਲਟਾਂ ਕਾਰਨ ਅੰਨ੍ਹੇਪਣ ਦਾ ਸ਼ਿਕਾਰ ਹੋਣ ਵਾਲਾ ਹਰੇਕ ਵਿਅਕਤੀ ਇੱਕ ਨਵੇਂ ਸੰਘਰਸ਼ ਵਿੱਚ ਸ਼ਾਮਲ ਹੋ ਜਾਂਦਾ ਹੈ—ਪਹੁੰਚਯੋਗ ਸਿੱਖਿਆ, ਰੁਜ਼ਗਾਰ, ਆਵਾਜਾਈ ਅਤੇ ਸਮਾਜ ਵਿੱਚ ਬਰਾਬਰ ਦੀ ਭਾਗੀਦਾਰੀ ਲਈ। ਕਸ਼ਮੀਰ ਵਿੱਚ ਜਦੋਂ ਪਹਿਲੀ ਵਾਰ ਪੈਲਟਾਂ ਦੀ ਵਰਤੋਂ ਹੋਈ ਸੀ, ਉਸ ਵੇਲੇ ਐੱਨ.ਪੀ.ਆਰ.ਡੀ. ਨੇ ਜਿਹੜੀਆਂ ਚੇਤਾਵਨੀਆਂ ਦਿੱਤੀਆਂ ਸਨ, ਉਹ ਅੱਜ ਹੋਰ ਵੀ ਵਧੇਰੇ ਪ੍ਰਸੰਗਿਕ ਹੋ ਗਈਆਂ ਹਨ।

**'ਘੱਟ ਘਾਤਕ' ਹਥਿਆਰਾਂ ਦੀ ਮਿੱਥ :** ਪੈਲਟ ਗੰਨਾਂ ਦਾ ਸਰਕਾਰੀ ਬਚਾਅ ਇਨ੍ਹਾਂ ਨੂੰ 'ਘੱਟ ਘਾਤਕ' ਜਾਂ 'ਗ਼ੈਰ-ਘਾਤਕ' ਦੱਸਣ ਉੱਤੇ ਨਿਰਭਰ ਹੈ। ਇਹ ਸ਼ਬਦਾਵਲੀ ਬੇਹੱਦ ਗੁੰਮਰਾਹਕੁਨ ਹੈ। ਕੋਈ ਵੀ ਹਥਿਆਰ ਸਿਰਫ਼ ਇਸ ਲਈ ਮਨੁੱਖੀ ਨਹੀਂ ਹੋ ਜਾਂਦਾ ਕਿ ਉਹ ਘੱਟ ਲੋਕਾਂ ਨੂੰ ਮਾਰਦਾ ਹੈ। ਅੰਤਰਰਾਸ਼ਟਰੀ ਪੁਲਿਸ ਮਾਹਿਰ ਵੀ ਵੱਡੀ ਗਿਣਤੀ ਵਿੱਚ ਇਸ ਪ੍ਰਗਟਾਵੇ ਦੀ ਵਰਤੋਂ ਕਰਨ ਤੋਂ ਬਚ ਰਹੇ ਹਨ, ਕਿਉਂਕਿ ਅਜਿਹੇ ਹਥਿਆਰ ਮੌਤ ਦਾ ਕਾਰਨ ਬਣ ਸਕਦੇ ਹਨ ਅਤੇ ਬਣੇ ਵੀ ਹਨ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਅੰਨ੍ਹਾਪਣ, ਦਿਮਾਗ ਦੀ ਗੰਭੀਰ ਸੱਟ, ਅਧਰੰਗ ਅਤੇ ਹੋਰ ਸਥਾਈ ਨੁਕਸਾਨ ਪਹੁੰਚਾਉਂਦੇ ਹਨ, ਜਿਹੜੇ ਕਿਸੇ ਵਿਅਕਤੀ ਦੀ ਜ਼ਿੰਦਗੀ ਦੀ ਦਿਸ਼ਾ ਨੂੰ ਬੁਨਿਆਦੀ ਤੌਰ ਉੱਤੇ ਬਦਲ ਦਿੰਦੇ ਹਨ।

ਅਪੰਗ ਵਿਅਕਤੀਆਂ ਦੇ ਅਧਿਕਾਰਾਂ ਦੇ ਨਜ਼ਰੀਏ ਤੋਂ ਇਹ ਫ਼ਰਕ ਕਰਨਾ ਬਹੁਤ ਜ਼ਰੂਰੀ ਹੈ। ਇੱਕ ਸੰਵਿਧਾਨਕ ਲੋਕਤੰਤਰ ਵਿੱਚ ਪੁਲਿਸ ਦੇ ਹਥਿਆਰਾਂ ਦਾ ਮੁਲਾਂਕਣ ਸਿਰਫ਼ ਇਸ ਆਧਾਰ ਉੱਤੇ ਨਹੀਂ ਕੀਤਾ ਜਾ ਸਕਦਾ ਕਿ ਉਹ ਮੌਤਾਂ ਘਟਾਉਂਦੇ ਹਨ ਜਾਂ ਨਹੀਂ। ਇਹ ਵੀ ਦੇਖਣਾ ਹੋਵੇਗਾ ਕਿ ਕੀ ਉਨ੍ਹਾਂ ਕਾਰਨ ਅਜਿਹੀ ਅਪੰਗਤਾ ਤਾਂ ਪੈਦਾ ਨਹੀਂ ਹੁੰਦੀ, ਜਿਸ ਨੂੰ ਟਾਲਿਆ ਜਾ ਸਕਦਾ ਸੀ। ਜੇ ਕੋਈ ਹਥਿਆਰ ਅਕਸਰ ਲੋਕਾਂ ਨੂੰ ਅੰਨ੍ਹਾ ਜਾਂ ਹਮੇਸ਼ਾ ਲਈ ਅਪੰਗ ਬਣਾ ਦਿੰਦਾ ਹੈ, ਤਾਂ ਉਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਰਵਾਇਤੀ ਬੰਦੂਕਾਂ ਨਾਲ ਤੁਲਨਾ ਕਰਨ ਨਾਲ ਅਸਲ ਮੁੱਦਾ ਨਜ਼ਰਅੰਦਾਜ਼ ਹੋ ਜਾਂਦਾ ਹੈ।

ਇਸ ਲਈ ਸਵਾਲ ਇਹ ਨਹੀਂ ਕਿ ਕੀ ਪੈਲਟ ਗੰਨਾਂ ਨਾਲ ਗੋਲੀਆਂ ਦੇ ਮੁਕਾਬਲੇ ਘੱਟ ਲੋਕਾਂ ਦੀ ਮੌਤ ਹੁੰਦੀ ਹੈ। ਸਵਾਲ ਇਹ ਹੈ ਕਿ ਕੀ ਸਰਕਾਰ ਨੂੰ ਅਜਿਹੇ ਹਥਿਆਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਜਿਨ੍ਹਾਂ ਦਾ ਨਤੀਜਾ ਸਾਰੀ ਉਮਰ ਦੀ ਅਪੰਗਤਾ ਹੋ ਸਕਦਾ ਹੈ।

ਸੰਯੁਕਤ ਰਾਸ਼ਟਰ ਦੇ 'ਤਾਕਤ ਅਤੇ ਹਥਿਆਰਾਂ ਦੀ ਵਰਤੋਂ ਸਬੰਧੀ ਬੁਨਿਆਦੀ ਸਿਧਾਂਤਾਂ' ਅਨੁਸਾਰ ਤਾਕਤ ਦੀ ਵਰਤੋਂ ਕਾਨੂੰਨੀ, ਜ਼ਰੂਰੀ ਅਤੇ ਅਨੁਪਾਤਕ ਹੋਣੀ ਚਾਹੀਦੀ ਹੈ; ਇਸ ਦੇ ਨਾਲ ਹੀ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਸੱਟਾਂ ਘੱਟ ਤੋਂ ਘੱਟ ਲੱਗਣ ਅਤੇ ਜਾਨਾਂ ਬਚਾਈਆਂ ਜਾ ਸਕਣ। ਇਨ੍ਹਾਂ ਹੀ ਸਿਧਾਂਤਾਂ ਨੂੰ ਆਧਾਰ ਬਣਾਉਂਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਦੇ ਦਫ਼ਤਰ ਨੇ 'ਕਾਨੂੰਨ ਲਾਗੂ ਕਰਨ ਵਿੱਚ ਘੱਟ ਜਾਨਲੇਵਾ ਹਥਿਆਰਾਂ ਦੀ ਵਰਤੋਂ ਬਾਰੇ 2020 ਦੇ ਦਿਸ਼ਾ-ਨਿਰਦੇਸ਼ਾਂ' ਵਿੱਚ ਸਪੱਸ਼ਟ ਤੌਰ ਉੱਤੇ ਕਿਹਾ ਹੈ: "ਇੱਕੋ ਸਮੇਂ ਕਈ ਪ੍ਰੋਜੈਕਟਾਈਲ—ਗੋਲੇ ਜਾਂ ਪੈਲਟ—ਚਲਾਉਣਾ ਸਟੀਕ ਨਹੀਂ ਹੁੰਦਾ ਅਤੇ ਆਮ ਤੌਰ ਉੱਤੇ ਇਨ੍ਹਾਂ ਦੀ ਵਰਤੋਂ ਜ਼ਰੂਰਤ ਅਤੇ ਅਨੁਪਾਤ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਹੋ ਸਕਦੀ। ਧਾਤ ਦੇ ਪੈਲਟਾਂ, ਜਿਵੇਂ ਕਿ ਸ਼ਾਟਗਨ ਨਾਲ ਚਲਾਏ ਜਾਣ ਵਾਲੇ ਪੈਲਟ, ਦੀ ਵਰਤੋਂ ਕਦੇ ਵੀ ਨਹੀਂ ਕੀਤੀ ਜਾਣੀ ਚਾਹੀਦੀ।

**ਲੋਕਤੰਤਰੀ ਪੁਲਿਸ ਪ੍ਰਣਾਲੀ ਨਾਲ ਕੁਜੋੜਤਾ :** ਹੁਣ ਸਵਾਲ ਸਿਰਫ਼ ਇਹ ਨਹੀਂ ਕਿ 20 ਜੁਲਾਈ 2026 ਨੂੰ ਨਵੀਂ ਦਿੱਲੀ ਵਿੱਚ ਪ੍ਰਦਰਸ਼ਨਕਾਰੀਆਂ ਵਿਰੁੱਧ ਲੋੜ ਤੋਂ ਵੱਧ ਤਾਕਤ ਦੀ ਵਰਤੋਂ ਕੀਤੀ ਗਈ ਸੀ ਜਾਂ ਨਹੀਂ। ਸਵਾਲ ਇਹ ਹੈ ਕਿ ਕੀ ਬਰਾਬਰੀ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਲਈ ਵਚਨਬੱਧ ਸੰਵਿਧਾਨਕ ਲੋਕਤੰਤਰ ਅਜਿਹੇ ਹਥਿਆਰਾਂ ਨੂੰ ਜਾਇਜ਼ ਠਹਿਰਾਉਣਾ ਜਾਰੀ ਰੱਖ ਸਕਦਾ ਹੈ, ਜਿਨ੍ਹਾਂ ਦੀ ਮੁੱਖ ਵਿਸ਼ੇਸ਼ਤਾ ਹੀ ਲੋਕਾਂ ਨੂੰ ਅਪੰਗ ਬਣਾਉਣ ਦੀ ਸਮਰੱਥਾ ਹੈ।

ਜਦੋਂ ਵੀ ਭੀੜ ਉੱਤੇ ਪੈਲਟ ਗੰਨ ਚਲਾਈ ਜਾਂਦੀ ਹੈ, ਤਾਂ ਇਸ ਨਾਲ ਇੱਕ ਹੋਰ ਇੰਸ਼ਾ ਮੁਸ਼ਤਾਕ ਜਾਂ ਹਿਬਾ ਨਿਸਾਰ ਵਰਗੀ ਸਥਿਤੀ ਪੈਦਾ ਹੋਣ ਦਾ ਖ਼ਤਰਾ ਬਣ ਜਾਂਦਾ ਹੈ—ਅਰਥਾਤ ਇੱਕ ਅਜਿਹਾ ਬੱਚਾ, ਜਿਸ ਦੀ ਪੜ੍ਹਾਈ ਛੁੱਟ ਜਾਵੇ, ਜਾਂ ਇੱਕ ਅਜਿਹਾ ਨੌਜਵਾਨ, ਜਿਸ ਦਾ ਭਵਿੱਖ ਹਮੇਸ਼ਾ ਲਈ ਬਦਲ ਜਾਵੇ। ਜਿਹੜਾ ਸਮਾਜ ਅਪੰਗ ਵਿਅਕਤੀਆਂ ਦੀ ਮਾਣ-ਮਰਿਆਦਾ, ਬਰਾਬਰੀ ਅਤੇ ਅਧਿਕਾਰਾਂ ਪ੍ਰਤੀ ਵਚਨਬੱਧ ਹੈ, ਉਹ ਅਜਿਹਾ ਹਥਿਆਰ ਸਵੀਕਾਰ ਨਹੀਂ ਕਰ ਸਕਦਾ, ਜਿਸ ਦਾ ਨਤੀਜਾ ਹੀ ਅਪੰਗਤਾ ਪੈਦਾ ਕਰਨਾ ਹੋਵੇ। ਇਸ ਲਈ ਪੈਲਟ ਗੰਨਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਸਿਰਫ਼ ਪੁਲਿਸ ਸੁਧਾਰ ਜਾਂ ਭੀੜ ਨੂੰ ਕਾਬੂ ਕਰਨ ਦਾ ਮਾਮਲਾ ਨਹੀਂ ਹੈ; ਇਹ ਅਪੰਗ ਵਿਅਕਤੀਆਂ ਦੇ ਅਧਿਕਾਰਾਂ ਲਈ ਇੱਕ ਜ਼ਰੂਰੀ ਕਦਮ, ਸੰਵਿਧਾਨਕ ਜ਼ਿੰਮੇਵਾਰੀ ਅਤੇ ਮਨੁੱਖੀ ਮਾਣ-ਮਰਿਆਦਾ ਪ੍ਰਤੀ ਸਾਡੀ ਸਮੂਹਿਕ ਵਚਨਬੱਧਤਾ ਦੀ ਪਰਖ ਵੀ ਹੈ।

ਸੁਪਰੀਮ ਕੋਰਟ ਵਿੱਚ ਪੈਲਟ ਗੰਨਾਂ ਉੱਤੇ ਪਾਬੰਦੀ ਲਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਜਸਟਿਸ ਸੂਰੀਆ ਕਾਂਤ ਨੇ ਸੁਝਾਅ ਦਿੱਤਾ ਹੈ ਕਿ ਪਟੀਸ਼ਨ-ਕਰਤਾਵਾਂ ਨੂੰ ਪੈਲਟ ਗੰਨਾਂ ਉੱਤੇ ਮੁਕੰਮਲ ਪਾਬੰਦੀ ਲਾਉਣ ਦੀ ਥਾਂ ਅਦਾਲਤ ਤੋਂ ਇਨ੍ਹਾਂ ਦੀ ਵਰਤੋਂ ਲਈ ਇੱਕ ਪ੍ਰੋਟੋਕੋਲ ਬਣਾਉਣ ਦੀ ਮੰਗ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, "ਇਨ੍ਹਾਂ ਦੀ ਕਥਿਤ ਬੇਹੱਦ ਵਰਤੋਂ ਨੂੰ ਦੇਖਦਿਆਂ ਤੁਹਾਡੀ ਮੰਗ ਇਹ ਹੋਣੀ ਚਾਹੀਦੀ ਹੈ ਕਿ ਅਦਾਲਤ ਇਨ੍ਹਾਂ ਦੀ ਵਰਤੋਂ ਸੰਬੰਧੀ ਇੱਕ ਪ੍ਰੋਟੋਕੋਲ ਤੈਅ ਕਰੇ।"ਅਸੀਂ ਇਹ ਪੁੱਛਣਾ ਚਾਹੁੰਦੇ ਹਾਂ: ਕੀ ਕਿਸੇ ਅਜਿਹੇ ਹਥਿਆਰ ਨੂੰ, ਜਿਸ ਦਾ ਪਹਿਲਾਂ ਤੋਂ ਪਤਾ ਅਤੇ ਸਾਬਤ ਨਤੀਜਾ ਸਾਰੀ ਉਮਰ ਦੀ ਅਪੰਗਤਾ ਹੋਵੇ, ਸਿਰਫ਼ ਪ੍ਰਕਿਰਿਆਤਮਕ ਸੁਰੱਖਿਆ ਉਪਾਵਾਂ ਰਾਹੀਂ ਕਦੇ ਵੀ ਸਵੀਕਾਰਯੋਗ ਬਣਾਇਆ ਜਾ ਸਕਦਾ ਹੈ?

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਸਮੱਸਿਆ ਸਿਰਫ਼ ਇਸ ਦੀ ਬਹੁਤ ਜ਼ਿਆਦਾ ਜਾਂ ਲੋੜ ਤੋਂ ਵੱਧ ਵਰਤੋਂ ਦੀ ਨਹੀਂ, ਸਗੋਂ ਖ਼ੁਦ ਇਸ ਹਥਿਆਰ ਦੀ ਬਣਤਰ ਦੀ ਹੈ। ਪੈਲਟ ਸ਼ਾਟਗਨ ਵਿੱਚੋਂ ਸੈਂਕੜੇ ਪੈਲਟ—ਜਿਨ੍ਹਾਂ ਵਿੱਚੋਂ ਜ਼ਿਆਦਾਤਰ ਧਾਤ ਦੇ ਹੁੰਦੇ ਹਨ—ਇੱਕ ਵੱਡੇ ਇਲਾਕੇ ਵਿੱਚ ਬੇਤਰਤੀਬ ਢੰਗ ਨਾਲ ਫੈਲ ਜਾਂਦੇ ਹਨ, ਜਿਸ ਕਾਰਨ ਹਮੇਸ਼ਾ ਲਈ ਅਪੰਗ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਹ ਖ਼ਤਰਾ ਇਸ ਦੀ ਗ਼ਲਤ ਵਰਤੋਂ ਦਾ ਕੋਈ ਇਤਫ਼ਾਕੀਆ ਨਤੀਜਾ ਨਹੀਂ, ਸਗੋਂ ਇਸ ਹਥਿਆਰ ਦੀ ਆਪਣੀ ਖ਼ਾਸੀਅਤ ਹੈ। ਕੋਈ ਵੀ ਨਿਯਮ ਜਾਂ ਤਰੀਕਾ ਇਸ ਖ਼ਾਸੀਅਤ ਨੂੰ ਖ਼ਤਮ ਨਹੀਂ ਕਰ ਸਕਦਾ। ਅਧਿਕਾਰਾਂ ਉੱਤੇ ਆਧਾਰਤ ਨਜ਼ਰੀਏ ਤੋਂ ਇਹ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਹਥਿਆਰ, ਜਿਨ੍ਹਾਂ ਨੂੰ ਇਸ ਤਰ੍ਹਾਂ ਬਣਾਇਆ ਗਿਆ ਹੋਵੇ ਕਿ ਉਨ੍ਹਾਂ ਕਾਰਨ ਨਿਸ਼ਚਿਤ ਤੌਰ ਉੱਤੇ ਸਾਰੀ ਉਮਰ ਦੀ ਅਪੰਗਤਾ ਪੈਦਾ ਹੋ ਸਕਦੀ ਹੈ, ਆਮ ਨਾਗਰਿਕਾਂ ਵਿਚਕਾਰ ਕਾਨੂੰਨ ਲਾਗੂ ਕਰਨ ਦੇ ਕੰਮ ਲਈ ਨਹੀਂ ਵਰਤੇ ਜਾਣੇ ਚਾਹੀਦੇ।

(ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ)

# ਡਿੱਗ ਗਿਆ ਸਾਡਾ ਬੋਹੜ

ਰਾਤ ਤਕਰੀਬਨ ਸਾਢੇ ਨੌ ਵਜੇ ਫੋਨ ਦੀ ਘੰਟੀ ਵੱਜੀ। ਭੁਪਿੰਦਰ ਦੁਲੇ ਦਾ ਫੋਨ ਸੀ; "ਖਹਿਰੇ ਯਾਰ, ਗੁਰਦੇਵ ਅੰਕਲ ਤੁਰ ਗਿਆ..." ਮੇਰੇ ਪੈਰਾਂ ਹੇਠਲੀ ਜ਼ਮੀਨ ਕੰਬੀ, ਦਿਲ ਡੁੱਬਿਆ, ਅੱਖਾਂ ਵਿੱਚ ਦੀ ਵਗਣ ਦੀ ਬਜਾਇ ਸਾਰੇ ਅੱਥਰੂ ਗਲ਼ੇ ਵਿੱਚ ਭਰ ਗਏ-ਮਨ ਦੀ ਹਾਲਤ ਉਸ ਪੰਛੀ ਵਰਗੀ ਹੋ ਗਈ ਜਿਸਦੇ ਆਲ੍ਹਣੇ ਵਾਲ਼ਾ ਦਰਖ਼ਤ ਕੋਈ ਹਨੇਰੀ ਅੱਖ-ਪਲਕਾਰੇ ਵਿੱਚ ਡੇਗ ਗਈ ਹੋਵੇ- ਸਾਡਾ ਬੋਹੜ ਢਹਿ ਢੇਰੀ ਹੋ ਚੁੱਕਾ ਸੀ...

ਕਾਮਰੇਡ ਗੁਰਦੇਵ ਸਿੰਘ, ਇੱਕ ਵਿਅਕਤੀ ਨਹੀਂ, ਇੱਕ ਸੰਸਥਾ ਦਾ ਨਾਂ, ਇੱਕ ਯੁਗ ਦੀ ਪਛਾਣ ਅਤੇ ਇੱਕ ਇਤਿਹਾਸ ਦਾ ਚੈਪਟਰ ਸੀ ਜੋ ਸਾਨੂੰ ਕੈਨੇਡਾ ਵਿਚਲੇ ਦੂਸਰੇ ਦੌਰ ਦੇ ਪੰਜਾਬੀ ਭਾਈਚਾਰੇ ਦੇ ਭਾਰਤੀਆਂ ਅਤੇ ਪਾਕਿਸਤਾਨੀਆਂ ਦੇ ਦੁਖਾਂਤ ਨਾਲ਼ ਬਹੁਤ ਨੇੜਿਉਂ ਜੋੜਦਾ ਸੀ। ਸੰਸਥਾ ਇਸ ਲਈ ਕਿ ਜਦੋਂ ਵੀ 'ਈਸਟ ਇੰਡੀਅਨ ਡਿਫੈਂਸ ਕਮੇਟੀ' ਦਾ ਜ਼ਿਕਰ ਹੋਇਗਾ ਕਾਮਰੇਡ ਗੁਰਦੇਵ ਸਿੰਘ ਦਾ ਨਾਂ ਹਮੇਸ਼ਾਂ ਸਾਹਮਣੇ ਆਇਗਾ। ਇੱਕ ਯੁਗ ਇਸ ਲਈ ਕਿ ਗ਼ਦਰੀਆਂ ਤੋਂ ਬਾਅਦ ਸੱਤਰਵਿਆਂ 'ਚ ਜੋ ਨਸਲਵਾਦੀ ਹਮਲਿਆਂ ਦਾ ਦੌਰ ਸੀ, ਉਸਨੂੰ ਟੱਕਰ ਦੇਣ ਵਾਲ਼ਿਆਂ ਵਿੱਚ ਗੁਰਦੇਵ ਸਿੰਘ ਮੋਹਰੀ ਸੀ ਅਤੇ ਇਤਿਹਾਸ ਇਸ ਲਈ ਕਿ ਉਸ ਦੌਰ ਦੇ ਤਣਾਅ ਦੇ ਪਲ ਪਲ ਦਾ ਉਹ ਗਵਾਹ ਸੀ।



1969/70 ਵਿੱਚ ਕੈਨੇਡਾ ਪਹੁੰਚੇ ਗੁਰਦੇਵ ਸਿੰਘ ਉਨ੍ਹਾਂ ਪੜ੍ਹੇ-ਲਿਖੇ ਨੌਜਵਾਨਾਂ ਵਿੱਚੋਂ ਸਨ ਜੋ ਨਕਸਲੀ ਦੌਰ ਦੇ ਪ੍ਰਭਾਵ ਹੇਠ ਜੂਝਦੇ ਹੋਏ ਕੈਨੇਡਾ ਆਏ ਤੇ ਏਥੇ ਆ ਕੇ ਨਸਲਵਾਦ ਦੇ ਇੱਕ ਵੱਖਰੇ ਸੰਘਰਸ਼ ਦੇ ਰੂਬਰੂ ਹੋਏ।

ਕੁਝ ਦੋਸਤਾਂ ਨੇ ਮਿਲ਼ ਕੇ 100 ਸਪਡਾਇਨਾ ਰੋਡ 'ਤੇ ਦੋ ਆਪਰਟਮੈਂਟ ਕਿਰਾਏ 'ਤੇ ਲਏ: 1402 ਅਤੇ 1702. 1402 ਗੁਰਦੇਵ ਅੰਕਲ ਦੇ ਨਾਂ ਹੇਠ ਅਤੇ 1702 ਮੇਰੇ ਮਾਮਾ ਜੀ ਦਿਲਬੀਰ ਸਿੰਘ ਦੇ ਨਾਂ ਹੇਠ ਸਨ। ਕਹਿੰਦੇ ਨੇ ਉਸ ਸਮੇਂ ਹਰ ਨਵਾਂ ਆਉਣ ਵਾਲ਼ਾ ਪੰਜਾਬੀ ਏਅਰਪੋਰਟ 'ਤੇ ਇਨ੍ਹਾਂ ਦੇ ਹੀ ਐਡਰੈਸ ਦਿੰਦਾ ਸੀ ਜਿਸ ਕਾਰਨ ਇਹ ਦੋ ਅਪਾਰਟਮੈਂਟ ਏਨੇ ਮਸ਼ਹੂਰ ਹੋ ਗਏ ਕਿ ਜਦੋਂ ਵੀ ਨਵਾਂ ਆਉਣ ਵਾਲ਼ਾ ਪੰਜਾਬੀ "100 ਸਪਡਾਇਨਾ"ਕਹਿੰਦਾ ਤਾਂ ਅਕਸਰ ਹੀ ਇਮੀਗ੍ਰੇਸ਼ਨ ਅਫ਼ਸਰ ਆਪ ਹੀ ਪੁੱਛ ਲੈਂਦਾ, "ਆਪਰਟਮੈਂਟ 1702 ਕਿ 1402?"

ਨਸਲਵਾਦ ਨੇ ਸਿਰ ਚੁੱਕਿਆ ਤਾਂ ਪੁਲੀਸ ਨੇ ਕਿਸੇ ਵੀ ਤਰ੍ਹਾਂ ਦੀ ਮਦਦ ਕਰਨ ਤੋਂ ਨਾਂਹ ਕਰਦਿਆਂ ਕਹਿਣਾ ਸ਼ੁਰੂ ਕੀਤਾ ਕਿ "ਅਸੀਂ ਤੁਹਾਡੀ ਬੇਬੀਸਿਟਿੰਗ ਨਹੀਂ ਕਰ ਸਕਦੇ। ਜੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਤਾਂ ਵਾਪਸ ਜਾ ਸਕਦੇ ਹੋ।" ਗ਼ਦਰੀਆਂ ਦੇ ਵਾਰਿਸ, ਨਕਸਲੀ ਦੌਰ 'ਚ ਜੂਝਦੇ ਆਏ ਪੜ੍ਹੇ ਲਿਖੇ ਇਹ ਨੌਜਵਾਨ ਆਪਣੇ ਹੱਕਾਂ ਦੀ ਲੜਾਈ ਤੋਂ ਕਿਵੇਂ ਭੱਜ ਸਕਦੇ ਸਨ? ਕੈਨੇਡਾ ਭਰ ਵਿੱਚ 'ਈਸਟ ਇੰਡੀਅਨ ਡਿਫੈਂਸ ਕਮੇਟੀ' ਦੀਆਂ ਸ਼ਾਖਾਵਾਂ ਬਣਾਈਆਂ ਗਈਆਂ। ਸਰੀਰਕ ਤੌਰ 'ਤੇ ਨਸਲਵਾਦੀਆਂ ਦਾ ਸਾਹਮਣਾ ਕੀਤਾ ਗਿਆ ਅਤੇ ਬੌਧਿਕ ਤੌਰ 'ਤੇ ਜਾਗਰੂਕਤਾ ਪੈਦਾ ਕਰਨ ਲਈ ਗ਼ਦਰੀਆਂ ਦੀ ਤਰਜ਼ 'ਤੇ ਹੀ ਪਰਚੇ ਵੀ ਕੱਢੇ ਗਏ। ਸਾਥੀ ਇਕਬਾਲ ਸੁੰਬਲ ਅਤੇ ਹੋਰ ਸਾਥੀਆਂ ਨੇ ਇਸ ਸੰਘਰਸ਼ ਵਿੱਚ ਭਾਗ ਲੈਂਦਿਆਂ ਜੇਲਾਂ ਵੀ ਕੱਟੀਆਂ।

ਇਨ੍ਹਾਂ ਸਾਥੀਆਂ ਵਿੱਚ ਸਮਾਜ-ਸੇਵਾ ਦਾ ਏਨਾ ਜਜ਼ਬਾ ਸੀ ਕਿ ਗੁਰਦੇਵ ਅੰਕਲ ਨੇ ਨਾ ਸਿਰਫ ਸਾਲਾਂ ਤੱਕ ਆਪਣਾ ਕੋਈ ਘਰ ਬਣਾਉਣ ਦੀ ਨਾ ਸੋਚੀ ਸਗੋਂ ਵਡੇਰੀ ਉਮਰ ਤੱਕ ਘਰ ਵਸਾਉਣ ਤੋਂ ਵੀ ਮੁਨਕਰ ਹੀ ਰਹੇ।

ਸਾਥੀ ਗੁਰਦੇਵ ਸਿੰਘ ਟਰਾਂਟੋ ਇਕਾਈ ਦੇ ਸਿਰਕੱਢ ਕਾਰਕੁਨ ਵਜੋਂ ਉੱਭਰੇ ਅਤੇ ਇੱਕ ਗਿਆਨ ਭੰਡਾਰ ਵਜੋਂ ਵਿਚਰਦੇ ਰਹੇ। ਕਮੇਟੀ ਵੱਲੋਂ "ਦੇਸ਼ ਭਗਤ ਟੈਂਪਲ" ਨਾਂ ਹੇਠ ਆਪਣਾ ਸੈਂਟਰ ਖੋਲ੍ਹਿਆ ਗਿਆ ਅਤੇ ਆਪਣੀ ਪ੍ਰੈੱਸ ਵੀ ਲਾਈ ਗਈ। ਉਨ੍ਹਾਂ ਹੀ ਦਿਨਾਂ ਵਿੱਚ ਡਿਫੈਂਸ ਕਮੇਟੀ ਵੱਲੋਂ ਟੂਰਨਾਮੈਂਟਾਂ ਦੀ ਸ਼ੁਰੂਆਤ ਕੀਤੀ ਗਈ ਅਤੇ ਇਸਦੇ ਪ੍ਰਬੰਧ ਲਈ 'ਦੇਸ਼ ਭਗਤ ਸਪੋਰਟਸ ਕਲੱਬ' ਦੀ ਸਥਾਪਨਾ ਕੀਤੀ ਗਈ। ਟਰਾਂਟੋ, ਹੈਮਿਲਟਨ ਅਤੇ ਆਸ-ਪਾਸ ਦੇ ਸ਼ਹਿਰਾਂ ਵਿੱਚ ਟੂਰਨਾਮੈਂਟ ਕਰਵਾਏ ਜਾਂਦੇ ਜਿਨ੍ਹਾਂ ਵਿੱਚ ਵੱਡਿਆਂ ਨਾਲ਼ੋਂ ਬੱਚਿਆਂ ਦੀਆਂ ਖੇਡਾਂ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ। ਇਨ੍ਹਾਂ ਟੂਰਨਾਮੈਂਟਾਂ ਲਈ ਉਹ ਕਦੀ ਵੀ ਵਪਾਰਕ ਅਦਾਰਿਆਂ ਕੋਲ਼ ਨਹੀਂ ਸਨ ਜਾਂਦੇ ਸਗੋਂ ਆਪਣੇ ਮੁਢਲੇ ਸਾਥੀਆਂ ਕੋਲੋਂ ਹੀ ਥੋੜ੍ਹੇ ਬਹੁਤੇ ਪੈਸੇ ਇਕੱਠੇ ਕਰਕੇ ਖੇਡਾਂ ਕਰਵਾਉਂਦੇ ਤੇ ਛੋਟੇ ਛੋਟੇ ਇਨਾਮਾਂ ਨਾਲ਼ ਖਿਡਾਰੀਆਂ ਦਾ ਮਾਣ ਤੇ ਹੌਂਸਲਾ ਵਧਾਇਆ ਕਰਦੇ ਸਨ।

ਖੇਡਾਂ ਵਿੱਚ ਨਸ਼ਿਆਂ ਦੇ ਰੁਝਾਨ ਅਤੇ ਕਲੱਬਾਂ ਦੀ ਆਮਦ ਕਾਰਨ ਡਿਫੈਂਸ ਕਮੇਟੀ ਨੇ ਆਪਣੇ ਟੂਰਨਾਮੈਂਟ ਬੰਦ ਕਰ ਦਿੱਤੇ ਪਰ 'ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਕਲੱਬ' ਅੱਜ ਵੀ ਟੂਰਨਾਮੈਂਟਾਂ ਵਿੱਚ ਭਾਗ ਲੈ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਜਿੱਥੇ ਗੁਰਦੇਵ ਅੰਕਲ ਨਰਵ-ਸਿਸਟਮ ਦੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਕੇ ਵ੍ਹੀਲਚੇਅਰ 'ਤੇ ਪੈ ਗਏ ਓਥੇ ਇਕਬਾਲ ਸੁੰਬਲ ਅੰਕਲ ਵੀ ਕਈ ਸਾਲਾਂ ਤੋਂ ਇਸੇ ਹੀ ਤਰ੍ਹਾਂ ਦੀ ਬਿਮਾਰੀ ਨਾਲ਼ ਜੂਝਦੇ ਹੋਏ ਆਪਣੇ ਘਰ ਤੱਕ ਸੀਮਤ ਹੋ ਕੇ ਰਹਿ ਗਏ ਹਨ।

ਅਚਾਨਕ ਰਾਤ ਪਤਾ ਲੱਗਾ ਕਿ ਗੁਰਦੇਵ ਅੰਕਲ ਕੁਝ ਖਾਂਦੇ ਖਾਂਦੇ ਅਚਾਨਕ ਹੀ ਬਿਜਲੀ ਦਾ ਬਲਬ ਬੁਝਣ ਵਾਂਗ ਖਾਮੋਸ਼ ਹੋ ਗਏ ਤੇ ਆਪਣੇ ਪਿੱਛੇ ਇੱਕ ਮਾਣਮੱਤਾ ਅਤੇ ਲੰਮਾ ਇਤਿਹਾਸ ਛੱਡ ਗਏ। ਅੰਕਲ ਦੇ ਤੁਰ ਜਾਣ ਨਾਲ਼ ਇਵੇਂ ਲੱਗਾ ਜਿਵੇਂ ਸਾਡੇ ਲਈ ਬੇਗਾਨੀ ਧਰਤੀ ਨੂੰ ਸਾਡੇ ਰਹਿਣਯੋਗ ਬਣਾਉਣ ਲਈ ਯਤਨ ਕਰਨ ਵਾਲ਼ਾ ਅਤੇ ਬੋਹੜ ਬਣ ਕੇ ਤਪਦੇ ਸੂਰਜਾਂ ਤੋਂ ਸਾਨੂੰ ਬਚਾਉਣ ਲਈ ਸਾਡੇ ਸਿਰਾਂ 'ਤੇ ਠੰਡੀਆਂ ਛਾਵਾਂ ਕਰਨ ਵਾਲਾ ਇੱਕ ਘਣਛਾਵਾਂ ਬੋਹੜ ਢਹਿ ਪਿਆ ਹੈ।

ਭਾਵੇਂ ਮੈਨੂੰ ਅਫ਼ਸੋਸ ਹੈ ਕਿ ਪਿਛਲੇ ਕੁਝ ਸਾਲਾਂ ਤੋਂ ਮੇਰੀ ਬਹੁਤ ਕੋਸ਼ਿਸ਼ ਦੇ ਬਾਵਜੂਦ ਮੈਂ ਡਿਫੈਂਸ ਕਮੇਟੀ ਦਾ ਇਤਿਹਾਸ ਲਿਖਣ ਲਈ ਆਪਣੇ ਇਨ੍ਹਾਂ ਬਜ਼ੁਰਗਾਂ ਨਾਲ਼ ਗੱਲਬਾਤ ਕਰਨ ਵਿੱਚ ਕਾਮਯਾਬ ਨਹੀਂ ਹੋ ਸਕਿਆ ਪਰ ਹੁਣ ਲੱਗਦਾ ਹੈ ਕਿ ਬਚਦੀ ਤਾਕਤ ਖਰਚ ਕੇ ਵੀ ਮੈਨੂੰ ਬਾਕੀ ਬਚਦੇ ਸਾਥੀਆਂ ਦੇ ਸਹਿਯੋਗ ਨਾਲ ਇਸ ਮਾਣ-ਮੱਤੇ ਇਤਿਹਾਸ ਨੂੰ ਸਾਂਭਣ ਲਈ ਯਤਨ ਤੇਜ਼ ਕਰਨਾ ਪਵੇਗਾ, ਮਤੇ ਅਸੀਂ ਵੇਖਦੇ ਹੀ ਰਹਿ ਜਾਈਏ ਤੇ ਸਾਡੇ ਇਸ ਇਤਿਹਾਸ ਦੇ ਅਣਲਿਖੇ ਵਰਕੇ ਸਾਨੂੰ ਕੋਸਦੇ ਰਹਿ ਜਾਣ।

# ਦਿਮਾਗੀ ਨਕਸਲੀ ਦਾ ਫ਼ਤਵਾ ਅਤੇ ਸੋਸ਼ਲ ਸੁਰੱਖਿਆ ਫੋਰਸ ਦੀ ਵਰਤੋਂ

ਜਮਹੂਰੀ ਅਧਿਕਾਰਾਂ ਉੱਤੇ ਹਮਲਿਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋ ਚੁੱਕਾ ਹੈ। 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਭਾਸ਼ਣ ਦਿੰਦਿਆਂ ਪ੍ਰਧਾਨ ਮੰਤਰੀ ਨੇ ਜਿਸ 'ਦਿਮਾਗੀ ਨਕਸਲ' ਸ਼ਬਦ ਦੀ ਵਰਤੋਂ ਕਰਕੇ ਸੱਤਾ ਵਿਰੁੱਧ ਸੋਚਣ ਵਾਲੇ ਹਰ ਵਿਅਕਤੀ ਨੂੰ ਆਪਣਾ ਨਿਸ਼ਾਨਾ ਬਣਾਇਆ ਹੈ, ਉਸ ਦੇ ਨਾਲ ਹੀ ਇਸ ਦੇ ਹੱਲ ਲਈ 'ਸਿਵਲ ਡਿਫੈਂਸ ਫੋਰਸ' ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਤੱਤ ਸੀ ਕਿ ਉਹ ਪਿਛਲੇ 12 ਸਾਲਾਂ ਤੋਂ ਜਿਹੜਾ ਵਿਕਾਸ ਕਰ ਰਹੇ ਹਨ, ਉਸ ਨੂੰ ਕੁੱਝ ਤਾਕਤਾਂ ਪਸੰਦ ਨਹੀਂ ਕਰਦੀਆਂ ਅਤੇ ਰੋੜਾ ਬਣੀਆਂ ਖੜ੍ਹੀਆਂ ਹਨ। ਜੰਗਲਾਂ ਵਿੱਚ ਤਾਂ ਹਥਿਆਰਬੰਦ ਨਕਸਲੀ ਖ਼ਤਮ ਕਰ ਦਿੱਤੇ ਗਏ ਹਨ, ਪਰ ਦੇਸ਼ ਵਿੱਚ 'ਦਿਮਾਗੀ ਨਕਸਲ' ਅਜੇ ਵੀ ਵੱਡੀ ਗਿਣਤੀ ਵਿੱਚ ਹਨ ਜਿਹੜੇ ਸਰਕਾਰ ਵਿਰੁੱਧ ਲੋਕਾਂ ਨੂੰ ਭੜਕਾ ਰਹੇ ਹਨ।

ਉਨ੍ਹਾਂ ਦਾ ਕਹਿਣਾ ਹੈ, "ਇਹ ਨਾਦਾਨ ਲੋਕ ਮੇਰੇ ਵਿਕਾਸ ਨੂੰ ਪਸੰਦ ਨਹੀਂ ਕਰਦੇ। ਇਨ੍ਹਾਂ ਨਾਲ ਨਿਪਟਣ ਵਾਸਤੇ ਸਿਵਲ ਡਿਫੈਂਸ ਫੋਰਸ ਨੂੰ ਅੱਗੇ ਆਉਣਾ ਚਾਹੀਦਾ ਹੈ।" ਭਾਵ ਸਾਫ਼ ਹੈ ਕਿ 'ਸਿਵਲ ਡਿਫੈਂਸ ਫੋਰਸ' ਨਾਂ ਹੇਠ ਭਾਜਪਾ ਤੇ ਸੰਘ ਦੀ ਇੱਕ ਨਿੱਜੀ ਫ਼ੌਜ ਦੇਸ਼ ਭਰ ਵਿੱਚ ਉਨ੍ਹਾਂ ਸੰਘਰਸ਼ਸ਼ੀਲ ਲੋਕਾਂ ਤੇ ਤਬਕਿਆਂ ਨਾਲ ਨਜਿੱਠਣ ਲਈ ਅੱਗੇ ਆਵੇਗੀ ਅਤੇ ਇਸ ਦੀ ਹਰੀ ਝੰਡੀ 15 ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਹੋਰ ਅੱਗੇ ਕਿਹਾ ਕਿ ਪੁਰਾਣੀ ਸਮਾਜਿਕ ਸੁਰੱਖਿਆ ਵਿਵਸਥਾ ਪੁਰਾਣੇ ਯੁੱਗਾਂ ਦੇ ਹਿਸਾਬ ਨਾਲ ਬਣੀ ਸੀ; ਸਾਨੂੰ ਨਾਗਰਿਕਾਂ ਨੂੰ ਤਿਆਰ ਕਰਨਾ ਪਵੇਗਾ ਕਿ ਉਹ ਜੀਵੰਤ ਨੈੱਟਵਰਕ ਬਣਾਉਣ ਤੇ ਦੇਸ਼ ਨੂੰ ਸੁਰੱਖਿਅਤ ਕਰਨ ਲਈ ਸਮੂਹਿਕ ਜ਼ਿੰਮੇਵਾਰੀ ਆਪਣੇ ਹੱਥ ਲੈਣ।

ਰਾਜ ਤੇ ਇਸਦਾ ਰਾਜਕੀ ਢਾਂਚਾ/ਸੰਵਿਧਾਨ ਆਪਣੇ ਨਾਗਰਿਕਾਂ ਨੂੰ ਕੁੱਝ ਜਮਹੂਰੀ ਅਧਿਕਾਰ ਦੇਣ ਦੀ ਵਚਨਬੱਧਤਾ ਦਿਖਾਉਂਦਾ ਸੀ। ਬੇਸ਼ੱਕ ਇਹ ਸੀਮਤ ਸਨ, ਪਰ ਫਿਰ ਵੀ ਲਿਖਣ, ਬੋਲਣ, ਵਿਚਾਰ ਪ੍ਰਗਟ ਕਰਨ, ਆਪਣੇ ਅਧਿਕਾਰਾਂ ਲਈ ਜਥੇਬੰਦ ਹੋਣ, ਸੰਘਰਸ਼ ਕਰਨ, ਸ਼ਾਂਤਮਈ ਰੋਸ ਪ੍ਰਗਟ ਕਰਨ ਅਤੇ ਚੰਗੇਰੀ ਜ਼ਿੰਦਗੀ ਦੇ ਭਵਿੱਖ ਦੀ ਸੁਰੱਖਿਆ ਲਈ ਜਮਹੂਰੀ ਤਰੀਕੇ ਨਾਲ ਸੜਕਾਂ ਉੱਤੇ ਆਉਣ ਦੇ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਪਿਛਲੇ 200 ਸਾਲਾਂ ਦੇ ਲੰਬੇ ਇਤਿਹਾਸਕ ਕਾਲ ਵਿੱਚ ਸਾਡੇ ਪੁਰਖਿਆਂ ਨੇ ਬਸਤੀਵਾਦੀ ਤਾਨਾਸ਼ਾਹੀ ਨਿਜ਼ਾਮ ਵਿਰੋਧੀ ਲੰਬੀ ਲੜਾਈ ਲੜ ਕੇ ਹਾਸਲ ਕੀਤੀ ਸੀ। ਇਸ ਦੇ ਲਈ ਹਕੂਮਤਾਂ ਨੂੰ ਸਿਰਫ਼ ਦੇਸ਼ ਅੰਦਰ ਜਮਹੂਰੀ ਅਧਿਕਾਰਾਂ ਲਈ ਉੱਠੀਆਂ ਲਹਿਰਾਂ ਦੇ ਸੁਰ ਨੂੰ ਹੀ ਨਹੀਂ ਸੀ ਪ੍ਰਵਾਨ ਕਰਨਾ ਪਿਆ, ਸਗੋਂ ਕੌਮਾਂਤਰੀ ਅਹਿਦਨਾਮਿਆਂ ਉੱਤੇ ਵੀ ਸਹਿਮਤੀ ਦੀ ਸ਼ਰਮ ਰੱਖਣੀ ਪੈ ਰਹੀ ਸੀ।

ਬੇਸ਼ੱਕ ਪਹਿਲੀਆਂ ਹਕੂਮਤਾਂ ਨੇ ਵੀ ਜਮਹੂਰੀ ਅਧਿਕਾਰਾਂ ਦੇ ਹਨਨ (ਕੁਚਲਣ) ਵਿੱਚ ਕੋਈ ਕਸਰ ਨਹੀਂ ਛੱਡੀ-1951 ਵਿੱਚ ਤੇਲੰਗਾਨਾ ਸੰਘਰਸ਼ ਨੂੰ ਕੁਚਲਣ ਤੋਂ ਲੈ ਕੇ ਨਕਸਲਬਾੜੀ (1971-75) ਕਿਸਾਨ ਬਗਾਵਤ ਨੂੰ ਗੋਲੀ ਨਾਲ ਦਬਾਉਣ ਤੱਕ ਦਾ ਇੱਕ ਲੰਬਾ ਸਿਲਸਿਲਾ ਵੇਖਿਆ ਜਾ ਸਕਦਾ ਹੈ। ਇਸੇ ਦੌਰਾਨ ਦਰਜਨਾਂ ਕਾਲੇ ਕਾਨੂੰਨ ਘੜ੍ਹਕੇ ਰਾਜ ਨੇ ਆਪਣੇ ਜਾਬਰ ਦੰਦ ਤਿੱਖੇ ਕੀਤੇ। ਇਸ ਦੇ ਬਾਵਜੂਦ ਆਪਣੇ ਹੱਕਾਂ ਤੇ ਅਧਿਕਾਰਾਂ ਲਈ ਦੇਸ਼ ਦੇ ਲੋਕ ਹਕੂਮਤ ਦਾ ਜਬਰ ਸਹਿੰਦੇ ਹੋਏ

ਆਵਾਜ ਬੁਲੰਦ ਕਰਕੇ ਆਪਣੇ ਅਧਿਕਾਰ ਹਾਸਲ ਕਰਦੇ ਆ ਰਹੇ ਹਨ।

ਸ਼ਾਂਤਮਈ ਸੰਘਰਸ਼ ਕਰਨਾ ਜਾਂ ਆਪਣੇ ਜੀਵਨ ਦੀ ਬਿਹਤਰੀ ਲਈ ਆਵਾਜ਼ ਉਠਾਉਣੀ ਤੇ ਰੋਸ ਪ੍ਰਦਰਸ਼ਨ ਕਰਨਾ ਕਦੇ ਵੀ ਸੰਵਿਧਾਨਕ ਗੁਨਾਹ ਨਹੀਂ ਸੀ ਮੰਨਿਆ ਗਿਆ। ਪਰ 2014 ਤੋਂ ਪਿੱਛੋਂ ਇੱਕ ਅਲੱਗ ਤਰ੍ਹਾਂ ਦਾ ਮਾਹੌਲ ਬਣਨਾ ਸ਼ੁਰੂ ਹੋਇਆ। ਸੱਤਾ ਨੇ ਕਾਰਪੋਰੇਟ ਪੂੰਜੀ ਲਈ ਹਰ ਰਾਹ ਸਾਫ਼ ਕਰਨ ਦੀ ਠਾਣ ਲਈ; ਪੁਲਿਸ, ਨੀਮ-ਫ਼ੌਜੀ ਫੋਰਸਾਂ, ਕਾਨੂੰਨ ਦੀ ਅੰਨ੍ਹੀ ਵਰਤੋਂ, ਲਾਠੀ, ਗੋਲੀ ਅਤੇ ਅਗਜ਼ਨੀ ਦੇ ਹਰ ਹਥਿਆਰ ਨੂੰ ਵਰਤਿਆ। ਸੰਘਰਸ਼ਸ਼ੀਲ ਤਬਕਿਆਂ ਨੂੰ ਵੱਖ-ਵੱਖ ਸ਼ਕਲਾਂ ਵਿੱਚ ਬਦਨਾਮ ਕੀਤਾ। ਪਰ ਇਸ ਦੇ ਬਾਵਜੂਦ ਜਮਹੂਰੀ ਅਧਿਕਾਰਾਂ ਦੀ ਰਾਖ਼ੀ ਲਈ ਕੰਮ ਕਰਨ ਵਾਲੀਆਂ ਤਾਕਤਾਂ ਨੇ ਇਸ ਜਬਰ ਨੂੰ ਵਿਸਥਾਰਤ ਰਿਪੋਰਟਾਂ ਰਾਹੀਂ ਦੇਸ਼ ਦੇ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਆਪਣੇ ਹੱਥ ਲਿਆ।

ਵਿਸ਼ੇਸ਼ ਕਰਕੇ ਆਦਿਵਾਸੀ ਖੇਤਰਾਂ-ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼, ਓਡੀਸ਼ਾ, ਤੇਲੰਗਾਨਾ, ਆਂਧਰਾ ਪ੍ਰਦੇਸ਼ ਆਦਿ ਵਿੱਚ ਸਦੀਆਂ ਤੋਂ ਜੰਗਲਾਂ ਤੇ ਪਹਾੜਾਂ ਵਿੱਚ ਰਹਿ ਰਹੇ ਆਦਿਵਾਸੀਆਂ ਤੋਂ ਇਹ ਜੰਗਲ ਤੇ ਪਹਾੜ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਜਬਰ-ਤਸ਼ੱਦਦ ਦਾ ਜੋ ਦੌਰ ਚਲਾਇਆ ਗਿਆ, ਉਸ ਵਿੱਚ ਹੋਏ ਜਬਰ ਦੀਆਂ ਲੂ-ਕੰਡੇ ਖੜ੍ਹੇ ਕਰਨ ਵਾਲੀਆਂ ਕਹਾਣੀਆਂ ਹਨ। ਦੇਸ਼ ਭਰ ਦੇ ਜੰਗਲਾਂ ਵਿੱਚ ਨਕਸਲੀ ਤੇ ਮਾਓਵਾਦੀ ਕਹਿ ਕੇ ਸੈਂਕੜੇ ਆਦਿਵਾਸੀਆਂ ਦੇ ਪਿੰਡ ਉਜਾੜੇ ਗਏ, ਸੈਂਕੜਿਆਂ ਦੇ ਝੂਠੇ ਮੁਕਾਬਲੇ ਬਣਾਏ ਗਏ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਗਿਆ, ਅੱਗਾਂ ਲਾਈਆਂ ਗਈਆਂ ਅਤੇ ਆਖ਼ਰ ਮਾਰਚ 2026 ਤੱਕ 'ਨਕਸਲ ਮੁਕਤ' ਆਦਿਵਾਸੀ ਖ਼ੇਤਰ ਦੀ ਫ਼ੋਕੀ ਟਾਹਰ ਮਾਰੀ ਗਈ।

ਆਪਣੇ ਜੀਵਨ ਦੀ ਸੁਰੱਖਿਆ ਲਈ ਲੜਨ ਵਾਲੇ ਗ਼ਰੀਬ ਤੇ ਬੇਸਹਾਰਾ ਲੋਕਾਂ ਨੂੰ ਉਜਾੜ ਕੇ ਗ਼ਰੂਰ ਨਾਲ ਅੰਨ੍ਹੇ ਹਾਕਮਾਂ ਨੇ ਆਪਣੇ ਹੀ ਨਾਗਰਿਕਾਂ ਨਾਲ ਕੀਤੇ ਅਜਿਹੇ ਵਿਵਹਾਰ ਉੱਤੇ ਕੋਈ ਵੀ ਸੰਵਿਧਾਨਕ ਜਾਂ ਕੌਮਾਂਤਰੀ ਅਹਿਦਨਾਮਿਆਂ ਦੀ ਸ਼ਰਮ ਵੀ ਮਹਿਸੂਸ ਨਹੀਂ ਕੀਤੀ।

ਇਸੇ ਦੌਰਾਨ 2014 ਤੋਂ ਪਿੱਛੋਂ ਹਕੂਮਤ ਨੇ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (UAPA) ਨੂੰ ਹੋਰ ਮਜ਼ਬੂਤ ਹੀ ਨਹੀਂ ਕੀਤਾ, ਸਗੋਂ ਇਸ ਦੀ ਬੇਝਿਜਕ ਵਰਤੋਂ ਕੀਤੀ। ਬੁੱਧੀਜੀਵੀ ਤੇ ਜਮਹੂਰੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਸਮਾਜਿਕ ਕਾਰਕੁਨ, ਜਿਹੜੇ ਇਨ੍ਹਾਂ ਖੇਤਰਾਂ ਵਿੱਚ ਆਦਿਵਾਸੀਆਂ ਉੱਤੇ ਜਬਰ ਤੇ ਉਜਾੜੇ ਦੀਆਂ ਰਿਪੋਰਟਾਂ ਦੇਸ਼ ਦੇ ਲੋਕਾਂ ਸਾਹਮਣੇ ਰੱਖਦੇ ਸਨ, ਵੱਖ-ਵੱਖ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ। ਭੀਮਾ ਕੋਰੇਗਾਓਂ ਵਰਗੇ ਦਰਜਨਾਂ ਫ਼ਰਜ਼ੀ ਕੇਸਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਹਕੂਮਤ ਦਾ ਮਕਸਦ ਇੱਕ ਹੀ ਸੀ ਕਿ ਉਸ ਦੇ ਜਬਰ ਨੂੰ ਜੱਗ-ਜ਼ਾਹਰ ਨਾ ਕੀਤਾ ਜਾਵੇ ਅਤੇ ਇਸ ਵਿਰੁੱਧ ਲਿਖਣ-ਬੋਲਣ ਵਾਲਾ ਦੇਸ਼ ਦਾ ਗ਼ੱਦਾਰ, ਦੇਸ਼-ਧ੍ਰੋਹੀ ਤੇ ਅਪਰਾਧੀ ਹੈ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (JNU), ਹੈਦਰਾਬਾਦ ਯੂਨੀਵਰਸਿਟੀ ਆਦਿ ਵਿੱਚ ਜਦੋਂ ਵਿਦਿਆਰਥੀਆਂ ਨੇ ਆਵਾਜ਼ ਉਠਾਈ, ਤਾਂ ਹਕੂਮਤ ਨੂੰ ਉਹ 'ਦੇਸ਼ ਧ੍ਰੋਹੀ' ਜਾਂ 'ਅਰਬਨ ਨਕਸਲ' ਪੈਦਾ ਕਰਨ ਦੇ ਕਾਰਖ਼ਾਨੇ ਜਾਪਣ ਲੱਗੇ। ਇਨ੍ਹਾਂ ਨੂੰ ਜਬਰ ਹੇਠ ਲਿਆਉਣ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ, ਸਗੋਂ ਪਹਿਲੀ ਵਾਰ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ABVP) ਅਤੇ ਬਾਹਰੀ ਗੁੰਡਾ ਅਨਸਰਾਂ ਨੂੰ ਨਾਲ ਲੈ ਕੇ ਸੰਘਰਸ਼ਸ਼ੀਲ ਵਿਦਿਆਰਥੀਆਂ ਤੇ ਯੂਨੀਵਰਸਿਟੀਆਂ (ਜਿਵੇਂ ਜਾਮੀਆ) ਨੂੰ ਨਿਸ਼ਾਨਾ ਬਣਾਇਆ ਗਿਆ।

ਇਸੇ ਦੌਰ ਵਿੱਚ ਗਊ ਰੱਖਿਆ ਦੇ ਨਾਂ ਉੱਤੇ ਬਜਰੰਗ ਦਲ ਅਤੇ 'ਲਵ ਜਹਾਦ' ਦੇ ਨਾਂ ਉੱਤੇ ਵੱਖ-ਵੱਖ ਸ਼ਕਲਾਂ ਵਿੱਚ ਕੱਟੜ ਹਿੰਦੂਤਵੀ ਸੰਗਠਨ ਦੇਸ਼ ਭਰ ਵਿੱਚ ਥਾਂ-ਥਾਂ ਸਰਗਰਮ ਹੋਏ। ਇਨ੍ਹਾਂ ਨੇ ਜੋ ਜਬਰ ਪੁਲਿਸ ਤੇ ਸੁਰੱਖਿਆ ਫੋਰਸਾਂ ਦੀ ਹਾਜ਼ਰੀ ਵਿੱਚ ਕੀਤਾ, ਉਸ ਦਾ ਪੁਲਿਸ ਨੇ ਕੋਈ ਨੋਟਿਸ ਨਹੀਂ ਲਿਆ, ਸਗੋਂ ਸੁਰੱਖਿਆ ਵੀ ਮੁਹੱਈਆ ਕਰਵਾਈ। ਲੋਕਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਕੱਪੜੇ ਪਾਉਣ ਦੀ ਆਜ਼ਾਦੀ ਉੱਤੇ ਹੋ ਰਹੇ ਹਮਲਿਆਂ ਪ੍ਰਤੀ ਸੱਤਾਧਾਰੀ ਨੇਤਾ ਨਾ ਸਿਰਫ਼ ਚੁੱਪ ਰਹੇ, ਸਗੋਂ ਇਨ੍ਹਾਂ ਖ਼ਿਲਾਫ਼ ਬੋਲਣ ਵਾਲਿਆਂ ਨੂੰ 'ਸ਼ਹਿਰੀ ਨਕਸਲ' ਕਹਿ ਕੇ ਨਿਸ਼ਾਨਾ ਬਣਾਇਆ। ਦੇਸ਼ ਭਰ ਵਿੱਚ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਅੱਗੇ ਆ ਰਹੀਆਂ ਤਾਕਤਾਂ ਨੇ ਇਸ ਦਾ ਗੰਭੀਰ ਨੋਟਿਸ ਲਿਆ ਅਤੇ ਆਵਾਜ਼ ਉਠਾਈ।

ਉੱਧਰ ਹਕੂਮਤ ਲੋਕਾਂ ਦੇ ਅਧਿਕਾਰ ਖੋਹਣ ਲਈ ਇੱਕ ਤੋਂ ਬਾਅਦ ਦੂਜਾ ਕਾਨੂੰਨ ਲਿਆਉਂਦੀ ਰਹੀ ਅਤੇ ਅਧਿਕਾਰਾਂ ਦੀ ਵਚਨਬੱਧਤਾ ਵਾਲੇ ਕਾਨੂੰਨਾਂ ਨੂੰ ਖ਼ਤਮ ਕਰਦੀ ਗਈ। ਇਸੇ ਲੜੀ ਵਿੱਚ ਸਨਅਤੀ ਮਜ਼ਦੂਰਾਂ ਦੇ ਹੱਕਾਂ ਦੀ ਰਾਖ਼ੀ ਕਰਨ ਵਾਲੇ 44 ਕਾਨੂੰਨ ਖ਼ਤਮ ਕਰਕੇ ਚਾਰ 'ਲੇਬਰ ਕੋਡ' ਲਿਆਂਦੇ ਗਏ ਅਤੇ ਫਿਰ ਖੇਤੀ ਖੇਤਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਤਿੰਨ ਕਾਲੇ ਖੇਤੀ ਕਾਨੂੰਨ ਲਿਆਂਦੇ ਗਏ। ਇਸ ਦੇ ਨਾਲ ਹੀ ਕੁੱਝ ਅਜਿਹੇ ਕਾਨੂੰਨ ਆਏ ਜਿਨ੍ਹਾਂ ਦਾ ਜ਼ਿਕਰ ਘੱਟ ਹੋਇਆ-ਜਿਵੇਂ ਸਿਹਤ ਨਾਲ ਸੰਬੰਧਿਤ ਕਾਨੂੰਨ ਜੋ ਨਿੱਜੀ/ਪ੍ਰਾਈਵੇਟ ਸਿਹਤ ਸੇਵਾਵਾਂ ਦੇ ਵਿਸਥਾਰ ਤੇ ਸੁਰੱਖਿਆ ਲਈ ਸਨ ਅਤੇ ਨਿੱਜੀ ਯੂਨੀਵਰਸਿਟੀਆਂ ਬਾਰੇ ਕਾਨੂੰਨ। ਇਸੇ ਦੌਰਾਨ ਕੌਮੀ ਸਿੱਖਿਆ ਨੀਤੀ-2020 ਲਿਆ ਕੇ ਸਿੱਖਿਆ ਦੇ ਭਗਵੇਂਕਰਨ ਅਤੇ ਦੇਸ਼ ਦੀ ਵੱਡੀ ਆਬਾਦੀ ਨੂੰ ਸਿੱਖਿਆ ਤੋਂ ਵਾਂਝੀ ਕਰਨ ਦਾ ਰਾਹ ਪੱਧਰਾ ਕਰ ਲਿਆ ਗਿਆ। ਸਰਕਾਰੀ ਅੰਕੜੇ ਖ਼ੁਦ ਦੱਸਦੇ ਹਨ ਕਿ ਪਿਛਲੇ ਸਮੇਂ 94 ਹਜ਼ਾਰ ਸਰਕਾਰੀ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ। ਆਵਾਜ਼ ਤਾਂ ਇਸ ਵਿਰੁੱਧ ਵੀ ਉੱਠੀ, ਜਮਹੂਰੀਅਤ ਪ੍ਰਤੀ ਚੇਤਨ ਤਾਕਤਾਂ ਨੇ ਇਸ ਨੂੰ ਬੇਪਰਦ ਕੀਤਾ, ਪਰ ਇਹ ਵੱਡੀ ਲਹਿਰ ਨਾ ਬਣ ਸਕੀ। ਕਿਸਾਨੀ ਨੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਜੋ ਸਾਲ ਭਰ ਲੰਬਾ ਸਿਰੜੀ ਸਾਂਝਾ ਸੰਘਰਸ਼ ਚਲਾਇਆ ਅਤੇ ਸਰਕਾਰ ਨੂੰ ਝੁਕਾਇਆ, ਉਸ ਨੇ ਲੋਕਾਈ ਅਤੇ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ ਨੂੰ ਨਵੀਂ ਊਰਜਾ ਦਿੱਤੀ। ਪਰ ਇਸੇ ਦੌਰਾਨ ਹਕੂਮਤ ਵੱਲੋਂ ਥਾਂ-ਪੁਰ-ਥਾਂ ਕਿਸਾਨ ਸੰਘਰਸ਼ ਉੱਤੇ ਜੋ ਜਬਰ ਕੀਤਾ ਗਿਆ, ਉਸ ਦੀਆਂ ਹਿਰਦੇਵੇਧਕ ਤਸਵੀਰਾਂ ਹਨ। ਹਕੂਮਤੀ ਜਬਰ ਦੇ ਨਾਲ-ਨਾਲ ਸੰਘ ਦੇ ਕੁਝ ਲੱਠਮਾਰ ਗੁੰਡਾ ਟੋਲੇ ਵੀ ਜਬਰ ਕਰਨ ਲਈ ਸਾਹਮਣੇ ਆਏ। ਦਿੱਲੀ ਦੇ ਆਲੇ-ਦੁਆਲੇ ਕੁਝ ਕੱਟੜਵਾਦੀ ਹਿੰਦੂਤਵੀ ਟੋਲਿਆਂ ਨੇ 28 ਜਨਵਰੀ ਨੂੰ ਕਿਸਾਨਾਂ ਉੱਤੇ ਹਮਲਾ ਕੀਤਾ; ਨੇੜਲੇ ਪਿੰਡਾਂ ਦੇ ਲੋਕਾਂ ਨੂੰ ਭੜਕਾਉਣ ਦੀ ਕੋਸ਼ਿਸ਼ ਵੀ ਕੀਤੀ, ਪਰ ਅਸਫ਼ਲ ਰਹੇ। ਗਾਜ਼ੀਪੁਰ ਬਾਰਡਰ ਉੱਤੇ ਵੀ ਇੱਕ ਵੱਡੀ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫਲ ਰਹੀ। ਪਰ ਲਖੀਮਪੁਰ ਖ਼ੀਰੀ ਵਿੱਚ ਤਾਂ ਭਾਜਪਾ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੇ ਆਪਣੀ ਗੱਡੀ ਚਾੜ੍ਹ ਕੇ ਪੰਜ ਕਿਸਾਨਾਂ ਆਗੂਆਂ ਨੂੰ ਜਿਵੇਂ ਕੁਚਲਿਆ, ਉਸ ਨੇ ਸੰਘ ਦੇ ਮਨਸੂਬਿਆਂ ਤੇ ਯੋਜਨਾ ਨੂੰ ਪੂਰੀ ਤਰ੍ਹਾਂ ਬੇਪਰਦ ਕਰ ਦਿੱਤਾ। ਇਹ ਸੰਘ ਵੱਲੋਂ ਵਿਉਂਤੀਆ ਤੇ ਲਾਗੂ ਕੀਤੀਆਂ ਘਟਨਾਵਾਂ ਸਨ।

ਦੇਸ਼ ਭਰ ਵਿੱਚ ਬਜਰੰਗ ਦਲ, ਕਰਨੀ ਸੈਨਾ, ਸ਼੍ਰੀ ਰਾਮ ਸੈਨਾ ਆਦਿ ਕਈ ਅਜਿਹੀਆਂ ਜਥੇਬੰਦੀਆਂ ਹਨ ਜਿਨ੍ਹਾਂ ਵੱਲੋਂ ਹੁੜਦੰਗ ਮਚਾਇਆ ਜਾ ਰਿਹਾ ਹੈ। ਵਿਦਿਆਰਥੀ ਪ੍ਰੀਸ਼ਦ (ABVP) ਤਾਂ ਦੇਸ਼ ਭਰ ਦੀਆਂ ਵਿੱਦਿਅਕ ਸੰਸਥਾਵਾਂ ਵਿੱਚ ਅਜਿਹੀ ਹੀ ਭੂਮਿਕਾ ਨਿਭਾਉਂਦੀ ਆ ਰਹੀ ਹੈ। ਜਦੋਂ ਵੀ ਸਰਕਾਰ ਦੀ ਆਲੋਚਨਾ ਕਰਨ ਵਾਲੇ ਜਾਂ ਹਕੂਮਤੀ ਨੀਤੀਆਂ ਨੂੰ ਬੇਪਰਦ ਕਰਨ ਲਈ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਕੋਈ ਸੈਮੀਨਾਰ ਜਾਂ ਸਭਾ ਦਾ ਆਯੋਜਨ ਕੀਤਾ ਜਾਂਦਾ ਹੈ, ਤਾਂ ਏਬੀਵੀਪੀ ਦੇ ਗੁੰਡੇ ਆ ਧਮਕਦੇ ਹਨ। ਇਨ੍ਹਾਂ ਨਾਲ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਤੇ ਹੋਰ ਦਲਾਂ ਦੇ ਦਬੰਗ ਸ਼ਾਮਲ ਹੁੰਦੇ ਹਨ। ਇਨ੍ਹਾਂ ਵੱਲੋਂ ਜੋ ਤਾਂਡਵ ਰਚਿਆ ਜਾਂਦਾ ਹੈ, ਉਸ ਪਿੱਛੇ ਸਥਾਨਕ ਪੁਲਿਸ ਉਨ੍ਹਾਂ ਦੀ ਸੁਰੱਖਿਆ ਲਈ ਖੜ੍ਹੀ ਹੁੰਦੀ ਹੈ। ਇਸ ਦੇ ਬਾਵਜੂਦ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਦੇ ਲੋਕਾਂ ਨੇ ਆਪਣੀ ਭੂਮਿਕਾ ਨਿਭਾਈ ਹੈ ਤੇ ਨਿਭਾ ਰਹੇ ਹਨ।

ਪਰ ਹਕੂਮਤ ਤੇ ਸੰਘੀ ਲਾਣਾ ਜਮਹੂਰੀ ਅਧਿਕਾਰਾਂ ਉੱਤੇ ਹਮਲੇ ਕਰਨ ਤੋਂ ਪਿੱਛੇ ਨਹੀਂ ਹਟੇ; ਵੱਖ-ਵੱਖ ਸ਼ਕਲਾਂ ਤੇ ਢੰਗਾਂ ਨਾਲ ਇਹ ਜਾਰੀ ਰੱਖ ਰਹੇ ਹਨ-ਕਾਨੂੰਨੀ ਤਰਮੀਮਾਂ ਰਾਹੀਂ ਵੀ ਅਤੇ ਹੋਰ ਗੈਰ-ਕਾਨੂੰਨੀ ਢੰਗਾਂ ਨਾਲ ਵੀ। ਹਕੂਮਤ ਨੇ ਅਪਰਾਧਿਕ ਕਾਨੂੰਨਾਂ ਦੇ ਪੁਰਾਣੇ ਮਸੌਦਿਆਂ ਨੂੰ ਨਵੀਂ ਰੰਗਤ ਦਿੱਤੀ ਤੇ ਜਾਬਰ ਕਾਨੂੰਨਾਂ ਦੇ ਦੰਦ ਹੋਰ ਤਿੱਖੇ ਕੀਤੇ। ਇਨ੍ਹਾਂ ਮਸੌਦਿਆਂ ਵਿੱਚ 'ਦੇਸ਼ ਧ੍ਰੋਹ' ਦੀ ਪ੍ਰੀਭਾਸ਼ਾ ਨੂੰ ਹੋਰ ਵਿਸਥਾਰ ਹੀ ਨਹੀਂ ਦਿੱਤਾ ਗਿਆ, ਸਗੋਂ ਇਹ ਵੀ ਖੁੱਲ੍ਹ ਲੈ ਲਈ ਗਈ ਕਿ ਪੁਲਿਸ ਲੋੜ ਪੈਣ ਉੱਤੇ ਸਿੱਧਾ ਬਲ ਪ੍ਰਯੋਗ ਕਰ ਸਕਦੀ ਹੈ। ਸਿਵਲ ਮੈਜਿਸਟ੍ਰੇਟ ਦੀਆਂ ਤਾਕਤਾਂ ਪੁਲਿਸ ਅਧਿਕਾਰੀਆਂ ਨੂੰ ਸੌਂਪ ਦਿੱਤੀਆਂ ਗਈਆਂ, ਜਿਸ ਦੀ ਤਾਜ਼ਾ ਮਿਸਾਲ ਦਿੱਲੀ ਵਿੱਚ ਜ਼ੈਨ ਜੀ ਸੰਘਰਸ਼ ਦੌਰਾਨ ਪੁਲਿਸ ਵੱਲੋਂ ਪੈਲੇਟ ਗੰਨਾਂ ਦੀ ਵਰਤੋਂ ਉੱਤੇ ਉੱਠੇ ਵਿਵਾਦ ਤੋਂ ਦੇਖੀ ਜਾ ਸਕਦੀ ਹੈ। ਕਿ ਇੱਕ ਡੀਜੀਪੀ ਇਹ ਕਹਿੰਦਾ ਹੈ ਕਿ 'ਇਹ ਆਦੇਸ਼ ਉਸੇ ਨੇ ਹੀ ਦਿੱਤਾ ਸੀ।' ਇਸੇ ਦੇ ਨਾਲ ਹੀ ਨਵੇਂ ਅਪਰਾਧਿਕ ਕਾਨੂੰਨਾਂ ਵਿੱਚ ਇੱਕ ਮੱਦ ਹੋਰ ਜੋੜੀ ਦਿੱਤੀ ਗਈ ਕਿ ਜੇਕਰ ਪੁਲਿਸ ਨੂੰ ਜ਼ਰੂਰਤ ਪਵੇ, ਤਾਂ ਨਿੱਜੀ ਸੁਰੱਖਿਆ ਫੋਰਸਾਂ (Private Security Forces) ਦੀ ਮਦਦ ਕਿਸੇ ਵੀ ਸੰਘਰਸ਼ ਨੂੰ ਦਬਾਉਣ ਲਈ ਲੈ ਸਕਦੀ ਹੈ।

ਦਿੱਲੀ ਵਿੱਚ ਪੇਪਰ ਲੀਕ ਦੇ ਮਾਮਲੇ ਨੂੰ ਲੈ ਕੇ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਆਵਾਜ਼ ਉਠਾਈ, ਦੇਸ਼ ਭਰ ਵਿੱਚ ਇਸ ਨੂੰ ਹਮਾਇਤ ਮਿਲੀ। ਵਿਦਿਆਰਥੀ ਹੀ ਨਹੀਂ, ਮਾਪੇ ਵੀ ਸ਼ਾਮਲ ਹੋਏ। ਜਦੋਂ ਦਿੱਲੀ ਪੁਲਿਸ ਤੇ ਹੋਰ ਦਸਤੇ ਜਬਰ ਕਰਨ ਲਈ ਤੈਨਾਤ ਹੋਏ ਸਨ, ਤਾਂ ਚਿੱਟੇ ਕੱਪੜਿਆਂ ਵਿੱਚ ਫੋਰਸ ਵੀ ਹੱਥਾਂ ਵਿੱਚ ਡੰਡੇ ਲੈ ਕੇ ਖੜ੍ਹੀ ਸੀ। ਪੁਲਿਸ ਕੋਲ ਕੋਈ ਜਵਾਬ ਨਹੀਂ ਸੀ, ਮੀਡੀਆ ਨੇ ਇਸ ਨੂੰ ਬੇਪਰਦ ਕੀਤਾ। ਇਹ ਵਰਤਾਰਾ ਸੁਭਾਵਿਕ ਨਹੀਂ ਸੀ, ਭਾਜਪਾ ਹਕੂਮਤ ਤੇ ਸੰਘ ਦੀਆਂ ਉਨ੍ਹਾਂ ਨੀਤੀਆਂ ਦਾ ਹਿੱਸਾ ਸੀ ਜੋ ਬਿਹਾਰ ਤੇ ਉੱਤਰ ਪ੍ਰਦੇਸ਼ ਵਿੱਚ ਵੀ ਦੇਖਣ ਨੂੰ ਮਿਲਿਆ। ਖ਼ਾਕੀ ਵਰਦੀ 'ਚ ਬਿਨਾਂ ਨਾਮ/ਨੰਬਰ ਪਲੇਟ ਤੇ ਹੱਥਾਂ ਵਿੱਚ ਡੰਡੇ ਫੜੀ ਜਬਰ ਕਰਨ ਲਈ ਤਿਆਰ ਇਸ ਫੋਰਸ ਦੀ ਪਛਾਣ ਸੋਸ਼ਲ ਮੀਡੀਆ ਰਾਹੀਂ ਦੇਸ਼ ਦੇ ਲੋਕਾਂ ਨੇ ਦੇਖੀ।



ਬੰਗਾਲ ਵਿੱਚ ਚੋਣਾਂ ਤੋਂ ਪਿੱਛੋਂ ਵੀ ਸੰਘੀ ਗੁੰਡਿਆਂ ਨੇ ਪੁਲਿਸ ਦੀ ਸ਼ਹਿ ਉੱਤੇ ਤਾਂਡਵ ਮਚਾਕੇ, ਦਫ਼ਤਰਾਂ, ਮਕਾਨਾਂ ਤੇ ਧਰਮ ਸੰਸਥਾਵਾਂ ਆਦਿ ਉੱਤੇ ਕਬਜ਼ੇ ਕੀਤੇ ਜਾ ਰਹੇ ਹਨ, ਭਗਵੇਂ ਝੰਡੇ ਲਹਿਰਾਏ ਜਾ ਰਹੇ ਹਨ। ਸੰਵਿਧਾਨ ਜੋ ਸੁਰੱਖਿਆ ਦੀ ਗਰੰਟੀ ਦੇਣ ਦੇ ਦਾਅਵੇ ਕਰਦਾ ਸੀ, ਹਵਾ ਵਿੱਚ ਉਡਾਇਆ ਜਾ ਰਿਹਾ ਹੈ। ਰਾਜ ਇੱਕ ਨਵੇਂ ਅਰਾਜਕ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

ਜਾਦਵਪੁਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਹੋਸਟਲ ਉੱਤੇ ਸੰਘੀ ਗੁੰਡਾ ਫੋਰਸਾਂ ਦਾ ਹਮਲਾ, ਉਨ੍ਹਾਂ ਵੱਲੋਂ ਬਚਾਅ ਲਈ ਹੋਸਟਲ ਦੇ ਦਰਵਾਜ਼ੇ ਬੰਦ ਕਰਨ ਪਿੱਛੋਂ ਹੋਸਟਲ ਨੂੰ ਅੱਗ ਲਾਉਣ ਤੇ ਵਿੱਚੇ ਹੀ ਸਾੜ ਦੇਣ ਦੀਆਂ ਘਟਨਾਵਾਂ ਨਵੇਂ ਭਾਰਤ ਦੇ ਨਿਰਮਾਣ ਦੀਆਂ ਪ੍ਰਤੱਖ ਗਵਾਹ ਹਨ ਜਿਸ ਦਾ ਦਾਅਵਾ ਪ੍ਰਧਾਨ ਮੰਤਰੀ ਨੇ 15 ਅਗਸਤ ਦੇ ਭਾਸ਼ਣ ਵਿੱਚ ਕੀਤਾ ਹੈ। ਜਾਦਵਪੁਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਕਸੂਰ ਇੰਨਾ ਹੀ ਸੀ ਕਿ ਉਨ੍ਹਾਂ ਨੇ ਮੁੱਖ ਮਹਿਮਾਨ ਦੇ ਹੱਥੋਂ ਡਿਗਰੀਆਂ ਲੈਣ ਤੋਂ ਇਨਕਾਰ ਕੀਤਾ ਸੀ। ਰੋਸ ਪ੍ਰਦਰਸ਼ਨ ਕਰਨਾ ਉਨ੍ਹਾਂ ਦਾ ਸੰਵਿਧਾਨਕ ਅਧਿਕਾਰ ਸੀ ਤੇ ਹੈ।

ਇਸੇ ਲੜੀ ਵਿੱਚ ਨਰਿੰਦਰ ਮੋਦੀ ਦੇ 15 ਅਗਸਤ ਦੇ ਭਾਸ਼ਣ ਨੂੰ ਵਾਚਣ ਦੀ ਲੋੜ ਹੈ। ਉਨ੍ਹਾਂ ਨੂੰ ਤੇ ਸੰਘ ਨੂੰ ਖ਼ੌਫ਼ ਹੈ ਕਿ 'ਦਿਮਾਗੀ ਲੋਕ' (ਬੁੱਧੀਜੀਵੀ) ਹਿੰਦੂ ਰਾਸ਼ਟਰ ਦੀ ਸਿਰਜਣਾ ਵਿੱਚ ਸਭ ਤੋਂ ਵੱਡੇ ਰੋੜੇ ਹਨ। ਹਿੰਦੂ ਰਾਸ਼ਟਰ ਲਈ ਤਾਂ ਦਿਮਾਗ਼-ਵਿਹੀਣ ਲੋਕਾਂ ਦੀ ਲੋੜ ਹੈ। ਉਹ ਪਿਛਲੇ 12 ਸਾਲਾਂ ਤੋਂ ਸਾਰੀਆਂ ਨੀਤੀਆਂ ਤੇ ਢਾਂਚੇ ਨੂੰ ਇਸੇ ਤਰਕ ਉੱਤੇ ਉਸਾਰ ਰਹੇ ਹਨ। ਜੰਗਲਾਂ ਦੇ ਹਥਿਆਰਬੰਦ ਨਕਸਲੀਆਂ ਤੇ ਸ਼ਹਿਰਾਂ ਦੇ 'ਅਰਬਨ ਨਕਸਲੀਆਂ' ਤੋਂ ਪਿੱਛੋਂ ਹੁਣ ਉਨ੍ਹਾਂ ਨੂੰ 'ਦਿਮਾਗੀ ਨਕਸਲੀਆਂ' ਦਾ ਭੂਤ ਡਰਾ ਰਿਹਾ ਹੈ। ਉਹ ਖ਼ੌਫ਼ਜ਼ਦਾ ਹਨ ਅਤੇ ਇਸੇ ਖ਼ੌਫ਼ ਵਿੱਚ ਉਨ੍ਹਾਂ ਨੂੰ ਆਪਣੀਆਂ ਸੰਵਿਧਾਨਕ ਸੁਰੱਖਿਆ ਫੋਰਸਾਂ ਉੱਤੇ ਵੀ ਭਰੋਸਾ ਨਹੀਂ ਰਿਹਾ; ਉਹ 'ਸਮਾਜਿਕ ਸੁਰੱਖਿਆ ਫੋਰਸ' ਖੜ੍ਹੀ ਕਰਨ ਦਾ ਖੁੱਲ੍ਹਾ ਐਲਾਨ ਕਰ ਰਹੇ ਹਨ।

ਮੋਦੀ ਵੱਲੋਂ 'ਸਮਾਜਿਕ ਸੁਰੱਖਿਆ ਫੋਰਸ' ਖੜ੍ਹੀ ਕਰਨ ਦਾ ਐਲਾਨ ਕੋਈ ਨਵਾਂ ਨਹੀਂ ਹੈ। ਯਾਦ ਹੋਵੇਗਾ ਕਿ ਸਭ ਤੋਂ ਪਹਿਲਾਂ ਇਟਲੀ ਵਿੱਚ ਮੁਸੋਲਿਨੀ ਨੇ ਵੀ 'ਬਲੈਕ ਸ਼ਰਟਸ' (ਕਾਲੀ ਕਮੀਜ਼ ਵਾਲੇ) ਗ੍ਰੋਹ ਖੜ੍ਹਾ ਕੀਤਾ ਸੀ। ਨਾਜ਼ੀ ਜਰਮਨੀ ਵਿੱਚ ਹਿਟਲਰ ਦੇ ਦੋ ਨੰਬਰ ਸਹਿਯੋਗੀ ਹਰਮਨ ਗੋਅਰਿੰਗ ਨੇ 1933 ਵਿੱਚ ਇੱਕ ਨਿੱਜੀ ਗੈਂਗ ਫੋਰਸ ਦਾ ਗਠਨ ਕੀਤਾ ਸੀ। ਇਸ ਨਿੱਜੀ ਫੋਰਸ ਦਾ ਕੰਮ ਇਹ ਸੀ ਕਿ ਇਹ ਹਿਟਲਰ-ਵਿਰੋਧੀਆਂ, ਵਿਸ਼ੇਸ਼ ਕਰਕੇ ਖੱਬੇਪੱਖੀ ਵਿਚਾਰਾਂ ਵਾਲੇ ਲੋਕਾਂ ਤੇ ਨਾਜ਼ੀਵਾਦ ਵਿਰੁੱਧ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਪਛਾਣ ਕਰਦੀ ਸੀ, ਉਹਨਾਂ 'ਤੇ ਹਮਲੇ ਕਰਦੀ ਸੀ, ਉਹਨਾਂ ਨੂੰ ਗੇਸਟਾਪੋ ਤੇ ਹੋਰ ਜੇਲ੍ਹ ਕੇਂਦਰਾਂ ਨੂੰ ਸੌਂਪਦੀ ਸੀ, ਉਹਨਾਂ ਦੇ ਘਰਾਂ ਨੂੰ ਲੁੱਟਦੀ, ਸਾੜਦੀ ਤੇ ਤਬਾਹ ਕਰਦੀ ਸੀ। ਇਹਨਾਂ ਦੇ ਜ਼ੁਲਮਾਂ ਦਾ ਵਿਸਥਾਰ ਉਹਨਾਂ ਕਿਤਾਬਾਂ ਤੋਂ ਮਿਲ ਸਕਦਾ ਹੈ ਜਿਹਨਾਂ ਵਿੱਚ ਨਾਜ਼ੀਆਂ ਵੱਲੋਂ ਕੀਤੇ ਨਸਲਕੁਸ਼ੀ (ਹੋਲੋਕਾਸਟ) ਦਾ ਲੂੰ-ਕੰਡੇ ਖੜ੍ਹੇ ਕਰਨ ਵਾਲਾ ਜ਼ਿਕਰ ਮਿਲਦਾ ਹੈ। ਇਹ 'ਭੂਰੀਆਂ ਕਮੀਜ਼ਾਂ' (Brown Shirts) ਵਾਲੇ ਗ੍ਰੋਹ ਵਜੋਂ ਵੀ ਚਰਚਿਤ ਸਨ। ਨਾਜ਼ੀ ਜਰਮਨੀ ਦੇ ਹਿਟਲਰੀ ਪੈੜ-ਚਿੰਨ੍ਹਾਂ ਉੱਤੇ ਚੱਲਣ ਵਾਲੇ ਸੰਘ ਤੇ ਸੰਘ ਦੇ ਬੁਲਾਰੇ ਪ੍ਰਧਾਨ ਮੰਤਰੀ ਨੇ ਆਪਣੇ ਮਨਸੂਬੇ 15 ਅਗਸਤ ਨੂੰ ਸਿੱਧੇ ਤੌਰ ਉੱਤੇ ਰੱਖ ਦਿੱਤੇ ਹਨ। ਮੋਦੀ ਸਰਕਾਰ 'ਚ ਦੋ ਨੰਬਰ ਕੌਣ ਹੈ? ਲੁਕਿਆ

ਛੁਪਿਆ ਨਹੀਂ। ਗੁਜਰਾਤ ਦੇ ਨਰ ਸੰਹਾਰ ਦਾ ਯੋਜਨਾਕਾਰ ਰਾਖਸ਼ੀ ਦਿਮਾਗ 26 ਮਾਰਚ 26 ਤੱਕ ਜੰਗਲਾਂ 'ਚੋਂ ਨਕਸਲੀਆਂ ਦੇ ਸਫਾਏ ਦਾ ਦਾਅਵਾ ਕਰਨ ਵਾਲੇ ਖ਼ੂੰਖਾਰੀ ਦੈਂਤ ਅਗਲੇਰੀ ਸਮਾਜਿਕ ਸੁਰੱਖਿਆ ਫੋਰਸ ਦੀ ਕਮਾਨ ਸੰਭਾਲਣ ਜਾ ਰਿਹਾ ਹੈ।

ਵੈਸੇ ਇਹ ਕੋਈ ਨਵਾਂ ਐਲਾਨ ਨਹੀਂ; ਰਾਸ਼ਟਰੀ ਸਵੈਮ ਸੇਵਕ ਸੰਘ (RSS) ਆਪਣੇ ਸ਼ੁਰੂਆਤੀ ਦੌਰ ਤੋਂ ਹੀ ਹਿਟਲਰੀ ਪੈੜ-ਚਿੰਨ੍ਹਾਂ ਉੱਤੇ ਚੱਲਦਿਆਂ ਆਪਣੀਆਂ ਸੰਸਥਾਵਾਂ ਖੜ੍ਹੀਆਂ ਕਰਦਾ ਰਿਹਾ ਹੈ। 'ਸੱਭਿਆਚਾਰਕ ਰਾਸ਼ਟਰਵਾਦ' ਦਾ ਮਖੌਟਾ ਪਾਉਣ ਵਾਲੇ ਇਸ ਗਠਜੋੜ ਨਾਲ ਮਹਾਤਮਾ ਗਾਂਧੀ ਦੇ ਕਤਲ ਤੋਂ ਲੈ ਕੇ ਮਹਾਰਾਸ਼ਟਰ ਦੇ ਪੁਲਿਸ ਅਧਿਕਾਰੀ ਕਰਕਰੇ ਤੇ ਜੱਜ ਲੋਹੀਆ ਦੀ ਹੱਤਿਆ ਤੱਕ ਦੇ ਤਾਰ ਜੁੜੇ ਰਹੇ ਹਨ। ਦੇਸ਼ ਵਿੱਚ ਫ਼ ?ਰਕੂ ਦੰਗਿਆਂ ਦਾ ਜਨਮਦਾਤਾ ਵੀ ਸੰਘ ਨੂੰ ਹੀ ਚਿੰਨ੍ਹ ਕੀਤਾ ਜਾਂਦਾ ਹੈ। ਇਸ ਵੱਲੋਂ ਨਾਜਾਇਜ਼ ਹਥਿਆਰ ਚਲਾਉਣ ਦੀ ਸਿਖਲਾਈ ਦੇਣ ਦੀਆਂ ਕਈ ਘਟਨਾਵਾਂ ਜੁੜੀਆਂ ਹਨ, ਜਿਨ੍ਹਾਂ ਵਿੱਚ ਪੁਰੂਲੀਆ ਵਾਲੀ ਘਟਨਾ ਪ੍ਰਮੁੱਖ ਹੈ। ਦੇਸ਼ ਭਰ ਵਿੱਚ ਬਹੁਤ ਵਾਰੀ ਮੀਡੀਆ ਸਾਹਮਣੇ ਨਾਜਾਇਜ਼ ਹਥਿਆਰਾਂ ਦੇ ਜ਼ਖ਼ੀਰੇ ਫੜੇ ਜਾਣ ਪਿੱਛੋਂ ਪੁਲਿਸ ਵੱਲੋਂ ਸੰਘ ਨਾਲ ਜੁੜੇ ਲੋਕਾਂ ਦੀ ਪਛਾਣ ਨਸ਼ਰ ਕੀਤੀ ਗਈ ਹੈ।

ਇਸ ਦੇ ਨਾਲ ਹੀ ਮਾਲੇਗਾਓਂ ਬੰਬ ਧਮਾਕੇ (2006 ਤੇ 2008), ਸਮਝੌਤਾ ਐਕਸਪ੍ਰੈੱਸ ਬੰਬ ਧਮਾਕਾ, ਮੱਕਾ ਮਸਜਿਦ ਬੰਬ ਧਮਾਕਾ, ਅਜਮੇਰ ਦਰਗਾਹ ਬੰਬ ਧਮਾਕਾ ਵੀ ਇਸ ਨਾਲ ਜੁੜੇ ਰਹੇ ਹਨ। 'ਅਭਿਨਵ ਭਾਰਤ' ਨਾਂ ਦਾ ਅੱਤਵਾਦੀ ਸੰਗਠਨ ਇਸ ਦੀ ਹੀ ਸ਼ਾਖ਼ਾ ਸਮਝਿਆ ਜਾਂਦਾ ਹੈ। ਮੁਸਲਮਾਨਾਂ ਤੇ ਈਸਾਈਆਂ ਨੂੰ ਇਹ ਪਿਛਲੇ ਕਈ ਸਾਲਾਂ ਤੋਂ ਨਿਸ਼ਾਨਾ ਬਣਾਉਂਦਾ ਆ ਰਿਹਾ ਹੈ। 1984 ਵਿੱਚ ਦਿੱਲੀ ਤੇ ਹੋਰ ਰਾਜਾਂ ਵਿੱਚ ਸਿੱਖ ਵਿਰੋਧੀ ਹਿੰਸਾ ਵਿੱਚ ਵੀ ਸੰਘ ਸ਼ਾਮਲ ਰਿਹਾ ਹੈ। ਇੰਨਾ ਹੀ ਨਹੀਂ, ਇਸ ਨੇ ਆਪਣੇ ਮਿਲਟਰੀ ਸਕੂਲ ਵੀ ਸਥਾਪਿਤ ਕੀਤੇ ਹੋਏ ਹਨ। ਜੋ ਦੇਸ਼ ਭਰ ਵਿੱਚ ਤੇ ਦੇਸ਼ ਤੋਂ ਬਾਹਰ ਇਹਦਾ ਆਪਣਾ ਇੱਕ ਨੈੱਟਵਰਕ ਹੈ। ਅਮਰੀਕਾ ਤੇ ਕੈਨੇਡਾ ਦੀਆਂ ਖ਼ੁਫ਼ੀਆ ਏਜੰਸੀਆਂ ਵੀ ਇਸ ਨੂੰ ਤੇ ਇਹਦੇ ਸੰਗਠਨਾਂ ਨੂੰ ਦਹਿਸ਼ਤਗਰਦ ਸੰਗਠਨਾਂ ਵਜੋਂ ਚਿੰਨ੍ਹ ਕਰ ਚੁੱਕੀਆਂ ਹਨ। ਸੰਘ ਦੇ ਪ੍ਰੋਗਰਾਮ ਵਿੱਚ ਮੁਸਲਮਾਨਾਂ ਤੇ ਈਸਾਈਆਂ ਤੋਂ ਪਿੱਛੋਂ ਸਭ ਤੋਂ ਵੱਡੇ ਦੁਸ਼ਮਣ ਖੱਬੇ ਪੱਖੀ ਹੀ ਹਨ, ਜਾਂ ਉਹ ਲੋਕ ਜੋ ਹੱਕਾਂ ਲਈ ਸੰਘਰਸ਼ ਕਰ ਰਹੇ ਹਨ ਜਾਂ ਚੇਤੰਨ ਕਰਦੇ ਹਨ।

ਜੰਗਲੀ ਨਕਸਲੀਆਂ ਨੂੰ ਫ਼ੌਜ ਤੇ ਨੀਮ-ਫ਼ੌਜ ਰਾਹੀਂ ਖ਼ਤਮ ਕਰਨ ਦਾ ਦਾਅਵਾ ਕਰਕੇ, ਸ਼ਹਿਰੀ ਨਕਸਲੀਆਂ ਨੂੰ ਕਾਨੂੰਨ ਦੇ ਡੰਡੇ ਨਾਲ ਦਬਾ ਕੇ, ਹੁਣ ਉਹਨਾਂ ਲੋਕਾਂ ਤੇ ਤਬਕਿਆਂ ਨਾਲ ਨਿਪਟਣ ਲਈ 'ਸਮਾਜਿਕ ਸੁਰੱਖਿਆ ਫੋਰਸ' ਸਾਹਮਣੇ ਲਿਆਂਦੀ ਜਾ ਰਹੀ ਹੈ ਜਿਹੜੇ ਆਪਣੇ ਅਧਿਕਾਰਾਂ ਲਈ ਲੜਦੇ ਹਨ, ਸੰਘਰਸ਼ ਕਰਦੇ ਹਨ। ਪ੍ਰਧਾਨ ਮੰਤਰੀ ਨੇ ਹਰੀ ਝੰਡੀ ਦੇ ਦਿੱਤੀ ਹੈ ਅਤੇ ਇਸ ਦਾ ਇਸ਼ਾਰਾ ਮਿਲਦਿਆਂ ਹੀ ਵੱਖ-ਵੱਖ ਥਾਵਾਂ ਉੱਤੇ ਸੰਘਰਸ਼ਸ਼ੀਲ ਲੋਕਾਂ ਦੇ ਅੰਦੋਲਨਾਂ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਮਾਨੇਸਰ, ਗੁਰੂਗ੍ਰਾਮ, ਨੋਇਡਾ ਤੇ ਹੋਰ ਥਾਵਾਂ ਉੱਤੇ ਜਿਊਣ-ਯੋਗ ਮਜ਼ਦੂਰੀ ਦੀ ਮੰਗ ਨੂੰ ਲੈ ਕੇ ਜਦੋਂ ਮਜ਼ਦੂਰ ਸੜਕਾਂ ਉੱਤੇ ਆਏ, ਤਾਂ ਪੁਲਿਸ ਫੋਰਸ ਨਾਲ ਲੱਠਮਾਰ ਵੀ ਖੜ੍ਹੇ ਸਨ। ਜਿਹੜੇ ਅਗਨੀਵੀਰ ਫ਼ੌਜ ਵਿੱਚ ਚਾਰ ਸਾਲ ਪਿੱਛੋਂ ਰਿਟਾਇਰ ਹੋ ਕੇ ਘਰਾਂ ਨੂੰ ਜਾ ਰਹੇ ਹਨ, ਇਹਨਾਂ ਨੂੰ ਨਿੱਜੀ ਸੁਰੱਖਿਆ ਫੋਰਸਾਂ ਵਿੱਚ ਭਰਤੀ ਕੀਤਾ ਜਾ ਰਿਹਾ ਹੈ। ਸੰਘ ਨੇ ਦੇਸ਼ ਭਰ ਵਿੱਚ ਲੰਪਟ ਅਨਸਰਾਂ ਤੇ ਗੈਂਗਸਟਰਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ।

ਦਿੱਲੀ ਵਿੱਚ ਜੁਲਾਈ ਦੇ ਅਖ਼ੀਰ ਵਿੱਚ ਪੇਪਰ ਲੀਕ ਤੇ ਸਿੱਖਿਆ ਸੁਧਾਰ ਨੂੰ ਲੈ ਕੇ ਚੱਲੇ ਅੰਦੋਲਨ ਵਿੱਚ ਪੁਲਿਸ ਨਾਲ ਚਿੱਟੇ ਕੱਪੜਿਆਂ ਵਿੱਚ ਡੰਡੇ ਫੜੀ ਖੜ੍ਹੇ ਕੱਚੀ ਉਮਰ ਦੇ ਨੌਜਵਾਨਾਂ ਨੂੰ ਜਦੋਂ ਮੀਡੀਆ ਨੇ ਸਵਾਲ ਕੀਤਾ ਤਾਂ ਇੱਕ ਨਵੀਂ ਹਲਚਲ ਪੈਦਾ ਹੋ ਗਈ। ਇਸ ਸਮੇਂ ਇੱਕ ਘਟਨਾ ਸਾਹਮਣੇ ਆਈ ਕਿ ਇੱਕ ਨਾਬਾਲਗ ਲੜਕੀ ਨਿਸ਼ੂ ਜਾਧਵ ਦੇ ਪਿਤਾ ਸੰਜੇ ਕੁਮਾਰ ਉਤੇ ਹਮਲਾ ਹੋਇਆ ਜਿਸ ਦੇ ਸਿਰ ਉੱਤੇ 7 ਟਾਂਕੇ ਲੱਗੇ। ਹਮਲਾਵਰ (ਜਿਸ ਦੀ ਪਛਾਣ 'ਸਵਤੰਤਰ ਭਰਦਵਾਜ' ਵਜੋਂ ਹੋਈ) ਨੇ ਕੈਮਰੇ ਸਾਹਮਣੇ ਉਸ ਨੇ ਪ੍ਰਵਾਨ ਕੀਤਾ ਕਿ ਮੋਦੀ ਦੇ ਖ਼ ?ਲਾਫ਼ ਬੋਲਣ ਵਾਲਿਆਂ ਦਾ ਇਹੋ ਹਾਲ ਹੋਵੇਗਾ। ਉਸ ਨੇ ਇਹ ਵੀ ਮੰਨਿਆ ਕਿ ਉਸ ਦੇ ਪੈਰਾਂ ਦੇ ਬੂਟ, ਹੱਥ ਵਿਚਲਾ ਡੰਡਾ ਤੇ ਖ਼ਾਕੀ ਪੈਂਟ ਪੁਲਿਸ ਦੇ ਹੀ ਦਿੱਤੇ ਹੋਈ ਹਨ। ਉਸ ਨੇ ਬੇਖ਼ੌਫ਼ ਹੋ ਕੇ ਕਿਹਾ ਕਿ ਉਸ ਨੂੰ ਕੋਈ ਲਿਖਤੀ ਪੱਤਰ ਨਹੀਂ ਦਿੱਤਾ, ਬਾਕੀ ਸਾਰਾ ਕੰਮ ਉਹ ਦਿੱਲੀ ਪੁਲਿਸ ਵਾਲਾ ਹੀ ਕਰਦਾ ਹਾਂ। ਯਾਦ ਹੋਵੇਗਾ, ਪੰਜਾਬ ਵਿੱਚ 80ਵਿਆਂ ਵਿੱਚ ਪੁਲਿਸ ਵੱਲੋਂ 'ਸਪੈਸ਼ਲ ਪੁਲਿਸ ਕੈਟ' ਰੱਖੇ ਹੁੰਦੇ ਸਨ। ਪਰ ਇਹ 'ਸਵਤੰਤਰ ਭਾਰਦਵਾਜ' ਦਿੱਲੀ ਪੁਲਿਸ ਵੱਲੋਂ ਨਹੀਂ, ਸਗੋਂ ਭਾਜਪਾ ਤੇ ਸੰਘ ਵੱਲੋਂ ਖੜ੍ਹੀ ਕੀਤੀ ਸੈਨਾ ਦਾ ਕਰਿੰਦਾ ਸੀ। ਇਸ ਬਾਰੇ ਉਹ ਦਾਅਵਾ ਕਰਦਾ ਹੈ ਕਿ ਉਹਦੇ ਭਾਜਪਾ ਨਾਲ ਗੂੜੇ ਸਬੰਧ ਹਨ। ਸਵਤੰਤਰ ਭਰਦਵਾਜ ਦਾਅਵਾ ਕਰਦਾ ਹੈ ਕਿ ਅਜੇ ਸੰਜੇ ਕੁਮਾਰ ਦੇ ਸਿਰ ਵਿੱਚ ਕੜਾ ਮਾਰਿਆ ਸੀ ਤੇ 7 ਟਾਂਕੇ ਲਗੇ ਸਨ। ਇਹ ਇਰਾਦਾ ਕਤਲ ਦਾ ਕੇਸ ਹੈ ਪਰ ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ। ਇਹ ਇਸ ਨੇ ਖੁੱਲੇਆਮ ਕੇਮਰੇ ਤੇ ਸਵੀਕਾਰ ਕੀਤਾ ਹੈ। ਵੈਸੇ ਇਸ ਤੋਂ ਪਹਿਲਾਂ ਵੀ CAA (ਨਾਗਰਿਕਤਾ ਸੋਧ ਕਾਨੂੰਨ) ਵਿਰੁੱਧ ਜਦੋਂ ਸ਼ਾਂਤੀਪੂਰਨ ਪ੍ਰਦਰਸ਼ਨ ਹੋ ਰਿਹਾ ਸੀ, ਤਾਂ ਰਾਮ ਭਗਤ ਗੋਪਾਲ ਨਾਂ ਦੇ ਵਿਅਕਤੀ ਨੇ ਸ਼ਰੇਆਮ ਪਿਸਤੌਲ ਤੋਂ ਗੋਲੀ ਚਲਾਈ ਸੀ। ਅਜਿਹੀ ਹੀ ਵਾਰਦਾਤ ਸ਼ਾਹੀਨ ਬਾਗ਼ ਦੇ ਬਾਹਰ ਕਪਿਲ ਗੁੱਜਰ ਵੱਲੋਂ ਫ਼ਾਇਰਿੰਗ ਕਰਕੇ ਕੀਤੀ ਗਈ ਸੀ। ਦੋਵੇਂ ਹੀ ਹਿੰਦੂਤਵੀ ਸੰਗਠਨਾਂ ਨਾਲ ਜੁੜੇ ਸਨ ਦਰਜਨਾਂ ਨਹੀਂ ਸੈਂਕੜੇ ਉਦਾਹਰਣਾਂ ਹਨ।

ਇਸ ਦੇ ਨਾਲ ਹੀ 26 ਜੁਲਾਈ ਨੂੰ ਦਿੱਲੀ ਪ੍ਰਦਰਸ਼ਨ ਸਮੇਂ ਦਿੱਲੀ ਪੁਲਿਸ ਨੇ ਜੋ ਫ਼ੋਟੋਗ੍ਰਾਫ਼ੀ ਕੀਤੀ (ਜਿਸ ਨੂੰ ਫੇਸ਼ੀਅਲ ਰਿਕੋਗਨੀਸ਼ਨ ਸਿਸਟਮ (ਚੇਹਰੇ ਪਹਿਚਾਨਣ ਦਾ ਸਿਸਟਮ)-FRS ਕਿਹਾ ਜਾਂਦਾ ਹੈ), ਉਸ ਨਾਲ ਪ੍ਰਦਰਸ਼ਨਕਾਰੀਆਂ ਦੀ ਸਕੈਨਿੰਗ ਕੀਤੀ ਗਈ। ਪੁਲੀਸ ਨੇ ਮੰਨਿਆ ਕਿ ਇਸ ਤਕਨੀਕ ਨਾਲ ਪ੍ਰਦਰਸ਼ਨਕਾਰੀਆਂ ਵਿੱਚ 2873 ਚਿਹਰੇ ਪਹਿਚਾਣੇ ਗਏ ਹਨ। ਜਿਨ੍ਹਾਂ ਵਿਚ ਐਲਾਨੀਆ ਅਪਰਾਧੀ ਹਨ, ਜਿਨ੍ਹਾਂ 'ਚ ਕਤਲ ਦੇ 101, ਕਤਲ ਦੀ ਕੋਸ਼ਿਸ਼ ਦੇ 62, ਲੁੱਟਾਂਖੋਹਾਂ 284 ਤੇ 61 ਜਬਰ ਜਿਨਾਹ ਕਰਨ ਵਿੱਚ ਦੋਸ਼ੀ ਸ਼ਾਮਿਲ ਸਨ ਅਤੇ ਸਿਤਮ ਦੀ ਗੱਲ ਇਹ ਕਿ ਇਨ੍ਹਾਂ ਵਿੱਚੋਂ 25 ਤਾਂ ਜੇਲ੍ਹਾਂ ਵਿੱਚ ਬੰਦ ਬੈਠੇ ਸਨ। ਇਸ ਦਾ ਖੁਲਾਸਾ ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਵਿਚ ਕੀਤਾ ਗਿਆ। ਕੀ ਇਸ ਸਵਾਲ ਦਾ ਜਵਾਬ ਦਿੱਲੀ ਪੁਲਿਸ ਦੇਵੇਗੀ ਕਿ ਅਪਰਾਧੀ ਸੰਸਦ ਮਾਰਗ ਤੱਕ ਕਿਵੇਂ ਤੇ ਕਿਉਂ ਪਹੁੰਚ ਗਏ। ਪੁਲਿਸ, ਸੱਤਾਧਾਰੀ ਰਾਜਨੀਤਿਕ ਨੇਤਾਵਾਂ ਤੇ ਅਪਰਾਧੀਆਂ ਦਰਮਿਆਨ ਕਿਹੋ ਜਿਹਾ ਤਾਣਾ-ਬਾਣਾ ਬਣ ਚੁੱਕਾ ਹੈ, ਇਸ ਨੂੰ ਸਮਝਣ ਦੀ ਲੋੜ ਹੈ। ਯਾਦ ਹੋਵੇਗਾ ਉਨੀਂ ਦਿਨੀਂ ਇਕ ਪੱਥਰਾਂ ਰੋੜਿਆਂ ਨਾਲ ਭਰੇ ਟਰੱਕ ਨੂੰ ਵੀ ਸੰਸਦ ਮਾਰਗ ਉੱਤੇ ਕਈ ਦਿਨ ਖਲੋਤੇ ਦੇਖਿਆ ਗਿਆ ਜਿਸ ਨੂੰ ਪੁਲਿਸ ਨੇ ਕੁਝ ਦਿਨ ਪਹਿਲਾਂ ਹੀ ਇੱਕ ਕੇਸ 'ਚ ਥਾਣੇ ਵਿੱਚ ਜਬਤ ਕੀਤਾ ਹੋਇਆ ਸੀ। ਕੇਂਦਰੀ ਗ੍ਰਹਿ ਮੰਤਰੀ ਦੀ 'ਕ੍ਰੋਨੋਲੋਜੀ' ਸਮਝਣ ਦੀ ਲੋੜ ਹੈ; ਕੀ 'ਸਮਾਜਿਕ ਸੁਰੱਖਿਆ ਫੋਰਸ' ਸ਼ਬਦ ਉਸੇ ਦਾ ਹਿੱਸਾ ਹੈ। ਮੁਸੋਲਿਨੀ ਤੇ ਹਿਟਲਰ ਵੱਲੋਂ ਕਾਲੀਆਂ ਜਾਂ ਭੂਰੀਆਂ ਕਮੀਜ਼ਾਂ ਵਾਲੇ ਦਹਿਸ਼ਤਗਰਦਾਂ ਦਾ ਇਹੋ ਕੰਮ ਹੁੰਦਾ ਸੀ ਕਿ ਜਿੱਥੇ ਵੀ ਮਜ਼ਦੂਰਾਂ ਵੱਲੋਂ ਸ਼ਾਂਤਮਈ ਧਰਨਾ-ਪ੍ਰਦਰਸ਼ਨ ਹੁੰਦਾ, ਉਹਨਾਂ ਵਿੱਚ ਵੜ ਕੇ ਹਿੰਸਕ ਕਾਰਵਾਈਆਂ ਕਰਦੇ, ਆਗੂਆਂ ਨੂੰ ਡਰਾਉਂਦੇ-ਧਮਕਾਉਂਦੇ ਤੇ ਹਮਲੇ ਕਰਦੇ। ਇਸੇ ਮਾਡਲ ਨੂੰ ਸੰਘ ਤੇ ਭਾਜਪਾ ਅਪਣਾ ਰਹੇ ਹਨ-ਬੱਸ ਹੁਣ ਭਗਵੀਆਂ ਕਮੀਜ਼ਾਂ ਤੇ ਹਨੂੰਮਾਨ ਦੇ ਲਾਲ ਲੰਗੋਟੇ ਹੋਣਗੇ। ਜਿਹੜੀਆਂ ਪੁਲਿਸ ਤੇ ਗੈਂਗਸਟਰਾਂ ਨਾਲ ਮਿਲ ਕੇ ਕਮਾਂਡ ਸੰਭਾਲਣਗੇ। ਰਾਜਨੀਤਿਕ ਸੱਤਾ ਵੱਲੋਂ ਸਿੱਧੇ ਰੂਪ ਵਿੱਚ ਮਿਲੇ ਥਾਪੜਿਆਂ ਹੇਠ ਉਸ ਨੂੰ ਇੱਕ ਸੰਗਠਨਾਤਮਕ ਸ਼ਕਲ ਦਿੱਤੀ ਜਾਵੇਗੀ।

ਤੁਹਾਡੇ ਧਿਆਨ ਵਿੱਚ ਨੀਤੀ ਆਯੋਗ ਦਾ ਉਹ ਤੱਥ ਵੀ ਹੋਵੇਗਾ ਕਿ ਦੇਸ਼ ਭਰ ਵਿੱਚ 15 ਤੋਂ 29 ਸਾਲ ਦੀ ਉਮਰ ਵਾਲੇ 8 ਕਰੋੜ 70 ਲੱਖ ਨੌਜਵਾਨ ਅਜਿਹੇ ਹਨ ਜਿਹੜੇ ਨਾ ਪੜ੍ਹ ਰਹੇ ਹਨ, ਨਾ ਨੌਕਰੀ ਕਰ ਰਹੇ ਹਨ ਤੇ ਨਾ ਹੀ ਕੋਈ ਹੁਨਰ ਸਿੱਖ ਰਹੇ ਹਨ, ਪਰ ਖ਼ਵਾਹਸ਼ਾਂ ਉੱਚੀਆਂ ਹਨ। ਇਹ ਨੌਜਵਾਨ ਸੜਕਾਂ ਉੱਤੇ ਆ ਸਕਦੇ ਹਨ ਅਤੇ ਇਹਨਾਂ ਨੂੰ ਜਨੂੰਨ ਦੀ ਪੁੱਠ ਦੇ ਕੇ 'ਸਵਤੰਤਰ ਭਾਰਦਵਾਜ' ਵਰਗੇ ਕਰਿੰਦੇ ਵੀ ਬਣਾਇਆ ਜਾ ਸਕਦਾ ਹੈ। ਅਧਿਆਪਕ ਦਿਵਸ ਉੱਤੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿੰਦਾ ਹੈ ਕਿ "ਤੁਹਾਨੂੰ ਕਿਤਾਬਾਂ ਤੋਂ ਬਾਹਰ ਆ ਕੇ ਬੱਚਿਆਂ ਦੀ ਜ਼ਿੰਦਗੀ ਵਿੱਚ ਪ੍ਰਵੇਸ਼ ਕਰਨਾ ਪਵੇਗਾ।" ਉਹਨਾਂ ਦੇ ਲਈ ਕਿਤਾਬਾਂ ਪੜ੍ਹਨ ਵਾਲੇ 'ਦਿਮਾਗੀ ਨਕਸਲ' ਬਣਨਗੇ ਅਤੇ ਗਿਆਨ-ਵਿਹੀਣ ਲੋਕ 'ਸਮਾਜਿਕ ਸੁਰੱਖਿਆ ਫੋਰਸ' ਦੇ ਕੰਮ ਆਉਣਗੇ। ਜਿਸ ਨੂੰ ਇਕ ਥਾਂ ਪ੍ਰਧਾਨ ਮੰਤਰੀ ਨੇ ਮਿਠੀ ਗੋਲੀ ਕਿਹਾ ਅਸਲ ਵਿਚ ਜਿਵੇਂ ਸਵਤੰਤਰ ਭਾਰਦਵਾਜ ਨੇ ਕਿਹਾ ਕਿ ਉਹਨਾਂ ਵਾਸਤੇ ਇਕ ਸੰਕੇਤ ਹੈ ਕਿ ਉਹਨਾਂ ਦਾ ਇਲਾਜ ਅਸੀਂ ਕਰਨਾ ਹੈ ਸੋ ਇਹ ਮਿੱਠੀ ਜਹਿਰ ਹੈ ਨਫ਼ਰਤ ਦੀ।

ਸਮੁੱਚੇ ਰਾਜ ਦੇ ਪ੍ਰਸ਼ਾਸਨਿਕ ਢਾਂਚੇ ਦੇ ਸਾਰੇ ਅੰਗ ਕੈਂਸਰ ਗ੍ਰਸਤ ਹੋ ਚੁੱਕੇ ਹਨ। ਪੁਲਿਸ ਦੀ ਭੂਮਿਕਾ ਬੰਗਾਲ, ਯੂ.ਪੀ, ਦਿੱਲੀ ਪੁਲਿਸ ਤੋਂ ਲੈ ਕੇ ਜੰਮੂ-ਕਸ਼ਮੀਰ ਤੇ ਮਨੀਪੁਰ ਤੱਕ ਇੱਕੋ ਜਿਹੀ ਹੈ। ਸਾਰੇ ਨਿਯਮ-ਕਾਨੂੰਨ ਛਿੱਕੇ ਟੰਗ ਕੇ ਜਬਰ ਨਾਲ ਪੂਰੇ ਭਾਰਤ ਦੀ ਲੋਕਾਈ ਨੂੰ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ। ਮੁਸਲਿਮ ਤੇ ਹੋਰ ਘੱਟ-ਗਿਣਤੀਆਂ, ਦਲਿਤਾਂ ਤੇ ਔਰਤਾਂ ਪ੍ਰਤੀ ਪੁਲਿਸ ਦਾ ਰਵੱਈਆ ਸਾਹਮਣੇ ਆ ਰਿਹਾ ਹੈ। ਇਹ ਉਸੇ ਤਾਨਾਸ਼ਾਹ ਫ਼ਾਸ਼ੀਵਾਦੀ ਰਾਜ ਦੇ ਲੱਛਣ ਤੇ ਸੰਕੇਤ ਹਨ ਜਿਸ ਦਾ ਖ਼ਦਸ਼ਾ ਚਿੰਤਕ ਲੋਕ ਪ੍ਰਗਟਾ ਰਹੇ ਸਨ। ਉੱਧਰ ਸਿੱਖਿਆ, ਸਿਹਤ, ਰੋਜ਼ਗਾਰ ਤੇ ਨਿਆਂ ਪ੍ਰਬੰਧ ਵਰਗੀਆਂ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਹਾਕਮ ਜਮਾਤਾਂ ਮੂਕ ਦਰਸ਼ਕ ਬਣੀਆਂ ਹੋਈਆਂ ਹਨ। ਕਿਸਾਨੀ ਨੂੰ ਕਾਰਪੋਰੇਟ ਨੀਤੀਆਂ ਤਹਿਤ ਤਬਾਹੀ ਵੱਲ ਧੱਕਿਆ ਜਾ ਰਿਹਾ ਹੈ ਅਤੇ ਮਜ਼ਦੂਰਾਂ ਨੂੰ ਨਿਗੂਣੀ ਮਜ਼ਦੂਰੀ ਦੇ ਕੇ 12-12, 16-16 ਘੰਟੇ ਕੰਮ ਲੈ ਕੇ ਗ਼ੁਲਾਮ ਬਣਾਉਣ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਅਜਿਹੀ ਹਾਲਤ ਵਿੱਚ ਸੜਕਾਂ ਉੱਤੇ ਆਉਣ ਵਾਲਾ ਹਰ ਤਬਕਾ ਹਾਕਮਾਂ ਲਈ 'ਨਕਸਲੀ' ਹੈ। ਭਾਵੇਂ ਇਸ ਦੇਸ਼ ਵਿੱਚ ਦਿਮਾਗ਼ ਰੱਖਣਾ (ਸੋਚਣਾ-ਵਿਚਾਰਨਾ) ਵੀ ਨਕਸਲੀ ਹੋਣ ਲਈ ਕਾਫ਼ੀ ਮੰਨ ਲਿਆ ਗਿਆ ਹੈ। ਜਿਸਦੇ ਹੱਲ ਲਈ ਸਮਾਜਿਕ ਸੁਰੱਖਿਆ ਫੋਰਸ ਸੁਤੰਤਰ ਭਾਰਦਵਾਜ ਵਰਗੇ ਖੜ੍ਹੇ ਕਰਨ ਦੀ ਮੋਦੀ ਹਰੀ ਝੰਡੀ ਦੇ ਰਿਹਾ ਹੈ।

ਸੰਘ ਤੇ ਭਾਜਪਾ ਨੇ ਇਸ ਲਈ ਪੂਰੇ ਦੇਸ਼ ਵਿੱਚ ਹੇਠਾਂ ਤੱਕ ਤਾਣਾ-ਬਾਣਾ ਬੁਣਿਆ ਹੋਇਆ ਹੈ। ਨਿਆਂਪਾਲਕਾ ਸਮੇਤ ਜਿਹੜੀਆਂ ਸੰਸਥਾਵਾਂ ਨੇ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਨਾਉਣ 'ਚ ਆਪਣੀ ਜ਼ੁੰਮੇਵਾਰੀ ਨਿਭਾਉਣੀ ਸੀ, ਉਹ ਸੱਤਾਧਾਰੀਆਂ ਦੇ ਅੱਗੇ ਡੰਡਾਉਤ ਕਰਨ ਦੀ ਹੋੜ 'ਚ ਲੱਗੀਆਂ ਹੋਈਆਂ ਹਨ ਜਦੋਂ ਪੂਰੇ ਸਮਾਜਿਕ ਤਾਣੇ-ਬਾਣੇ ਵਿੱਚ ਉਪਰੋਕਤ ਸਥਿਤੀਆਂ ਨੂੰ ਪਰੋਸਿਆ ਜਾ ਰਿਹਾ ਹੈ, ਤਾਂ ਜਮਹੂਰੀ ਅਧਿਕਾਰਾਂ ਦੀ ਰਾਖ਼ੀ ਕਰਨ ਵਾਲੀਆਂ ਤਾਕਤਾਂ ਨੂੰ ਇੱਕ ਨਵੀਂ ਹਾਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਤੇ ਪੁਲਿਸ ਦਾ ਅਪਰਾਧੀਕਰਨ, ਅਪਰਾਧੀਆਂ ਦਾ ਸੱਤਾਸ਼ੀਨ ਹੋਣਾ ਅਤੇ ਨਿਆਂਇਕ ਵਿਵਸਥਾ ਸਮੇਤ ਰਾਜ ਦੇ ਸਾਰੇ ਅੰਗਾਂ ਦਾ ਗੱਠਜੋੜ ਮੂਹਰੇ ਡੰਡੌਤ ਕਰਨ ਵਾਲੀਆਂ ਹਾਲਤਾਂ ਵਿੱਚ ਸਿਰਫ਼ ਇੱਕ ਹੀ ਬਦਲ ਬਚਦਾ ਹੈ-ਉਹ ਹੈ ਲੁਕਾਈ ਦੇ ਵੱਡੇ ਹਿੱਸੇ ਦਾ ਜਮਹੂਰੀ ਅਧਿਕਾਰਾਂ ਪ੍ਰਤੀ ਚੇਤਨ ਤੇ ਚੌਕਸ ਹੋਣਾ।

ਅਜਿਹੇ ਦੌਰ ਵਿਚ, ਜਿਸ ਵਿੱਚ ਜਮਹੂਰੀ ਅਧਿਕਾਰਾਂ ਉੱਤੇ ਚੌਤਰਫਿਓਂ ਵੱਖ-ਵੱਖ ਢੰਗਾਂ ਤੇ ਸ਼ਕਲਾਂ ਵਿੱਚ ਹਮਲੇ ਹੋ ਰਹੇ ਹੋਣ ਤਾਂ ਜਮਹੂਰੀ ਅਧਿਕਾਰਾਂ ਲਈ ਲੜਨ ਵਾਲੀਆਂ ਤਾਕਤਾਂ ਨੂੰ ਆਪਣੇ ਆਪ ਨੂੰ ਨਵੀਆਂ ਹਾਲਤਾਂ ਮੁਤਾਬਕ ਤਿਆਰ ਕਰਨਾ ਹੋਵੇਗਾ।

ਇਸ ਦੌਰ ਵਿੱਚ ਉਨ੍ਹਾਂ ਦਾ ਸਾਹਮਣਾ ਸਿਰਫ ਰਾਜ ਨਾਲ ਹੀ ਨਹੀਂ ਸਗੋਂ ਕਾਰਪੋਰੇਟ ਪੋਸ਼ਤ ਉਹਨਾਂ ਅਪਰਾਧਕ ਗ੍ਰੋਹਾਂ ਨਾਲ ਹੋਣਾ ਹੈ ਜਿੰਨ੍ਹਾਂ ਮੂਹਰੇ ਰਾਜ ਵੀ ਨਤਮਸਤਕ ਹੋਣ ਤੱਕ ਪਹੁੰਚ ਚੁੱਕੀ ਹੈ। ਨਵੇਂ ਅਪਰਾਧਿਕ ਕਾਨੂੰਨਾਂ ਵਿੱਚ ਪੁਲਿਸ ਵੱਲੋਂ ਪ੍ਰਾਈਵੇਟ ਫੋਰਸ ਦੀ ਮਦਦ ਲੈਣ ਦੇ ਪ੍ਰਾਵਧਾਨ ਅਤੇ ਮੋਦੀ-ਅਮਿਤ ਸ਼ਾਹ ਵੱਲੋਂ 'ਸਮਾਜਿ ਸੁਰੱਖਿਆ ਫੋਰਸ' ਨੂੰ ਦਿੱਤੀ ਜਾ ਰਹੀ ਹਰੀ ਝੰਡੀ ਨੂੰ ਸਰਸਰੀ ਨਹੀਂ ਲੈਣਾ ਚਾਹੀਦਾ; ਇਹ ਆਉਣ ਵਾਲੀ ਗੰਭੀਰ ਸਥਿਤੀ ਦੇ ਸੰਕੇਤ ਹਨ। ਇਹ ਆਉਣ ਵਾਲੀ ਗੰਭੀਰ ਸਥਿਤੀ ਦੇ ਸੰਕੇਤ ਹਨ ਇਸ ਲਈ ਜਮਹੂਰੀ ਅਧਿਕਾਰਾਂ ਦੀ ਰਾਖ਼ੀ ਤੇ ਪ੍ਰਾਪਤੀ ਕਰਨ ਵਾਲੀਆਂ ਤਾਕਤਾਂ ਲਈ ਇਨ੍ਹਾਂ ਵੱਡੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਜਿੱਥੇ ਆਪਣੇ ਆਪ ਨੂੰ ਹੋਰ ਵਧੇਰੇ ਬੌਧਕ ਤੌਰ 'ਤੇ ਤਿਆਰ ਕਰਨਾ ਪਵੇਗਾ ਉਥੇ ਲੋਕਾਂ ਦੇ ਵੱਡੇ ਹਿੱਸਿਆਂ ਤੱਕ ਇਸ ਚੇਤਨਤਾ ਨੂੰ ਵੀ ਲਿਜਾ ਕੇ ਜਾਗਰੂਕ ਕਰਨ ਦਾ ਕਾਰਜ ਵੀ ਉਹਨਾਂ ਸਿਰ ਹੈ। ਅਸੀਂ ਜਿਸ ਨਵੇਂ ਦੌਰ ਦੇ ਮੁਹਾਣੇ ਉੱਤੇ ਖੜ੍ਹੇ ਹਾਂ ਇਹ ਫ਼ੈਸਲਾਕੁਨ ਦੌਰ ਹੈ ਜੇ ਵਿਸ਼ਾਲ ਲੁਕਾਈ ਜਾਗਰੂਕ ਹੋ ਕੇ ਆਪਣੇ ਅਧਿਕਾਰਾਂ ਦੀ ਰਾਖੀ ਲਈ ਡੱਟ ਜਾਂਦੀ ਹੈ ਤਾਂ ਕਾਲੀ ਕਾਂਗ ਨੂੰ ਰੋਕਿਆ ਜਾ ਸਕਦਾ ਹੈ। ਥੋੜਾ ਜਿਹਾ ਵੀ ਅਵੇਸਲਾਪਣ ਆ ਗਿਆ ਤਾਂ ਇਤਿਹਾਸ ਕੋਈ ਹੋਰ ਕਰਵਟ ਲੈ ਸਕਦਾ ਹੈ। ਸੋ ਅਜਿਹੇ ਚੁਣੌਤੀਆਂ ਦੇ ਮੌਕੇ ਸਾਨੂੰ ਆਪਣੀ ਜ਼ਿੰਮੇਵਾਰੀ ਦੇ ਮੋਰਚਿਆਂ ਨੂੰ ਸੰਭਾਲਣਾ ਪਵੇਗਾ ਆਓ ਇਤਿਹਾਸ ਦੇ ਗਵਾਹ ਬਣੀਏ।

**ਸੂਬਾ ਕਮੇਟੀ**
**ਜਮਹੂਰੀ ਅਧਿਕਾਰ ਸਭਾ ਪੰਜਾਬ**
**ਪ੍ਰੋ. ਜਗਮੋਹਨ ਸਿੰਘ ਸੂਬਾ ਪ੍ਰਧਾਨ**
**(9814001836**
**ਪ੍ਰਿਤਪਾਲ ਸਿੰਘ ਜਨਰਲ ਸਕੱਤਰ**
**(9876060280)**

# ਧਰਮ ਤੇ ਸਵਰਗ ਦੀ ਸੱਚਾਈ

-ਸੁਖਦੇਵ ਸਲੇਮਪੁਰੀ
9780620233

ਕਹਿੰਦੇ ਹਨ ਕਿ ਧਰਮ ਦਾ ਰੁਤਬਾ ਸੱਭ ਤੋਂ ਉੱਚਾ ਹੈ। ਧਰਮ ਮਾਨਵਤਾ ਦਾ ਪਾਠ ਪੜ੍ਹਾਉਂਦਾ ਹੈ। ਜੇ ਧਰਮ ਮਾਨਵਤਾ ਦਾ ਪਾਠ ਪੜ੍ਹਾਉਂਦਾ ਹੋਇਆ ਸਾਰੇ ਲੋਕਾਂ ਨੂੰ ਬਰਾਬਰ ਸਮਝਦਾ ਹੈ ਤਾਂ ਫਿਰ ਸਦੀਆਂ ਤੋਂ ਸਫ਼ਾਈ ਅਤੇ ਸੀਵਰੇਜ ਦਾ ਕੰਮ ਕਰਨ ਵਾਲਿਆਂ ਨੂੰ ਬਰਾਬਰ ਕਿਉਂ ਨਹੀਂ ਸਮਝਿਆ ਜਾ ਰਿਹਾ, ਬਰਾਬਰ ਆਉਣ ਅਤੇ ਬਰਾਬਰ ਬਿਠਾਉਣ ਤੋਂ ਕਿਉਂ ਇਨਕਾਰ ਕੀਤਾ ਜਾ ਰਿਹਾ ਹੈ ? ਸੀਵਰੇਜ ਦੀ ਸਫ਼ਾਈ ਲਈ 98 ਫ਼ੀਸਦੀ ਦਲਿਤ ਵਰਗ ਦੇ ਲੋਕਾਂ ਨੂੰ ਕੰਮ ਦਿੱਤਾ ਜਾਂਦਾ ਹੈ। ਫਿਰ ਬਰਾਬਰਤਾ ਦਾ ਹੋਕਾ ਦੇਣ ਵਾਲਾ ਧਰਮ ਦਲਿਤਾਂ ਲਈ ਚੁੱਪ ਕਿਉਂ ਹੋ ? ਧਰਮ ਤਾਂ ਮਨੁੱਖਾਂ ਨੂੰ ਸਵਰਗ ਦਾ ਰਾਹ ਵਿਖਾਉਂਦਾ ਹੈ, ਪਰ ਦਲਿਤਾਂ ਲਈ ਨਰਕ ਭਰਿਆ ਜੀਵਨ ਕਿਉਂ ? ਇਹ ਵੀ ਸੱਚ ਹੈ ਕਿ ਕੋਈ ਵੀ ਅਜਿਹਾ ਧਰਮ ਨਹੀਂ ਹੈ, ਜਿਹੜਾ ਦਲਿਤਾਂ ਨੇ ਨਾ ਅਪਣਾਇਆ ਹੋਵੇ ? ਉਨ੍ਹਾਂ ਦੇ ਘਰਾਂ ਵਿੱਚ ਅਨੇਕਾਂ ਬਾਬਿਆਂ ਅਤੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅਤੇ ਤਸਵੀਰਾਂ ਹਨ। ਉਹ ਦਿਨ-ਰਾਤ ਸਾਰਿਆਂ ਦੀ ਪੂਜਾ-ਪਾਠ ਕਰਦੇ ਹਨ, ਭਜਨ-ਬੰਦਗੀ ਕਰਦੇ, ਜਿਸ ਕਰਕੇ ਉਹ ਆਪਣੀ ਗਰੀਬੀ ਨੂੰ ਸਮਾਜਿਕ, ਧਾਰਮਿਕ ਅਤੇ ਸਿਆਸੀ ਪ੍ਰਬੰਧਾਂ ਦੀ ਥਾਂ ਰੱਬ ਦੀ ਦੇਣ ਸਮਝਦੇ ਹਨ। ਇਸ ਸਮਾਜ ਪ੍ਰਤੀ ਨਫ਼ਰਤ ਇੰਨੀ ਜ਼ਿਆਦਾ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਹੈਬੋਵਾਲ ਖ਼ੁਰਦ ਲਾਗੇ ਮਹਾਰਿਸ਼ੀ ਵਾਲਮੀਕਿ ਨਗਰ ਵਸਾਇਆ ਗਿਆ ਹੈ, ਇਥੇ ਵੱਸਦੇ ਉੱਚ ਜਾਤੀ ਦੇ ਲੋਕਾਂ ਨੇ ਇਸ ਨਗਰ ਦਾ ਨਾਂ ਮਹਾਰਿਸ਼ੀ ਵਾਲਮੀਕਿ ਨਗਰ ਦੀ ਥਾਂ 'ਰਿਸ਼ੀ ਨਗਰ' ਵਿੱਚ ਤਬਦੀਲ ਕਰ ਦਿੱਤਾ ਹੈ, ਕਿਉਂਕਿ ਉੱਚ ਜਾਤੀ ਦੇ ਲੋਕ ਮਹਾਰਿਸ਼ੀ ਵਾਲਮੀਕਿ ਨਗਰ ਦੀ ਥਾਂ ਰਿਸ਼ੀ ਨਗਰ ਵਿੱਚ ਰਹਿਣਾ ਚਾਹੁੰਦੇ ਹਨ! ਇਸ ਨਗਰ ਵਿੱਚ ਦਿਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਸਮੇਤ ਵੱਖ-ਵੱਖ ਹਸਪਤਾਲਾਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਕਾਲਜਾਂ ਅਤੇ ਇਨਕਮ ਟੈਕਸ ਸਮੇਤ ਹੋਰ ਅਨੇਕਾਂ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਦੇ ਅਧਿਕਾਰੀ/ਡਾਕਟਰ/ਅਧਿਆਪਕ, ਕਰਮਚਾਰੀ, ਵਕੀਲ ਅਤੇ ਵਪਾਰੀ ਰਹਿੰਦੇ ਹਨ।

ਦੱਬੇ-ਕੁਚਲੇ ਲੋਕਾਂ ਲਈ ਭਾਰਤ ਸਰਕਾਰ ਵੱਲੋਂ ਯੂ.ਜੀ.ਸੀ.ਕਾਨੂੰਨ-2026 ਲਿਆਂਦਾ ਗਿਆ ਸੀ, ਪਰ ਭਾਜਪਾ ਸਰਕਾਰ ਵੱਲੋਂ ਜਾਣਬੁੱਝ ਕੇ ਅਸਿੱਧੇ ਢੰਗ ਰਾਹੀਂ ਸਰਵ-ਉੱਚ ਅਦਾਲਤ ਨਵੀਂ ਦਿੱਲੀ ਰਾਹੀਂ ਇਸ ਕਾਨੂੰਨ ਉੱਪਰ ਰੋਕ ਲਗਾ ਕੇ ਦੱਬਿਆਂ-ਕੁਚਲਿਆਂ ਨੂੰ ਪਿਛਾਂਹ ਧੱਕਣ ਲਈ ਵਿਉਂਤਾਂ ਬੁਣੀਆਂ ਜਾ ਰਹੀਆਂ ਹਨ। ਸੂਰਿਆ ਕਾਂਤ ਜਸਟਿਸ ਆਫ ਇੰਡੀਆ ਨੇ ਇਸ ਕਾਨੂੰਨ ਉੱਪਰ ਰੋਕ ਲਗਾਉਣ ਸਮੇਂ ਕਿਹਾ ਕਿ 'ਇਹ ਕਾਨੂੰਨ ਦੇਸ਼ ਨੂੰ ਪਿਛਾਂਹ ਵੱਲ ਧੱਕ ਰਿਹਾ ਹੈ।' ਸੱਚਾਈ ਇਹ ਹੈ ਕਿ ਇਸ ਕਾਨੂੰਨ ਉੱਪਰ




ਰੋਕ ਲਗਾ ਕੇ ਸਰਵਉੱਚ ਅਦਾਲਤ ਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਜਿਨ੍ਹਾਂ ਦੀ ਗਿਣਤੀ 85 ਫ਼ੀਸਦੀ ਦੇ ਕਰੀਬ ਬਣਦੀ ਹੈ, ਨੂੰ ਅਗਾਂਹ ਵਧਣ ਤੋਂ ਰੋਕਣ ਲਈ ਪਿਛਾਂਹ ਵੱਲ ਧੱਕਣ ਲਈ ਮਜਬੂਰ ਕੀਤਾ ਹੈ। ਸਲੇਮਪੁਰੀ ਦੀ ਚੂੰਢੀ-

**ਯੂ.ਜੀ.ਸੀ.ਦੀ ਮਲਾਈ ਦਾ ਸੱਚ!**

ਭਾਰਤ ਸਰਕਾਰ ਦੇ ਕੇਂਦਰੀ ਸਿੱਖਿਆ ਮੰਤਰਾਲਾ ਵੱਲੋਂ ਸਾਲ 2023 ਦੇ ਅਧਾਰਿਤ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਭਾਰਤ ਦੀਆਂ 45 ਕੇਂਦਰੀ ਯੂਨੀਵਰਸਿਟੀਆਂ ਵਿੱਚੋਂ ਸਿਰਫ਼ ਇੱਕ ਉਪ-ਕੁਲਪਤੀ (ਵਾਈਸ-ਚਾਂਸਲਰ) ਅਨੁਸੂਚਿਤ ਜਾਤੀ ਅਤੇ ਇੱਕ ਉਪ-ਕੁਲਪਤੀ ਅਨੁਸੂਚਿਤ ਜਨ-ਜਾਤੀ ਭਾਈਚਾਰੇ ਨਾਲ ਸਬੰਧਤ ਹੈ, ਜਦਕਿ ਸੱਤ ਓਬੀਸੀ ਭਾਈਚਾਰੇ ਤੋਂ ਹਨ, ਛੱਤੀ ਉਪ-ਕੁਲਪਤੀ ਉੱਚ ਵਰਗ ਨਾਲ ਸਬੰਧਿਤ ਹਨ।

ਸਰਕਾਰ ਦੇ ਅੰਕੜਿਆਂ ਮੁਤਾਬਕ 45 ਕੇਂਦਰੀ ਯੂਨੀਵਰਸਿਟੀਆਂ ਵਿੱਚ ਸਿਰਫ਼ ਦੋ ਰਜਿਸਟਰਾਰ ਅਨੁਸੂਚਿਤ ਜਾਤੀ ਅਤੇ ਦੋ ਅਨੁਸੂਚਿਤ ਜਨ-ਜਾਤੀ ਭਾਈਚਾਰੇ ਨਾਲ ਸਬੰਧਤ ਹਨ। ਜਦੋਂ ਅਸੀਂ ਫੈਕਲਟੀ ਅਤੇ ਸਟਾਫ ਦੀ ਭਰਤੀ ਦੇ ਅੰਕੜੇ ਦੇਖਦੇ ਹਾਂ ਤਾਂ ਉਹ ਵੀ ਹੈਰਾਨੀਜਨਕ ਹਨ 1 ਅਪ੍ਰੈਲ, 2023 ਤੱਕ, 45 ਕੇਂਦਰੀ ਯੂਨੀਵਰਸਿਟੀਆਂ ਵਿੱਚ 12,373 ਅਧਿਆਪਕਾਂ ਵਿੱਚੋਂ ਸਿਰਫ਼ 1,306 (ਲਗਭਗ 10.5 ਫ਼ੀਸਦੀ) ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ, 568 ਅਨੁਸੂਚਿਤ ਜਨਜਾਤੀ ਅਤੇ 1,740 ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ ਜਦੋਂ ਕਿ 8,386 ਉਚ ਜਾਤੀਆਂ ਨਾਲ ਸਬੰਧਿਤ ਹਨ ।

ਕੇਂਦਰੀ ਯੂਨੀਵਰਸਿਟੀਆਂ ਵਿੱਚ ਗੈਰ-ਅਧਿਆਪਨ ਸਟਾਫ਼ ਵਿੱਚੋਂ, 22,096 ਸਟਾਫ਼ ਮੈਂਬਰਾਂ ਵਿੱਚੋਂ 2,063 ਅਨੁਸੂਚਿਤ ਜਾਤੀਆਂ, 1,186 ਅਨੁਸੂਚਿਤ ਜਨ-ਜਾਤੀਆਂ, 2,342 ਪੱਛੜੀਆਂ ਜਾਤੀਆਂ ਅਤੇ 16,132 ਉੱਚ ਜਾਤੀਆਂ ਨਾਲ ਸਬੰਧਤ, ਜਿਹੜੇ ਲੋਕ ਯੂ.ਜੀ.ਸੀ. ਦੀ ਮਲਾਈ ਛਕ ਰਹੇ ਹਨ, ਉਹ ਦੂਜਿਆਂ ਨੂੰ ਮਲਾਈ ਕਦਾਚਿਤ ਦੇਣ ਲਈ ਤਿਆਰ ਨਹੀਂ ਹਨ।

ਧਰਮ ਦੀ ਆੜ ਹੇਠ ਸਦੀਆਂ ਤੋਂ ਦਬਾ ਕੇ ਰੱਖੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜਿਆਂ ਸ਼੍ਰੇਣੀਆਂ ਲੋਕ ਹੁਣ ਆਪਣੀ ਨੀਂਦ ਤੋਂ ਅੰਗੜਾਈ ਲੈ ਰਹੇ ਹਨ, ਉਹ ਆਪਣੇ ਹੱਕਾਂ ਅਤੇ ਹਿਤਾਂ ਲਈ ਸੰਘਰਸ਼ ਕਰਨਗੇ, ਕਿਉਂਕਿ ਉਨ੍ਹਾਂ ਨੂੰ ਸਮਝ ਆ ਰਹੀ ਹੈ ਕਿ ਜਿੰਨਾ ਉਹ ਧਰਮ ਵਿੱਚ ਧਸਦੇ ਜਾਣਗੇ, ਉਨ੍ਹਾਂ ਉਹ ਆਰਥਿਕ, ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਸਰੀਰਕ ਅਤੇ ਮਾਨਸਿਕ ਤੌਰ 'ਤੇ ਨੁਕਸਾਨ ਉਠਾਉਣਗੇ, ਕਿਉਂਕਿ ਧਰਮ ਗਰੀਬੀਅਤ ਨੂੰ ਰੱਬ ਦੀ ਦੇਣ ਸਮਝਣ ਲਈ ਮਜਬੂਰ ਕਰਦਾ ਹੈ। ਸੱਚ ਤਾਂ ਇਹ ਹੈ ਕਿ ਇਸ ਧਰਤੀ ਉੱਪਰ ਹੀ ਸਵਰਗ ਅਤੇ ਨਰਕ ਹੈ, ਰੱਬ ਦੇ ਵਿਚੋਲੇ ਮੌਤ ਤੋਂ ਬਾਅਦ ਮਨੁੱਖ ਲਈ ਸਵਰਗ ਦੇ ਸਬਜਬਾਗ ਵਿਖਾਉਣ ਲਈ ਲੱਖ ਯਤਨ ਜੁਟਾਉਣ ਵਿਚ ਲੱਗੇ ਰਹਿੰਦੇ ਹਨ। ਸਵਰਗ-ਨਰਕ ਤਾਂ ਇਸ ਧਰਤੀ ਉਪਰ ਹੀ ਹਨ।

# ਜਮਾਲੋ-ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਮਨੋਰੰਜਨ

ਗੁਰਮੇਲ ਸਿੰਘ ਬੌਡੇ

ਜਮਾਲੋ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਮਨੋਰੰਜਨ ਲਈ ਸਿਰਫ਼ ਇੱਕ ਤੋੜਾ ਬਣ ਕੇ ਰਹਿ ਗਿਆ ਹੈ। ਜਦੋਂ ਵੀ ਕੋਈ ਖ਼ੁਸ਼ੀ ਦਾ ਸਮਾਗਮ ਹੁੰਦਾ ਹੈ ਤਾਂ ਇਹ ਅਕਸਰ ਸੁਣਨ ਨੂੰ ਮਿਲਦਾ ਹੈ। ਪਰ ਜਮਾਲੋ ਕੌਣ ਸੀ? ਇਹ ਨਾਮ ਵੀ ਗਰਦਿਸ਼ ਵਿੱਚ ਧੱਕ ਦਿੱਤਾ ਗਿਆ ਹੈ। ਇਸ ਦਾ ਜ਼ਿਕਰ ਅਸੀਂ ਇਸ ਲੇਖ ਵਿੱਚ ਕਰਾਂਗੇ ਇਹ ਸਾਡੀ ਅਗਿਆਨਤਾ ਦਾ ਸਬੂਤ ਹੈ। ਕੋਈ ਵੀ ਰਾਜ ਸਤ੍ਹਾ ਨਹੀਂ ਚਾਹੁੰਦੀ ਕਿ ਉਸਦੀਆਂ ਵਧੀਕੀਆਂ ਅਤੇ ਅਨਿਆਂ ਖਿਲਾਫ਼ ਲੜ੍ਹਨ ਵਾਲੇ ਲੋਕਾਂ ਦੇ ਨਾਮ, ਲੋਕਾਂ ਦੇ ਚੇਤਿਆਂ ਵਿੱਚ ਵਸਣ। ਸਾਡਾ ਇਹ ਦੁਖਾਂਤ ਹੈ ਕਿ ਅਸੀਂ ਆਪਣੀ ਵਿਰਾਸਤ ਸਮਝਣ ਵਿੱਚ ਅਸਫ਼ਲ ਹਾਂ। ਅਸੀਂ ਰਾਜ ਸਤ੍ਹਾ ਦੇ ਸਮਰੱਥਕ ਤਾਂ ਬਣ ਜਾਂਦੇ ਹਾਂ ਪਰ ਉਨ੍ਹਾਂ ਦਾ ਮੀਸਣਾਪਣ ਨਹੀਂ ਦੇਖਦੇ। ਅਜਿਹਾ ਹੀ ਜਮਾਲੋ ਦੀ ਲੋਕ ਗਾਥਾ ਨਾਲ ਹੋਇਆ ਹੈ। 'ਜਮਾਲੋ' ਵੀ ਇੱਕ ਅਜਿਹੀ ਕਹਾਣੀ ਹੈ ਅੱਜ ਤੋਂ 36-37 ਸਾਲ ਪਹਿਲਾਂ ਭਾਵ 1988-89 ਵਿੱਚ ਮਲਕੀਤ ਸਿੰਘ ਦਾ ਗੀਤ ਆਇਆ ਸੀ "ਤੂਤਕ ਤੂਤਕ ਤੂਤੀਆਂ ਹਈ ਜਮਾਲੋ ਨੀ ਆਜਾ ਤੂਤਾਂ ਵਾਲੇ ਖੂਹ ਤੇ ਹਈ ਜਮਾਲੋ ਉੱਥੇ ਗਲਾਂ ਕਰੀਏ ਮੂੰਹ ਤੇ ਹਈ ਜਮਾਲੋ" ਇਸ ਗੀਤ ਰਾਹੀਂ ਗਾਇਨ ਸ਼ੈਲੀ ਵਿੱਚ ਜਮਾਲੋ ਸ਼ਬਦ ਨੂੰ ਤੋੜੇ ਜਾਂ ਅੰਤਰੇ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਇਹ ਗੀਤ ਬਹੁਤ ਪ੍ਰਚੱਲਤ ਹੋਇਆ। ਇਸ ਗੀਤ ਨੂੰ ਗਾਉਣ ਵਾਲੇ ਅਤੇ ਲਿਖਣ ਵਾਲੇ ਨੂੰ ਵੀ ਜਮਾਲੋ ਬਾਰੇ ਪਤਾ ਨਹੀਂ ਸੀ ਜੇ ਪਤਾ ਹੁੰਦਾ ਤਾਂ ਲੋਕ ਨਾਇਕ ਜਮਾਲੋ ਦਾ ਇੰਝ ਮੌਜੂ ਨਾ ਉਡਾਇਆ ਜਾਂਦਾ। ਪਰ ਸਾਡੇ ਲੋਕਾਂ ਨੇ ਤਾਂ ਇਸ ਗੀਤ ਤੇ ਨੱਚ-ਨੱਚ ਕੇ ਆਪਣੀਆਂ ਵੱਖੀਆ ਵਿੱਚ ਵਲ੍ਹ ਪੁਆ ਲਏ। ਇਸ ਗੀਤ ਵਿੱਚ 'ਜਮਾਲੋ' ਨੂੰ ਔਰਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਦਰਅਸਲ ਜਮਾਲੋ ਕੋਈ ਲੜਕੀ ਜਾਂ ਔਰਤ ਨਹੀਂ ਸੀ ਸਗੋਂ ਅੰਗਰੇਜ਼ਾਂ ਖਿਲਾਫ਼ ਲੜਨ ਵਾਲਾ ਵਿਦਰੋਹੀ ਮਰਦ ਸੀ ਜੋ ਕਿ ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਅੰਗਰੇਜਾਂ ਦਾ ਬਾਗੀ ਸੀ ਅਤੇ ਫਾਂਸੀ ਦੀ ਉਡੀਕ ਕਰ ਰਿਹਾ ਇੱਕ ਕੈਦੀ ਸੀ। ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕਿਸੇ ਵੀ ਯੂਨੀਵਰਸਿਟੀ ਵਿੱਚ ਅਤੇ ਸਕੂਲ ਦੀਆਂ ਪੰਜਾਬੀ ਪਾਠ ਪੁਸਤਕਾਂ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਮਿਲਦਾ। ਇਹ ਘਟਨਾ 135-140 ਸਾਲ ਪੁਰਾਣੀ ਹੈ। ਇਸ ਬਾਰੇ ਕਿਸੇ ਵੀ ਵਿਦਵਾਨ ਨੇ ਖੋਜ ਨਹੀਂ ਕੀਤੀ ਲੋਕਾਂ ਨੂੰ ਅਤੇ ਪੰਜਾਬ ਦੀ ਇਸ ਲੋਕ ਗਾਇਨ ਸ਼ੈਲੀ ਬਾਰੇ ਦੱਸਣ ਲਈ ਕਲਮ ਨਹੀਂ ਉਠਾਈ ਬਹੁਤ ਸਾਰੀਆਂ ਵਿਰਾਸਤੀ ਸੱਚਾਈਆਂ ਤੋਂ ਅਗਿਆਨਤਾ ਕਰਕੇ ਹੀ ਪੰਜਾਬ ਮਾਰ ਖਾ ਰਿਹਾ ਹੈ। ਇਸ ਕਰਕੇ ਅਸੀਂ ਬਗ਼ਾਵਤ ਦੇ ਗੀਤ ਜੁਗਨੀ ਵਾਂਗ ਜਮਾਲੋ ਦੀ ਮੌਲਿਕ ਜਾਣਕਾਰੀ ਤੋਂ ਵਾਂਝੇ ਹਾਂ। ਵਿਦਿਆਰਥੀਆਂ ਨੂੰ ਵਰਲਡ ਵਰਥ ਦੀ ਲੂਸੀ, ਸੈਕਸਪੀਅਰ ਦੀਆਂ ਰਚਨਾਵਾਂ, ਪੀਲੂ ਦਾ ਮਿਰਜ਼ਾ, ਹੀਰ-ਰਾਝਾ, ਸੋਹਣੀ ਮਹੀਂਵਾਲੇ ਤਾਂ ਪੜ੍ਹਾਇਆ ਜਾ ਰਿਹਾ ਹੈ ਪਰ ਜੁਗਨੀ ਅਤੇ ਜਮਾਲੋ ਨੂੰ ਹਨ੍ਹੇਰੇ ਵਿੱਚ ਰੱਖਿਆ ਜਾ ਰਿਹਾ ਹੈ। ਕਾਫ਼ੀ ਸਮੇਂ ਤੋਂ ਜਮਾਲੋ ਬਾਰੇ ਉਤਸੁਕਤਾ ਸੀ ਕਿ ਇਸ ਤੋੜੇ ਦਾ ਜਾਂ ਅੰਤਰੇ ਦੇ ਸ਼ਬਦ ਜਮਾਲੋ ਬਾਰੇ ਬੀਤੇ ਦੀਆਂ ਪਰਤਾਂ ਫਰੋਲੀਆਂ ਜਾਣ। ਆਪਣੇ ਦਿਲ ਦੀ ਤੀਸਰੀ ਸਰਜਰੀ ਤੋਂ ਬਾਅਦ ਜੋ ਕਿ ਜੂਨ 2025 ਵਿੱਚ ਹੋਈ ਇਸ ਬਾਰੇ ਜਾਣਕਾਰੀ ਇਕੱਠੀ ਕਰ ਰਿਹਾ ਸੀ ਕਿ ਇਹ ਜਮਾਲੋ ਸ਼ਬਦ ਨਿਰਾਰਥਕ ਨਹੀਂ ਹੋ ਸਕਦਾ। ਤਕਰੀਬਨ 55 ਸਾਲ ਪਹਿਲਾਂ ਜਦ ਕਿਰਤੀ ਮਜ਼ਦੂਰਾਂ ਦੇ ਘਰ ਵਿਆਹ ਹੁੰਦੇ ਸਨ ਤਾਂ ਮਰਦ ਔਰਤਾਂ ਰਲ੍ਹ ਕੇ ਗਾਉਂਦੇ ਸਨ ਕਿ:-

"ਓ ਬੱਲੇ ਬਾਬਾ ਤੇਰੇ ਲੌਂਗ ਤਵੀਤੜੀਆ ਓ ਬੱਲੇ ਬਾਬਾ ਤੇਰੇ ਲੌਂਗ ਤਵੀਤੜੀਆ ਸ਼ਾਵਾ ਵਈ ਸ਼ਾਵਾ ਕਾਠੀ ਔਹ ਪਈ।" ਇੱਕ ਦਿਨ ਰਿਸ਼ਤੇਦਾਰੀ 'ਚੋਂ 95 ਕੁ ਸਾਲ ਦਾ ਬਜ਼ੁਰਗ ਮੇਰਾ ਪਤਾ ਲੈਣ ਆਇਆ ਜੋ ਕਿ ਅੰਗਰੇਜ਼ ਸਰਕਾਰ ਸਮੇਂ ਪਟਵਾਰੀ ਸੀ ਤੇ ਮੈਂ ਉਸ ਨੂੰ ਇਸ ਬਾਰੇ ਪੁਛਿਆ ਤਾਂ ਜਮਾਲੋ ਬਾਰੇ ਉਸ ਨੂੰ ਪਤਾ ਨਹੀਂ ਸੀ ਪਰ ਲੌਂਗ ਤਵੀਤੜੀਆਂ ਬਾਰੇ ਉਸ ਨੇ ਦੱਸਿਆ ਕਿ:- "ਬਰਖ਼ੁਰਦਾਰਾ, ਸਾਡੇ ਸਮੇਂ ਵਿੱਚ ਸਮਾਜ ਵਿੱਚ ਜਾਤੀ ਵਿਤਕਰਾ ਬਹੁਤ ਤੰਗ ਸੀ। ਸ਼ੂਦਰ ਜਾਤੀ ਤੋਂ ਨੀਵੇਂ ਕੰਮ ਲਏ ਜਾਂਦੇ ਸਨ। ਸਾਡੇ ਬਚਪਨ ਸਮੇਂ ਸਤੀ ਅਤੇ ਬਲੀ ਦੀ ਰਸਮ ਵੀ ਸੀ। ਉਸ ਸਮੇਂ ਦੇਵੀ-ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਮਨੁੱਖ ਦੀ ਬਲੀ ਦਿੱਤੀ ਜਾਂਦੀ ਸੀ। ਜੋ ਕਿ ਕਿਸੇ ਨੀਵੀਂ ਜਾਤੀ ਦੇ ਸ਼ੁਦਰ ਦੀ ਹੁੰਦੀ ਸੀ। ਪਿੰਡਾਂ ਵਿੱਚੋਂ ਕਈ ਨਦੀ ਕਿਨਾਰੇ ਰੁੱਖੜੇ ਦੀ ਉਮਰ ਵਿੱਚ ਸਮਾਜਿਕ ਤ੍ਰਿਸਕਾਰ ਦੀ ਉਮਰ ਲੰਘਾ ਚੁੱਕੇ ਬਜ਼ੁਰਗ ਜਾਂ ਹੋਰ ਲੋਕ ਬਲੀ ਲਈ ਚੱਲੇ ਜਾਂਦੇ ਤਾਂ ਜੋ ਉਨ੍ਹਾਂ ਦਾ ਖੇੜ੍ਹਾ ਵੱਸਦਾ-ਰੱਸਦਾ ਰਹੇ। ਅੰਧਵਿਸ਼ਵਾਸਾਂ ਕਾਰਨ ਲੋਕਾਂ ਵੱਲੋਂ ਇਨ੍ਹਾਂ ਰਸਮਾਂ ਦਾ ਭਰਮਾਂ ਵਿਰੋਧ ਨਹੀਂ ਸੀ ਹੁੰਦਾ।



ਜਦੋਂ ਕੋਈ ਬਲੀ ਦੇਣ ਲਈ ਤੁਰਦਾ ਤਾਂ ਉਸ ਨੂੰ ਸਤੀ ਵਾਲੀ ਔਰਤਾਂ ਦੇ ਸ਼ਿੰਗਾਰਨ ਵਾਂਗ ਉਸ ਮਰਦ ਨੂੰ ਵੀ ਤਵੀਤ ਪਾ ਕੇ ਤੋਰਿਆ ਜਾਂਦਾ ਸੀ। ਬਲੀ ਲੈਣ ਵਾਲੇ ਉਸ ਨੂੰ ਤੰਗ ਜਿਹੇ ਕਮਰੇ ਵਿੱਚ ਬੰਦ ਰੱਖਦੇ ਜਿਸ ਨੂੰ ਕਿ ਕੋਠੀ ਕਹਿੰਦੇ ਸਨ। ਅਜ਼ਾਦੀ ਤੋਂ ਬਾਅਦ ਵੀ ਜਦੋਂ ਕਿਸੇ ਨੂੰ ਫਾਂਸੀ ਦੀ ਸ਼ਜਾ ਹੁੰਦੀ ਤਾਂ ਕਿਹਾ ਜਾਂਦਾ ਸੀ ਕਿ ਫਲਾਣੇ ਨੂੰ ਕੋਠੀ ਲੱਗ ਗਈ ਹੈ ਹੁਣ ਤਾਂ ਲਾਸ਼ ਹੀ ਜੇਲ ਵਿੱਚੋਂ ਬਾਹਰ ਆਊ। ਇਨ੍ਹਾਂ ਦੋਹਾਂ ਮਾਮਲਿਆਂ ਵਿੱਚ ਜੇ ਕੋਈ ਬਲੀ ਦੇਣ ਵਾਲਾ ਆਦਮੀ ਆਪਣੀ ਬਹਾਦਰੀ, ਸਿਆਣਪ ਅਤੇ ਹੁਸ਼ਿਆਰੀ ਕਾਰਨ ਬਚ ਆਉਂਦਾ ਸੀ ਤਾਂ ਉਸ ਸਮੇਂ ਲੋਕ ਇਕੱਠੇ ਹੋ ਕੇ ਇਹ ਗਾਉਂਦੇ ਸਨ ਕਿ:- "ਬੱਲੇ ਬਾਬਾ ਤੇਰੇ ਲੌਂਗ ਤਬਤੜੀਆ ਸ਼ਾਵਾ ਬਈ ਸ਼ਾਵਾ ਕਾਠੀ ਆਹ ਪਈ" ਇਸ ਤੋਂ ਲੱਗਦਾ ਹੈ ਕਿ ਕੋਠੀ ਸ਼ਬਦ ਨੂੰ ਗਾਇਨ ਸ਼ੈਲੀ ਵਿੱਚ ਕਾਠੀ ਵਿੱਚ ਬਦਲ ਦਿੱਤਾ ਗਿਆ ਹੋਊ ਕਿਉਂਕਿ ਪਸ਼ੂਆਂ ਨੂੰ ਗੁਲਾਮ ਬਣਾਉਣ ਲਈ ਕਾਠੀ ਪਾਈ ਜਾਂਦੀ ਹੈ। ਕੋਠੀ (ਫਾਂਸੀ) ਤੋਂ ਬਚ ਨਿਕਲਣ ਤੇ ਇਹ ਦੋਹਾਂ ਸ਼ਬਦਾਂ ਦਾ ਸੁਮੇਲ ਬਣਦਾ ਹੈ।

ਇਤਿਹਾਸ਼ਕ ਪੱਖੋਂ ਇਹ ਗੱਲ ਦਰੁਸਤ ਵੀ ਹੈ ਕਿ ਗ਼ੁਲਾਮ ਸਲਤਨਤ ਵਿੱਚ ਦਾਸਾਂ ਨੇ ਜਿਨ੍ਹਾਂ ਤੋਂ ਰਾਜਸਤ੍ਹਾਂ ਨੀਵੇਂ ਕੰਮ ਕਰਾਉਂਦੀ ਸੀ ਉਨ੍ਹਾਂ ਨੇ ਵੀ ਆਪਣਾ ਰਾਜ ਕਾਇਮ ਕਰ ਲਿਆ ਸੀ ਜਿਸ ਨੂੰ ਕਿ ਗੁਲਾਮ ਵੰਸ਼ ਜਾਂ ਗੁਲਾਮ ਸਲਤਨਤ ਕਿਹਾ ਜਾਂਦਾ ਹੈ। ਇਲਤਤੂਮਿਸ਼ ਦੇ ਗੁਲਾਮ ਵੰਸ਼ ਵਿੱਚ ਰਜੀਆ ਸੁਲਤਾਨਾ ਅਤੇ ਯਕੂਤ ਦਾ ਜ਼ਿਕਰ ਮਿਲਦਾ ਹੈ। ਰਜ਼ੀਆ ਇਲਤੂਤਮਿਸ਼ ਦੀ ਬੇਟੀ ਸੀ ਜੋ ਕਿ ਮਹਾਰਾਣੀ ਸੀ ਅਤੇ ਯਾਕੂਤ ਉਸ ਦਾ ਪ੍ਰੇਮੀ ਸੀ। ਜਿਸ ਨੂੰ ਕਿ ਰਜ਼ੀਆ ਸੁਲਤਾਨਾ ਦੇ ਭਰਾਵਾਂ ਨੇ ਰਾਜ ਹਾਸਲ ਕਰਨ ਲਈ ਕਤਲ ਕਰ ਦਿੱਤਾ ਸੀ। ਜਮਾਲੋ ਵੀ ਇੱਕ ਅਜਿਹੀ ਹੀ ਤ੍ਰਾਸਦੀ ਦਾ ਨਾਇਕ ਸੀ। ਉਸ ਦਾ ਜਨਮ ਸ਼ੀਦੀ ਵਰਗ ਵਿੱਚ ਹੋਇਆ ਸੀ ਜਿਸ ਨੂੰ ਕਿ ਸ਼ੂਦਰਾਂ ਵਾਂਗ ਹੀ ਨਫ਼ਰਤ ਕੀਤੀ ਜਾਂਦੀ ਸੀ। ਉਨ੍ਹਾਂ ਨੂੰ ਵਿੱਦਿਆ ਪ੍ਰਾਪਤ ਕਰਨ ਦਾ ਕੋਈ ਹੱਕ ਨਹੀਂ ਸੀ। ਸ਼ੀਦੀ ਲੋਕ ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿੱਚ ਵਸਦੇ ਸਨ ਜਿਸ ਵਿੱਚ ਜਮਾਲੋ ਦਾ ਜਨਮ ਸੱਖਰ ਸ਼ਹਿਰ ਦੇ ਪਿੰਡ ਵਿੱਚ ਹੋਇਆ। ਉਸ ਦਾ ਅਸਲ ਨਾਮ ਗੁਲਾਮ ਰਸੂਲ ਜਮਾਲੋ ਸੀ। ਵਿਕੀਪੀਡੀਆ ਅਤੇ ਗੂਗਲ ਤੋਂ ਉਸਦੀ ਜਨਮ ਮਿਤੀ ਅਤੇ ਮਾਤਾ-ਪਿਤਾ ਦਾ ਕੋਈ ਵੇਰਵਾ ਨਹੀਂ ਮਿਲਦਾ ਜਿਸ ਦਾ ਕਾਰਨ ਜਮਾਲੋ ਦਾ ਸ਼ੀਦੀ ਜਾਤੀ ਨਾਲ ਸੰਬੰਧਤ ਹੋਣਾ ਵੀ ਹੋ ਸਕਦਾ ਹੈ। ਭਾਰਤ ਵਿੱਚ ਵੀ ਨੀਵੀਆਂ ਜਾਤਾਂ ਦੇ ਬਹਾਦਰ ਨਾਇਕਾਂ ਜਿਨ੍ਹਾਂ ਨੇ ਕਿ ਮਨੁੱਖ ਦੀ ਮਨੁੱਖ ਪ੍ਰਤੀ ਨਾ ਬਰਾਬਰੀ ਬਾਰੇ ਆਵਾਜ਼ ਉਠਾਈ ਦੀ ਕੋਈ ਵੀ ਜਾਣਕਾਰੀ ਨਹੀਂ ਮਿਲਦੀ ਜਾਂ ਇਹ ਵੇਰਵਾ ਰੱਖਣਾ ਉਹਨਾਂ ਨੂੰ ਉਚਿਆਉਣਾਂ ਸਮਝਿਆ ਜਾਂਦਾ ਸੀ। ਇਤਿਹਾਸ ਅਨੁਸਾਰ ਪੰਜਾਬ ਦਾ ਪਹਿਲਾਂ ਨਾਮ ਸੱਪਤ ਸਿੰਧੂ ਸੀ ਭਾਵ (ਸੱਤ ਦਰਿਆ ਦਾ ਦੇਸ਼) ਕਿਹਾ ਜਾਂਦਾ ਸੀ। ਸੱਖਰ ਸਿੰਧ ਦਰਿਆ ਦੇ ਕੋਲ ਇੱਕ ਦਰਿਆ ਹੈ। ਸਿੰਧ ਦਰਿਆ ਵਿੱਚ ਕਈ ਦਰਿਆ ਸਮਾਉਣ ਕਰਕੇ ਇਸ ਦਾ ਵਹਾਅ ਬਹੁਤ ਤੇਜ਼ ਹੈ। ਸਖਰ ਦੀ ਮਿੱਟੀ ਪੰਜਾਬ ਵਾਂਗ ਬਹੁਤ ਹੀ ਉਪਜਾਊ ਹੈ। ਜਿਵੇਂ ਅੰਗਰੇਜ਼ਾਂ ਨੇ ਪੰਜਾਬ ਵਿੱਚੋਂ ਆਪਣੇ ਦੇਸ਼ ਇੰਗਲੈਂਡ ਦੇ ਉਦਯੋਗਾਂ ਲਈ ਕੱਚੇ ਮਾਲ ਨੂੰ ਕੋਡੀਆਂ ਦੇ ਭਾਅ ਖਰੀਦ ਕੇ ਆਪਣੇ ਤਿਆਰ ਕੀਤੇ ਮਾਲ ਨੂੰ ਕਈ ਗੁਣਾ ਵੱਧ ਕੀਮਤ ਤੇ ਵੇਚ ਕੇ ਲੁੱਟ ਦਾ ਵਪਾਰ ਕੀਤਾ ਸੀ। ਇਸ ਤਰ੍ਹਾਂ ਹੀ ਇਹੀ ਨੀਤੀ ਅੰਗਰੇਜ਼ ਸਰਕਾਰ ਦੀ ਸਿੰਧ ਪ੍ਰਤੀ ਸੀ। ਪੰਜਾਬ ਵਿੱਚ ਵੀ ਅੰਗਰੇਜ਼ਾਂ ਨੇ ਰੇਲਵੇ ਲਾਇਨਾਂ ਇਸੇ ਮਕਸਦ ਲਈ ਵਿਛਾਈਆ ਸਨ- ਕਿਉਂਕਿ ਪੰਜਾਬ ਵਿੱਚ ਕੋਈ ਬੰਦਰਗਾਹ ਨਹੀਂ ਸੀ। ਸਾਰੇ ਵਿਦੇਸ਼ੀ ਪੰਜਾਬ ਵਿੱਚ ਖੁਸ਼ਕ ਰਸਤਿਆਂ ਰਾਹੀਂ ਆਏ ਅਤੇ ਆਪਣਾ ਰਾਜ ਸਥਾਪਤ ਕੀਤਾ। ਦੂਸਰੇ ਪਾਸੇ ਅੰਗਰੇਜ਼ ਸਰਕਾਰ ਸਿੰਧ ਦਰਿਆ ਰਾਹੀਂ ਬੇੜੀਆਂ ਜਾਂ ਫਰਿਆਂ ਰਾਹੀਂ ਵਪਾਰ ਕਰਦੇ ਸਨ। ਜਿਸ ਨਾਲ ਲਾਗਤ ਵੱਧ ਜਾਂਦੀ ਸੀ ਅਤੇ ਦਰਿਆ ਦੇ ਤੇਜ਼ ਵਹਾਅ ਕਾਰਨ ਬੇੜੀਆਂ ਰੁੜ੍ਹ ਜਾਂਦੀਆਂ ਸਨ ਇਸ ਕਰਕੇ ਅੰਗਰੇਜ਼ਾਂ ਨੇ ਸਿੰਧ ਦਰਿਆ ਵਿੱਚ ਰੇਲਵੇ ਲਾਇਨ ਦਾ ਪੁਲ ਬਨਾਉਣ ਦੀ ਸਕੀਮ ਬਣਾਈ ਇਹ ਜੋਖਿਮ ਭਰਿਆ ਕੰਮ ਸੀ। 1871 ਨੂੰ ਇਸ ਦੀ ਸਕੀਮ ਬਣੀ 1874 ਤੱਕ ਇਹ ਖਤਰਿਆਂ ਕਾਰਨ ਲਟਕਦੀ ਰਹੀ। ਇਸ ਤੋਂ ਪਹਿਲਾਂ 1868 ਵਿੱਚ (Westwood) ਕੰਪਨੀ ਨੇ ਇਸ ਦਾ ਠੇਕਾ ਦੇਣ ਦੀ ਗੱਲ ਕਰੀ ਸੀ। ਆਖੀਰ 10 ਸਾਲਾਂ ਬਾਅਦ 1878 ਵਿੱਚ ਵੈਸਟਵੁੱਡ ਕੰਪਨੀ ਨੇ ਇਹ ਪੁਲ ਬਣਾਉਣ ਦਾ ਠੇਕਾ ਲੈ ਲਿਆ ਸੀ। 1885 ਵਿੱਚ ਰੇਲ ਰਾਹੀਂ ਇਸ ਪੁੱਲ ਦਾ ਸਮਾਨ ਲਿਆਂਦਾ ਗਿਆ। ਉਸ ਸਮੇਂ ਸਿੰਧ ਸੂਬੇ ਦੇ ਅੰਗਰੇਜ਼ ਵਾਇਸਰਾਏ ਲਾਰਡ ਲਾਂਸਡਾਊਨ Lord Lansdowne ਸਨ। ਇਹ ਪੁੱਲ ਦਾ ਨਾਮ ਉਨ੍ਹਾਂ ਦੇ ਨਾਮ ਤੇ ਹੀ ਰੱਖਿਆ ਗਿਆ। ਇਸ ਨੂੰ ਕੈਂਚੀ ਪੁੱਲ ਵੀ ਕਹਿੰਦੇ ਸਨ। ਇਸ ਦੇ ਨਿਰਮਾਣ ਤੇ 3500 ਟਨ ਲੋਹਾ ਲੱਗਿਆ ਜੋ ਕਿ ਅਟਕ ਰੇਲਵੇ ਸਟੇਸ਼ਨ ਤੱਕ ਲਿਆਂਦਾ ਗਿਆ। ਉਸ ਸਮੇਂ ਇਸ ਤੇ 40 ਲੱਖ ਰੁਪਿਆ ਖਰਚਾ ਆਇਆ ਸੀ। 1889 ਵਿੱਚ ਇਹ ਪੁਲ ਬਣ ਕੇ ਤਿਆਰ ਹੋ ਗਿਆ। ਇਸ ਪੁਲ ਵਿੱਚ ਦੋ ਜੋੜ ਸਨ। ਜਿਸਨੂੰ ਲੌਕ ਕਰਕੇ ਭਾਵ ਤਾਲਾ ਲੱਗਾ ਕੇ ਚਾਬੀ ਸਿੰਧ ਦਰਿਆ ਵਿੱਚ ਸੁੱਟ ਦਿੱਤੀ ਗਈ ਸੀ। ਕਿਉਂਕਿ ਇਸ ਚਾਬੀ ਨਾਲ ਇਹ ਪੁੱਲ ਡਿਸਈਸੈਬਲ (ਅੱਡੋ-ਅੱਡ ਕਰਕੇ) ਖੋਲਿਆ ਜਾ ਸਕਦਾ ਸੀ। ਇਸ ਪੁੱਲ ਤੋਂ ਵੀ 6000 ਟਨ ਦੀ ਖਾਲੀ ਗੱਡੀ ਅਤੇ ਲੋਡ ਕਰਕੇ 18000 ਟਨ ਵਜ਼ਨ ਦੀ ਗੱਡੀ ਨੂੰ ਪੁਲ ਤੋਂ ਪਾਰ ਲਗਾਉਣਾ ਸੀ। ਪਰ ਅੰਗਰੇਜ਼ ਚਾਲਕਾਂ ਨੇ ਕਿਸੇ ਹਾਦਸੇ ਡਰੋ ਗੱਡੀ ਨੂੰ ਪੁੱਲ ਪਾਰ ਕਰਾਉਣ ਤੋਂ ਨਾਂਹ ਕਰ ਦਿੱਤੀ ਕਿ ਇਹ ਅਸੰਭਵ ਹੈ। ਜਦੋਂਕਿ ਵੈਸਟਵੁੱਡ ਕੰਪਨੀ ਨੇ ਇਸ ਪੁੱਲ ਦੀ ਸੌ ਸਾਲ ਦੀ ਗਰੰਟੀ ਦਿੱਤੀ ਹੋਈ ਸੀ। ਅੰਗਰੇਜ਼ ਬੜੀ ਦੁਵਿਧਾ ਵਿੱਚ ਸਨ ਕਿ ਇਸ ਪੁੱਲ ਦੀ ਪਰਖ ਕੌਣ ਕਰੇ? ਜ਼ੇਲ੍ਹ ਵਿੱਚ ਜਮਾਲੋ ਆਪਣੀ ਮੌਤ ਭੁੱਲਣ ਲਈ ਕੋਈ ਨਾ ਕੋਈ ਵੱਖਰਾ ਕੰਮ ਕਰਕੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੰਦਾ ਸੀ। ਉਸ ਸਮੇਂ ਜਦੋਂ ਕਿਸੇ ਕੈਦੀ ਨੂੰ ਆਵਾਜ਼ ਪੈਂਦੀ ਤਾਂ ਸਪੱਸ਼ਟ ਹੁੰਦਾ ਸੀ ਕਿ ਉਸ ਨੂੰ ਫਾਂਸੀ ਦਿੱਤੀ ਜਾਂਦੀ ਸੀ। ਇਹ ਦੇਖ ਕੇ ਜਮਾਲੋ ਕਈ ਦਿਨਾਂ ਤੱਕ ਪ੍ਰੇਸ਼ਾਨ ਹੁੰਦਾ ਕਿ ਉਸ ਦੇ ਫਾਂਸੀ ਲੱਗਣ ਤੋਂ ਬਾਅਦ ਉਸ ਦੀ ਪਤਨੀ ਤੇ ਬੱਚਿਆਂ ਦਾ ਕੀ ਬਣੇਗਾ? ਇਹ ਸੋਚ ਕੇ ਉਹ ਉਦਾਸ ਹੋ ਜਾਂਦਾ। ਦੂਸਰੇ ਪਾਸੇ ਜੇਲ੍ਹ ਅਧਿਕਾਰੀਆਂ ਨੇ ਦੱਸਿਆ ਕਿ ਸਖਰ ਨੇੜਲੇ ਪਿੰਡ ਦਾ ਫਾਂਸੀ ਦੀ ਉਡੀਕ ਕਰ ਰਿਹਾ ਕੈਦੀ ਸ਼ੀਦੀ ਜਮਾਲੋ ਹੈ। ਉਹ ਇਹ ਕੰਮ ਕਰ ਸਕਦਾ ਹੈ। ਜਦੋਂ ਜੇਲ੍ਹ ਵਿੱਚ ਜਮਾਲੋ ਦਾ ਨਾਮ ਲੈ ਕੇ ਆਵਾਜ਼ ਮਾਰੀ ਗਈ ਉਸਨੇ ਸਮਝ ਲਿਆ ਕਿ ਅੱਜ ਉਸ ਨੂੰ ਫਾਂਸੀ ਲੱਗ ਜਾਣੀ ਹੈ। ਪਰ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਕਿ ਜ਼ੇਲ੍ਹ ਕੋਠੜੀ ਵਿੱਚੋਂ ਕੱਢ ਕੇ ਉਸ ਨੂੰ ਜੇਲ ਅਧਿਕਾਰੀ ਦਫ਼ਤਰ ਵਿੱਚ ਲਿਆਂਦਾ ਗਿਆ। ਜ਼ੇਲ੍ਹ ਅਧਿਕਾਰੀਆਂ ਨੇ ਉਹ ਸਰਕਾਰ ਦਾ ਬਾਗੀ ਹੈ ਪਰ ਲਾਡਰ ਲਾਂਸਡਊਨ ਦਾ ਕਹਿਣਾ ਹੈ ਕਿ ਜਮਾਲੋ ਤੋਂ ਪੁਛਿਆ ਜਾਵੇ ਕਿ ਉਹ ਰੇਲਗੱਡੀ ਚੱਲਾ ਲਵੇਗਾ?

"ਜਮਾਲੋ ਨੇ ਕਿਹਾ ਹਾਂ ਚਲਾ ਸਕਦਾ ਹਾਂ" ਇਹ ਕਹਿ ਕੇ ਉਸ ਨੇ ਸ਼ਰਤ ਰੱਖੀ ਤੇ ਕਿਹਾ। "ਜੇ ਮੇਰੀ ਮੌਤ ਦੀ ਸਜ਼ਾ ਮੁਆਫ਼ ਕਰ ਦਿੱਤੀ ਜਾਵੇ ਤਾਂ ਉਹ ਇਹ ਕੰਮ ਕਰ ਦੇਵੇਗਾ ਅੰਗਰੇਜ਼ਾਂ ਵੱਲੋਂ ਉਸ ਦੇ ਹਾਂ ਕਰਨ ਤੇ ਬੜੇ ਸਖ਼ਤ ਪਹਿਰੇ ਹੇਠ ਜੇਲ ਤੋਂ ਬਾਹਰ ਲਿਆਂਦਾ ਅਤੇ ਰੇਲ ਚਲਾਉਣ ਦੀ ਸਿਖਲਾਈ ਦਿੱਤੀ ਜਾਣ ਲੱਗੀ। ਕੈਦ ਹੋਣ ਤੋਂ ਪਹਿਲਾਂ ਜਮਾਲੋ ਅੰਗਰੇਜੀ ਸਾਮਰਾਜ ਦੀ ਲੁੱਟ ਅਤੇ ਉਨ੍ਹਾਂ ਲੋਕਾਂ ਪ੍ਰਤੀ ਨਫ਼ਰਤ ਦੇ ਖਿਲਾਫ਼ ਟੁਕੜੀਆਂ ਬਣਾ ਕੇ ਗੁਰੀਲਾਂ ਯੁੱਧ ਕਰਦਾ ਸੀ। ਅੰਗਰੇਜਾਂ ਦੇ ਖ਼ਜਾਨੇ ਨੂੰ ਲੁੱਟ ਲੈਂਦਾ ਸੀ। ਉਹ ਕਈ ਟੁਕੜੀਆਂ ਦਾ ਸੰਗਠਤ ਕਰਤਾ ਸੀ। ਜਿੰਨ੍ਹਾਂ ਦੀ ਉਹ ਅਗਵਾਈ ਕਰਦਾ ਸੀ ਅਤੇ ਕਈ ਮੁੱਠਭੇੜਾਂ ਵਿੱਚ ਅੰਗਰੇਜ਼ ਸਿਪਾਹੀ ਮਾਰੇ ਜਾਂਦੇ ਜਿਸ ਵਿੱਚ ਕਾਫ਼ੀ ਨੁਕਸਾਨ ਹੋ ਜਾਂਦਾ ਸੀ। ਉਸ ਦੇ ਮਨ ਉੱਤੇ 1857 ਦੇ ਵਿਦਰੋਹ ਦਾ ਅਸਰ ਸੀ। ਇੰਝ ਇਹ ਯੋਧਾ 1875 ਵਿੱਚ ਫੜਿਆ ਗਿਆ ਅਤੇ ਮੁਕੱਦਮਾ ਚਲਾਉਣ ਤੋਂ ਬਾਅਦ ਉਸ ਨੂੰ ਫਾਂਸੀ ਦੀ ਸ਼ਜਾ ਹੋਈ ਸੀ ਪਰ ਹੁਣ ਉਸ ਨੂੰ ਅੰਗਰੇਜ਼ਾਂ ਨੇ ਤਿੰਨ ਮਹੀਨੇ ਵਿੱਚ ਰੇਲਗੱਡੀ ਚਲਾਉਣ ਵਿੱਚ ਮਾਹਿਰ ਕਰ ਦਿੱਤਾ। ਜਦੋਂ ਉਸ ਨੇ ਪੂਰਨ ਮਹਾਰਤ ਹਾਸ਼ਲ ਕਰ ਲਈ ਤਾਂ ਮਾਰਚ 1889 ਨੂੰ ਲਾਂਸਡਾਊਨ ਪੁਲ ਦੀ ਪਰਖ ਕਰਨ ਦਾ ਦਿਨ ਆ ਗਿਆ ਅਤੇ ਰੇਲਗੱਡੀ ਵਿੱਚ ਜਮਾਲੋ ਨੂੰ ਬਿਠਾ ਦਿੱਤਾ ਗਿਆ ਰੇਲਗੱਡੀ ਸਰਕੀ ਅਤੇ ਹੌਲੀ-ਹੌਲੀ ਅਠਾਰਾਂ ਹਜ਼ਾਰ ਟਨ ਭਾਰ ਦੀ ਰੇਲਗੱਡੀ ਨੂੰ ਜਮਾਲੋ ਨੇ ਪੁੱਲ ਪਾਰ ਕਰਵਾ ਦਿੱਤਾ। ਅੰਗਰੇਜ਼ਾਂ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਪਹਿਲਾਂ ਤਾਂ ਉਹ ਸਾਹ ਰੋਕੀ ਖੜ੍ਹੇ ਸਨ ਕਿ ਗੱਡੀ ਕਿਸੇ ਵੀ ਸਮੇਂ ਪੁੱਲ ਟੁੱਟ ਕੇ ਦਰਿਆ ਵਿੱਚ ਡਿੱਗ ਸਕਦੀ ਹੈ। ਕਿਉਂਕਿ ਇਸ ਰੇਲਵੇ ਪੁੱਲ ਦੇ ਹੇਠਾਂ ਕਿਸੇ ਥੰਮੀ ਦੀ ਸਪੋਟ ਨਹੀਂ ਸੀ ਅਤੇ ਇਹ ਪੁੱਲ ਮੋਟੀਆਂ ਤਾਰਾਂ ਦੇ ਸਹਾਰੇ ਸੀ। ਜਿਵੇਂ ਕਿ ਭਾਰਤ ਵਿੱਚ ਹਾਵੜਾ ਪੁੱਲ ਹੈ। ਜਮਾਲੋ ਨੇ ਗੱਡੀ ਰੋਕਣ ਦੀ ਥਾਂ ਤੇਜ਼ ਕਰ ਦਿੱਤੀ ਕਿਉਂਕਿ ਉਸ ਦੇ ਮਨ ਵਿੱਚ ਸੋਚ ਸੀ ਕਿ ਅੰਗਰੇਜ਼ ਬੜੀ ਮਤਲਬਪ੍ਰਸਤ ਕੌਮ ਹੈ। ਉਸ ਕੋਲੋ ਇਹ ਕੰਮ ਲੈ ਕੇ ਵੀ ਫਾਂਸੀ ਲੱਗਾ ਦੇਵੇਗੀ ਕਿਉਂ ਨਾ ਪਹਿਲਾਂ ਵਾਂਗ ਅੰਗਰੇਜ਼ਾਂ ਨਾਲ ਲੜਕੇ ਮਰਿਆ ਜਾਵੇ। ਪੁਰਾਣੇ ਸਮੇਂ ਦੇ ਖ਼ੂਨ ਨੇ ਉਬਾਲਾ ਖਾਂਧਾ ਦੂਸਰੇ ਪਾਸੇ ਅੰਗਰੇਜਾਂ ਦੀ ਪੁਲੀਸ ਅਤੇ ਘੋੜ ਸਵਾਰ ਪ੍ਰੇਸ਼ਾਨ ਸਨ ਕਿ ਉਹ ਤੇਜ਼ ਜਾ ਰਹੀ ਰੇਲਗੱਡੀ ਵਿੱਚੋਂ ਜਮਾਲੋ ਨੂੰ ਕਿਵੇਂ ਫੜ੍ਹਨ ਅਤੇ ਨਾ ਹੀ ਉਹ ਰੇਲਗੱਡੀ ਦਾ ਪਿੱਛਾ ਕਰ ਕੇ ਫੜ ਸਕਦੇ ਸੀ। ਅਖੀਰ ਹੈਦਰਾਬਾਦ ਪਹੁੰਚਣ ਤੇ ਕੋਲਾ ਮੁੱਕਣ ਤੇ ਗੱਡੀ ਆਪਣੇ ਆਪ ਖੜ੍ਹ ਗਈ ਅਤੇ ਜਮਾਲੋ ਦੌੜ ਗਿਆ। ਕੁੱਝ ਸਮੇਂ ਬਾਅਦ ਸ਼ੀਦੀ ਗੁਲਾਮ ਰਸੂਲ ਜਮਾਲੋ ਨਾਮ ਦਾ ਇਹ ਕੈਦੀ ਫੜ ਲਿਆ ਗਿਆ ਅਤੇ ਜੇਲ ਵਿੱਚ ਬੰਦ ਕਰ ਦਿੱਤਾ ਗਿਆ। ਵਾਇਸਰਾਇ ਨੂੰ ਪਤਾ ਲੱਗਣ ਤੇ ਉਸ ਨੇ ਹੁਕਮ ਕੀਤਾ ਕਿ ਜਮਾਲੋ ਨੂੰ ਉਸ ਅੱਗੇ ਪੇਸ਼ ਕੀਤਾ ਜਾਵੇ ਜਦੋਂ ਜਮਾਲੋ ਨੂੰ ਪੇਸ਼ ਕੀਤਾ ਗਿਆ ਤਾਂ ਵਾਇਸ ਰਾਏ ਨੇ ਕਿ "ਜਮਾਲੋ ਤੂੰ ਅੰਗਰੇਜ਼ ਸਰਕਾਰ ਦੀ ਬਹੁਤ ਮਦਦ ਕੀਤੀ ਹੈ। ਸਖਰ ਪੁੱਲ ਤੋਂ ਦੀ ਗੱਡੀ ਪਾਰ ਕਰਵਾਕੇ ਅੰਗਰੇਜ਼ ਸਰਕਾਰ ਦੇ ਰੁਤਬੇ ਨੂੰ ਇਤਿਹਾਸਕ ਸਫ਼ਲਤਾ ਦਿੱਤੀ ਹੈ। ਜਿਸ ਤੇ ਕਿ ਇੰਗਲੈਂਡ ਵੀ ਹੈਰਾਨ ਹੈ। ਮੈਂ ਤੁਹਾਡੀ ਮੌਤ ਦੀ ਸ਼ਜਾ ਮੁਆਫ਼ ਕਰ ਕੇ ਤੁਹਾਨੂੰ ਰਿਹਾਅ ਕਰਦਾ ਹਾਂ।" ਜਦੋਂ ਸ਼ੀਦੀ ਜਮਾਲੋ ਆਪਣੇ ਪਿੰਡ ਪਹੁੰਚਿਆਂ ਤਾਂ ਉਸਦੀ ਸਫ਼ਲਤਾ ਦੇ ਡੰਕੇ ਪਿੰਡ ਵਿੱਚ ਤਾਂ ਕਿ ਅੰਗਰੇਜ਼ੀ ਅਖ਼ਬਾਰਾਂ ਵਿੱਚ ਵੀ ਵੱਜ ਰਹੇ ਸਨ। ਪਿੰਡ ਦੇ ਲੋਕਾਂ ਨੇ ਉਸਦਾ ਹਾਰਦਿਕ ਸੁਵਾਗਤ ਕੀਤਾ। ਕਿਉਂਕਿ ਉਹ ਲੋਕਾਂ ਦਾ ਨਾਇਕ ਸੀ ਜੋ ਕਿ ਮੌਤ ਦੀ ਸ਼ਜਾ ਨੂੰ ਆਪਣੀ ਕਾਬਲੀਅਤ ਨਾਲ ਪਰਾ ਵਹਾ ਕੇ ਆਇਆ ਸੀ। ਜਮਾਲੋ ਨੇ ਪਿੰਡ ਦਾ ਨਾਮ ਰੌਸ਼ਨ ਕਰ ਦਿੱਤਾ ਸੀ। ਸ਼ੀਦੀ ਜਮਾਲੋ ਬਾਰੇ ਸਿੰਧੀ ਭਾਸ਼ਾ ਵਿੱਚ ਉਸ ਦੇ ਪਿੰਡ ਦੇ ਲੋਕਾਂ ਨੇ ਉਸ ਦੇ ਨਾਇਕਤੱਤਵ ਬਾਰੇ ਗੀਤ ਜੋੜ ਲਏ ਜੋ ਕਿ ਹੁਣ ਤੱਕ ਹਰ ਖ਼ੁਸ਼ੀ ਦੇ ਮੌਕੇ ਜਮਾਲੋ ਦੀ ਬਹਾਦਰੀ ਬਾਰੇ ਹਰ ਸਰਕਾਰੀ ਗੈਰ-ਸਰਕਾਰੀ ਸਮਾਗਮਾਂ ਵਿੱਚ ਗਾਏ ਜਾਂਦੇ ਸਨ। ਪਰ ਅਫ਼ਸੋਸ ਅਸੀਂ ਤਾਂ ਆਪਣੀ ਜੁਗਨੀ ਦਾ ਮੌਲਕ ਰੂਪ ਗੁਆ ਚੁੱਕੇ ਹਾਂ ਅਤੇ ਭਾਰਤ ਦੇ ਪੰਜਾਬ ਵਿੱਚ ਰਹਿ ਕੇ ਜਮਾਲੋ ਨੂੰ ਔਰਤ ਸਮਝ ਕੇ ਤੂਤਾਂ ਵਾਲੇ ਖੂਹ ਤੇ ਸੱਦ ਰਹੇ ਹਾਂ। ਇਹ ਸਾਡੀ ਬੌਧਿਕਤਾ ਦਾ ਨਿਘਾਰ ਹੈ। ਪਰ ਸਿੰਧੀ ਲੋਕਾਂ ਨੇ ਉਸ ਦੇ ਅੰਗਰੇਜ਼ ਸਾਮਰਾਜ ਵਿਰੁੱਧ ਜੋੜੇ ਗੀਤਾਂ ਨੂੰ ਉਸੇ ਤਰ੍ਹਾਂ ਹੀ ਮੌਲਿਕ ਰੂਪ ਵਿੱਚ ਸਾਂਭਿਆ ਹੋਇਆ ਹੈ ਜਦੋਂ ਜਮਾਲੋ ਫਾਂਸੀ ਦੀ ਸ਼ਜਾ ਤੋਂ ਮੁਕਤ ਹੋ ਕੇ ਘਰ ਆਇਆ ਤਾਂ ਪਿੰਡ ਵਾਲਿਆਂ ਨਾਲ ਜਮਾਲੋ ਦੀ ਪਤਨੀ ਨੇ ਖੂਬ ਨੱਚ ਕੇ ਇਹ ਗੀਤ ਗਾਏ।

ਅਬਦੁਲ ਕਰੀਮ ਸਦੈਲੋ ਲੋਕ ਵਿਰਸਾ ਕਾਂਜੀਪੁਰ ਅਨੁਸਾਰ ਇਹ ਇਸ ਤਰ੍ਹਾਂ ਹਨ। ਹਈ ਜਮਾਲੋ ਵਾਹ ਵਾਹ ਜਮਾਲੋ ਅਬ ਅਮਰ ਆ ਗਈ ਮੈਦਾਨ ਮੇਂ-ਹਈ ਜਮਾਲੋ ਇਹ ਧਰਤੀ ਝੂਲੇ ਲਾਲ ਵੀ ਹਈ ਜਮਾਲੋ ਵਾਹ ਵਾਹ ਜਮਾਲੋ 2. ਕਿਤਨੀ ਜ਼ੰਜੀਰੇ ਤੁਮ ਲਾਓਗੇ ਹਈ ਜਮਾਲੋ ਕਿਤਨੀ ਤਾਜੀਰੇਂ ਤੁਮ ਲਾਓਗੇ ਹਈ ਜਮਾਲੋ ਕਿਤਨੀ ਲੁਟ ਤੁਮ ਮਚਾਓਗੇ ਹਈ ਜਮਾਲੋ ਕੱਚੇ ਤਾਂਗੇ ਕੀ ਜ਼ੰਜੀਰੇ ਹਈ ਜਮਾਲੋ ਕੱਚੀ ਮੋਮ ਕੀ ਤਾਜ਼ੀਰੇ ਹਈ ਜਮਾਲੋ ਵਾਹ ਵਾਹ ਜਮਾਲੋ ਵਾਹ ਵਾਹ ਜਮਾਲੋ ਹਮਾਰੇ ਸੀਨੇ ਅਜਮਾਓਗੇ ਹਈ ਜਮਾਲੋ ਕਿਤਨੇ ਤੀਰ ਲੈ ਕੇ ਆਓਗੇ-ਹਈ ਜਮਾਲੋ ਕਿਤਨੀ ਤੋਪੇਂ ਲੈ ਕੇ ਆਓਗੇ-ਹਈ ਜਮਾਲੋ ਅਬ ਮੈਂ ਆ ਗਈ ਮੈਦਾਨ ਮੇ-ਹਈ ਜਮਾਲੋ ਅਬ ਮਰਨੇ ਕੋ ਆ ਗਈ ਮੈਦਾਨ ਮੇਂ-ਹਈ ਜਮਾਲੋ ਅਰ ਫ਼ਨਾਂਹ ਆ ਗਏ ਮੈਦਾਨ ਮੇ ਹਈ ਜਮਾਲੋ ਏਲਬੋ ਪੱਕੀ ਕਬਰ ਬਨਾਏਗੇ-ਹਈ ਜਮਾਲੋ ਅਫ਼ਸਰ ਸਾਹੀ ਮੈਦਾਨ ਮੇ ਡੁੱਬੇਗੀ-ਹਈ ਜਮਾਲੋ ਪੱਕਾ ਸੂਰਜ ਸਿਰ ਪੇ ਚਮਕੇਗਾ ਹਈ ਜਮਾਲੋ ਜਿਸ ਕੋ ਘਟੀਆ ਆਖ ਸੇ- ਅਬ ਸਖਰ ਅਰੋ ਪੁੱਲ ਪੇ ਹਈ ਜਮਾਲੋ ਹਈ ਜਮਾਲੋ ਵਾਹ ਵਾਹ ਜਮਾਲੋ ਇਹ ਅੰਗਰੇਜ਼ਾਂ ਖਿਲਾਫ਼ ਸਿੰਧ ਪ੍ਰਾਂਤ ਦੇ ਸ਼ੀਦੀ ਲੋਕਾਂ ਵੱਲੋਂ ਗੁਲਾਮ ਰਸੂਲ ਜਮਾਲੋ ਨੂੰ ਉਸ ਦੀ ਬਾਗੀ ਤਬੀਅਤ ਇਖਲਾਕ ਅਤੇ ਉਸ ਨਾਲ ਜੁੜੇ ਗੀਤਾਂ ਨੂੰ ਕਾਇਮ ਰੱਖਿਆ ਹੈ ਅਤੇ ਸਾਨੂੰ ਇਸ ਨੂੰ ਸਬਕ ਸਿੱਖਣ ਦੀ ਲੋੜ ਹੈ।

# ਰੰਗ ਦੇ ਬਦਲਦੇ ਮਾਇਨੇ

ਸੈਕਤ ਮਜੂਮਦਾਰ
ਪੇਸ਼. : ਬੂਟਾ ਸਿੰਘ ਮਹਿਮੂਦਪੁਰ

*ਭਗਵਾ ਹਕੂਮਤ ਹੇਠ ਯੂਨੀਵਰਸਿਟੀਆਂ ਨੂੰ ਤੇਜ਼ੀ ਨਾਲ ਭਗਵਾ ਰੰਗ ਵਿਚ ਰੰਗਿਆ ਜਾ ਰਿਹਾ ਹੈ। ਪਿਛਲੇ ਦਿਨੀਂ 9 ਸਤੰਬਰ ਨੂੰ ਪੱਛਮੀ ਬੰਗਾਲ ਦਾ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੰਗੇ ਸਾਧਾਂ ਦੇ ਨਾਲ 'ਗੇਰੂਆ ਸੱਮਾਨ ਯਾਤਰਾ' ਵਿਚ ਭਗਵਾ ਕੁੜਤਾ ਪਾ ਕੇ ਸ਼ਾਮਲ ਹੋਇਆ ਜੋ ਬੰਗਾਲ ਦੀ ਮਸ਼ਹੂਰ ਜਾਦਵਪੁਰ ਯੂਨੀਵਰਸਿਟੀ ਦੀਆਂ ਕੰਧਾਂ ਉੱਪਰ "ਫਰੀ ਫ਼ਲਸਤੀਨ , ਲਾਲ ਸਲਾਮ"ਦੇ ਨਾਅਰੇ ਲਿਖੇ ਜਾਣ ਦੇ ਫਾਸ਼ੀਵਾਦੀ ਪ੍ਰਤੀਕਰਮ ਵਿਚ ਜਥੇਬੰਦ ਕੀਤੀ ਗਈ ਸੀ। ਉਹ ਯੂਨੀਵਰਸਿਟੀ ਵਿਚ ਕੀਤੇ ਭਗਵਾ ਇਕੱਠ ਵਿਚ ਵੀ ਸ਼ਾਮਲ ਹੋਇਆ ਸੀ ਜਿੱਥੇ ਜੁੜੇ ਹਜ਼ਾਰਾਂ ਦੇ ਹਜੂਮ ਨੇ ਸਮੂਹਿਕ ਤੌਰ 'ਤੇ 'ਬੰਦੇ ਮਾਤ੍ਰਮ' ਗਾ ਕੇ ਫਿਰਕੂ ਰਾਸ਼ਟਰਵਾਦ ਨੂੰ ਬੁਲੰਦ ਕੀਤਾ ਸੀ। ਸੈਕਤ ਮਜੂਮਦਾਰ ਨੇ ਬੰਗਾਲ ਵਿਚ ਭਗਵਾ ਰੰਗ ਦੀ ਰਵਾਇਤੀ ਭਾਵਨਾ ਦੇ ਹਵਾਲੇ ਨਾਲ ਹੁਣ ਉੱਥੋਂ ਦੀ ਬਦਲੀ ਰਾਜਨੀਤਕ ਫਜ਼ਾ ਵਿਚ ਭਗਵਾ ਰੰਗ ਦੇ ਬਦਲਦੇ ਮਾਇਨਿਆਂ ਦੀ ਚਰਚਾ ਕੀਤੀ ਹੈ। ਸਾਕੇਤ ਦੀ ਪਿੱਛੇ ਜਹੇ ਆਈ ਨਵੀਂ ਕਿਤਾਬ ਓਪਨ ਇੰਟੈਲੀਜੈਂਸ: ਐਜੂਕੇਸ਼ਨ ਬਿਟਵੀਨ ਆਰਟ ਐਂਡ ਆਰਟੀਫ਼ਿਸ਼ਲ ਹੈ। -ਸੰਪਾਦਕ*





ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਦਾ ਗਾਊਨ ਭਗਵਾ ਰੰਗ ਦਾ ਹੁੰਦਾ ਹੈ। ਮੈਨੂੰ ਇਹ ਗੱਲ ਉਦੋਂ ਯਾਦ ਆਈ ਜਦੋਂ ਮੇਰੀ ਇੱਕ ਦੋਸਤ, ਜੋ ਬੰਗਾਲ ਵਿੱਚ ਵਿਗਿਆਨੀ ਹੈ, ਨੇ ਸੋਸ਼ਲ ਮੀਡੀਆ ਉੱਤੇ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਵਾਲੇ ਦਿਨ ਦੀ ਆਪਣੀ ਤਸਵੀਰ ਸਾਂਝੀ ਕੀਤੀ। ਉਸ ਨੇ ਸੱਜੇ-ਪੱਖੀ ਹਲਕਿਆਂ ਦੇ ਇੱਕ ਹਿੱਸੇ ਦੀ ਹਮਲਾਵਰਤਾ ਬਾਰੇ ਵੀ ਟਿੱਪਣੀ ਕੀਤੀ, ਜਿਸ ਨੇ ਹੁਣ ਯੂਨੀਵਰਸਿਟੀ ਨੂੰ ਆਪਣਾ ਨਿਸ਼ਾਨਾ ਬਣਾਇਆ ਹੋਇਆ ਹੈ—ਸਿਰਫ਼ ਕੈਂਪਸ ਵਿੱਚ ਹੋਏ ਧਮਾਕੇ ਰਾਹੀਂ ਹੀ ਨਹੀਂ, ਸਗੋਂ ਪ੍ਰਸ਼ਾਸਕੀ ਅਤੇ ਬਿਆਨਬਾਜ਼ੀ ਵਾਲੀ ਧੌਂਸ ਦੇ ਵਾਰ-ਵਾਰ ਉੱਠਦੇ ਦੌਰਾਂ ਰਾਹੀਂ ਵੀ। ਮੇਰੀ ਦੋਸਤ ਦੀ ਪੋਸਟ ਨੇ ਮੈਨੂੰ ਯਾਦ ਕਰਵਾਇਆ ਕਿ ਪਿਛਲੀ ਸਦੀ ਦੇ ਆਖ਼ਰੀ ਸਾਲ ਦੀਆਂ ਮੇਰੀਆਂ ਵੀ ਕੁਝ ਤਸਵੀਰਾਂ ਹਨ। ਉਨ੍ਹਾਂ ਵਿੱਚ ਮੈਂ ਚਮਕਦਾਰ ਭਗਵਾ ਚੋਗਾ ਪਹਿਨ ਕੇ ਸਮਾਰੋਹ ਦੇ ਮੁੱਖ ਮਹਿਮਾਨ, ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਕਰਨ ਸਿੰਘ ਤੋਂ ਆਪਣੀ ਡਿਗਰੀ ਲੈ ਰਿਹਾ ਹਾਂ। ਪਰ ਇਨ੍ਹਾਂ ਤਸਵੀਰਾਂ ਤੋਂ ਬਿਨਾਂ ਸ਼ਾਇਦ ਮੈਨੂੰ ਗਾਊਨ ਦਾ ਰੰਗ ਯਾਦ ਹੀ ਨਾ ਆਉਂਦਾ।

ਉਸ ਵੇਲੇ ਇਸ ਰੰਗ ਵੱਲ ਧਿਆਨ ਨਾ ਜਾਣਾ ਸੌਖਾ ਸੀ। ਉਹ ਅਜਿਹਾ ਕਲਕੱਤਾ ਸੀ ਜਿੱਥੇ ਭਗਵਾ ਰੰਗ ਉੱਤੇ ਕਿਸੇ ਸਿਆਸੀ ਵਿਚਾਰਧਾਰਾ ਦਾ ਭਾਰ ਨਹੀਂ ਸੀ, ਭਾਵੇਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਿੰਦੂਤਵ ਦਾ ਉਭਾਰ ਸ਼ੁਰੂ ਹੋ ਚੁੱਕਾ ਸੀ। ਬੰਗਾਲ ਦਾ ਸਿਆਸੀ ਰੰਗ ਅਗਲੇ ਦਸ ਸਾਲਾਂ ਤੱਕ ਲਾਲ ਹੀ ਰਹਿਣਾ ਸੀ। ਦਰਅਸਲ, ਜਿੱਥੋਂ ਤੱਕ ਮੈਨੂੰ ਯਾਦ ਹੈ, ਬੰਗਾਲ ਦੀ ਸਿਆਸਤ ਰੰਗਾਂ ਰਾਹੀਂ ਹੀ ਪਛਾਣੀ ਜਾਂਦੀ ਰਹੀ ਹੈ। ਕੰਧਾਂ ਉੱਤੇ ਲਿਖੇ ਨਾਅਰਿਆਂ ਤੋਂ ਲੈ ਕੇ ਪੋਸਟਰਾਂ ਅਤੇ ਤੁਹਾਡੇ ਸਲਾਮ ਦੇ ਰੰਗ ਤੱਕ, ਹਰ ਪਾਸੇ ਲਾਲ ਰੰਗ ਕਮਿਊਨਿਜ਼ਮ ਦੀ ਨਿਸ਼ਾਨੀ ਸੀ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਤੋਂ ਅਸੀਂ ਨੀਲੇ-ਚਿੱਟੇ ਰੰਗ ਦੇ ਦੌਰ ਵਿੱਚ ਦਾਖ਼ਲ ਹੋਏ। ਕਮਿਊਨਿਸਟ ਲਾਲ ਵਰਗੀ ਕੌਮਾਂਤਰੀ ਤਾਕਤ ਨਾ ਹੋਣ ਕਰਕੇ ਨੀਲਾ-ਚਿੱਟਾ ਰੰਗ ਨਵੀਂ ਆਗੂ ਦੀ ਨਿੱਜੀ ਪਸੰਦ, ਦਹਾਕਿਆਂ ਦੀ ਲਾਲੀ ਤੋਂ ਵੱਖ ਹੋਣ ਦੀ ਉਸ ਦੀ ਇੱਛਾ ਅਤੇ ਨਵੇਂ ਸਿਆਸੀ ਯੁੱਗ ਦੀ ਨਵੀਂ ਦਿੱਖ ਦਾ ਚਿੰਨ੍ਹ ਬਣਿਆ।

ਇਸ ਇਤਿਹਾਸ ਦੇ ਵੱਡੇ ਹਿੱਸੇ ਦੌਰਾਨ, ਹਿੰਦੂ ਬੰਗਾਲੀ ਚੇਤਨਾ ਲਈ ਭਗਵਾ ਰੰਗ ਦੁਨਿਆਵੀ ਸਿਆਸਤ ਤੋਂ ਪਰੇ ਹੀ ਰਿਹਾ—ਤਿਆਗ ਅਤੇ ਬਲੀਦਾਨ ਦਾ ਰੰਗ। ਭਾਵੇਂ ਖ਼ਾਸ ਕਰਕੇ ਉੱਤਰੀ ਅਤੇ ਪੱਛਮੀ ਭਾਰਤ ਵਿੱਚ ਇਸ ਦਾ ਸਬੰਧ ਸੱਜੇ-ਪੱਖੀ ਹਿੰਦੂਤਵੀ ਜਥੇਬੰਦੀਆਂ ਨਾਲ ਜੁੜ ਕੇ ਸਿਆਸੀ ਮਹੱਤਵ ਹਾਸਲ ਕਰ ਰਿਹਾ ਸੀ, ਬੰਗਾਲ ਵਿੱਚ ਭਗਵਾ ਰੰਗ ਹੋਰ ਮਾਇਨਿਆਂ ਦਾ ਪ੍ਰਤੀਕ ਬਣਿਆ ਰਿਹਾ। ਮਿਸਾਲ ਵਜੋਂ, ਇਹ ਸੱਚੀ ਸਮਾਜ ਸੇਵਾ ਅਤੇ ਵਿਦਿਅਕ ਉੱਤਮਤਾ ਦਾ ਪ੍ਰਤੀਕ ਸੀ। ਇਸ ਵਿੱਚ ਅਜਿਹੀ ਸੰਜਮੀ ਗੰਭੀਰਤਾ ਸੀ ਜਿਸ ਨੂੰ ਗੇਰੂਆ ਸਨਮਾਨ—ਭਗਵਾ ਰੰਗ ਦੀ ਮਰਿਆਦਾ—ਦੇ ਨਾਂ ਉੱਤੇ ਜਲੂਸ ਕੱਢਣ ਲਈ ਕਿਸੇ ਸਿਆਸੀ ਪਾਰਟੀ ਦੀ ਲੋੜ ਨਹੀਂ ਸੀ।

ਭਗਵਾ ਰੰਗ ਦੇ ਸਮਾਜਿਕ ਅਤੇ ਵਿਦਿਅਕ ਉਦੇਸ਼ ਦਾ ਸਭ ਤੋਂ ਪ੍ਰਮੁੱਖ ਪ੍ਰਗਟਾਵਾ ਰਾਮਕ੍ਰਿਸ਼ਨ ਮਿਸ਼ਨ ਦੀਆਂ ਵੱਖ-ਵੱਖ ਸੰਸਥਾਵਾਂ ਰਹੀਆਂ ਹਨ। ਇਹ ਦੁਨੀਆ ਭਰ ਵਿੱਚ ਫੈਲੀਆਂ ਹਨ, ਪਰ ਇਨ੍ਹਾਂ ਦਾ ਕੇਂਦਰ ਹਮੇਸ਼ਾ ਬੇਲੂਰ ਵਿੱਚ ਰਿਹਾ ਹੈ। ਇਨ੍ਹਾਂ ਦੇ ਸਾਦੇ ਮੁੱਢ ਦੀਆਂ ਯਾਦਾਂ ਕਲਕੱਤੇ ਅਤੇ ਹੁਗਲੀ ਦੇ ਮੁਹੱਲਿਆਂ ਤੇ ਪਿੰਡਾਂ ਨਾਲ ਜੁੜੀਆਂ ਹਨ—ਦੱਖਣੇਸ਼ਵਰ ਅਤੇ ਉੱਤਰੀ ਕਲਕੱਤੇ ਦੇ ਸ਼ਿਮਲਾ ਤੋਂ ਲੈ ਕੇ ਕਾਮਾਰਪੁਕੁਰ ਅਤੇ ਜੈਰਾਮਬਾਟੀ ਤੱਕ। ਬੰਗਾਲ ਦੇ ਅਹਿਮ ਸੱਭਿਆਚਾਰਕ ਕੇਂਦਰਾਂ, ਹਸਪਤਾਲਾਂ, ਸਕੂਲਾਂ ਅਤੇ ਕਾਲਜਾਂ ਵਿੱਚ ਭਗਵਾ ਰੰਗ ਦੀ ਇਹ ਸਾਦਗੀ ਸ਼ਾਂਤ ਸੁਹਜ ਨਾਲ ਮੌਜੂਦ ਸੀ। ਗੋਲਪਾਰਕ ਦਾ ਇੰਸਟੀਚਿਊਟ ਆਫ਼ ਕਲਚਰ ਅੱਜ ਵੀ ਦੁਨੀਆ ਭਰ ਦੀਆਂ ਪ੍ਰਮੁੱਖ ਹਸਤੀਆਂ ਨੂੰ ਖਿੱਚਦਾ ਹੈ। ਦੱਖਣੀ ਕਲਕੱਤੇ ਦਾ ਸੇਵਾ ਪ੍ਰਤਿਸ਼ਠਾਨ ਹਸਪਤਾਲ ਅੱਜ ਵੀ ਵਾਜਬ ਕੀਮਤ ਉੱਤੇ ਭਰੋਸੇਯੋਗ ਅਤੇ ਜ਼ਿੰਮੇਵਾਰ ਡਾਕਟਰੀ ਸੇਵਾ ਦਿੰਦਾ ਹੈ—ਅਜਿਹੇ ਸਮੇਂ ਵਿੱਚ ਜਦੋਂ ਕਿਸੇ ਵੀ ਮਿਆਰੀ ਸਿਹਤ ਸੇਵਾ ਉੱਤੇ ਕਾਰਪੋਰੇਟ ਮੁਨਾਫ਼ਾਖ਼ੋਰੀ ਦਾ ਅਸਰ ਹੈ। ਮੱਧ ਵਰਗ ਦੇ ਵੱਡੇ ਹਿੱਸਿਆਂ ਲਈ ਇਨ੍ਹਾਂ ਦੇ ਸਕੂਲ ਵਿਦਿਅਕ ਉੱਤਮਤਾ ਅਤੇ ਉੱਚੀਆਂ ਆਸਾਂ ਦੇ ਸਮਾਨਾਰਥੀ ਰਹੇ ਹਨ।

ਮੈਂ ਵੀ ਇਨ੍ਹਾਂ ਭਗਵਾ ਚੋਗੇ ਵਾਲੇ ਸੰਨਿਆਸੀਆਂ ਵੱਲੋਂ ਚਲਾਏ ਜਾਂਦੇ ਇੱਕ ਰਿਹਾਇਸ਼ੀ ਸਕੂਲ ਵਿੱਚ ਕੁਝ ਸਾਲ ਬਿਤਾਏ ਸਨ।

ਉੱਥੇ ਮੈਂ ਸਿੱਖਿਆ ਕਿ ਭਗਵਾ ਰੰਗ ਚਿੱਟੇ ਚੋਗੇ ਵਾਲੇ ਸਾਲ ਪੂਰੇ ਕਰਨ ਤੋਂ ਬਾਅਦ ਹੀ ਧਾਰਨ ਕੀਤਾ ਜਾਂਦਾ ਸੀ। ਚਿੱਟਾ ਰੰਗ ਬ੍ਰਹਮਚਰਿਆ ਦਾ ਸੀ—ਜਵਾਨੀ ਦੇ ਸੰਜਮ ਦਾ ਦੌਰ—ਜਿਸ ਤੋਂ ਬਾਅਦ ਭਗਵਾ ਰੰਗ ਆਉਂਦਾ ਸੀ: ਸੰਨਿਆਸ ਅਤੇ ਦੁਨਿਆਵੀ ਮੋਹ ਤੋਂ ਅੰਤਿਮ ਤਿਆਗ ਦਾ ਰੰਗ। ਮੇਰੇ ਲਈ ਉਹ ਸਾਲ ਡੂੰਘੇ ਅਰਥਾਂ ਨਾਲ ਭਰੇ ਹੋਏ ਸਨ। ਭਜਨਾਂ ਅਤੇ ਅਰਦਾਸਾਂ ਦੀ ਅਨੋਖੀ ਨੇੜਤਾ, ਗੂੜ੍ਹੀਆਂ ਦੋਸਤੀਆਂ ਅਤੇ ਭਾਵਨਾਵਾਂ, ਇਮਤਿਹਾਨਾਂ ਨੂੰ ਲੈ ਕੇ ਹਾਣੀਆਂ ਦਾ ਦਬਾਅ, ਅਤੇ ਡਾਕਟਰੀ ਤੇ ਇੰਜੀਨੀਅਰਿੰਗ ਵਿੱਚ ਸਫ਼ਲ ਦੁਨਿਆਵੀ ਕਰੀਅਰ ਦੀ ਖਿੱਚ ਤੇ ਵਾਅਦਾ—ਇਹ ਸਭ ਭਗਵਾ ਰੰਗ ਦੀ ਇੱਕ ਸੁਪਨਮਈ ਦੁਨੀਆ ਅਤੇ ਉਸ ਦੀ ਸੰਭਾਲ ਦੀ ਛਤਰ-ਛਾਇਆ ਹੇਠ ਸਮਾਇਆ ਹੋਇਆ ਸੀ। ਇਹ ਧੂੜ ਭਰੀਆਂ ਸੜਕਾਂ, ਨਾਕਾਰਾ ਸੰਸਥਾਵਾਂ ਅਤੇ ਜ਼ਹਿਰੀਲੀ ਸਿਆਸਤ ਦੀ ਦੁਨਿਆਵੀ ਉਥਲ-ਪੁਥਲ ਤੋਂ ਬਚਿਆ ਹੋਇਆ ਇੱਕ ਵਿਰੋਧਾਭਾਸਾਂ ਭਰੀ ਦੁਨੀਆ ਸੀ। ਇਸੇ ਦੁਨੀਆ ਨੇ ਅੱਗੇ ਚੱਲ ਕੇ ਮੇਰੀ ਇੱਕ ਕਿਤਾਬ, ਦਿ ਸੈਂਟ ਆਫ਼ ਗੌਡ, ਨੂੰ ਰੂਪ ਦਿੱਤਾ।

ਭਗਵਾ ਰੰਗ ਸਿਰਫ਼ ਵਿਦਿਅਕ ਉੱਤਮਤਾ ਦਾ ਹੀ ਪ੍ਰਤੀਕ ਨਹੀਂ ਸੀ। ਇਹ ਅਜਿਹੀ ਸਰਬਪੱਖੀ ਸ਼ਖ਼ਸੀਅਤ-ਉਸਾਰੀ ਦਾ ਵਾਅਦਾ ਵੀ ਕਰਦਾ ਸੀ ਜਿਸ ਵਿੱਚ ਅਧਿਆਤਮਕਤਾ ਜ਼ਿੰਮੇਵਾਰ ਧਰਮ-ਨਿਰਪੱਖ ਨਾਗਰਿਕਾਂ ਦੇ ਨਿਰਮਾਣ ਨੂੰ ਸੇਧ ਦਿੰਦੀ ਸੀ। ਇਸ ਉਸਾਰੀ ਵਿੱਚ ਰਿਹਾਇਸ਼ੀ ਸਕੂਲ ਦੇ ਭੋਜਨ ਵਿੱਚ ਮੱਛੀ, ਅੰਡੇ ਅਤੇ ਮੁਰਗਾ ਵੀ ਸ਼ਾਮਲ ਸਨ, ਜੋ ਸੰਨਿਆਸੀ ਵਿਦਿਆਰਥੀਆਂ ਨਾਲ ਬੈਠ ਕੇ ਖਾਂਦੇ ਸਨ।

ਮੈਨੂੰ ਨਹੀਂ ਪਤਾ ਕਿ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਦੇ ਗਾਊਨ ਲਈ ਭਗਵਾ ਰੰਗ ਚੁਣਨ ਪਿੱਛੇ ਖ਼ਾਸ ਪ੍ਰੇਰਣਾ ਕੀ ਸੀ। ਪਰ ਬੰਗਾਲੀ ਮਨ ਦੇ ਵੱਡੇ ਹਿੱਸਿਆਂ ਵਿੱਚ ਭਗਵਾ ਰੰਗ ਦੀ ਅਜਿਹੀ ਧਾਰਨਾ ਡੂੰਘੀ ਵਸੀ ਹੋਈ ਸੀ ਜੋ ਬੌਧਿਕ ਲਾਲਸਾ ਨੂੰ ਅਧਿਆਤਮਕ ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਜੋੜਦੀ ਸੀ। ਇਸ ਲਈ ਇਹ ਰੰਗ ਇੱਕੋ ਸਮੇਂ ਸ਼ਾਂਤੀ ਅਤੇ ਆਸ ਜਗਾਉਂਦਾ ਸੀ। ਜੇ ਉਸ ਦਿਨ ਜਾਦਵਪੁਰ ਯੂਨੀਵਰਸਿਟੀ ਦੇ ਡਿਗਰੀ ਵੰਡ ਸਮਾਰੋਹ ਵਿੱਚ ਪਹਿਨੇ ਗਾਊਨਾਂ ਦੇ ਭਗਵਾ ਰੰਗ ਵੱਲ ਮੇਰਾ ਧਿਆਨ ਨਹੀਂ ਗਿਆ, ਤਾਂ ਇਸ ਦਾ ਕਾਰਨ ਇਹ ਸੀ ਕਿ ਇਹ ਰੰਗ ਸਾਡੀ ਸਾਂਝੀ ਚੇਤਨਾ ਵਿੱਚ ਇੰਨਾ ਰਚਿਆ ਹੋਇਆ ਸੀ ਕਿ ਵਿਦਿਅਕ ਮਾਹੌਲ ਵਿੱਚ ਬਿਲਕੁਲ ਸੁਭਾਵਿਕ ਲੱਗਦਾ ਸੀ। ਖੱਬੇ-ਪੱਖੀ ਬੌਧਿਕ ਮਾਹੌਲ ਵਿੱਚ ਇਸ ਦਾ ਅਧਿਆਤਮਕ ਸਰੂਪ ਕਦੇ-ਕਦਾਈਂ ਬੇਚੈਨੀ ਪੈਦਾ ਕਰ ਸਕਦਾ ਸੀ। ਪਰ ਅਜਿਹੀ ਖਿੱਚ ਦੇ ਬਾਵਜੂਦ ਵਿਦਿਅਕ ਥਾਂ ਉੱਤੇ ਭਗਵਾ ਰੰਗ ਦੀ ਮੌਜੂਦਗੀ ਸੁਭਾਵਿਕ ਸੀ।

ਭਾਵੇਂ ਖੱਬੇ-ਪੱਖੀ ਧਰਮ-ਨਿਰਪੱਖ ਹਲਕਿਆਂ ਦਾ ਵਿਅੰਗ ਕਦੇ-ਕਦਾਈਂ ਇਸ ਨੂੰ ਛੂਹ ਜਾਂਦਾ ਸੀ, ਸਾਡੇ ਦਿਲਾਂ ਵਿੱਚ ਵਸਿਆ ਭਗਵਾ ਰੰਗ ਕਦੇ ਵੀ ਗੁੰਡਾਗਰਦੀ ਦਾ ਰੰਗ ਨਹੀਂ ਬਣ ਸਕਦਾ ਸੀ। ਇਸ ਨੇ ਆਪਣੇ ਬਾਨੀਆਂ—ਸ੍ਰੀ ਰਾਮਕ੍ਰਿਸ਼ਨ, ਮਾਂ ਸਾਰਦਾ ਅਤੇ ਸਵਾਮੀ ਵਿਵੇਕਾਨੰਦ—ਦੀ ਰਵਾਇਤ ਅਨੁਸਾਰ ਨਾ ਖਾਣ-ਪੀਣ ਉੱਤੇ ਪਾਬੰਦੀਆਂ ਲਾਈਆਂ ਅਤੇ ਨਾ ਹੀ ਆਸਥਾ ਉੱਤੇ। ਇਸ ਦੀ ਡੂੰਘੀ ਵਿਦਿਅਕ ਵਚਨਬੱਧਤਾ ਅਤੇ ਵਿਸ਼ਾਲ ਅਧਿਆਤਮਕ ਸੋਚ ਵਿੱਚ ਅਜਿਹੀ 'ਸ਼ੁੱਧੀ' ਦੀ ਰਸਮ ਦੀ ਕਲਪਨਾ ਲਈ ਕੋਈ ਥਾਂ ਨਹੀਂ ਸੀ ਜਿਸ ਵਿੱਚ ਕਿਸੇ ਹੋਰ ਧਰਮ ਨਾਲ ਸਬੰਧਤ ਵਿਦਿਅਕ ਪ੍ਰਸ਼ਾਸਕ ਨੂੰ ਸੰਸਥਾ ਛੱਡਣ ਲਈ ਮਜਬੂਰ ਕਰਨ ਤੋਂ ਬਾਅਦ ਉਸ ਦੇ ਕਮਰੇ ਨੂੰ 'ਸ਼ੁੱਧ' ਕੀਤਾ ਜਾਵੇ—ਜਿਵੇਂ ਹਾਲ ਹੀ ਵਿੱਚ ਕੇਂਦਰੀ ਕਲਕੱਤੇ ਦੇ ਇੱਕ ਕਾਲਜ ਵਿੱਚ ਹੋਇਆ ਹੈ। ਇਹੀ ਉਹ ਭਗਵਾ ਰੰਗ ਸੀ ਜਿਸ ਨੂੰ ਅਸੀਂ ਅੰਦਰੋਂ ਸਤਿਕਾਰ ਦਿੰਦਿਆਂ ਜਾਦਵਪੁਰ ਯੂਨੀਵਰਸਿਟੀ ਵਿੱਚ ਆਪਣੀਆਂ ਡਿਗਰੀਆਂ ਲੈਂਦੇ ਸਮੇਂ ਪਹਿਨਿਆ ਸੀ।

ਕੀ ਸਨਾਤਨ ਧਰਮ ਦਾ ਭਗਵਾ ਰੰਗ ਬੰਗਾਲੀਆਂ ਦੇ ਸਭ ਤੋਂ ਪਿਆਰੇ ਤਿਉਹਾਰ ਉੱਤੇ ਵੀ ਹਾਵੀ ਹੋ ਜਾਵੇਗਾ? ਪਰ ਬੰਗਾਲ ਦੀ ਪਛਾਣ ਹੀ ਉਸ ਦੀਆਂ ਬਾਰੀਕੀਆਂ ਅਤੇ ਵਿਰੋਧਾਭਾਸਾਂ ਵਿੱਚ ਹੈ। ਬੰਗਾਲ ਵਿੱਚ ਪੂਜੋ ਹਮੇਸ਼ਾ ਭਗਵਾ ਰੰਗ ਦੀ ਥਾਂ ਬਸੰਤੀ ਰੰਗ ਦੀ ਯਾਦ ਜਗਾਉਂਦੀ ਰਹੀ ਹੈ—ਬਸੰਤ ਦੀ ਰਸਮ ਦਾ ਸਰ੍ਹੋਂ-ਪੀਲਾ ਰੰਗ, ਜਿਸ ਦਾ ਪਤਝੜ ਵਿੱਚ ਭਗਵਾਨ ਰਾਮ ਵੱਲੋਂ ਅਗੇਤਾ ਦਿੱਤਾ ਗਿਆ ਹੋਕਾ ਪਤਝੜ ਦੀ ਸ਼ਾਰਦੀਯਾ ਪੂਜਾ ਦਾ ਆਧਾਰ ਬਣਦਾ ਹੈ। ਸ਼ਾਰਦੀਯਾ ਦੀ ਥਾਂ 'ਦੁਰਗਾ ਪੂਜਾ' ਕਹਿਣ ਦਾ ਨਵ-ਸਨਾਤਨੀ ਹੁਕਮ ਵੀ ਧਰਤੀ ਅਤੇ ਰੁੱਤਾਂ ਨਾਲ ਜੁੜੇ ਤਿਉਹਾਰ ਨੂੰ ਇੱਕ ਸੌੜੀ ਤੇ ਕਠੋਰ ਧਾਰਮਿਕ ਰਸਮ ਲਈ ਪਾਸੇ ਕਰਨਾ ਹੈ। ਕੀ ਬਸੰਤੀ ਨਾਮ ਅਤੇ ਰੰਗ ਵਿੱਚ ਸਜੀ ਆਪਣੀ ਘਰ ਦੀ ਧੀ ਸਨਾਤਨੀ ਭਗਵਾ ਰੰਗ ਦੇ ਘਰ ਆਵੇਗੀ?

**(ਦ ਟੈਲੀਗ੍ਰਾਫ਼ ਕੋਲਕਾਤਾ 24 ਸਤੰਬਰ 2026)**

SIDHU GLOBAL IMMIGRATION INC.
SERVICES
• Family/Spousal Sponsorship • Parents/Grand Parents
• Super Visa • Visitor Visa • Study Visa/Work Permits
• Express entry (Federal & Provincial)
• Provincial Nominee Applications
• Citizenship, PR Card, Passport & OCI Forms



+1 (403) 860-1957
sidhugursharan152@gmail.com | 71 Saddle Land Way NE Calgary AB T3J 5J3
Gursharan Singh Sidhu, RCIC
Membership No. R523973


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ
ਦੀ ਪੇਸ਼ਕਸ਼
(ਦੋ ਨਾਟਕ)
ਲੱਛੂ ਕਬਾੜੀਆ
ਕੋਈ ਮੋੜ ਲਿਆਵੋ ਨੀ
ਲੇਖਕ ਅਤੇ ਨਿਰਦੇਸ਼ਕ
ਡਾ. ਸਾਹਿਬ ਸਿੰਘ
4 ਅਕਤੂਬਰ 2026 ਐਤਵਾਰ
ਦੁਪਹਿਰ 2 ਵਜੇ
ਦਰਵਾਜ਼ੇ 1.30 ਵਜੇ ਖੁੱਲ੍ਹਣਗੇ
ਸਥਾਨ:
Bert Church Theatre
1000 East Lake Blvd NE,
Airdrie, AB T4A 1P6
For Tickets - 403 455 4220 (Master Bhajan)

# ਪ੍ਰੋਗਰੈਸਿਵ ਆਰਟਸ ਕਲੱਬ ਸਰ੍ਹੀ ਦੀ ਪੇਸ਼ਕਸ਼ ਨਾਟਕ 'ਜੰਨਤ' ਦੀ ਚਰਚਾ ਘਰ ਘਰ ਪਹੁੰਚੀ









ਸਰੀ, (ਪਰਮਿੰਦਰ ਸਵੈਚ) : 'ਜੰਨਤ' ਦੇਖਣਾ ਧਰਤੀ 'ਤੇ ਆਏ ਹਰ ਇਨਸਾਨ ਦੀ ਜ਼ਿੰਦਗੀ ਦਾ ਸੁਪਨਾ ਹੁੰਦਾ ਹੈ। 20 ਸਤੰਬਰ ਨੂੰ ਜਿਨ੍ਹਾਂ ਨੇ 'ਜੰਨਤ' ਦੇਖਿਆ ਉਹ ਸੰਤੁਸ਼ਟ ਨਜ਼ਰ ਆ ਰਹੇ ਹਨ ਪਰ ਜਿਨ੍ਹਾਂ ਨੇ ਨਹੀਂ ਦੇਖਿਆ, ਉਹ ਯਕੀਨਨ ਪਛਤਾ ਰਹੇ ਹੋਣਗੇ।

ਪਿਛਲੇ ਐਤਵਾਰ 20 ਸਤੰਬਰ ਨੂੰ ਪ੍ਰੋਗਰੈਸਿਵ ਆਰਟਸ ਕਲੱਬ ਵੱਲੋਂ ਪਰਮਿੰਦਰ ਸਵੈਚ ਦੁਆਰਾ ਲਿਖਿਆ ਤੇ ਡਾ. ਜਸਕਰਨ ਦੁਆਰਾ ਡਾਇਰੈਕਟਰ ਕੀਤਾ ਨਾਟਕ 'ਜੰਨਤ' ਸਰ੍ਹੀ ਦੇ ਸਰ੍ਹੀ ਆਰਟਸ ਸੈਂਟਰ ਦੀ 400 ਸੀਟਾਂ ਦੀ ਮੇਨ ਸਟੇਜ ਉੱਤੇ ਖਚਾ ਖੱਚ ਭਰੇ ਹਾਲ ਵਿੱਚ ਮੰਚਿਤ ਕੀਤਾ ਗਿਆ। ਨਾਟਕ ਦਾ 4 ਵਜੇ ਦਾ ਟਾਈਮ ਸੀ। ਇੱਕ ਮਿੰਟ ਵੀ ਜਾਇਆ ਹੋਣ ਤੋਂ ਪਹਿਲਾਂ ਸਹੀ 4 ਵਜੇ ਨਾਟਕ ਸ਼ੁਰੂ ਹੋ ਚੁੱਕਾ ਸੀ। ਲੋਕ ਬੈਠਦੇ ਗਏ ਤੇ 20 ਮਿੰਟ ਦੇ ਅੰਦਰ ਅੰਦਰ ਸਟੇਜ 'ਤੇ ਸੰਵਾਦ ਸ਼ੁਰੂ ਹੋ ਗਿਆ। ਨਾਟਕ ਇਤਿਹਾਸ ਵਿੱਚ ਹੋਏ ਨਸਲੀ ਵਿਤਕਰਿਆਂ ਦੇ ਵਰਕੇ ਫਰੋਲਦਾ ਹੋਇਆ ਅੱਜ ਦੀਆਂ ਮੌਜੂਦਾ ਹਾਲਤਾਂ ਵਿੱਚ ਅੰਤਰ ਰਾਸ਼ਟਰੀ ਵਿਦਿਆਰਥੀਆਂ 'ਤੇ ਹੋ ਰਹੇ ਨਸਲੀ ਹਮਲਿਆਂ ਵਿੱਚ ਲੋਕਾਂ 'ਤੇ ਹੋ ਰਹੇ ਪ੍ਰਭਾਵਾਂ ਦਾ ਜ਼ਿਕਰ, ਕਿਵੇਂ ਬੱਚਿਆਂ ਦੀਆਂ ਮੌਤਾਂ ਤੱਕ ਪਹੁੰਚਦਾ ਹੈ, ਦਿਖਾਇਆ ਗਿਆ। ਇਸ ਵਿੱਚ ਪਰਵਾਸੀਆਂ ਦੀਆਂ ਚਾਹਤਾਂ, ਆਸਾਂ, ਉਮੀਦਾਂ, ਮੁਸ਼ਕਲਾਂ, ਚਣੌਤੀਆਂ, ਚਿੰਤਾਵਾਂ, ਬਦਲਦੀਆਂ ਸਮਾਜਿਕ, ਆਰਥਿਕ, ਮਾਨਸਿਕ, ਰਾਜਨੀਤਿਕ ਹਾਲਤਾਂ ਨੂੰ ਵੱਖੋ-ਵੱਖ ਪਹਿਲੂਆ ਤੋਂ ਛੋਹਿਆ ਗਿਆ ਸੀ।

ਦਰਸ਼ਕਾਂ ਦੀ ਭਰਪੂਰ ਗਿਣਤੀ ਤੇ ਉਨ੍ਹਾਂ ਦੇ ਹੁੰਗਾਰੇ ਤੋਂ ਸਾਫ਼ ਤੇ ਸਪੱਸ਼ਟ ਨਜ਼ਰ ਆਉਂਦਾ ਸੀ ਕਿ ਜਿੱਥੇ ਨਾਟਕ ਦੇ ਕਲਾਕਾਰ ਇਸ ਨੂੰ ਜੀਅ ਰਹੇ ਸਨ, ਉੱਥੇ ਦਰਸ਼ਕ ਨਾਟਕ ਨੂੰ ਗਹਿ-ਗੱਚ ਹੋ ਕੇ ਮਾਣ ਰਹੇ ਸਨ। ਲੋਕਾਂ ਦੀਆਂ ਤਾੜੀਆਂ ਕਲਾਕਾਰਾਂ ਦੀ ਅਣਥੱਕ ਮਿਹਨਤ ਨੂੰ ਉਤਸ਼ਾਹਿਤ ਕਰਕੇ ਸ਼ਿੱਦਤ ਨਾਲ ਆਪਣਾ ਰੋਲ ਨਿਭਾਉਣ ਦਾ ਬਲ ਬਖਸ਼ ਰਹੀਆਂ ਸਨ, ਜਿਸ ਸਦਕਾ ਨਾਟਕ ਨੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਦਰਸ਼ਕਾਂ ਨੂੰ ਆਪਣੇ ਨਾਲ ਬੰਨ੍ਹੀ ਰੱਖਿਆ। ਅੰਤ ਵਿੱਚ ਲੋਕਾਂ ਨੇ ਖੜ੍ਹੇ ਹੋ ਕੇ ਕਲਾਕਾਰਾਂ ਨੂੰ ਸ਼ਾਬਾਸ਼ ਦਿੱਤੀ।

ਅਖੀਰ ਵਿੱਚ ਪਰਮਿੰਦਰ ਸਵੈਚ ਨੇ ਸਾਰੇ ਕਲਾਕਾਰਾਂ ਦੀ ਜਾਣ ਪਛਾਣ ਕਰਾਈ ਤੇ ਦੱਸਿਆ ਕਿ ਚਾਰ ਕਲਾਕਾਰ ਜੋ ਪਹਿਲੀ ਵਾਰੀ ਸਟੇਜ ਤੇ ਆਏ ਸਨ। ਜਸਬੀਰ ਮਾਨ, ਜਸ਼ਨਪ੍ਰੀਤ ਕੌਰ, ਕਮਲਜੀਤ ਸਿੰਘ ਸੰਧੂ ਤੇ ਸਮੀਰ ਸਨ ਜਿਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ। ਹੋਰ ਕਲਾਕਾਰ ਜੋ ਰੰਗਮੰਚ ਨੂੰ ਨਵੇਂ ਰਾਹਾਂ ਤੇ ਤੋਰ ਰਹੇ ਡਾ. ਨਵਦੀਪ, ਸਿਮਰਨ ਕ੍ਰਾਂਤੀ, ਅੰਕਿਤ (ਨਵਜੀਤ), ਹਰਪ੍ਰੀਤ ਆਹਲੂਵਾਲੀਆ, ਬੀਰ ਬਟਾਲਵੀ, ਕੇ ਪੀ ਸਿੰਘ ਤੇ ਨਰਿੰਦਰ ਮੰਗੂਵਾਲ ਆਦਿ ਨੇ ਵੀ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰੋਗਰੈਸਿਵ ਆਰਟਸ ਕਲੱਬ ਦੇ ਮੈਂਬਰ ਤੇ ਪ੍ਰਬੰਧਕਾਂ ਸੰਤੋਖ ਢੇਸੀ, ਇਕਬਾਲ ਪੁਰੇਵਾਲ, ਮਲਕੀਤ ਸਵੈਚ, ਕੁਲਦੀਪ ਟੋਨੀ, ਪਰਮਿੰਦਰ ਸਵੈਚ, ਸ਼ਾਨ ਤੇ ਅਨਮੋਲ ਸਭ ਨੇ ਹਿੱਸੇ ਆਉਂਦਾ ਕੰਮ ਬਹੁਤ ਹੀ ਸ਼ਿੱਦਤ ਨਾਲ ਨਿਭਾਇਆ।

ਅੰਤ ਵਿੱਚ ਪਰਮਿੰਦਰ ਸਵੈਚ ਨੇ ਸਾਡੇ ਸੰਪੌਂਸਰਾਂ ਕੰਮਕਾਜੀ ਬਿਜ਼ਨਸਾਂ ਵਾਲੇ ਵੀਰਾਂ ਭੈਣਾਂ ਦਾ, ਚੈਨਲ ਪੰਜਾਬੀ ਤੋਂ ਮੋਹਨ ਗਿੱਲ, ਸਵਿਫਟ ਰੇਡਿਓ ਤੋਂ ਦਵਿੰਦਰ ਬੈਨੀਪਾਲ ਤੇ ਮਨੀ, ਕੁਨੈਕਟ ਐਫ ਐਮ ਤੋਂ ਜਸਪ੍ਰੀਤ ਸਿੱਧੂ, ਬੀ ਕੌਰ ਮੀਡੀਆ ਤੋਂ ਬਲਜਿੰਦਰ ਕੌਰ, ਰੈੱਡ ਐਫ ਐਮ ਤੋਂ ਮਨਜੀਤ ਕੰਗ, ਦੇਸ ਪਰਦੇਸ ਟਾਈਮਜ ਤੋਂ ਸੁਖਵਿੰਦਰ ਚੋਹਲਾ ਤੇ ਹਰਦਮ ਮਾਨ, ਪੰਜਾਬ ਗਾਰਡੀਅਨ ਤੋਂ ਹਰਕੀਰਤ ਸਿੰਘ, ਸਰੋਕਾਰਾਂ ਦੀ ਅਵਾਜ਼ ਤੋਂ ਹਰਬੰਸ ਸਿੰਘ ਸਭ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਆਪਣੀ ਅਵਾਜ਼ ਰਾਹੀਂ ਲੋਕਾਂ ਨੂੰ ਨਾਟਕ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ। ਦਵਿੰਦਰ ਜੋਹਲ ਤੇ ਦਵਿੰਦਰ ਬਚਰਾ ਦਾ ਟਿਕਟਾਂ ਵੇਚਣ ਦੀ ਜ਼ਿੰਮੇਵਾਰੀ ਲਈ ਅਤੇ ਕੁਲਵੀਰ ਹੀਰਾ ਤੇ ਮੋਹਨ ਬਚਰਾ ਨੇ ਹਰ ਪਲ ਨੂੰ ਕੈਮਰੇ ਵਿੱਚ ਬੰਦ ਕਰ ਕੇ ਯਾਦਾਂ ਸਾਂਭਣ ਦਾ ਫਰਜ਼ ਅਦਾ ਕੀਤਾ। ਸਭ ਦਾ ਧੰਨਵਾਦ ਕੀਤਾ ਗਿਆ। ਦਰਸ਼ਕਾਂ ਤੋਂ ਰੰਗਮੰਚ ਦੀ ਬਿਹਤਰੀ ਲਈ ਵਾਅਦਾ ਲਿਆ ਗਿਆ ਕਿ ਉਹ ਹਰ ਵਾਰੀ ਨਾਟਕ ਦੇਖਣ ਲਈ ਆਪਣੇ ਦੋਸਤਾਂ ਮਿੱਤਰਾਂ ਨੂੰ ਨਾਲ ਲੈ ਕੇ ਦਰਸ਼ਕਾਂ ਦੀ ਗਿਣਤੀ ਵਿੱਚ ਵਾਧਾ ਕਰਨਗੇ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

London
Sabzi Bazaar

LONDON SABZI BAZAAR CANADA
+1 647 558 4543 | info@lsbgrocery.ca
Unit 104-106, 4026 Meadowbrook Dr, London, ON

# ਭਾਰਤ-ਅਮਰੀਕਾ ਵਪਾਰ ਸਮਝੌਤਾ ਅਰਥਚਾਰੇ ਲਈ ਖ਼ਤਰੇ ਦੀ ਘੰਟੀ



ਮਨਦੀਪ
+1 438-924-2052
mandeepsaddowal@gmail.com




ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਕੋਈ ਮਾਮੂਲੀ ਦੁਵੱਲਾ ਵਪਾਰਕ ਸਮਝੌਤਾ ਨਹੀਂ ਹੈ ਸਗੋਂ ਵਿਸ਼ਵ ਪੂੰਜੀਵਾਦੀ ਨਿਜ਼ਾਮ ਦੁਆਰਾ ਭਾਰਤੀ ਅਰਥਚਾਰੇ ਉੱਤੇ ਆਪਣਾ ਨਵ-ਬਸਤੀਵਾਦੀ ਗਲਬਾ ਹੋਰ ਪੱਕਾ ਕਰਨ ਦੀ ਇੱਕ ਵਿਆਪਕ ਰਣਨੀਤੀ ਹੈ। ਇਹ ਸਮਝੌਤਾ ਭਾਰਤੀ ਅਰਥਵਿਵਸਥਾ, ਖਾਸਕਰ ਖੇਤੀਬਾੜੀ ਅਰਥਚਾਰੇ ਉੱਤੇ ਪੱਛਮੀ ਸਾਮਰਾਜੀ ਪੂੰਜੀ ਦਾ ਸੰਪੂਰਨ ਗਲਬਾ ਪਾਉਣ ਦੀ ਡੂੰਘੀ ਚਾਲ ਹੈ। ਇੱਕ ਪਾਸੇ ਜਿੱਥੇ ਦੇਸ਼ ਦਾ ਹਾਕਮ ਵਰਗ ਅਤੇ ਕਾਰਪੋਰੇਟ ਮੀਡੀਆ ਇਸ ਸਮਝੌਤੇ ਨੂੰ ਵਿਕਾਸ ਅਤੇ ਆਧੁਨਿਕਤਾ ਦਾ ਨਵਾਂ ਦੁਆਰ ਦੱਸ ਕੇ ਇਸ ਦਾ ਮਹਿਮਾ-ਮੰਡਨ ਕਰ ਰਿਹਾ ਹੈ, ਉੱਥੇ ਹੀ ਭਾਰਤ ਦੀ ਵੱਡੀ ਗਿਣਤੀ ਵਸੋਂ, ਖਾਸ ਕਰ ਪੰਜਾਬ ਅਤੇ ਹਰਿਆਣਾ ਦੀ ਕਿਸਾਨੀ ਲਈ ਇਹ ਇਕਰਾਰਨਾਮਾ ਅਸਲ ਵਿੱਚ ਮੌਤ ਦੇ ਪਰਵਾਨੇ ਵਰਗਾ ਹੈ।

ਇਸ ਪੂਰੀ ਖੇਡ ਦਾ ਸਭ ਤੋਂ ਖ਼ਤਰਨਾਕ ਅਤੇ ਸੰਵੇਦਨਸ਼ੀਲ ਪਹਿਲੂ ਖੇਤੀਬਾੜੀ ਖੇਤਰ ਹੈ। ਪੰਜਾਬ, ਜਿਸ ਨੇ ਦਹਾਕਿਆਂ ਤੋਂ ਆਪਣੀ ਮਿੱਟੀ, ਪਾਣੀ ਤੇ ਸਖ਼ਤ ਮਿਹਨਤ ਨਾਲ ਦੇਸ਼ ਦੇ ਅੰਨ-ਭੰਡਾਰ ਭਰੇ ਹਨ, ਇਸ ਪੱਛਮੀ ਸਾਮਰਾਜੀ ਹਮਲੇ ਦੀ ਸਿੱਧੀ ਜ਼ਦ ਵਿੱਚ ਹੈ। ਇਸ ਦੋ-ਪੱਖੀ ਵਪਾਰ ਸਮਝੌਤੇ ਤਹਿਤ ਭਾਰਤ ਅਗਲੇ ਕੁਝ ਸਾਲਾਂ ਵਿੱਚ ਅਮਰੀਕਾ ਤੋਂ $500 ਅਰਬ ਡਾਲਰ ਦੇ ਊਰਜਾ ਸਰੋਤ (ਕੱਚਾ ਤੇਲ, ਕੋਲਾ, ਐੱਲ. ਐੱਨ. ਜੀ.) ਜਾਣਕਾਰੀ, ਬੋਇੰਗ ਜਹਾਜ਼, ਸੰਚਾਰ ਤਕਨੀਕਾਂ ਆਦਿ ਖਰੀਦੇਗਾ। ਇਸ ਵੱਡੇ ਵਪਾਰਕ ਟੀਚੇ ਨੂੰ ਪੂਰਾ ਕਰਨ ਲਈ ਭਾਰਤੀ ਮੰਡੀ ਅਮਰੀਕੀ ਉਤਪਾਦਾਂ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤੀ ਜਾਵੇਗੀ। ਅਮਰੀਕੀ ਖੇਤੀਬਾੜੀ ਉਤਪਾਦਨ ਦੇ ਮੱਕੀ, ਸੋਇਆਬੀਨ, ਫਲ, ਡੇਅਰੀ ਉਤਪਾਦਾਂ ਉੱਤੇ ਟੈਰਿਫ ਘਟਾ ਕੇ ਉਨ੍ਹਾਂ ਨੂੰ ਭਾਰਤੀ ਬਾਜ਼ਾਰ ਵਿੱਚ ਆਉਣ ਦੀ ਖੁੱਲ੍ਹੀ-ਛੁੱਟੀ ਦਿੱਤੀ ਜਾਵੇਗੀ, ਜਿਸ ਨਾਲ ਭਾਰਤ ਦਾ ਖੇਤੀ ਅਰਥਚਾਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਟੈਰਿਫ ਰਹਿਤ ਅਮਰੀਕੀ ਉਤਪਾਦਾਂ ਦੇ ਮੁਕਾਬਲੇ ਭਾਰਤੀ ਖੇਤੀਬਾੜੀ ਉਤਪਾਦਾਂ ਦਾ ਖੜ੍ਹੇ ਰਹਿਣਾ ਪੂਰੀ ਤਰ੍ਹਾਂ ਗ਼ੈਰ-ਨਿਆਂਇਕ ਹੈ। ਅਮਰੀਕਾ ਵਿੱਚ ਇੱਕ ਔਸਤ ਫਾਰਮ 469 ਏਕੜ ਦਾ ਹੈ ਜਿੱਥੇ ਕਾਰਪੋਰੇਟ ਖੇਤੀ ਨੂੰ ਅਰਬਾਂ ਡਾਲਰ ਦੀ ਸਰਕਾਰੀ ਸਬਸਿਡੀ ਮਿਲਦੀ ਹੈ ਤੇ ਖੇਤੀ ਲਈ ਉੱਚ ਤਕਨੀਕ ਦੀ ਵਰਤੋਂ ਕੀਤੀ ਜਾਂਦੀ ਹੈ। ਅਮਰੀਕਾ ਵਿੱਚ ਵੱਡੇ ਕਾਰਪੋਰੇਟ ਕਿਸਾਨਾਂ ਦੇ ਆਪਣੇ ਵੱਖਰੇ ਵੱਡੇ ਕਾਰੋਬਾਰ ਹਨ ਤੇ ਉਨ੍ਹਾਂ ਦੀ ਮੁਹਤਾਜਗੀ ਨਿਰੀ-ਪੁਰੀ ਖੇਤੀਬਾੜੀ ਉੱਤੇ ਨਹੀਂ ਹੈ। ਇਸ ਦੇ ਉਲਟ ਭਾਰਤ ਵਿੱਚ ਕਿਸਾਨ ਛੋਟੀਆਂ ਜੋਤਾਂ ਉੱਤੇ ਗੁਜ਼ਾਰਾ ਕਰਦੇ ਹਨ। ਭਾਰਤ ਵਿੱਚ 86 ਫੀਸਦੀ ਤੋਂ ਵੱਧ ਕਿਸਾਨ ਸੀਮਾਂਤ ਹਨ, ਜਿਨ੍ਹਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ। ਜਦੋਂ ਅਮਰੀਕੀ ਸਬਸਿਡੀ-ਯਾਫਤਾ ਸਸਤੀਆਂ ਫ਼ਸਲਾਂ ਮੱਕੀ, ਸੋਇਆਬੀਨ, ਕਪਾਹ, ਫਲ ਤੇ ਡੇਅਰੀ ਉਤਪਾਦ ਭਾਰਤੀ ਬਾਜ਼ਾਰ ਵਿੱਚ ਬਿਨਾਂ ਕਿਸੇ ਦਰਾਮਦ ਟੈਰਿਫ ਦੇ ਦਾਖਲ ਹੋਣਗੇ ਤਾਂ ਭਾਰਤੀ ਮੰਡੀ ਵਿੱਚ ਸਸਤੇ ਉਤਪਾਦਾਂ ਦਾ ਹੜ੍ਹ ਆ ਜਾਵੇਗਾ, ਜਿਸ ਨਾਲ ਪੰਜਾਬ ਵਿੱਚ ਕਣਕ-ਝੋਨੇ ਦੇ ਚੱਕਰ ’ਚੋਂ ਨਿਕਲ ਕੇ ਫਸਲੀ ਵੰਨ-ਸੁਵੰਨਤਾ ਅਪਨਾਉਣ ਦੀ ਕੋਈ ਸੰਭਾਵਨਾ ਨਹੀਂ ਬਚੇਗੀ ਅਤੇ ਇਹ ਸਮਝੌਤਾ ਅਸਿੱਧੇ ਤੌਰ ’ਤੇ ਮੰਡੀ ਪ੍ਰਣਾਲੀ (ਏਪੀਐੱਮਸੀ) ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦੀ ਸਰਕਾਰੀ ਸੁਰੱਖਿਆ ਨੂੰ ਖ਼ਤਮ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਸਾਡਾ ਛੋਟਾ ਕਿਸਾਨ ਉਸ ਨਾ-ਬਰਾਬਰੀ ਦੇ ਮੁਕਾਬਲੇ ਦੀ ਲੜਾਈ ਵਿੱਚ ਤਬਾਹ ਹੋ ਜਾਵੇਗਾ ਤੇ ਪਹਿਲਾਂ ਤੋਂ ਹੀ ਗਹਿਰਾ ਹੋ ਰਿਹਾ ਪਾਣੀ, ਵਾਤਾਵਰਨ, ਕਰਜ਼ਾ, ਨਸ਼ਾ, ਭ੍ਰਿਸ਼ਟਾਚਾਰ, ਪਰਵਾਸ ਅਤੇ ਬੇਰੁਜ਼ਗਾਰੀ ਦਾ ਸੰਕਟ ਹੋਰ ਗੰਭੀਰ ਰੂਪ ਧਾਰਨ ਕਰ ਲਵੇਗਾ।

ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਹਜ਼ਾਰਾਂ ਏਕੜ ਦੇ ਸਪੈਸ਼ਲ ਫ਼ਾਰਮਿੰਗ ਜ਼ੋਨ ਬਣਾਉਣ ਦੀ ਯੋਜਨਾ ਦੇਸ਼ ਦੀ ਕਿਸਾਨੀ ਦੇ ਵੱਡੇ ਹਿੱਸੇ ਨੂੰ ਮਜ਼ਦੂਰਾਂ ਦੀ ਸ਼੍ਰੇਣੀ ਵੱਲ ਧੱਕ ਦੇਵੇਗੀ। ਇਸ ਤੋਂ ਇਲਾਵਾ ਪੰਜਾਬ ਵਿੱਚ ਡੇਅਰੀ ਫਾਰਮਿੰਗ ਲੱਖਾਂ ਛੋਟੇ ਕਿਸਾਨਾਂ, ਭੂਮੀਹੀਣ ਪੇਂਡੂ ਮਜ਼ਦੂਰਾਂ ਅਤੇ ਪੇਂਡੂ ਔਰਤਾਂ ਦੀ ਰੋਜ਼ੀ-ਰੋਟੀ ਦਾ ਵਸੀਲਾ ਹੈ। ਪਰ ਅਮਰੀਕੀ ਡੇਅਰੀ ਉਦਯੋਗ ਦੇ ਸਸਤੇ ਪਨੀਰ, ਦੁੱਧ ਅਤੇ ਮੱਖਣ ਦਾ ਦਾਖ਼ਲਾ ਸਾਡੇ ਪੇਂਡੂ ਅਰਥਚਾਰੇ ਦੀ ਰੀੜ੍ਹ ਦੀ ਹੱਡੀ ’ਤੇ ਸੱਟ ਮਾਰੇਗਾ। ਪਸ਼ੂ ਪਾਲਣ ਤੇ ਮੁਰਗੀ ਪਾਲਣ ਵਰਗੇ ਖੇਤੀਬਾੜੀ ਸਹਾਇਕ ਧੰਦੇ ਉਜਾੜੇ ਮੂੰਹ ਧੱਕੇ ਜਾਣਗੇ। ਕੈਲੀਫੋਰਨੀਆ ਦੇ ਫਲ ਤੇ ਸੁੱਕੇ ਮੇਵੇ ਕਸ਼ਮੀਰ-ਹਿਮਾਚਲ ਤੇ ਹੋਰ ਪਹਾੜੀ ਖੇਤਰਾਂ ਦੀ ਉਪਜੀਵਿਕਾ ਨੂੰ ਸਿੱਧੀ ਸੱਟ ਮਾਰਨਗੇ। ਉਪਰੋਂ ਭਾਰਤ ਵੱਲੋਂ ਯੂਰਪ ਨਾਲ ਕੀਤੇ ਵਪਾਰ ਸਮਝੌਤੇ ਨਾਲ ਦੁੱਧ, ਪ੍ਰੋਸੈਸਡ ਫੂਡ, ਖਾਣ ਵਾਲੇ ਤੇਲ ਆਦਿ ਨਾਲ ਵੀ ਭਾਰਤੀ ਡੇਅਰੀ ਖੇਤਰ ਉੱਤੇ ਮਾੜੇ ਅਸਰ ਪੈਣੇ ਸੁਭਾਵਿਕ ਹਨ। ਨਾਲ ਹੀ ਭਾਰਤ ਨੇ ਯੂ ਏ ਈ, ਆਸਟ੍ਰੇਲੀਆ, ਇੰਗਲੈਂਡ, ਨਿਊਜ਼ੀਲੈਂਡ, ਜਪਾਨ ਅਤੇ ਦੱਖਣੀ ਕੋਰੀਆ ਵਰਗੇ ਦੇਸ਼ਾਂ ਨਾਲ ਦੋ-ਪੱਖੀ ਵਪਾਰਕ ਸਮਝੌਤੇ ਕੀਤੇ ਹਨ ਤੇ ਕਈ ਹੋਰ ਮੁਲਕਾਂ ਨਾਲ ਗੱਲਬਾਤ ਚੱਲ ਰਹੀ ਹੈ।

ਟੈਰਿਫ ਰਹਿਤ ਅਮਰੀਕੀ ਵਸਤੂਆਂ ਅਤੇ ਸੇਵਾਵਾਂ ਲਈ ਵੱਡੇ ਪੱਧਰ ’ਤੇ ਅਮਰੀਕੀ ਡਾਲਰ ਦੀ ਮੰਗ ਵਧਣ ਨਾਲ ਭਾਰਤੀ ਰੁਪਏ ਦੀ ਕਦਰ ਵਿੱਚ ਹੋਰ ਭਾਰੀ ਗਿਰਾਵਟ ਆਵੇਗੀ, ਜਿਸ ਨਾਲ ਊਰਜਾ ਤੇ ਹੋਰ ਜ਼ਰੂਰੀ ਦਰਾਮਦਾਂ ਮਹਿੰਗੀਆਂ ਹੋ ਜਾਣਗੀਆਂ ਅਤੇ ਅਮਰੀਕਾ ਦੀ ਉੱਚ-ਤਕਨਾਲੋਜੀ, ਬੀਜ, ਮੈਡੀਕਲ ਉਪਕਰਨ ਤੇ ਡਿਜੀਟਲ ਸੇਵਾਵਾਂ ਦੀਆਂ ਅਜਾਰੇਦਾਰਾਨਾ ਕੀਮਤਾਂ ਕਾਰਨ ਭਾਰਤ ਦਾ ਵਪਾਰਕ ਘਾਟਾ ਆਸਮਾਨ ਛੂਹਣ ਲੱਗੇਗਾ। ਇਸ ਨਾਲ ਲੁਧਿਆਣਾ ਦਾ ਟੈਕਸਟਾਈਲ, ਜਲੰਧਰ ਦੀ ਖੇਡ ਸਾਮਾਨ ਸਨਅਤ ਅਤੇ ਬਟਾਲੇ ਦੀ ਫਾਊਂਡਰੀ ਵਰਗੇ ਛੋਟੇ ਤੇ ਲਘੂ ਉਦਯੋਗ ਵਿਦੇਸ਼ੀ ਮਾਲ ਦਾ ਮੁਕਾਬਲਾ ਨਾ ਕਰ ਸਕਣ ਕਾਰਨ ਬਰਬਾਦ ਹੋ ਜਾਣਗੇ ਅਤੇ ਰੁਜ਼ਗਾਰ ਦੇ ਮੌਕੇ ਹੋਰ ਸੁੰਗੜ ਜਾਣਗੇ।

ਅਮਰੀਕੀ ਬਹੁ-ਰਾਸ਼ਟਰੀ ਕੰਪਨੀਆਂ ਦੀ ਅਥਾਹ ਪੂੰਜੀ ਅਤੇ ਆਧੁਨਿਕ ਤਕਨਾਲੋਜੀ ਦਾ ਮੁਕਾਬਲਾ ਭਾਰਤ ਦੇ ਛੋਟੇ ਤੇ ਲਘੂ ਉਦਯੋਗ ਨਹੀਂ ਕਰ ਸਕਦੇ ਅਤੇ ਅਮਰੀਕੀ ਉਤਪਾਦਾਂ ’ਤੇ ਟੈਰਿਫ ਘਟਣ ਨਾਲ ਭਾਰਤੀ ਬਾਜ਼ਾਰ ਵਿੱਚ ਸਸਤੇ ਵਿਦੇਸ਼ੀ ਮਾਲ ਦਾ ਹੜ੍ਹ ਆ ਜਾਵੇਗਾ ਜੋ ਘਰੇਲੂ ਉਤਪਾਦਾਂ ਦੀ ਮੰਗ ਨੂੰ ਢਾਹ ਲਾਵੇਗਾ। ਇਸ ਤੋਂ ਇਲਾਵਾ, ਅਮਰੀਕਾ ਦੁਆਰਾ ਮਿਥੀਆਂ ਜਾਣ ਵਾਲੀਆਂ ਸਖ਼ਤ ਸ਼ਰਤਾਂ ਅਤੇ ਗੁਣਵੱਤਾ ਮਿਆਰਾਂ ਨੂੰ ਪੂਰਾ ਕਰਨਾ ਛੋਟੇ ਕਾਰੋਬਾਰੀਆਂ ਲਈ ਬਹੁਤ ਖਰਚੀਲਾ ਹੋਵੇਗਾ, ਜਿਸ ਨਾਲ ਪੰਜਾਬ ਸਮੇਤ ਦੇਸ਼ ਭਰ ਦੀਆਂ ਲਘੂ ਉਦਯੋਗਿਕ ਇਕਾਈਆਂ ਬੰਦ ਹੋਣ ਦੇ ਕੰਢੇ ਪੁੱਜ ਸਕਦੀਆਂ ਹਨ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਸਕਦੇ ਹਨ।

ਟਰੰਪ ਵੱਲੋਂ ਵਿਦੇਸ਼ਾਂ ਵੱਲ ਪੈਸਾ ਭੇਜਣ ਉੱਤੇ ਟੈਕਸ ਤੇ ਕੰਟਰੋਲ ਦੀਆਂ ਕੋਸ਼ਿਸ਼ਾਂ ਭਾਰਤ ਵਿੱਚ ਵਿਦੇਸ਼ਾਂ ’ਚੋਂ












ਆਉਂਦੀ ਕਮਾਈ (ਰੈਮੀਟੈਂਸ) ਦੇ ਵਹਾਅ ਉੱਤੇ ਨਾਂਹ-ਪੱਖੀ ਅਸਰ ਪਾਉਣਗੀਆਂ ਅਤੇ ਬੌਧਿਕ ਸੰਪਤੀ ਅਧਿਕਾਰਾਂ (TRIPS) ਤੇ ਪੇਟੈਂਟ ਕਾਨੂੰਨਾਂ ਨੂੰ ਸਖ਼ਤ ਕਰਨ ਕਾਰਨ ਭਾਰਤ ਦਾ ਸਸਤਾ ਜੈਨੇਰਿਕ ਦਵਾਈ ਉਦਯੋਗ ਤਬਾਹ ਹੋਣ ਨਾਲ ਇਲਾਜ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ। ਵਿਦੇਸ਼ੀ ਜੀ ਐੱਮ ਬੀਜਾਂ ਦੀ ਵਰਤੋਂ ਭੋਜਨ ਰਾਹੀਂ ਸਾਡੀ ਥਾਲੀ ਤੱਕ ਪਹੁੰਚ ਕੇ ਕੈਂਸਰ ਅਤੇ ਪੇਟ ਦੇ ਗੰਭੀਰ ਰੋਗਾਂ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਬਾਂਝਪਣ ਅਤੇ ਅਨੁਵੰਸ਼ਕ ਨੁਕਸ ਪੈਦਾ ਕਰ ਸਕਦੀਆਂ ਹਨ। ਅਮਰੀਕਾ ਦੇ ਮਨਸ਼ੇ ਬਹੁ-ਰਾਸ਼ਟਰੀ ਡਿਜੀਟਲ ਦਿਗਜ ਕੰਪਨੀਆਂ (ਗੂਗਲ, ਐਪਲ, ਐਮਾਜ਼ੋਨ, ਮੈਟਾ, ਮਾਈਕਰੋਸੌਫਟ) ਰਾਹੀਂ ਡਿਜੀਟਲ ਡੇਟਾ ਉੱਤੇ ਕਬਜ਼ਾ ਕਰਨ ਅਤੇ ਡਿਜੀਟਲ ਨਿਗਰਾਨੀ ਕਰਨ ਦੇ ਹਨ, ਜਿਸਦੇ ਭਵਿੱਖ ਵਿੱਚ ਸੁਰੱਖਿਆ ਤੇ ਪ੍ਰਭੂਸੱਤਾ ਲਈ ਘਾਤਕ ਸਿੱਟੇ ਨਿਕਲ ਸਕਦੇ ਹਨ।

ਇਸ ਸਮਝੌਤੇ ਲਈ ਅਮਰੀਕਾ ਭਾਰਤ ਸਰਕਾਰ ਉੱਤੇ ਹਰ ਹੀਲੇ-ਵਸੀਲੇ ਆਪਣਾ ਦਬਾਅ ਪਾ ਰਿਹਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਟੈਰਿਫ ਨੀਤੀਆਂ ਨੂੰ ਹਥਿਆਰ ਬਣਾ ਕੇ ਭਾਰਤ ਨੂੰ ਰੂਸ ਅਤੇ ਇਰਾਨ ਤੋਂ ਸਸਤਾ ਕੱਚਾ ਤੇਲ ਖਰੀਦਣ ਤੋਂ ਵਰਜਣਾ ਅਤੇ ਅਮਰੀਕਾ ਦੁਆਰਾ ਵੈਨੇਜ਼ੁਏਲਾ ਦੇ ਦੱਬੇ ਹੋਏ ਤੇਲ ਸਾਧਨਾਂ ਉੱਤੇ ਆਪਣੇ ਕੰਟਰੋਲ ਰਾਹੀਂ ਵਿਸ਼ਵ ਊਰਜਾ ਮੰਡੀ ਉੱਤੇ ਆਪਣੀ ਅਜਾਰੇਦਾਰੀ ਥੋਪ ਕੇ ਭਾਰਤ ਨੂੰ ਮਹਿੰਗਾ ਅਮਰੀਕੀ ਤੇਲ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਟਰੰਪ ਵੱਲੋਂ ਵਾਰ-ਵਾਰ ਭਾਰਤ-ਪਾਕਿਸਤਾਨ ਜੰਗ ਬੰਦ ਕਰਵਾਉਣ ਦੇ ਬਿਆਨ ਦੇ ਕੇ ਅਤੇ ਭਾਰਤ ਨੂੰ ਧਰਤੀ ਉੱਤੇ ਨਰਕ ਕਹਿ ਕੇ ਵਿਸ਼ਵ ਮੰਚ ਉੱਤੇ ਜ਼ਲੀਲ ਕੀਤਾ ਜਾ ਰਿਹਾ ਹੈ। ਇਸ ਸਮਝੌਤੇ ਉੱਤੇ ਸਹਿਮਤੀ ਦੇਣ ਲਈ ਭਾਜਪਾ ਸਰਕਾਰ ਦੇ ਚਹੇਤੇ ਅਡਾਨੀ ਸਮੂਹ ਉੱਤੇ ਅਮਰੀਕੀ ਅਦਾਲਤਾਂ ਵਿੱਚ ਚੱਲ ਰਹੇ ਕੇਸ ਨੂੰ ਮੁੜ ਤੂਲ ਦੇਣ, ਐਪਸਟੀਨ ਫਾਈਲਾਂ ਰਾਹੀਂ ਬਣਾਏ ਗਏ ਬਲੈਕਮੇਲਿੰਗ ਦੇ ਦਬਾਅ ਅਤੇ ਭਾਰਤ ਦੀ ਇਜ਼ਰਾਈਲ-ਅਮਰੀਕੀ ਗੱਠਜੋੜ ਨਾਲ ਵਧ ਰਹੀ ਨੇੜਤਾ ਨੂੰ ਵਰਤਿਆ ਜਾ ਰਿਹਾ ਹੈ। ਇਨ੍ਹਾਂ ਅਮਰੀਕੀ ਕਾਰਵਾਈਆਂ ਨੇ ਨਰਿੰਦਰ ਮੋਦੀ ਦੇ 'ਵਿਸ਼ਵਗੁਰੂ' ਹੋਣ ਦੇ ਬਿਰਤਾਂਤ ਅਤੇ ਗੁੱਟ ਨਿਰਲੇਪ ਦੀ ਭਾਰਤੀ ਵਿਦੇਸ਼ ਨੀਤੀ ਨੂੰ ਕਮਜ਼ੋਰ ਕੀਤਾ ਹੈ।

ਇਹ ਸਮਝੌਤਾ ਪੱਛਮੀ ਸਾਮਰਾਜ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਗ਼ੈਰ-ਬਰਾਬਰ ਵਟਾਂਦਰੇ, ਅਸਾਵੇਂ ਵਿਕਾਸ ਅਤੇ ਭਾਰਤੀ ਖੇਤੀਬਾੜੀ ਵਿੱਚ ਪੂੰਜੀਵਾਦ ਦੇ ਪਸਾਰੇ ਦਾ ਇੱਕ ਹੋਰ ਵੱਡਾ ਹਮਲਾ ਹੈ। ਇਸ ਪੱਛਮੀ ਸਾਮਰਾਜੀ ਵਪਾਰਕ-ਆਰਥਿਕ ਹਮਲੇ ਨਾਲ ਭਾਰਤ ਦੇ ਖੇਤੀਬਾੜੀ ਖੇਤਰ ਨਾਲ ਜੁੜੀ ਵਸੋਂ ਦੇ ਇੱਕ ਵੱਡੇ ਹਿੱਸੇ ਦਾ ਇਸ ਖੇਤਰ ਵਿੱਚੋਂ ਬਾਹਰ ਹੋਣਾ ਲਗਪਗ ਤੈਅ ਹੈ। ਭਾਰਤੀ ਅਰਥਚਾਰੇ ਉੱਤੇ ਪੱਛਮੀ ਸਾਮਰਾਜੀ ਹਮਲੇ ਦੀ ਇਹ ਨੀਤੀ ਕੋਈ ਨਵੀਂ ਨਹੀਂ ਹੈ ਬਲਕਿ ਇਸ ਦੀ ਨੀਂਹ ਬਰਤਾਨਵੀ ਬਸਤੀਵਾਦ ਤੋਂ ਨਿਜਾਤ ਪਾਉਣ ਵੇਲੇ ਤੋਂ ਹੀ ਰੱਖੀ ਗਈ ਸੀ। ਸੱਤਾ ਬਦਲੀ ਤੋਂ ਬਾਅਦ ਭਾਰਤੀ ਰਾਜ ਦੀ ਵਾਗਡੋਰ ਵੱਡੇ ਪੂੰਜੀਪਤੀਆਂ ਦੇ ਹੱਥ ਆਈ, ਜਿਸ ਨੇ ਸਾਮਰਾਜੀ ਵਿੱਤੀ ਪੂੰਜੀ ਅਤੇ ਤਕਨਾਲੋਜੀ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ। 'ਹਰੇ ਇਨਕਲਾਬ' ਨੇ ਖੇਤੀ ਵਿੱਚ ਸਾਮਰਾਜੀ ਕੰਪਨੀਆਂ ਦਾ ਦਾਖਲਾ ਕਰਵਾ ਕੇ ਖੇਤੀ ਪੂੰਜੀਵਾਦ ਅਤੇ ਅਸਾਵੇਂ ਵਿਕਾਸ ਨੂੰ ਜਨਮ ਦਿੱਤਾ। ਵਿਦੇਸ਼ੀ ਪੂੰਜੀ ਨੇ ਭਾਰਤ ਦੇ ਨਿੱਜੀ ਤੇ ਜਨਤਕ ਖੇਤਰ ਵਿੱਚ ਲਗਾਤਾਰ ਘੁਸਪੈਠ ਕੀਤੀ। ਸਿੱਧੇ ਪੂੰਜੀ ਨਿਵੇਸ਼, ਪੋਰਟਫੋਲੀਓ ਨਿਵੇਸ਼, ਵਿੱਤੀ ਤੇ ਤਕਨੀਕੀ ਸਾਂਝੇਦਾਰੀਆਂ ਰਾਹੀਂ ਭਾਰਤ ਦੇ ਕੁੰਜੀਵਤ ਖੇਤਰਾਂ ਜਿਵੇਂ ਬੈਂਕਿੰਗ, ਖੇਤੀਬਾੜੀ, ਬੀਮਾ, ਤੇਲ, ਰੇਲਵੇ ਅਤੇ ਸੰਚਾਰ ਉੱਤੇ ਸਾਮਰਾਜੀ ਦੇਸ਼ਾਂ ਦਾ ਕੰਟਰੋਲ ਰਿਹਾ, ਜਿਸ ਨਾਲ ਭਾਰਤ ਬਰਤਾਨਵੀ ਬਸਤੀ ਦੀ ਥਾਂ ਬਹੁ-ਸਾਮਰਾਜੀ ਦੇਸ਼ਾਂ ਦੀ ਨਵ-ਬਸਤੀਵਾਦੀ ਲੁੱਟ ਦਾ ਅੱਡਾ ਬਣ ਗਿਆ। 1960ਵਿਆਂ 'ਚ ਅਮਰੀਕਾ ਦੀਆਂ ਫੋਰਡ ਅਤੇ ਰੌਕਫੈਲਰ ਫਾਊਂਡੇਸ਼ਨਾਂ ਦੀ ਸਰਪ੍ਰਸਤੀ ਹੇਠ 'ਹਰਾ ਇਨਕਲਾਬ' ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਨੂੰ ਪ੍ਰਯੋਗਸ਼ਾਲਾ ਵਜੋਂ ਚੁਣ ਕੇ ਸਸਤੇ ਕਰਜ਼ਿਆਂ, ਟਰੈਕਟਰਾਂ, ਸੁਧਰੇ ਬੀਜਾਂ, ਟਿਊਬਵੈੱਲਾਂ ਅਤੇ ਕੈਮੀਕਲ ਖਾਦਾਂ-ਦਵਾਈਆਂ ਦੀ ਆਮਦ ਨਾਲ ਖੇਤੀ ਦਾ ਪੂੰਜੀਵਾਦੀਕਰਨ ਕੀਤਾ ਗਿਆ। ਇੱਥੇ ਹਰੇ ਇਨਕਲਾਬ ਦਾ ਸ਼ੁਰੂਆਤੀ ਲਾਭ ਧਨਾਢ ਜ਼ਿਮੀਂਦਾਰਾਂ ਅਤੇ ਵੱਡੇ ਜ਼ਮੀਨ ਮਾਲਕਾਂ ਨੂੰ ਮਿਲਿਆ ਜਦਕਿ ਛੋਟੇ ਕਿਸਾਨ ਖੇਤੀ ਲਾਗਤਾਂ ਉੱਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਏਕਾਧਿਕਾਰ ਕਾਰਨ ਕਰਜ਼ਈ ਹੁੰਦੇ ਗਏ ਅਤੇ ਖੇਤੀ ਲਾਗਤਾਂ ਵਿੱਚ ਵਾਧੇ ਕਾਰਨ ਖੇਤੀ ਘਾਟੇ ਦਾ ਸੌਦਾ ਬਣਦੀ ਗਈ। ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਦੀ ਵੰਡ ਕਾਰਨ ਕੌਮੀ ਪੱਧਰ 'ਤੇ ਔਸਤ ਜੋਤ ਦਾ ਆਕਾਰ ਘਟ ਕੇ 1.08 ਹੈਕਟੇਅਰ (ਲਗਪਗ 2.67 ਏਕੜ) ਰਹਿ ਗਿਆ ਹੈ ਅਤੇ ਦੇਸ਼ ਦੇ 86 ਫੀਸਦੀ ਤੋਂ ਵੱਧ ਕਿਸਾਨ ਸੀਮਾਂਤ ਹਨ, ਜਦਕਿ ਪੰਜਾਬ ਵਿੱਚ ਸੀਮਾਂਤ ਕਿਸਾਨੀ ਦਾ ਖੇਤੀ 'ਚੋਂ ਉਜਾੜਾ ਹੋਣ ਕਾਰਨ ਛੋਟੇ ਕਿਸਾਨ ਜ਼ਮੀਨਾਂ ਠੇਕੇ 'ਤੇ ਦੇ ਕੇ ਜਾਂ ਵੇਚ ਕੇ ਖੇਤੀ 'ਚੋਂ ਬਾਹਰ ਹੋ ਰਹੇ ਹਨ ਜਿਸ ਨਾਲ ਕੁੱਲ ਜੋਤਾਂ ਦੀ ਗਿਣਤੀ 1990-91 ਵਿੱਚ 11.17 ਲੱਖ ਤੋਂ ਘਟ ਕੇ 9.5 ਲੱਖ ਰਹਿ ਗਈ ਹੈ। ਇਸ ਤਰ੍ਹਾਂ ਸਾਮਰਾਜੀ ਪੂੰਜੀ ਤੇ ਨਵੀਂ ਤਕਨੀਕ ਦੇ ਮੱਕੜਜਾਲ ਵਿੱਚ ਫਸ ਕੇ ਦੇਸ਼ ਦਾ ਅਰਥਚਾਰਾ ਲਗਾਤਾਰ ਲਕਵਾਗ੍ਰਸਤ ਹੁੰਦਾ ਜਾ ਰਿਹਾ ਹੈ।

ਦੇਸ਼ ਦੇ ਹਾਕਮ ਸਾਮਰਾਜੀ ਦੇਸ਼ਾਂ ਤੇ ਉਨ੍ਹਾਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨਾਲ ਆਪਣੇ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਦੇ ਵਿੱਤੀ ਹਿੱਤਾਂ ਲਈ ਦੇਸ਼ ਦੀ ਕਿਸਾਨੀ, ਖੇਤ ਮਜ਼ਦੂਰਾਂ ਅਤੇ ਛੋਟੇ ਉਦਯੋਗਾਂ ਦਾ ਸੌਦਾ ਕਰਨ ਲਈ ਤਿਆਰ ਹਨ। ਇਹ ਸਮਝੌਤਾ ਕੋਈ 'ਮੁਕਤ' ਜਾਂ ਨਿਰਪੱਖ ਆਰਥਿਕ ਨੀਤੀ ਦਾ ਹਿੱਸਾ ਨਹੀਂ ਹੈ ਸਗੋਂ ਦੇਸ਼ ਦੇ ਦਿਹਾਤੀ ਅਰਥਚਾਰੇ ਉੱਤੇ ਇੱਕ ਸਾਮਰਾਜੀ ਡਾਕਾ ਹੈ। ਜੇਕਰ ਪੰਜਾਬ ਦੀ ਕਿਸਾਨੀ ਅਤੇ ਅਰਥਚਾਰੇ ਨੂੰ ਬਚਾਉਣਾ ਹੈ ਤਾਂ ਸਭ ਤੋਂ ਪਹਿਲਾਂ ਖੇਤੀਬਾੜੀ ਅਤੇ ਡੇਅਰੀ ਖੇਤਰ ਨੂੰ ਇਸ ਸਮਝੌਤੇ ਤੋਂ ਪੂਰੀ ਤਰ੍ਹਾਂ ਬਾਹਰ ਰੱਖਣ ਦੀ ਮੰਗ ਕਰਨੀ ਪਵੇਗੀ। ਪਰ ਇਸ ਤੋਂ ਵੀ ਵੱਡੀ ਲੋੜ ਇਹ ਸਮਝਣ ਦੀ ਹੈ ਕਿ ਇਹ ਲੜਾਈ ਕੇਵਲ ਟੈਰਿਫਾਂ ਦੇ ਘਾਟੇ-ਵਾਧੇ ਲਈ ਨਹੀਂ ਸਗੋਂ ਨਵ-ਉਦਾਰਵਾਦੀ ਅਤੇ ਸਾਮਰਾਜਵਾਦੀ ਪੂੰਜੀ ਦੇ ਖ਼ਿਲਾਫ਼ ਇੱਕ ਵਿਆਪਕ ਜਮਾਤੀ ਸੰਘਰਸ਼ ਦੀ ਹੈ। ਇਸ ਸਮੇਂ ਪੰਜਾਬ ਦੇ ਅਰਥਚਾਰੇ ਤੇ ਕਿਸਾਨੀ ਨੂੰ ਬਚਾਉਣ ਦਾ ਰਸਤਾ ਨਵ-ਉਦਾਰਵਾਦੀ ਨੀਤੀਆਂ ਨਾਲ ਸਮਝੌਤਾ ਕਰਨ ਵਿੱਚੋਂ ਨਹੀਂ ਨਿਕਲਣਾ, ਸਗੋਂ ਕਿਸਾਨਾਂ, ਪੇਂਡੂ ਮਜ਼ਦੂਰਾਂ, ਸਨਅਤੀ ਮਜ਼ਦੂਰਾਂ, ਨੌਜਵਾਨਾਂ ਅਤੇ ਛੋਟੇ ਕਾਰੋਬਾਰੀਆਂ ਦੀ ਸਾਮਰਾਜਵਾਦ-ਵਿਰੋਧੀ ਤੇ ਪੂੰਜੀਵਾਦ-ਵਿਰੋਧੀ ਵਿਆਪਕ ਜਮਾਤੀ ਏਕਤਾ, ਚੇਤਨਾ ਅਤੇ ਸੰਘਰਸ਼ ਵਿੱਚੋਂ ਨਿਕਲਣਾ ਹੈ।

# ਯੂ ਪੀ ਆਈ ਭੁਗਤਾਨਾਂ 'ਤੇ ਕਾਟ ਕੱਟਣ ਦੀ ਕਵਾਇਦ

**ਹਰਚਰਨ ਸਿੰਘ ਚਹਿਲ, ਬਰਨਾਲਾ**

ਯੂ ਪੀ ਆਈ ਭੁਗਤਾਨਾਂ ਸੰਬੰਧੀ ਕੇਂਦਰ ਸਰਕਾਰ ਵੱਲੋਂ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰਨ ਦਾ ਲੋਕ ਵਿਰੋਧੀ ਫ਼ੈਸਲਾ ਆਖ਼ਰ ਸਾਹਮਣੇ ਆ ਹੀ ਗਿਆ ਹੈ। ਸਰਕਾਰ ਦੇ ਇਸ ਫ਼ੈਸਲੇ ਬਾਰੇ ਵਿਸਥਾਰ ਵਿੱਚ ਜਾਨਣ ਦੀ ਲੋੜ ਹੈ। ਗੂਗਲ-ਪੇਅ, ਫੋਨ-ਪੇਅ, ਪੇ ਟੀ ਐਮ, ਭੀਮ ਐਪ ਆਦਿ ਤੋਂ ਹੁਣ ਅਸੀਂ ਜਾਣੂ ਹੀ ਨਹੀਂ, ਬਲਕਿ ਬਹੁਗਿਣਤੀ ਲੋਕ ਹੁਣ ਖ਼ੁਦ ਵੀ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਦੇ ਹਨ। ਵੱਡੇ-ਵੱਡੇ ਮੌਲਜ਼ ਤੋਂ ਲੈ ਕੇ, ਛੋਟੀਆਂ-ਛੋਟੀਆਂ ਦੁਕਾਨਾਂ ਤੱਕ, ਕਿਸੇ ਦੂਸਰੇ ਸ਼ਖਸ, ਸੰਸਥਾ ਨੂੰ ਭੁਗਤਾਨ (ਪੇਮੈਂਟ) ਕਰਨ ਅਤੇ ਇੱਥੋਂ ਤੱਕ ਕਿ ਹੁਣ ਤਾਂ ਸਬਜ਼ੀ-ਫ਼ਲ ਆਦਿ ਵੇਚਣ ਵਾਲੇ ਰੇਹੜੀ ਵਾਲਿਆਂ ਨੂੰ ਵੀ ਇਨ੍ਹਾਂ ਐਪਾਂ ਰਾਹੀਂ ਭੁਗਤਾਨ ਕੀਤਾ ਜਾਣ ਲੱਗਾ ਹੈ। ਹੁਣ ਤਾਂ ਹਰ ਇਕ ਬੈਂਕ ਦੀ ਐਪ ਵਿੱਚ ਅਤੇ ਇੱਥੋਂ ਤੱਕ ਕੇ ਵਟਸਐਪ ਉਪਰ ਵੀ ਯੂਪੀਆਈ ਪੇਮੈਂਟ ਲਈ ਲਿੰਕ ਮੁਹੱਈਆ ਕਰਵਾਏ ਹੋਏ ਹਨ।

ਇਨ੍ਹਾਂ ਸਭ ਐਪਾਂ ਦੇ ਪਿਛੋਕੜ ਵਿਚ ਕੰਮ ਕਰਨ ਵਾਲੀ ਤਕਨੀਕ ਦਾ ਨਾਂਅ ਹੀ ਯੂ ਪੀ ਆਈ ਹੈ, ਅਰਥਾਤ ਯੂਨੀਫਾਈਡ ਪੇਮੈਂਟ ਇੰਟਰਫੇਸ (Unified Payment Interphase)। ਇਹ ਸੇਵਾ ਇਸ ਕਾਰਨ ਚਰਚਾ ਵਿਚ ਹੈ ਕਿ ਹੁਣ ਤੱਕ ਮੁਫ਼ਤ ਚੱਲੀ ਆ ਰਹੀ ਇਸ ਭੁਗਤਾਨ ਸੇਵਾ ਉਪਰ ਭਾਰਤ ਸਰਕਾਰ ਨੇ 'ਫੀਸ' ਲਾਉਣ ਦਾ ਫੈਸਲਾ ਕਰ ਲਿਆ ਹੈ। 'ਫੀਸ' ਲਾਉਣ ਨਾਲੋਂ 'ਕਾਟ-ਕੱਟਣਾ' ਵਧੇਰੇ ਢੁਕਵਾਂ ਸ਼ਬਦ ਹੈ ਕਿਉਂਕਿ ਇਹ ਫੀਸ ਭੁਗਤਾਨ ਕਰਨ ਵਾਲੇ ਤੋਂ ਵਸੂਲ ਨਹੀਂ ਕੀਤੀ ਜਾਂਦੀ, ਬਲਕਿ ਭੁਗਤਾਨ ਪ੍ਰਾਪਤ-ਕਰਤਾ (ਕਾਰੋਬਾਰੀ) ਨੂੰ ਮਿਲਣ ਵਾਲੀ ਰਾਸ਼ੀ ਵਿਚੋਂ 'ਕੱਟੀ' ਜਾਂਦੀ ਹੈ।

ਸਰਕਾਰਾਂ ਨੇ ਸੰਸਦ ਦੇ ਹੁਣੇ ਲੰਘੇ ਸੈਸ਼ਨ ਵਿਚ ਇਸ ਮੰਤਵ ਲਈ 'ਟੈਕਸੇਸ਼ਨ ਅਤੇ ਦੂਸਰਾ ਨਿਯਮ (ਸੋਧ) ਬਿੱਲ 2026' ਪਾਸ ਕਰਵਾ ਕੇ 15 ਅਕਤੂਬਰ ਤੋਂ ਲੋਕਾਈ ਦੀ ਜੇਬ 'ਤੇ ਡਾਕਾ ਮਾਰਨ ਦਾ ਫੈਸਲਾ ਕਰ ਲਿਆ ਹੈ।

ਹੁਣ ਤੱਕ ਯੂ ਪੀ ਆਈ ਅਤੇ ਰੁਪੇ (RUPAY) ਡੈਬਿਟ ਕਾਰਡ ਰਾਹੀਂ ਪ੍ਰਾਪਤ ਕੀਤੇ ਭੁਗਤਾਨਾਂ ਵਿੱਚੋਂ ਕੋਈ ਕਟੌਤੀ ਨਹੀਂ ਸੀ ਕੱਟੀ ਜਾਂਦੀ। ਰੁਪੇ ਕਾਰਡ ਆਰ ਬੀ ਆਈ ਦੀ ਨਿਗਰਾਨੀ ਹੇਠ ਕੰਮ ਕਰਨ ਵਾਲੇ ਅਦਾਰੇ 'ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ ਇੰਡੀਆ' ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਅਤੇ ਇਸ ਦੇਸੀ ਕਾਰਡ ਨੂੰ ਵੀਜ਼ਾ, ਮਾਸਟਰ ਕਾਰਡ ਆਦਿ ਵਿਦੇਸ਼ੀ ਕਾਰਡਾਂ ਦੇ ਮੁਕਾਬਲੇ, ਵਿਸ਼ੇਸ਼ ਰਿਆਇਤਾਂ ਹਾਸਲ ਹਨ। ਦੂਸਰੇ ਸਭ ਡੈਬਿਟ ਕਾਰਡਾਂ ਉਪਰ 0.4 ਤੋਂ 0.9 ਫੀਸਦੀ ਅਤੇ ਕਰੈਡਿਟ ਕਾਰਡਾਂ ਰਾਹੀਂ ਪ੍ਰਾਪਤ ਕੀਤੇ ਭੁਗਤਾਨਾਂ ਉਪਰ 1 ਤੋਂ 3 ਫੀਸਦੀ ਤੱਕ ਕਟੌਤੀ ਕੱਟੀ ਜਾਂਦੀ ਹੈ। ਇਸ ਕਟੌਤੀ ਨੂੰ ਵਪਾਰਕ/ਬੈਂਕਿੰਗ ਸ਼ਬਦਾਵਲੀ ਵਿੱਚ 'ਮਰਚੈਂਟ ਡਿਸਕਾਊਂਟ ਰੇਟ' (MDR) ਕਿਹਾ ਜਾਂਦਾ ਹੈ। ਡੈਬਿਟ ਕਾਰਡ ਉਹ ਹੁੰਦੇ ਹਨ, ਜਿੱਥੇ ਅਸੀਂ ਸੇਵਿੰਗਜ਼ ਜਾਂ ਕਰੰਟ ਅਕਾਊਂਟ ਵਿਚ ਪਿਆ ਆਪਣਾ ਹੀ ਪੈਸਾ ਵਰਤਦੇ ਹਾਂ।

ਸਾਡਾ ਏ ਟੀ ਐੱਮ ਕਾਰਡ ਇਕ ਡੈਬਿਟ ਕਾਰਡ ਹੈ ਅਤੇ ਕਰੈਡਿਟ ਕਾਰਡ ਇਕ ਤਰ੍ਹਾਂ ਦਾ ਕਰਜ਼ਾ ਹੁੰਦਾ ਹੈ, ਜਿਹੜਾ ਕਾਰਡ ਜਾਰੀ ਕਰਨ ਵਾਲਾ ਬੈਂਕ ਸਾਨੂੰ ਲਿਮਟ ਨਿਰਧਾਰਿਤ ਕਰਕੇ ਦਿੰਦਾ ਹੈ। ਡੈਬਿਟ ਕਾਰਡਾਂ ਨਾਲੋਂ ਕ੍ਰੈਡਿਟ ਕਾਰਡਾਂ ਦਾ ਐੱਮ ਡੀ ਆਰ ਜ਼ਿਆਦਾ ਹੁੰਦਾ ਹੈ।

**ਮਰਚੈਂਟ ਡਿਸਕਾਊਂਟ ਰੇਟ (MDR-ਫੀਸ) ਵਸੂਲਣ ਦੀ ਵਿਧੀ:** ਸਿੱਧੇ ਤੌਰ 'ਤੇ ਇਹ ਫੀਸ ਮਰਚੈਂਟ ਅਰਥਾਤ ਕਾਰਬਾਰੀ ਤੋਂ ਹੀ ਵਸੂਲੀ ਜਾਂਦੀ ਹੈ, ਪਰ ਕਿਉਂਕਿ ਕਾਰੋਬਾਰੀ ਨੇ ਆਪਣੇ ਹਰ ਤਰ੍ਹਾਂ ਖ਼ਰਚੇ ਅਤੇ ਮੁਨਾਫ਼ਾ ਆਖ਼ਰ ਗਾਹਕ ਤੋਂ ਹੀ ਵਸੂਲਣਾ ਹੁੰਦਾ ਹੈ, ਇਸ ਲਈ ਐੱਮ ਡੀ ਆਰ ਦਾ ਖਰਚਾ ਆਖ਼ਰ ਗਾਹਕ ਦੇ ਸਿਰ ਹੀ ਪੈਂਦਾ ਹੈ। ਮੰਨ ਲਓ ਮੈਂ ਵੀਜ਼ਾ ਕਾਰਡ (ਇਹ ਕਾਰਡ ਮੇਰੇ ਆਪਣੇ ਬੈਂਕ, ਜਿਵੇਂ ਪੀ ਐਨ ਬੀ ਨੇ ਹੀ ਜਾਰੀ ਕੀਤਾ ਹੁੰਦਾ ਹੈ, ਪਰ ਵੀਜ਼ਾ (VISA) ਕੰਪਨੀ ਦੁਆਰਾ ਬਰਾਂਡਡ ਹੁੰਦਾ ਹੈ) ਰਾਹੀਂ ਕਿਸੇ ਕਾਰੋਬਾਰੀ ਨੂੰ 10000 ਰੁਪਏ ਦੀ ਪੇਮੈਂਟ ਕੀਤੀ। ਜੇਕਰ ਇਸ ਕਾਰਡ ਦਾ ਐੱਮ ਡੀ ਆਰ 2 ਫੀਸਦੀ ਹੈ ਤਾਂ ਕਾਰੋਬਾਰੀ ਦੇ ਖਾਤੇ ਵਿੱਚ ਸਿਰਫ਼ 9800 ਰੁਪਏ ਕਰੈਡਿਟ ਹੋਣਗੇ ਅਤੇ 200 ਰੁਪਏ ਕ੍ਰੈਡਿਟ ਕਾਰਡ ਜਾਰੀ ਕਰਨ ਵਾਲੇ ਬੈਂਕ ਅਤੇ ਵੀਜ਼ਾ ਕਾਰਡ ਕੰਪਨੀ ਦਰਮਿਆਨ ਤੈਅ-ਸ਼ੁਦਾ ਅਨੁਪਾਤ ਵਿੱਚ ਵੰਡ ਲਏ ਜਾਣਗੇ। ਇਸ ਤਰ੍ਹਾਂ ਵੀਜ਼ਾ, ਮਾਸਟਰ ਕਾਰਡ, ਅਮਰੀਕਨ ਐਕਸਪ੍ਰੈੱਸ ਆਦਿ ਇਹ ਕੰਪਨੀਆਂ (ਜਿਹੜੀਆਂ ਜ਼ਿਆਦਾ ਅਮਰੀਕਨ ਕੰਪਨੀਆਂ ਹਨ) ਹਰ ਸਾਲ ਕਰੋੜਾਂ, ਅਰਬਾਂ ਰੁਪਏ ਦੀ ਕਮਾਈ ਕਰਦੀਆਂ ਹਨ। ਕਾਰੋਬਾਰੀ 200 ਰੁਪਏ ਦੀ ਮਾਰ ਇਸ ਲਈ ਝੱਲਦਾ ਹੈ ਕਿ ਇਕ ਤਾਂ ਇਹ ਸਹੂਲਤ ਦੇਣ ਕਾਰਨ ਉਸ ਦੀ ਸੇਲ ਵਧਦੀ ਹੈ ਅਤੇ ਦੂਸਰੇ ਉਸ ਨੂੰ ਨਗਦੀ ਗਿਣਨ, ਸੰਭਾਲਣ, ਬੈਂਕ ਵਿਚ ਨਗਦੀ ਜਮ੍ਹਾਂ ਕਰਵਾਉਣ ਆਦਿ ਦੇ ਝੰਜਟ ਤੋਂ ਛੁਟਕਾਰਾ ਮਿਲ ਜਾਂਦਾ ਹੈ।

**ਯੂ ਪੀ ਆਈ ਭੁਗਤਾਨਾਂ ਦਾ ਕਾਰੋਬਾਰ:** ਪਿਛਲੇ ਸਿਰਫ ਇਕ ਦਹਾਕੇ ਦੇ ਦੌਰਾਨ ਹੀ ਯੂਪੀਆਈ ਪੇਮੈਂਟਾਂ ਦੀ ਗਿਣਤੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਸਭ ਤੋਂ ਵੱਡਾ ਕਾਰਨ ਤਾਂ ਇਸ ਸੇਵਾ ਲਈ ਲੋੜੀਂਦੇ ਬੁਨਿਆਦੀ ਢਾਂਚੇ ਦਾ ਉਪਲੱਬਧ ਹੋ ਜਾਣਾ ਹੈ; ਸਮਾਰਟ ਫੋਨ, ਇੰਟਰਨੈੱਟ ਸਹੂਲਤ ਆਦਿ ਤੱਕ ਬਹੁਗਿਣਤੀ ਲੋਕਾਂ ਦੀ ਰਸਾਈ ਹੋ ਜਾਣ ਕਾਰਨ ਇਸ ਸਹੂਲਤ ਨੂੰ ਵਰਤਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਵਧ ਗਈ ਹੈ। ਕਰੋਨਾ ਦੌਰ ਦੌਰਾਨ ਜਦੋਂ ਕਿਸੇ ਦੂਸਰੇ ਦੇ ਹੱਥੋਂ ਨਗਦੀ ਫੜਨ ਕਾਰਨ 'ਲਾਗ' ਲੱਗਣ ਦਾ ਅੰਦੇਸ਼ਾ ਹੁੰਦਾ ਸੀ, ਉਦੋਂ ਇਸ ਸੇਵਾ ਦਾ ਬਹੁਤ ਪ੍ਰਸਾਰ ਹੋਇਆ। ਅੱਜ ਕੱਲ੍ਹ ਹਾਲਤ ਇਹ ਹੈ ਕਿ ਸਾਡੇ ਮੁਲਕ ਵਿਚ ਹਰ ਰੋਜ਼ ਇਸ ਮਾਧਿਅਮ ਰਾਹੀਂ 76 ਕਰੋੜ ਟਰਾਂਜੈਕਸ਼ਨਾਂ ਹੁੰਦੀਆਂ ਹਨ, ਪਰ ਪਿਛਲੇ ਪੰਜ ਸਾਲਾਂ ਦੌਰਾਨ ਇਸ ਦੇ ਵਾਧੇ ਦੀ ਦਰ ਵਿਚ ਕਮੀ ਆਈ ਹੈ ਅਤੇ ਨਗਦ ਭੁਗਤਾਨ ਕਰਨ ਦੇ ਰੁਝਾਨ ਵਿਚ ਵਾਧੇ ਦੀ ਦਰ ਵਧ ਰਹੀ ਹੈ।

ਭਾਰਤ ਸਰਕਾਰ ਕਹਿ ਰਹੀ ਹੈ ਕਿ ਯੂ ਪੀ ਆਈ ਭੁਗਤਾਨਾਂ ਉਪਰ 'ਫੀਸ' ਲਾਉਣ ਨਾਲ ਆਮ ਲੋਕਾਂ ਉਪਰ ਕੋਈ ਬੋਝ ਨਹੀਂ ਪਵੇਗਾ। ਸਰਕਾਰ 'ਵਿਅਕਤੀ ਤੋਂ ਵਿਅਕਤੀ (Person to Person) ਭੁਗਤਾਨ ਕਰਨ 'ਤੇ ਫ਼ੀਸ ਨਹੀਂ ਲਗਾਏਗੀ, ਸਿਰਫ 'ਵਿਅਕਤੀ ਤੋਂ ਕਾਰੋਬਾਰੀ (Person to Merchant) ਪੇਮੈਂਟਾਂ ਉੱਪਰ ਹੀ ਫ਼ੀਸ ਲੱਗਗੀ। ਸਰਕਾਰ ਦੇ ਕਹਿਣ ਮੁਤਾਬਕ 'ਫੀਸ' ਸਿਰਫ਼ ਤਦ ਹੀ ਲੱਗੇਗੀ, ਜੇਕਰ ਕੋਈ ਵਿਅਕਤੀ ਕਿਸੇ ਅਜਿਹੇ ਕਾਰੋਬਾਰੀ ਨੂੰ 2000 ਰੁਪਏ ਤੋਂ ਵੱਧ ਦੀ ਪੇਮੈਂਟ ਕਰਦਾ ਹੈ, ਜਿਸ ਕਾਰੋਬਾਰੀ ਦੀ ਸਾਲਾਨਾ ਸੇਲ (ਟਰਨਓਵਰ) 1.5 ਕਰੋੜ ਤੋਂ ਜ਼ਿਆਦਾ ਹੈ, ਪਰ ਸਰਕਾਰ ਨੇ ਐਮ ਡੀ ਆਰ ਰੇਟ ਅਜੇ ਤੈਅ ਨਹੀਂ ਕੀਤੇ। ਸਰਕਾਰ ਦੇ ਦਾਅਵਿਆਂ ਵਿਚ ਦਮ ਨਹੀਂ ਹੈ। ਪਹਿਲੀ ਗੱਲ, ਕਾਰੋਬਾਰੀ ਆਪਣਾ ਬੋਝ ਆਖ਼ਿਰ ਗਾਹਕਾਂ ਉਪਰ ਹੀ ਪਾਏਗਾ ਅਤੇ ਦੂਸਰਾ, ਇਹ 2000 ਰੁਪਏ ਅਤੇ 1.5 ਕਰੋੜ ਟਰਨਓਵਰ ਦੀ ਹੱਦ ਭਵਿੱਖ ਵਿਚ ਕਦੇ ਵੀ ਘਟਾਈ ਜਾ ਸਕਦੀ ਹੈ ਅਤੇ ਸਾਰੀਆਂ ਟਰਾਂਜੈਕਸ਼ਨਾਂ ਉਪਰ ਫ਼ੀਸ ਲਗਾਈ ਜਾ ਸਕਦੀ ਹੈ।

**ਸਾਮਰਾਜੀ ਦਾਬੇ ਦਾ ਅਸਰ : ਯੂਪੀਆਈ**

ਪਲੇਟਫਾਰਮ ਨੂੰ ਰਿਜ਼ਰਵ ਬੈਂਕ ਆਫ ਇੰਡੀਆ ਦੇ ਇਕ ਅਦਾਰੇ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (NPCI), ਨੇ ਵਿਕਸਿਤ ਕੀਤਾ ਹੈ। ਸਰਕਾਰ ਦਾ ਤਰਕ ਹੈ ਕਿ ਇਸ ਸੇਵਾ ਨੂੰ ਵਿਕਸਿਤ ਕਰਨ ਅਤੇ ਇਸ ਦੇ ਸੰਚਾਲਣ ਲਈ ਵੱਡਾ ਖ਼ਰਚਾ ਹੁੰਦਾ ਹੈ। ਆਖ਼ਿਰ ਕਿਸੇ ਨੂੰ ਤਾਂ ਇਹ ਖ਼ਰਚਾ ਝੱਲਣਾ ਹੀ ਪੈਣਾ ਹੈ, ਹੁਣ ਤੱਕ ਸਰਕਾਰ ਝੱਲਦੀ ਆਈ ਹੈ, ਅੱਗ ਨੂੰ ਵਰਤੋਂਕਾਰ ਵੀ ਖ਼ਰਚਾ ਝੱਲਣ, ਪਰ ਸਰਕਾਰ ਦਾ ਇਹ ਤਰਕ ਬਹੁਤ ਕਮਜ਼ੋਰ ਹੈ ਅਤੇ ਫ਼ੀਸ ਲਾਉਣ ਦੇ ਅਸਲੀ ਕਾਰਨਾਂ ਨੂੰ ਛੁਪਾਉਂਦਾ ਹੈ। ਇਕ ਅੰਦਾਜ਼ੇ ਮੁਤਾਬਕ ਇਸ ਸਹੂਲਤ ਦੇ ਸੰਚਾਲਣ ਉਪਰ ਐੱਨ ਪੀ ਸੀ ਆਈ (NPCI) ਤਕਰੀਬਨ 15000 ਕਰੋੜ ਰੁਪਏ ਖ਼ਰਚ ਕਰਦਾ ਹੈ। ਲੋਕ ਭਲਾਈ ਅਤੇ ਭਾਰਤੀ ਆਰਥਿਕਤਾ ਲਈ ਇਸ ਦੇ ਮਹੱਤਵ ਨੂੰ ਦੇਖਦਿਆਂ ਰਿਜ਼ਰਵ ਬੈਂਕ ਲਈ ਇਹ 15000 ਕਰੋੜ ਮਾਮੂਲੀ ਰਾਸ਼ੀ ਹੈ। ਚੇਤੇ ਰਹੇ ਆਰਬੀਆਈ ਨੇ ਇਸ ਸਾਲ ਆਪਣੇ ਰਿਜ਼ਰਵ ਫੰਡ ਵਿੱਚੋਂ ਭਾਰਤ ਸਰਕਾਰ ਨੂੰ 287000 ਕਰੋੜ ਰੁਪਏ ਅਤੇ ਪਿਛਲੇ ਸਾਲ 269000 ਕਰੋੜ ਰੁਪਏ ਦਿੱਤੇ, ਜਦੋਂ ਕਿ ਇਕ ਖ਼ੁਦ-ਮੁਖਤਿਆਰ ਅਦਾਰਾ ਹੋਣ ਨਾਤੇ ਆਰ ਬੀ ਆਈ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਸੀ। ਇਸ ਤੋਂ ਇਲਾਵਾ ਜੇਕਰ ਯੂਪੀਆਈ ਪੇਮੈਂਟ ਉਪਰ ਖ਼ਰਚਾ ਦੇਣਾ ਪਵੇਗਾ ਤਾਂ ਵਪਾਰੀ ਗਾਹਕ ਨੂੰ ਨਗਦ ਰਾਸ਼ੀ ਦੇਣ ਲਈ ਕਹੇਗਾ। ਇਸ ਕਾਰਨ ਨਗਦੀ ਦਾ ਚਲਣ ਵਧੇਗਾ ਅਤੇ ਆਰਥਿਕਤਾ ਲਈ ਨਗਦੀ ਦਾ ਚਲਣ, ਡਿਜੀਟਲ ਅਰਥਾਤ ਯੂਪੀਆਈ ਸਿਸਟਮ ਨਾਲ ਬਹੁਤ ਮਹਿੰਗਾ ਪੈਂਦਾ ਹੈ। ਕਰੰਸੀ ਛਾਪਣ ਅਤੇ ਵਿਤਰਣ ਦਾ ਕੰਮ ਬਹੁਤ ਮਹਿੰਗਾ ਪ੍ਰੋਜੈਕਟ ਹੈ। ਇਸ ਲਈ ਇਹ ਫ਼ੀਸ ਲਾਉਣ ਦਾ ਅਸਲੀ ਕਾਰਨ ਕੋਈ ਹੋਰ ਹੈ।




ਇਕੱਲਾ ਭਾਰਤ ਹੀ ਨਹੀਂ, ਦੁਨੀਆ ਭਰ ਦੇ ਅਨੇਕਾਂ ਮੁਲਕਾਂ ਨੇ ਯੂਪੀਆਈ ਵਰਗੇ ਸਿਸਟਮ ਵਿਕਸਿਤ ਕਰ ਲਏ ਹਨ। ਬਰਾਜ਼ੀਲ ਦਾ 'ਪਿਕਸ' (PIX) ਵੀ ਯੂਪੀਆਈ ਦੀ ਹੀ ਤਰ੍ਹਾਂ ਬਹੁਤ ਵਧੀਆ ਕੰਮ ਕਰ ਰਿਹਾ ਹੈ। ਇਨ੍ਹਾਂ ਮੁਫ਼ਤ ਸਹੂਲਤਾਂ ਦੇ ਚਲਦੇ ਵੀਜ਼ਾ, ਮਾਸਟਰ ਕਾਰਡ ਵਰਗੀਆਂ ਦਿਉ-ਕੱਦ ਅਮਰੀਕੀ ਕੰਪਨੀਆਂ ਦੇ ਕਾਰੋਬਾਰ ਨੂੰ ਵੱਡੀ ਢਾਹ ਲੱਗੀ ਹੈ। ਇਹ ਕੰਪਨੀਆਂ ਅਮਰੀਕੀ ਸਰਕਾਰ ਅਤੇ ਵਿਕਾਸਸ਼ੀਲ ਮੁਲਕਾਂ ਦੀਆਂ ਸਰਕਾਰਾਂ ਉਪਰ ਲਗਾਤਾਰ ਦਬਾਅ ਪਾਉਂਦੀਆਂ ਆਈਆਂ ਹਨ ਕਿ ਇਨ੍ਹਾਂ ਮੁਫਤ ਸਹੂਲਤਾਂ ਉਪਰ ਫ਼ੀਸ ਲਾਈ ਜਾਵੇ। ਅਮਰੀਕਾ ਸਰਕਾਰ ਦੇ ਟੈਕਸੇਸ਼ਨ ਵਿਭਾਗ ਦੀ ਇਕ ਰਿਪੋਰਟ ਵਿਚ ਇਹ ਮੰਗ ਬਹੁਤ ਜ਼ੋਰਦਾਰ ਢੰਗ ਨਾਲ ਉਭਾਰੀ ਗਈ ਸੀ ਕਿ ਯੂਪੀਆਈ, ਰੁਪੇ ਅਤੇ ਪਿਕਸ ਵਰਗੀਆਂ ਸੇਵਾ ਮੁਫ਼ਤ ਚਰਿਤਰ ਨੂੰ ਖ਼ਤਮ ਕਰਵਾਇਆ ਜਾਵੇ ਤਾਂ ਜੋ ਇਸ ਖੇਤਰ ਦੀਆਂ ਅਮਰੀਕੀ ਕੰਪਨੀਆਂ ਮੁਨਾਫਿਆਂ ਉਪਰ ਮਾੜਾ ਅਸਰ ਨਾ ਪਵੇ। ਇਸ ਤੋਂ ਇਲਾਵਾ ਗੂਗਲ-ਪੇਅ ਅਤੇ ਫੋਨ-ਪੇਅ ਵੀ ਅਮਰੀਕੀ ਕੰਪਨੀਆਂ ਹਨ ਅਤੇ ਸਾਡੇ ਮੁਲਕ ਦੀਆਂ ਤਕਰੀਬਨ 80 ਫ਼ੀਸਦੀ ਯੂਪੀਆਈ ਪੇਮੈਂਟਾਂ ਇਨ੍ਹਾਂ ਦੇ ਕੰਪਨੀਆ ਰਾਹੀਂ ਹੀ ਹੁੰਦੀਆਂ ਹਨ। ਸੋਚੋ, ਜੇਕਰ ਹਰ ਰੋਜ਼ ਹੋਣ ਵਾਲੀਆਂ 76 ਕਰੋੜ ਟਰਾਂਜੈਕਸ਼ਨਾਂ ਵਿੱਚ 50 ਫ਼ੀਸਦੀ ਟਰਾਂਜੈਕਸ਼ਨਾਂ ਉਪਰ 5-10 ਰੁਪਏ ਦੀ ਵੀ ਫ਼ੀਸ ਲਗਾ ਦਿੱਤੀ ਜਾਵੇ ਤਾਂ ਇਨ੍ਹਾਂ ਅਮਰੀਕੀ ਕੰਪਨੀਆਂ ਨੂੰ ਰੋਜ਼ਾਨਾ ਕਿੰਨੀ ਕਮਾਈ ਹੋ ਜਾਵੇਗੀ।

ਬ੍ਰਾਜ਼ੀਲ ਸਰਕਾਰ ਨੇ ਪਿਕਸ ਉਪਰ ਕੋਈ ਵੀ ਖ਼ਰਚਾ ਲਾਉਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ, ਪਰ ਭਾਰਤ ਸਰਕਾਰ ਤੋਂ ਅਜਿਹੀ ਉਮੀਦ ਨਹੀਂ ਕੀਤੀ ਜਾ ਸਕਦੀ। ਅਸੀਂ ਦੇਖ ਚੁੱਕੇ ਹਾਂ ਕਿ ਕਿਵੇਂ ਟਰੰਪ ਦੀ ਇੱਕ ਘੁਰਕੀ ਕਾਰਨ ਹੀ ਅਸੀਂ ਰੂਸ ਤੋਂ ਤੇਲ ਖ਼੍ਰੀਦਣਾ ਬੰਦ ਕਰ ਦਿੰਦੇ ਹਾਂ। ਸੋ ਸਾਮਰਾਜ ਮੂਹਰੇ ਭਾਰਤ ਸਰਕਾਰ ਦੀ ਗੋਡੇ ਟੇਕੂ ਨੀਤੀ ਦੇ ਕਾਰਨ ਹੀ ਲੋਕਾਂ ਉਪਰ ਇਹ ਬੋਝ ਪਾਇਆ ਜਾ ਰਿਹਾ ਹੈ। ਸਾਨੂੰ ਇਸ ਕਾਨੂੰਨ ਦੇ ਇਨ੍ਹਾਂ ਅਸਲੀ ਕਾਰਨਾਂ ਨੂੰ ਲੋਕਾਂ ਸਾਹਮਣੇ ਨੰਗਾ ਕਰਨਾ ਅਤੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ।

# ਸਵਾਲਾਂ ਤੋਂ ਭੈਭੀਤ ਹਾਕਮਾਂ ਦੀ ਪੁਲਸੀ ਜਬਰ 'ਤੇ ਟੇਕ



ਬੂਟਾ ਸਿੰਘ
ਮਹਿਮੂਦਪੁਰ
94634-74342

2 ਸਤੰਬਰ ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ੇਰੋਂ ਦੇ ਨੌਜਵਾਨ ਮੋਹਨਜੀਤ ਨੂੰ ਪੁਲਿਸ ਅਧਿਕਾਰੀਆਂ ਨੇ ਕਰੂਰ ਤਸ਼ੱਦਦ ਕਰਕੇ ਅੱਧਮੋਇਆ ਕਰ ਦਿੱਤਾ। 3 ਸਤੰਬਰ ਨੂੰ ਦਿੱਲੀ ਵਿਚ ਦੋ ਪੱਤਰਕਾਰ ਕੁੜੀਆਂ ਸ਼ਾਹੀਨ ਖ਼ਾਨ ਅਤੇ ਨਾਫਿਸਾ ਖ਼ਾਨ ਦੀ ਦਿੱਲੀ ਪੁਲਿਸ ਵੱਲੋਂ ਬੇਕਿਰਕੀ ਨਾਲ ਕੁੱਟਮਾਰ ਕੀਤੀ ਗਈ।

ਮੋਹਨਜੀਤ ਸ਼ੇਰੋਂ ਭਗਵੰਤ ਮਾਨ ਸਰਕਾਰ ਦੀ ਨਖਿੱਧ ਕਾਰਗੁਜ਼ਾਰੀ ਬਾਰੇ ਸਵਾਲ ਚੁੱਕ ਰਿਹਾ ਸੀ ਅਤੇ ਉਸਨੇ ਆਪਣੇ ਹੀ ਘਰ ਦੀ ਛੱਤ ਉੱਪਰ ਚੜ੍ਹਕੇ ਮੁੱਖ ਮੰਤਰੀ ਨੂੰ ਕਾਲਾ ਝੰਡਾ ਦਿਖਾਕੇ ਰੋਸ ਪ੍ਰਗਟਾਇਆ ਜੋ ਉਸ ਸਮੇਂ 'ਲੋਕ ਮਿਲਣੀ' ਦੇ ਤਹਿਤ ਉਸੇ ਪਿੰਡ ਵਿਚ ਆਇਆ ਹੋਇਆ ਸੀ। ਯੂਟਿਊਬ ਚੈਨਲ '4ਪੀਐੱਮ ਨਿਊਜ਼ ਨੈੱਟਵਰਕ' ਦੀਆਂ ਪੱਤਰਕਾਰ ਕੁੜੀਆਂ ਨੇ ਦਿੱਲੀ ਦੀ ਮੁੱਖ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ 'ਸਾਈਕਲ ਘੁਟਾਲੇ' ਬਾਰੇ ਸਵਾਲ ਪੁੱਛਣ ਦਾ 'ਅਪਰਾਧ' ਕੀਤਾ ਸੀ ਜੋ ਉੱਥੋਂ ਦੇ ਮੈਕਸ ਹਸਪਤਾਲ ਵਿਚ ਉਦਘਾਟਨੀਂ ਰਸਮ ਵਿਚ ਸ਼ਾਮਲ ਹੋਣ ਲਈ ਆਏ ਹੋਏ ਸਨ। ਦੋਵਾਂ ਮਿਸਾਲਾਂ ਵਿਚ ਚੱਲ ਰਹੇ ਸਮਾਗਮ ਵਿਚ ਹਿੰਸਾ ਦੀ ਤਾਂ ਗੱਲ ਛੱਡੋ, ਸਵਾਲ ਕਰਨ ਵਾਲਿਆਂ ਵੱਲੋਂ ਭੋਰਾ ਵੀ ਵਿਘਨ ਨਹੀਂ ਪਾਇਆ ਗਿਆ। ਫਿਰ ਵੀ ਵਰਦੀ ਦੀ ਤਾਕਤ ਨਾਲ ਅੰਨ੍ਹੇ ਹੋਏ ਪੁਲਿਸ ਅਧਿਕਾਰੀ ਉਨ੍ਹਾਂ ਨਾਲ ਇਸ ਤਰ੍ਹਾਂ ਪੇਸ਼ ਆਏ ਜਿਵੇਂ ਬਹੁਤ ਹੀ ਖ਼ਤਰਨਾਕ ਮੁਜਰਿਮਾਂ ਨਾਲ ਨਜਿੱਠ ਰਹੇ ਹੋਣ। ਉਨ੍ਹਾਂ ਨੂੰ ਧੂਹ ਕੇ ਥਾਣੇ 'ਚ ਲੈ ਗਏ ਅਤੇ ਉੱਥੇ ਉਨ੍ਹਾਂ ਉੱਪਰ ਵਹਿਸ਼ੀ ਤਸ਼ੱਦਦ ਕੀਤਾ ਗਿਆ। ਜਦੋਂ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੂੰ ਪੁੱਛਗਿੱਛ ਦੌਰਾਨ ਇਹ ਪਤਾ ਲੱਗਿਆ ਕਿ ਪੱਤਰਕਾਰ ਕੁੜੀਆਂ ਮੁਸਲਮਾਨ ਹਨ ਤਾਂ ਉਹ ਕੁੱਟਮਾਰ ਕਰਨ ਲਈ ਹੋਰ ਵੀ ਬੇਖ਼ੌਫ਼ ਅਤੇ ਵਹਿਸ਼ੀ ਹੋ ਗਏ। ਇਕ ਵਾਰ ਫਿਰ ਪੁਲਿਸ ਦੀ ਮੁਸਲਿਮ ਵਿਰੋਧੀ ਫਿਰਕੂ ਜ਼ਿਹਨੀਅਤ ਖੁੱਲ੍ਹ ਕੇ ਸਾਹਮਣੇ ਆ ਗਈ। ਮੋਹਨਜੀਤ ਸ਼ੇਰੋਂ ਦੇ ਦਾੜ੍ਹੀ-ਕੇਸ ਪੁੱਟੇ ਗਏ, ਕਰੰਟ ਲਾਇਆ ਗਿਆ ਅਤੇ ਪੱਟ ਛਿੱਲ ਕੇ ਉੱਥੇ ਨਮਕ ਮਲ਼ਿਆ ਗਿਆ।

'ਆਮ ਆਦਮੀ ਪਾਰਟੀ' ਦੇ ਆਗੂ ਕਹਿੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਸੰਘਰਸ਼ਾਂ ਚੋਂ ਨਿਕਲੀ ਹੈ, ਜਦੋਂ ਉਸ ਪਾਰਟੀ ਦਾ ਮੁੱਖ ਮੰਤਰੀ 'ਲੋਕ ਮਿਲਣੀ' ਮੁਹਿੰਮ ਦੇ ਤਹਿਤ ਪਿੰਡਾਂ ਵਿਚ ਜਾ ਕੇ ਇਕੱਠਾਂ ਨੂੰ ਸੰਬੋਧਨ ਕਰਨ ਜਾਂਦਾ ਹੈ, ਕੀ ਕਿਸੇ ਨਾਗਰਿਕ, ਪਿੰਡ ਦੇ ਕਿਸੇ ਬਾਸ਼ਿੰਦੇ ਦਾ ਮੁੱਖ ਮੰਤਰੀ ਨੂੰ ਸਵਾਲ ਕਰਨਾ ਗੁਨਾਹ ਹੈ? ਇਹੀ ਭਗਵੰਤ ਮਾਨ ਰੈਲੀਆਂ ਵਿਚ ਸੰਘ ਪਾੜ-ਪਾੜ ਕੇ ਪੰਜਾਬ ਦੇ ਲੋਕਾਂ ਨੂੰ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੂੰ ਸਵਾਲ ਕਰਨ ਦੇ ਸੱਦੇ ਦਿੰਦਾ ਰਿਹਾ। ਪਰ ਜਦੋਂ ਖ਼ੁਦ ਸੱਤਾ ਵਿਚ ਆਇਆ ਤਾਂ ਸਵਾਲਾਂ ਅਤੇ ਰੋਸ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਪੁਲਿਸ ਤਾਕਤ ਵਰਤਣ ਪੱਖੋਂ ਪਿਛਲੀਆਂ ਸਰਕਾਰਾਂ ਨੂੰ ਮਾਤ ਪਾ ਰਿਹਾ ਹੈ।

ਇਸੇ ਤਰ੍ਹਾਂ, ਪੱਤਰਕਾਰ ਕੁੜੀਆਂ ਕੁਝ ਵੀ ਗ਼ੈਰਕਾਨੂੰਨੀ ਕਾਰਵਾਈ ਜਾਂ ਜੁਰਮ ਨਹੀਂ ਸੀ ਕਰ ਰਹੀਆਂ, ਉਹ ਬਤੌਰ ਪੱਤਰਕਾਰ ਆਪਣਾ ਫਰਜ਼ ਨਿਭਾ ਰਹੀਆਂ ਸਨ। ਕੀ ਸਵਾਲ ਪੁੱਛਣਾ ਜੁਰਮ ਹੈ? ਜੀ ਹਾਂ, ਸੰਘ ਬਰਗੇਡ ਅਨੁਸਾਰ ਸੱਤਾ ਨੂੰ ਸਵਾਲ ਕਰਨੇ, ਹੱਕਾਂ ਦੀ ਮੰਗ ਕਰਨਾ, ਅਨਿਆਂ ਅਤੇ ਧੱਕੇ-ਵਿਤਕਰੇ ਦਾ ਵਿਰੋਧ ਕਰਨਾ 'ਦਿਮਾਗੀ ਨਕਸਲੀ' ਹੋਣਾ ਹੈ ਅਤੇ ਇਹ ਸਭ ਤੋਂ ਖ਼ਤਰਨਾਕ ਹੈ। ਪੱਤਰਕਾਰ ਦਾ ਕੰਮ ਸਵਾਲ ਪੁੱਛਣਾ, ਸੱਚ ਸਾਹਮਣੇ ਲਿਆਉਣਾ ਅਤੇ ਅਵਾਮ ਦੀ ਆਵਾਜ਼ ਨੂੰ ਹਕੂਮਤ ਦੇ ਬੋਲਾਂ ਕੰਨਾਂ ਤੱਕ ਪਹੁੰਚਾਉਣਾ ਹੈ। ਕਿਸੇ ਵੀ ਪੱਤਰਕਾਰ ਨਾਲ ਉਸਦੇ ਧਰਮ, ਜਾਤ, ਲਿੰਗ ਜਾਂ ਵਿਚਾਰਧਾਰਾ ਦੇ ਆਧਾਰ 'ਤੇ ਭੇਦਭਾਵ ਜਾਂ ਹਿੰਸਕ ਵਿਹਾਰ ਲੋਕਤੰਤਰੀ ਮੁੱਲਾਂ ਅਤੇ ਪ੍ਰੈੱਸ ਦੀ ਆਜ਼ਾਦੀ ਉੱਪਰ ਸਿੱਧਾ ਹਮਲਾ ਹੈ।

ਦੋਵਾਂ ਘਟਨਾਵਾਂ ਵਿਚ ਪੁਲਿਸ ਅਧਿਕਾਰੀਆਂ ਦਾ ਪ੍ਰਤੀਕਰਮ ਬਿਲਕੁਲ ਆਪਹੁਦਰਾ ਨਹੀਂ ਸਗੋਂ ਪੂਰੀ ਤਰ੍ਹਾਂ ਗਿਣਿਆ-ਮਿਥਿਆ ਸੀ: ਹਕੂਮਤ ਨੂੰ ਸਵਾਲ ਕਰਨ ਵਾਲਿਆਂ ਨੂੰ ਸਖ਼ਤੀ ਨਾਲ ਕੁਚਲਣਾ ਹੈ। ਬਾਕੀ ਪਾਰਟੀਆਂ ਦੀਆਂ ਸਰਕਾਰਾਂ ਵੀ ਸਵਾਲ ਕਰਨ ਵਾਲਿਆਂ ਅਤੇ ਅਨਿਆਂ ਵਿਰੁੱਧ ਆਵਾਜ਼ ਚੁੱਕਣ ਵਾਲਿਆਂ ਨੂੰ ਇਸੇ ਤਰ੍ਹਾਂ ਦਬਾਉਂਦੀਆਂ ਰਹੀਆਂ ਹਨ। ਅੱਜ ਜਦੋਂ ਕਾਂਗਰਸ, ਅਕਾਲੀ ਦਲ ਵਰਗੀਆਂ ਪਾਰਟੀਆਂ ਕੇਂਦਰ ਵਿਚ ਭਾਜਪਾ ਅਤੇ ਪੰਜਾਬ ਵਿਚ ਇਸਦੀ ਬੀ-ਟੀਮ 'ਆਪ' ਵੱਲੋਂ ਕੀਤੇ ਜਾ ਰਹੇ ਜਬਰ ਵਿਰੁੱਧ ਬਿਆਨਬਾਜ਼ੀ ਅਤੇ ਧਰਨੇ-ਮੁਜ਼ਾਹਰੇ ਕਰ ਰਹੀਆਂ ਹਨ ਤਾਂ ਇਨ੍ਹਾਂ ਦੀ ਮੌਕਾਪ੍ਰਸਤ ਖ਼ਸਲਤ ਨੂੰ ਚੇਤੇ ਰੱਖਣਾ ਬਹੁਤ ਜ਼ਰੂਰੀ ਹੈ ਕਿ ਸੱਤਾ 'ਚ ਹੋਣ ਸਮੇਂ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਸੰਘਰਸ਼ਸ਼ੀਲ ਹਿੱਸਿਆਂ ਅਤੇ ਆਮ ਲੋਕਾਂ ਨਾਲ ਕਿਵੇਂ ਪੇਸ਼ ਆਉਂਦੀਆਂ ਰਹੀਆਂ ਹਨ। ਇਹ ਲੋਕਤੰਤਰੀ ਮਖੌਟੇ ਵਾਲੇ ਭਾਰਤੀ ਰਾਜ ਦੀ ਮੂਲ਼ ਫ਼ਿਤਰਤ ਹੈ ਜਿੱਥੇ ਸੰਵਿਧਾਨਕ ਅਧਿਕਾਰ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਹਨ। ਜਦੋਂ ਇਨ੍ਹਾਂ ਅਧਿਕਾਰਾਂ ਨੂੰ ਹਕੀਕੀ ਜ਼ਿੰਦਗੀ ਵਿਚ ਵਰਤਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਸੱਤਾ ਦਾ ਤਾਨਾਸ਼ਾਹ ਰੂਪ ਸਾਹਮਣੇ ਆ ਜਾਂਦਾ ਹੈ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ।

ਬੇਲਗਾਮ ਤਾਕਤਾਂ ਨਾਲ ਲੈਸ ਪੁਲਿਸ ਹਮੇਸ਼ਾ ਵਿਵਾਦਾਂ 'ਚ ਘਿਰੀ ਰਹਿੰਦੀ ਹੈ। ਰਾਜ ਸੱਤਾ ਦੀ ਦਹਿਸ਼ਤ ਪਾਉਣ ਲਈ ਅੰਗਰੇਜ਼ੀ ਰਾਜ ਵੱਲੋਂ ਈਜਾਦ ਕੀਤੀ ਇਹ ਪੁਲਿਸ ਪ੍ਰਣਾਲੀ ਭਾਰਤੀ ਹਾਕਮ ਜਮਾਤ ਨੂੰ ਵਿਰਾਸਤ 'ਚ ਮਿਲੀ ਸੀ। ਉਸੇ ਨੂੰ ਕਾਲੇ ਕਾਨੂੰਨਾਂ ਅਤੇ ਹੋਰ ਤਰੀਕਿਆਂ ਨਾਲ ਬੇਲਗਾਮ ਤਾਨਾਸ਼ਾਹ ਤਾਕਤਾਂ ਜੋੜਕੇ ਹੋਰ ਜਾਬਰ ਬਣਾਇਆ ਗਿਆ। ਪੁਲਿਸ ਦੇ ਇਸ ਰਵੱਈਏ ਨੂੰ ਦੇਖਦਿਆਂ ਇਲਾਹਾਬਾਦ ਹਾਈਕੋਰਟ ਦੇ ਜਸਟਿਸ ਆਨੰਦ ਨਰਾਇਣ ਮੁੱਲਾ ਨੇ 1961 'ਚ ਆਪਣੇ ਇਕ ਪ੍ਰਸਿੱਧ ਫ਼ੈਸਲੇ ਵਿਚ ਇਹ ਸ਼ਬਦ ਕਹੇ ਸਨ: "ਮੈਂ ਪੂਰੀ ਜ਼ਿੰਮੇਵਾਰੀ ਨਾਲ ਇਹ ਗੱਲ ਕਹਿੰਦਾ ਹਾਂ ਕਿ ਸਮੁੱਚੇ ਮੁਲਕ ਵਿੱਚ ਕੋਈ ਵੀ ਅਜਿਹਾ ਕਾਨੂੰਨ-ਵਿਹੂਣਾ ਗਰੋਹ ਨਹੀਂ ਹੈ, ਜਿਸ ਦਾ ਅਪਰਾਧਿਕ ਰਿਕਾਰਡ ਉਸ ਸੰਗਠਿਤ ਇਕਾਈ ਦੇ ਅਪਰਾਧਿਕ ਰਿਕਾਰਡ ਦੇ ਨੇੜੇ ਵੀ ਪਹੁੰਚਦਾ ਹੋਵੇ, ਜਿਸ ਨੂੰ ਭਾਰਤੀ ਪੁਲਿਸ ਫੋਰਸ ਕਿਹਾ ਜਾਂਦਾ ਹੈ।ਉੱਤਰ ਪ੍ਰਦੇਸ਼ ਦੀ ਪੁਲਿਸ ਫੋਰਸ ਅਪਰਾਧੀਆਂ ਦਾ ਇੱਕ ਸੰਗਠਿਤ ਗਰੋਹ ਹੈ" ਸੱਤਾ ਵਿਚ ਆਉਣ ਵਾਲੀਆਂ ਰਾਜਸੀ ਪਾਰਟੀਆਂ ਲਈ ਉੱਚ ਅਦਾਲਤ ਦੀ ਇਹ ਟਿੱਪਣੀ ਕੋਈ ਮਾਇਨੇ ਨਹੀਂ ਰੱਖਦੀ। ਅਵਾਮ ਦੀ ਸੱਚੇ ਲੋਕਤੰਤਰ ਦੀ ਰੀਝ ਨੂੰ ਦਬਾਕੇ ਰੱਖਣ ਲਈ ਅਜਿਹੀ ਪੁਲਿਸ ਤਾਕਤ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਅਣਸਰਦੀ ਲੋੜ ਹੈ ਜੋ ਸੰਵਿਧਾਨਕ ਫਰਜ਼ਾਂ ਅਤੇ ਕਾਇਦੇ-ਕਾਨੂੰਨ ਦੀ ਬਜਾਏ ਸੱਤਾਧਾਰੀ ਧਿਰ ਦੇ ਦਾਬੇ ਦਾ ਸੰਦ ਬਣਕੇ ਕੰਮ ਕਰੇ। ਇਸੇ ਲਈ ਹਰ ਪਾਰਟੀ ਸੱਤਾ ਵਿਚ ਆ ਕੇ ਇਸ ਜਬਰ ਦੇ ਸੰਦ ਦੀਆਂ ਬੇਲਗਾਮ ਤਾਕਤਾਂ ਨੂੰ ਘਟਾਉਣ ਦੀ ਬਜਾਏ ਹੋਰ ਤਿੱਖਾ ਕਰਦੀ ਦੇਖੀ ਜਾ ਸਕਦੀ ਹੈ।

ਮੌਜੂਦਾ ਦੋਵਾਂ ਸਰਕਾਰਾਂ ਦੇ ਤਹਿਤ ਸਵਾਲਾਂ ਨੂੰ ਦਬਾਉਣ ਲਈ ਹਮਲਿਆਂ ਦੇ ਹੋਰ ਵੀ ਜ਼ਿਆਦਾ ਵਹਿਸ਼ੀ ਹੋਣ ਦੀ ਖ਼ਾਸ ਵਜਾ ?ਹ ਹੈ। ਭਾਜਪਾ ਕੇਂਦਰ ਵਿਚ ਸੱਤਾਧਾਰੀ ਕਾਂਗਰਸ ਦੇ ਭ੍ਰਿਸ਼ਟਾਚਾਰੀ ਜਾਬਰ ਰਾਜ ਤੋਂ ਅੱਕੀ ਲੋਕਾਈ ਦੀਆਂ ਸੱਤਾ ਵਿਰੋਧੀ ਭਾਵਨਾਵਾਂ ਨੂੰ ਪੌੜੀ ਬਣਾ ਕੇ ਅਤੇ ਵਿਕਾਸ ਤੇ ਤਰੱਕੀ ਦੇ ਵੱਡੇ-ਵੱਡੇ ਵਾਅਦੇ ਕਰਕੇ ਸੱਤਾ ਵਿਚ ਆਈ ਸੀ। ਸੱਤਾ ਵਿਚ ਆ ਕੇ ਸੰਘ ਬਰਗੇਡ ਨੇ ਭ੍ਰਿਸ਼ਟਾਚਾਰ ਤੇ ਹਕੂਮਤੀ ਦਹਿਸ਼ਤਗਰਦੀ ਦੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਨਾਲ ਹੀ, ਇਸਨੇ ਆਪਣਾ ਹਿੰਦੂ ਰਾਸ਼ਟਰ ਦਾ ਫਿਰਕੂ ਫਾਸ਼ੀਵਾਦੀ ਪ੍ਰੋਜੈਕਟ ਲਾਗੂ ਕਰਨ ਲਈ ਮੁਸਲਮਾਨਾਂ, ਈਸਾਈਆਂ, ਕਸ਼ਮੀਰੀ ਲੋਕਾਂ, ਦਲਿਤਾਂ, ਸਮੇਤ ਹਾਸ਼ੀਏ 'ਤੇ ਧੱਕੀ ਲੋਕਾਈ ਅਤੇ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸੰਘਰਸ਼ਸ਼ੀਲ ਤੇ ਬੌਧਿਕ ਹਿੱਸਿਆਂ, ਮੀਡੀਆ ਅਤੇ ਬੌਧਿਕਤਾ ਦਾ ਸਰੋਤ ਯੂਨੀਵਰਸਿਟੀਆਂ ਅਤੇ ਹੋਰ ਉੱਚ ਵਿਦਿਅਕ ਸੰਸਥਾਵਾਂ ਵਿਰੁੱਧ ਵਿਆਪਕ ਹਮਲਾ ਵਿੱਢ ਦਿੱਤਾ। ਜੋ ਦਿਨੋ ਦਿਨ ਹੋਰ ਵੀ ਭਿਆਨਕ ਹੁੰਦਾ ਗਿਆ ਹੈ। ਅੰਧਰਾਸ਼ਟਰਵਾਦ ਅਤੇ ਫਿਰਕੂ ਪਾਲਾਬੰਦੀ ਦੀ ਸਿਆਸਤ ਆਮ ਲੋਕਾਂ ਦਾ ਅਸਲ ਮੁੱਦਿਆਂ ਤੋਂ ਭਟਕਾਉਣ ਅਤੇ ਝੂਠੇ ਗੌਰਵ, ਵਿਕਾਸ ਤੇ ਤਰੱਕੀ ਦੇ ਲਾਰਿਆਂ ਨਾਲ







ਵਰਚਾ ਕੇ ਸੰਘ ਬਰਗੇਡ ਦਾ ਸੱਤਾ ਉੱਪਰ ਬਣੇ ਰਹਿਣਾ ਯਕੀਨੀਂ ਬਣਾਉਣ 'ਚ ਲੰਮਾ ਸਮਾਂ ਕਾਮਯਾਬ ਹੁੰਦੀ ਰਹੀ ਹੈ। ਹੁਣ 12 ਸਾਲ ਦੇ ਭਗਵਾ ਰਾਜ ਤੋਂ ਬਾਅਦ ਹਾਲਾਤ ਇਹ ਬਣ ਗਏ ਹਨ ਕਿ ਹਿੰਦੂ ਬਹੁਗਿਣਤੀ ਭਾਈਚਾਰੇ ਨੂੰ ਫਿਰਕੂ ਰਾਸ਼ਟਰਵਾਦ ਅਤੇ ਧਾਰਮਿਕ ਜਨੂੰਨ ਪਹਿਲਾਂ ਵਾਂਗ ਪ੍ਰਭਾਵਿਤ ਨਹੀਂ ਕਰ ਰਿਹਾ; ਵੱਖ-ਵੱਖ ਹਿੱਸਿਆਂ ਨੂੰ ਜ਼ਿੰਦਗੀ ਦੇ ਅਸਲ ਮੁੱਦਿਆਂ ਤੇ ਮਸਲਿਆਂ ਦੀ ਸਮਝ ਆ ਰਹੀ ਹੈ ਅਤੇ ਸੜਕਾਂ 'ਤੇ ਆ ਕੇ ਭਗਵਾ ਹਕੂਮਤ ਤੋਂ ਜਵਾਬਦੇਹੀ ਦੀ ਮੰਗ ਕਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਸਵਾਲ ਕਰਨ ਅਤੇ ਜਵਾਬਦੇਹੀ ਦੀ ਮੰਗ ਕਰਨ ਦੀ ਇਹ ਜਾਗਰੂਕਤਾ ਭਗਵਾ ਹਕੂਮਤ ਵੱਲੋਂ ਬੀਜੀ ਗਈ ਫਿਰਕੂ ਫ਼ਸਲ ਦੇ ਬਿਲਕੁਲ ਉਲਟ ਸਿੱਟਾ ਹੈ। 'ਜੈੱਨ-ਜ਼ੀ' ਅਤੇ ਉਨ੍ਹਾਂ ਤੋਂ ਛੋਟੀ ਉਮਰ ਦੇ ਬੱਚਿਆਂ 'ਜੈੱਨ-ਐਲਫਾ' ਦੇ ਸੜਕਾਂ 'ਤੇ ਆਉਣ ਨਾਲ ਹਕੂਮਤ ਦੀ ਘਬਰਾਹਟ ਸਪਸ਼ਟ ਦੇਖੀ ਜਾ ਸਕਦੀ ਹੈ। ਇਸੇ ਬੌਖਲਾਹਟ ਵਿੱਚੋਂ ਸਵਾਲ ਕਰਨ ਵਾਲਿਆਂ ਦੀ ਜ਼ਬਾਨਬੰਦੀ ਕਰਨ ਲਈ ਪੁਲਿਸ ਅਤੇ ਗੁੰਡਾ ਗਰੋਹਾਂ ਨੂੰ ਬਿਨਾਂ ਕਿਸੇ ਭੜਕਾਹਟ ਦੇ ਤਾਕਤ ਵਰਤਣ ਅਤੇ ਜਬਰ ਢਾਹੁਣ ਦੀ ਖੁੱਲ੍ਹ ਦਿੱਤੀ ਜਾਂਦੀ ਹੈ।

ਪਹਿਲਾਂ ਸ਼ਾਹੀਨ ਬਾਗ਼ ਮੋਰਚਿਆਂ, ਫਿਰ ਇਤਿਹਾਸਕ ਕਿਸਾਨ ਅੰਦੋਲਨ ਅਤੇ ਹਾਲ ਹੀ ਵਿਚ 'ਕਾਕਰੋਚ ਜਨਤਾ ਪਾਰਟੀ' ਦੇ ਅੰਦੋਲਨ ਵਰਗੇ ਸ਼ਾਂਤਮਈ ਅੰਦੋਲਨਾਂ ਨਾਲ ਨਜਿੱਠਣ ਸਮੇਂ ਪੁਲਿਸ ਦਾ ਇਹ ਕਰੂਰ ਚਿਹਰਾ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ। ਇਹ ਦੇਖਕੇ ਹੁਣ ਜਸਟਿਸ ਭੂਈਆਂ ਵਰਗੇ ਉਦਾਰਵਾਦੀ ਜੱਜਾਂ ਨੂੰ ਵੀ ਜਨਤਕ ਤੌਰ 'ਤੇ ਇਹ ਕਹਿਣਾ ਪਿਆ ਹੈ ਕਿ "ਸਾਨੂੰ ਸਾਰਿਆਂ ਨੂੰ ਦੁੱਖ ਹੁੰਦਾ ਹੈ ਜਦੋਂ ਅਸੀਂ ਇੰਡੀਅਨ ਪੁਲਿਸ ਸਰਵਿਸ ਦੇ ਨੌਜਵਾਨ ਅਧਿਕਾਰੀਆਂ ਨੂੰ ਵਿਅਕਤੀਗਤ ਰੂਪ 'ਚ ਜਾ ਕੇ ਪ੍ਰਦਰਸ਼ਨਕਾਰੀਆਂ ਅਤੇ ਅੰਦੋਲਨਕਾਰੀਆਂ ਦੀ ਕੁੱਟਮਾਰ ਕਰਦੇ ਹੋਏ ਦੇਖਦੇ ਹਾਂ। ਇਹ ਦੇਖਣਾ ਵਾਕਈ ਬਹੁਤ ਦੁਖਦਾਈ ਹੈ।" ਪਰ ਮਾਣਯੋਗ ਜਸਟਿਸ ਇਹ ਜ਼ਿਕਰ ਕਰਨੋਂ ਗੁਰੇਜ਼ ਕਰ ਗਏ ਕਿ ਅਜਿਹੇ ਮੌਕਿਆਂ 'ਤੇ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਨਿੱਜੀ ਗੁੰਡਾ ਗਰੋਹਾਂ ਨੂੰ ਵੀ ਪੁਲਿਸ/ ਸੁਰੱਖਿਆ ਬਲਾਂ ਦੀ ਵਰਦੀ ਪੁਆ ਕੇ ਜਾਂ ਬਿਨਾਂ ਵਰਦੀ ਇਨ੍ਹਾਂ ਪੁਲਿਸ ਅਧਿਕਾਰੀਆਂ ਦੇ ਨਾਲ ਅੰਦੋਲਨਕਾਰੀਆਂ ਦੀ ਕੁੱਟਮਾਰ ਕਰਨ ਲਈ ਲਗਾਇਆ ਜਾਂਦਾ ਹੈ। ਇਕ ਭਗਵਾ ਗੁੰਡੇ ਸਵਤੰਤਰ ਭਾਰਦਵਾਜ ਵੱਲੋਂ ਪੌਡਕਾਸਟ ਕੈਮਰੇ ਅੱਗੇ ਕੀਤਾ ਹਾਲੀਆ ਖ਼ੁਲਾਸਾ ਇਸ ਘਿਣਾਉਣੀ ਖੇਡ ਦਾ ਜੱਗ ਜ਼ਾਹਿਰ ਸਬੂਤ ਹੈ। ਉਸਨੇ ਹੁੱਬ ਕੇ ਦੱਸਿਆ ਕਿ ਕਿਵੇਂ ਕਪਿਲ ਮਿਸ਼ਰੇ ਅਤੇ ਹੋਰ ਵੱਡੇ ਭਾਜਪਾਈ ਆਗੂਆਂ ਨੇ ਕਾਤਲਾਨਾ ਹਮਲੇ ਦਾ ਸੰਗੀਨ ਜੁਰਮ ਕਰਨ ਦੇ ਬਾਵਜੂਦ ਉਸਦਾ ਵਾਲ਼ ਵੀ ਵਿੰਗਾ ਨਹੀਂ ਹੋਣ ਦਿੱਤਾ। ਗੱਲ ਵਧਦੀ ਦੇਖਕੇ ਦਿੱਲੀ ਪੁਲਿਸ ਨੂੰ ਉਸ ਨੂੰ ਗ੍ਰਿਫ਼ਤਾਰ ਕਰਨਾ ਪਿਆ ਹੈ। ਗੁਜਰਾਤ ਕਤਲੇਆਮ ਦੇ ਇਕ ਘਿਣਾਉਣੇ ਚਿਹਰੇ ਬਾਬੂ ਬਜਰੰਗੀ ਨੇ ਵੀ ਕੈਮਰੇ ਅੱਗੇ ਇਸੇ ਤਰ੍ਹਾਂ ਦੇ ਖ਼ੁਲਾਸੇ ਕੀਤੇ ਸਨ। ਮੋਦੀ ਦੇ ਮੁੱਖ ਮੰਤਰੀ ਹੋਣ ਸਮੇਂ ਗੁਜਰਾਤ ਵਿਚ ਮਾਇਆ ਕੋਡਨਾਨੀ, ਬਾਬੂ ਬਜਰੰਗੀ, ਜੈਦੀਪ ਪਟੇਲ, ਪ੍ਰਹਿਲਾਦ ਗੋਸਾ, ਦਯਾਭਾਈ ਪਟੇਲ ਸਮੇਤ ਮੁਸਲਮਾਨਾਂ ਦੇ ਕਤਲੇਆਮ ਦੇ 67 ਮੁੱਖ ਦੋਸ਼ੀਆਂ ਨੂੰ ਸੱਤਾ ਦੇ ਜ਼ੋਰ ਇਸੇ ਤਰ੍ਹਾਂ ਬਚਾਇਆ ਗਿਆ। ਸਾਬਕਾ ਐੱਮ.ਪੀ. ਅਹਿਸਾਨ ਜਾਫ਼ਰੀ ਸਮੇਤ ਮੁਸਲਮਾਨਾਂ ਨੂੰ ਜ਼ਿੰਦਾ ਸਾੜਨ ਵਾਲੇ ਬਿਪਿਨ ਪਟੇਲ ਅਤੇ ਵੱਡੇ ਪੁਲਿਸ ਅਧਿਕਾਰੀ ਕੇ.ਜੀ. ਏਰਦਾ, ਬੈਸਟ ਬੇਕਰੀ ਵਿਚ ਮੁਸਲਮਾਨਾਂ ਨੂੰ ਜ਼ਿੰਦਾ ਸਾੜਨ ਵਾਲੇ, ਬਿਲਕੀਸ ਬਾਨੋ ਬਲਾਤਕਾਰ ਕੇਸ ਦੇ ਸਾਰੇ ਸਜ਼ਾਯਾਫ਼ਤਾ ਮੁਜਰਿਮ ਇਸੇ ਤਰ੍ਹਾਂ ਬਚਾਏ ਗਏ।

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੰਘਰਸ਼ਸ਼ੀਲ ਲੋਕਾਂ ਅਤੇ ਨਿਧੜਕ ਮੀਡੀਆ ਹਿੱਸਿਆਂ ਦੀ ਜ਼ਬਾਨਬੰਦੀ ਕਰਨ ਲਈ ਪੁਲਿਸ ਤਾਕਤ ਅਤੇ ਜਬਰ ਦੀ ਵਰਤੋਂ ਆਮ ਗੱਲ ਬਣੀ ਹੋਈ ਹੈ। ਜਿਉਂ-ਜਿਉਂ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਭਗਵੰਤ ਮਾਨ ਜੁੰਡਲੀ ਦੀ ਬੌਖਲਾਹਟ ਵਧਦੀ ਜਾਂਦੀ ਹੈ। ਭ੍ਰਿਸ਼ਟਾਚਾਰ ਨੂੰ ਖ਼ਤਮ ਕਰਕੇ ਪਾਰਦਰਸ਼ੀ ਪ੍ਰਸ਼ਾਸਨ ਮੁਹੱਈਆ ਕਰਨ, ਨੌਜਵਾਨਾਂ ਨੂੰ ਰੁਜਗਾਰ ਦੇਣ, ਖਾਲੀ ਅਸਾਮੀਆਂ ਭਰਨ, ਖੇਤੀ ਸੰਕਟ ਨੂੰ ਦੂਰ ਕਰਨ, ਰੇਤ-ਟਰਾਂਸਪੋਰਟ ਮਾਫ਼ੀਆ ਨੂੰ ਖ਼ਤਮ ਕਰਨ, ਨਸ਼ਾ ਮੁਕਤ 'ਰੰਗਲਾ ਪੰਜਾਬ' ਬਣਾਉਣ ਆਦਿ ਦੇ ਜੋ ਵੱਡੇ ਵੱਡੇ ਵਾਅਦੇ ਕੀਤੇ ਗਏ, ਉਹ ਪੂਰੀ ਤਰ੍ਹਾਂ ਝੂਠੇ ਸਾਬਤ ਹੋਏ ਹਨ। ਇਸਦੇ ਉਲਟ, ਇਹ ਸਾਰੇ ਮਸਲੇ ਹੋਰ ਗੰਭੀਰ ਹੋਏ ਹਨ। ਪੰਜਾਬ ਦੇ ਬਦਤਰ ਹੋਏ ਹਾਲਾਤਾਂ ਨੂੰ ਦੇਖਕੇ ਹੁਣ ਤਾਂ ਆਮ ਲੋਕ ਵੀ ਕਹਿੰਦੇ ਦੇਖੇ ਜਾ ਸਕਦੇ ਹਨ ਕਿ ਇਨ੍ਹਾਂ ਨਾਲੋਂ ਤਾਂ ਅਕਾਲੀ-ਕਾਂਗਰਸੀ ਚੰਗੇ ਸੀ!

ਭਗਵੰਤ ਮਾਨ ਸਟੇਜਾਂ ਤੋਂ ਅਕਾਲੀ-ਕਾਂਗਰਸੀ ਸਿਆਸਤਦਾਨਾਂ ਦੇ ਚੁਟਕਲੇ ਸੁਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਵੋਟਾਂ 'ਚ ਬਦਲਣ 'ਚ ਤਾਂ ਕਾਮਯਾਬ ਹੋ ਗਿਆ। ਹੁਣ ਜਦੋਂ ਆਪਣੀ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਅਤੇ ਘੋਰ ਨਖਿੱਧ ਕਾਰਗੁਜ਼ਾਰੀ ਉੱਪਰ ਸਵਾਲ ਉੱਠ ਰਹੇ ਹਨ, ਜਦੋਂ ਨਿਧੜਕ ਮੀਡੀਆ ਹਿੱਸੇ ਜ਼ਮੀਨੀ ਹਕੀਕਤ ਦੀ ਰਿਪੋਰਟ ਕਰਕੇ ਸੱਚ ਦਿਖਾਉਂਦੇ ਹਨ ਅਤੇ ਸਵਾਲ ਕਰਦੇ ਹਨ, ਜਦੋਂ ਜਾਗਰੂਕ ਹਿੱਸੇ ਜਵਾਬਦੇਹੀ ਦੀ ਮੰਗ ਕਰਨ ਲਈ ਸੰਗਰੂਰ ਜਾਂ ਚੰਡੀਗੜ੍ਹ ਵੱਲ ਵਧਦੇ ਹਨ ਤਾਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਣ ਅਤੇ ਸ਼ਹੀਦ ਭਗਤ ਸਿੰਘ ਦੀ ਸਹੁੰ ਖਾਣ ਵਾਲੇ ਇਹ ਹੁਕਮਰਾਨ ਬੁਰੀ ਤਰ੍ਹਾਂ ਬੌਖਲਾ ਜਾਂਦੇ ਹਨ। ਇਨ੍ਹਾਂ ਦੀ ਸ਼ਿਸ਼ਕੇਰੀ ਪੁਲਿਸ ਪੰਜਾਬ ਦੇ ਲੋਕਾਂ ਨੂੰ ਸੜਕਾਂ ਉੱਪਰ ਭਜਾ ਭਜਾ ਕੇ ਕੁੱਟਦੀ ਹੈ, ਪੱਗਾਂ ਤੇ ਚੁੰਨੀਆਂ ਪੁਲਸੀ ਬੂਟਾਂ ਹੇਠ ਰੋਲ਼ਦੀ ਹੈ। ਹਕੂਮਤੀ ਦਹਿਸ਼ਤ ਦਾ ਇਹ ਨੰਗਾ ਨਾਚ ਪੰਜਾਬ ਵਿਚ ਰੋਜ਼ ਕਿਤੇ ਨਾ ਕਿਤੇ ਹੋ ਰਿਹਾ। ਕਦੇ ਸੰਗਰੂਰ ਵਿਚ, ਕਦੇ ਮੁਹਾਲੀ ਅਤੇ ਕਦੇ ਕਿਤੇ ਹੋਰ। ਇਹ ਸਵਾਲਾਂ ਤੋਂ ਡਰੇ ਬੁਜ਼ਦਿਲ ਮੁੱਖ ਮੰਤਰੀ ਅਤੇ ਉਸਦੀ ਮਰੀ ਜ਼ਮੀਰ ਵਾਲੀ ਵਜ਼ਾਰਤ ਦਾ ਅਸਲ ਰੂਪ ਹੈ ਜੋ ਸੰਘਰਸ਼ਸ਼ੀਲ ਹਿੱਸਿਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਮੁੱਕਰਨ

ਅਤੇ ਸਵਾਲਾਂ ਦਾ ਜਵਾਬ ਦੇਣ ਦੀ ਬਜਾਏ ਸਵਾਲ ਕਰਨ ਵਾਲਿਆਂ ਦੀ ਜ਼ਬਾਨ ਬੰਦ ਕਰਨ ਲਈ ਤਾਨਾਸ਼ਾਹ ਪੁਲਿਸ ਤਾਕਤ ਵਰਤਣ ਦੇ ਰੂਪ 'ਚ ਵਾਰ-ਵਾਰ ਸਾਹਮਣੇ ਆ ਰਿਹਾ ਹੈ। ਜਿਵੇਂ ਪੁਲਿਸ ਅਧਿਕਾਰੀ ਨੇ ਸ਼ੇਰੋਂ ਪਿੰਡ ਵਿਚ ਸਵਾਲ ਕਰਨ ਵਾਲੇ ਨੌਜਵਾਨ ਦੇ ਗਲ਼ੇ ਨੂੰ ਹੱਥ ਪਾਇਆ, ਪੁਲਿਸ ਦਾ ਇਹ ਖ਼ੂਨੀ ਪੰਜਾ ਸਿਰਫ਼ ਕਿਸੇ ਇਕ ਵਿਅਕਤੀ ਨੂੰ ਮੁੱਖ ਮੰਤਰੀ ਦੇ ਝੂਠ ਦਾ ਪਰਦਾਫਾਸ਼ ਕਰਨ ਤੋਂ ਰੋਕਣ ਲਈ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੇ ਸਵਾਲ ਕਰਨ ਦੇ ਹੱਕ ਉੱਪਰ ਝਪਟਣ ਅਤੇ ਪੁਲਿਸ ਤਾਕਤ ਨਾਲ ਕੁਚਲਣ ਲਈ ਉਠਿਆ ਹੋਇਆ ਹੈ।

ਇਨ੍ਹਾਂ ਪਾਰਟੀਆਂ ਕੋਲ ਪੰਜਾਬ ਦੇ ਬਹੁਪਰਤੀ ਸੰਕਟ ਸਮੇਤ ਲੋਕਾਂ ਦੇ ਮਸਲਿਆਂ ਦਾ ਕੋਈ ਹੱਲ ਨਹੀਂ ਹੈ। ਇਸ ਲਈ, ਨਾਬਰਾਬਰੀ ਅਤੇ ਸਮਾਜਿਕ ਅਨਿਆਂ ਵਧਾਉਣ ਵਾਲੇ ਆਰਥਕ ਮਾਡਲ ਨੂੰ ਮੁੱਢੋਂ ਰੱਦ ਕਰਨਾ ਲਾਜ਼ਮੀ ਹੈ, ਜੋ ਇਹ ਪਾਰਟੀਆਂ ਕਰ ਨਹੀਂ ਸਕਦੀਆਂ। ਝੂਠੇ ਵਾਅਦੇ ਕਰਕੇ ਸੱਤਾ ਵਿਚ ਆਉਂਦੀਆਂ ਹਨ ਅਤੇ ਫਿਰ ਜਵਾਬਦੇਹੀ, ਸਵਾਲਾਂ ਅਤੇ ਜਨਤਕ ਵਿਰੋਧ ਨੂੰ ਦਬਾਉਣ ਲਈ ਪੁਲਿਸ-ਨੀਮ ਫ਼ੌਜੀ ਜਬਰ ਦਾ ਰਾਹ ਅਖ਼ਤਿਆਰ ਕਰਦੀਆਂ ਹਨ।

ਜਬਰ ਦੀਆਂ ਵੱਧ ਚੁਭਵੀਆਂ ਘਟਨਾਵਾਂ ਸਮੇਂ ਬੁੱਚੜ ਪੁਲਿਸ ਅਧਿਕਾਰੀਆਂ ਵਿਰੁੱਧ ਆਮ ਹੀ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਜਾਂਦੀ ਹੈ। ਇਹ ਮੰਗ ਕਰਨਾ ਕਾਫ਼ੀ ਨਹੀਂ ਹੈ। ਨਾਗਰਿਕ ਆਜ਼ਾਦੀਆਂ ਅਤੇ ਸੰਘਰਸ਼ ਦੇ ਹੱਕ ਉੱਪਰ ਝਪਟਣ ਦੀ ਹਰ ਘਟਨਾ ਪ੍ਰਤੀ ਸੰਵੇਦਨਸ਼ੀਲ ਹੋਣਾ ਅਤੇ ਉਸ ਦੇ ਵਿਰੁੱਧ ਆਵਾਜ਼ ਉਠਾਉਣ ਦੀ ਜਮਹੂਰੀ ਜਾਗਰੂਕਤਾ ਵਧਾਉਣੀ ਜ਼ਰੂਰੀ ਹੈ। ਜ਼ਿਆਦਾ ਜਨਤਕ ਦਬਾਅ ਪੈਣ 'ਤੇ ਸਰਕਾਰਾਂ ਇੱਕਾ-ਦੁੱਕਾ ਜ਼ਿਆਦਾ ਬਦਲਾਮ ਅਧਿਕਾਰੀ ਨੂੰ ਲਾਈਨ ਹਾਜ਼ਰ ਕਰਕੇ ਜਾਂ ਜਾਂਚ ਕਰਾਉਣ ਦੀ ਖ਼ਾਨਾ ਪੂਰਤੀ ਕਰਕੇ ਵਕਤ ਟਪਾ ਲੈਂਦੀਆਂ ਹਨ। ਸ਼ੇਰੋਂ ਕਾਂਡ 'ਚ ਪਹਿਲਾਂ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਵੱਲੋਂ ਮੋਹਨਜੀਤ ਸ਼ੇਰੋਂ ਦਾ ਕਥਿਤ ਅਪਰਾਧੀ ਰਿਕਾਰਡ ਦਰਸਾਕੇ ਅਤੇ ਝੂਠੇ ਡੋਪ ਟੈਸਟ ਰਾਹੀਂ ਉਸਨੂੰ ਨਸ਼ੇੜੀ ਦਿਖਾਕੇ ਜਬਰ ਉੱਪਰ ਪਰਦਾ ਪਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸੀਨੀਅਰ ਝਾੜੂ ਆਗੂ ਅਮਨ ਅਰੋੜਾ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਪੁਲਿਸ ਵਾਲੇ ਆਪਣੇ ਬੱਚਿਆਂ ਦੀ ਸਹੁੰ ਖਾ ਕੇ ਕਹਿੰਦੇ ਹਨ ਕਿ ਉਨ੍ਹਾਂ ਨੇ ਜਬਰ ਨਹੀਂ ਕੀਤਾ। ਜਦੋਂ ਇਹ ਕਵਾਇਦ ਪੁੱਠੀ ਪੈਂਦੀ ਦਿਸੀ ਤਾਂ ਜਬਰ ਢਾਹੁਣ ਵਾਲੇ ਡੀ.ਐੱਸ.ਪੀ. ਖਹਿਰੇ ਅਤੇ ਤਿੰਨ ਅਧਿਕਾਰੀਆਂ ਨੂੰ ਉੱਥੋਂ ਬਦਲਣ ਦਾ ਅੱਕ ਚੱਬਣਾ ਪਿਆ। ਕੋਈ ਪਰਚਾ ਦਰਜ ਨਹੀਂ, ਕੋਈ ਚਾਰਜਸ਼ੀਟ ਨਹੀਂ। ਸਖ਼ਤ ਕਾਨੂੰਨੀ ਕਾਰਵਾਈ ਉਹ ਕਰ ਨਹੀਂ ਸਕਦੀਆਂ। ਕਿਉਂਕਿ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਦੀ ਸ਼ਹਿ 'ਤੇ ਜਬਰ-ਤਸ਼ੱਦਦ ਕੀਤਾ ਹੁੰਦਾ ਹੈ ਅਤੇ ਸਖ਼ਤ ਕਾਰਵਾਈ ਕਰਕੇ ਹਾਕਮ ਪੁਲਿਸ ਅਧਿਕਾਰੀਆਂ ਦੀ ਨਾਰਾਜ਼ਗੀ ਮੁੱਲ ਲੈਣਾ ਨਹੀਂ ਚਾਹੁਣਗੇ।

ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਬੀਰ ਬਾਦਲ ਵਰਗੇ ਹਸਪਤਾਲ ਵਿਚ ਜਾ ਕੇ ਮੋਹਨਜੀਤ ਸ਼ੇਰੋਂ ਦਾ ਹਾਲ-ਚਾਲ ਪੁੱਛਣ ਦਾ ਨਾਟਕ ਕਰਕੇ ਝੂਠੀ ਹਮਦਰਦੀ ਦਿਖਾ ਰਹੇ ਹਨ। ਸੰਗਰੂਰ ਵਿਚ ਵੀ ਰਾਜਨੀਤਕ ਪਾਰਟੀਆਂ ਅਤੇ ਹੋਰ ਸੰਸਥਾਵਾਂ ਵੱਲੋਂ ਇਸ ਜਬਰ ਕਾਂਡ ਵਿਰੁੱਧ ਕਾਲੀਆਂ ਪੱਗਾਂ, ਕਾਲੀਆਂ ਪੱਟੀਆਂ ਅਤੇ ਕਾਲੇ ਝੰਡਿਆਂ ਨਾਲ ਸਾਂਝਾ ਧਰਨਾ ਦਿੱਤਾ ਗਿਆ ਹੈ। ਕਿਸੇ ਨੂੰ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਅਕਾਲੀ-ਕਾਂਗਰਸੀ ਜਾਂ ਅਜਿਹੇ ਹੋਰ ਮੌਕਾਪ੍ਰਸਤ ਸਿਆਸਤਦਾਨ ਵਿਅਕਤੀ ਦੀ ਪ੍ਰਗਟਾਵੇ ਦੀ ਆਜ਼ਾਦੀ ਜਾਂ ਪ੍ਰੈੱਸ ਦੀ ਆਜ਼ਾਦੀ ਜਾਂ ਜਮਹੂਰੀ ਸਪੇਸ ਦੀ ਰਾਖੀ ਲਈ ਸੁਹਿਰਦ ਲੜਾਈ ਲੜਨਗੇ। ਉਨ੍ਹਾਂ ਦਾ ਇੱਕੋਇਕ ਮਨੋਰਥ ਸੱਤਾਧਾਰੀ ਧਿਰ ਦੇ ਜਬਰ ਨੂੰ ਮੁੱਦਾ ਬਣਾਕੇ ਰਾਜਨੀਤਕ ਲਾਹਾ ਲੈਣਾ ਹੈ। ਭਗਵੰਤ ਦਾ ਝਾੜੂ ਗੈਂਗ ਵੀ ਸੱਤਾ 'ਚ ਆਉਣ ਤੋਂ ਪਹਿਲਾਂ ਪਹਿਲੀਆਂ ਸਰਕਾਰਾਂ ਵਿਰੁੱਧ ਧਰਨੇ ਜਹੇ ਲਾਉਣ ਅਤੇ ਬਿਆਨਬਾਜ਼ੀ ਕਰਨ ਦੇ ਬਥੇਰੇ ਨਾਟਕ ਕਰਦਾ ਰਿਹਾ। ਪੰਜਾਬ ਦੇ ਅਵਾਮ ਅੰਦਰ ਜਮਹੂਰੀ ਹੱਕਾਂ ਦੀ ਚੇਤਨਾ ਜਗਾਉਣ ਦਾ ਸੱਚੇ ਮਾਇਨਿਆਂ 'ਚ ਕੰਮ ਲੋਕ ਜਮਹੂਰੀ ਜਥੇਬੰਦੀਆਂ ਹੀ ਕਰ ਸਕਦੀਆਂ ਹਨ। ਬਠਿੰਡੇ 'ਚ ਮੁੱਖ ਮੰਤਰੀ ਦੀ ਫੇਰੀ ਮੌਕੇ ਜੁਝਾਰੂ ਮੁਲਾਜ਼ਮਾਂ ਨੇ ਸੈਂਕੜੇ ਕਾਲੇ ਝੰਡਿਆਂ ਨਾਲ ਮੁਜ਼ਾਹਰਾ ਕਰਕੇ ਇਸਦਾ ਜਵਾਬ ਦਿੱਤਾ ਗਿਆ। ਇਹ ਆਵਾਜ਼ ਪੂਰੇ ਪੰਜਾਬ ਚੋਂ ਉੱਠਣੀ ਚਾਹੀਦੀ ਹੈ।




ਪੰਜਾਬ ਦੇ ਹਰ ਜਾਗਦੀ ਜ਼ਮੀਰ ਵਾਲੇ ਵਿਅਕਤੀ ਨੂੰ ਸਰਕਾਰ ਦੀ ਲੋਕ ਵਿਰੋਧੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਣ ਵਾਲਿਆਂ ਅਤੇ ਆਪਣੀਆਂ ਵਾਜਬ ਲਈ ਲੜਨ ਵਾਲਿਆਂ ਉੱਪਰ ਕੀਤੇ ਜਾ ਰਹੇ ਜਬਰ-ਤਸ਼ੱਦਦ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ। ਸੱਤਾ ਨੂੰ ਸਵਾਲ ਕਰਨ ਦੇ ਨਾਗਰਿਕਾਂ ਦੇ ਜਮਹੂਰੀ ਹੱਕ ਦੀ ਰਾਖੀ ਲਈ ਸਾਨੂੰ ਸਭ ਨੂੰ ਅੱਗੇ ਆ ਕੇ ਆਵਾਜ਼ ਬੁਲੰਦ ਕਰਨੀ ਹੋਵੇਗੀ।

# 'ਤੁਰੰਤ ਊਰਜਾ' ਦੇਣ ਵਾਲੇ ਐਨਰਜੀ ਡਰਿੰਕਸ ਸਿਹਤ ਲਈ ਮਿੱਠਾ ਜ਼ਹਿਰ

-ਡਾ. ਕ੍ਰਿਸ਼ਨ ਲਾਲ
62831-16797




ਅੱਜ ਦੇ ਡਿਜੀਟਲ ਅਤੇ ਤੇਜ਼ ਰਫ਼ਤਾਰ ਯੁੱਗ ਵਿੱਚ 'ਇੰਸਟੈਂਟ ਐਨਰਜੀ' (ਤੁਰੰਤ ਊਰਜਾ) ਦਾ ਸੰਕਲਪ ਬਹੁਤ ਪ੍ਰਸਿੱਧ ਹੋ ਚੁੱਕਾ ਹੈ। ਖ਼ਾਸ ਕਰਕੇ ਸਕੂਲਾਂ-ਕਾਲਜਾਂ ਦੇ ਵਿਦਿਆਰਥੀ, ਆਈ.ਟੀ. ਸੈਕਟਰ ਵਿੱਚ ਰਾਤਾਂ ਨੂੰ ਕੰਮ ਕਰਨ ਵਾਲੇ ਪੇਸ਼ੇਵਰ, ਜਿਮ ਜਾਣ ਵਾਲੇ ਨੌਜਵਾਨ ਅਤੇ ਆਨਲਾਈਨ ਗੇਮਰਜ਼ ਇਸ ਸ਼੍ਰੇਣੀ ਦੇ ਸਭ ਤੋਂ ਵੱਡੇ ਉਪਭੋਗਤਾ ਹਨ। ਪ੍ਰਭਾਵਸ਼ਾਲੀ ਮਾਰਕੀਟਿੰਗ, ਆਕਰਸ਼ਕ ਪੈਕੇਜਿੰਗ ਅਤੇ 'ਖੇਡਾਂ ਵਿੱਚ ਪ੍ਰਦਰਸ਼ਨ ਵਧਾਉਣ ਦੇ ਦਾਅਵਿਆਂ ਸਦਕਾ ਐਨਰਜੀ ਡਰਿੰਕਸ ਅੱਜ ਹਰ ਘਰ ਤੱਕ ਪਹੁੰਚ ਚੁੱਕੀਆਂ ਹਨ। ਪਰ ਮੈਡੀਕਲ ਵਿਗਿਆਨ ਅਤੇ ਵਿਸ਼ਵ ਸਿਹਤ ਸੰਗਠਨ ਦੀਆਂ ਹਾਲੀਆ ਰਿਪੋਰਟਾਂ ਇੱਕ ਬਹੁਤ ਹੀ ਡਰਾਉਣੀ ਤਸਵੀਰ ਪੇਸ਼ ਕਰਦੀਆਂ ਹਨ। ਇਹ ਪੀਣ ਵਾਲੇ ਪਦਾਰਥ ਸਰੀਰ ਨੂੰ ਅਸਲੀ ਊਰਜਾ ਦੇਣ ਦੀ ਬਜਾਏ, ਅੰਦਰਨੀ ਅੰਗਾਂ ਨੂੰ ਹੌਲੀ-ਹੌਲੀ ਖੋਖਲਾ ਕਰ ਰਹੇ ਹਨ।

ਆਮ ਖਪਤਕਾਰ ਐਨਰਜੀ ਡਰਿਕ ਨੂੰ ਇੱਕ ਸਾਧਾਰਨ ਕੋਲਡ ਡਰਿੰਕ ਵਾਂਗ ਸਮਝ ਕੇ ਪੀਂਦਾ ਹੈ, ਪਰ ਇਸ ਦਾ ਕੈਮੀਕਲ ਫਾਰਮੂਲੇਸ਼ਨ ਬਹੁਤ ਜ਼ਿਆਦਾ ਤਾਕਤਵਰ ਅਤੇ ਉਤੇਜਕ ਹੁੰਦਾ ਹੈ।

ਜਿੱਥੇ ਇੱਕ ਸਾਧਾਰਨ ਚਾਹ ਦੇ ਕੱਪ ਵਿੱਚ 20-30 ਮਿਲੀਗ੍ਰਾਮ ਅਤੇ ਕੌਫੀ ਵਿੱਚ 60-80 ਮਿਲੀਗ੍ਰਾਮ ਕੈਫੀਨ ਹੁੰਦੀ ਹੈ, ਉੱਥੇ ਐਨਰਜੀ ਡਰਿਕ ਦੇ ਇੱਕ ਕੈਨ ਵਿੱਚ 80 ਮਿਲੀਗ੍ਰਾਮ ਤੋਂ ਲੈ ਕੇ 300 ਮਿਲੀਗ੍ਰਾਮ ਤੱਕ ਸਿੰਥੇਟਿਕ ਕੈਫੀਨ ਹੁੰਦੀ ਹੈ, ਜੋ ਸਿੱਧਾ ਸਾਡੇ ਨਰਵਸ ਸਿਸਟਮ 'ਤੇ ਹਮਲਾ ਕਰਦੀ ਹੈ। ਇਸ ਤੋਂ ਇਲਾਵਾ, ਵਿਸ਼ਵ ਸਿਹਤ ਸੰਗਠਨ ਮੁਤਾਬਕ ਇੱਕ ਇਨਸਾਨ ਨੂੰ ਦਿਨ ਵਿੱਚ 25 ਗ੍ਰਾਮ (5 ਚਮਚ) ਤੋਂ ਵੱਧ ਖੰਡ ਨਹੀਂ ਖਾਣੀ ਚਾਹੀਦੀ, ਜਦੋਂ ਕਿ ਇੱਕ 500☆⇩ ਦੇ ਕੇਨ ਵਿੱਚ 45 ਤੋਂ 54 ਗ੍ਰਾਮ ਤੱਕ ਖੰਡ ਹੁੰਦੀ ਹੈ। ਯਾਨੀ ਇੱਕੋ ਵਾਰ ਵਿੱਚ ਦੋ ਦਿਨਾਂ ਦਾ ਕੋਟਾ ਸਰੀਰ ਵਿੱਚ ਚਲਾ ਜਾਂਦਾ ਹੈ। ਇਨ੍ਹਾਂ ਵਿੱਚ ਮਿਲਾਏ ਜਾਣ ਵਾਲੇ ਤੱਤ ਜਿਵੇਂ ਕਿ ਟੋਰੀਨ ਅਤੇ ਗੁਆਰਾਨਾ (ਜਿਸ ਵਿੱਚ ਕੌਫੀ ਨਾਲੋਂ ਦੁੱਗਣੀ ਕੈਫੀਨ ਹੁੰਦੀ ਹੈ ਇਸ ਨੂੰ ਜਾਨਲੇਵਾ ਹੱਦ ਤੱਕ ਵਧਾ ਦਿੰਦੇ ਹਨ, ਅਤੇ ਗਲੂਕੁਰੋਨੋਲੈਕਟਨ ਵਰਗੇ ਆਰਟੀਫੀਸ਼ੀਅਲ ਰੰਗ ਜਿਗਰ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਐਨਰਜੀ ਡਰਿਕ ਪੀਣ ਦੇ 24 ਘੰਟਿਆਂ ਦੇ ਅੰਦਰ ਹੀ ਸਰੀਰ ਵਿੱਚ ਸਭ ਤੋਂ ਵੱਡਾ ਅਤੇ ਖ਼ਤਰਨਾਕ ਬਦਲਾਅ ਦਿਲ ਦੇ ਸਿਸਟਮ ਵਿੱਚ ਦੇਖਿਆ ਜਾਂਦਾ ਹੈ। ਕੈਫੀਨ ਅਤੇ ਟੋਰੀਨ ਦਾ ਮਿਸ਼ਰਣ ਦਿਲ ਦੀਆਂ ਮਾਸਪੇਸ਼ੀਆਂ ਨੂੰ ਬਹੁਤ ਤੇਜ਼ੀ ਨਾਲ ਸੁੰਗੜਨ ਲਈ ਮਜਬੂਰ ਕਰਦਾ ਹੈ, ਜਿਸ ਨਾਲ ਦਿਲ ਦੀ ਧੜਕਣ ਅਚਾਨਕ ਅਸੰਤੁਲਿਤ ਹੋ ਕੇ 100 ਤੋਂ ਪਾਰ ਹੋ ਜਾਂਦੀ ਹੈ, ਜਿਸ ਨੂੰ ਮੈਡੀਕਲ ਭਾਸ਼ਾ ਵਿੱਚ 'ਟੈਚੀਕਾਰਡੀਆ' ਕਹਿੰਦੇ ਹਨ। ਇਸ ਦੇ ਨਾਲ ਹੀ, ਖ਼ੂਨ ਦੀਆਂ ਨਾੜੀਆਂ ਅਚਾਨਕ ਸੁੰਗੜ ਜਾਣ ਕਾਰਨ ਬਲੱਡ ਪ੍ਰੈਸ਼ਰ ਬਹੁਤ ਤੇਜ਼ੀ ਨਾਲ ਵਧਦਾ ਹੈ, ਜੋ ਬ੍ਰੇਨ ਹੈਮਰੇਜ ਜਾਂ ਹਾਰਟ ਅਟੈਕ ਦਾ ਕਾਰਨ ਬਣ ਸਕਦਾ ਹੈ। ਖੋਜਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਹ ਡਰਿੰਕਸ ਖ਼ੂਨ ਨੂੰ ਸੰਘਣਾ ਕਰਦੀਆਂ ਹਨ, ਜਿਸ ਨਾਲ ਨਾੜੀਆਂ ਵਿੱਚ ਬਲਾਕੇਜ ਜਾਂ ਖ਼ੂਨ ਦੇ ਥੱਕੇ ਜੰਮਣ ਦਾ ਖਤਰਾ ਕਈ ਗੁਣਾ ਵੱਧ ਜਾਂਦਾ ਹੈ।

ਇਹ ਡਰਿੰਕਸ ਦਿਮਾਗ ਵਿੱਚ ਅਡੈਨੋਸਾਈਨ' (ਉਹ ਕੈਮੀਕਲ ਜੋ ਸਾਨੂੰ ਥਕਾਵਟ ਦਾ ਅਹਿਸਾਸ ਕਰਵਾਉਂਦਾ ਹੈ) ਨੂੰ ਬਲਾਕ ਕਰਕੇ ਸਾਡੇ ਦਿਮਾਗ ਨੂੰ ਮੂਰਖ ਬਣਾਉਂਦੀਆਂ ਹਨ। ਰਾਤ ਨੂੰ ਇਸ ਦਾ ਸੇਵਨ ਕਰਨ ਨਾਲ ਸਰੀਰ ਦਾ ਕੁਦਰਤੀ ਸਲੀਪ ਸਾਈਕਲ ਪੂਰੀ ਤਰ੍ਹਾਂ ਤਬਾਹ ਹੋ ਜਾਂਦਾ ਹੈ ਅਤੇ ਇਨਸਮਨੀਆ (ਨੀਂਦ ਨਾ ਆਉਣਾ) ਦੀ ਬੀਮਾਰੀ ਲੱਗ ਜਾਂਦੀ ਹੈ। ਕੈਫੀਨ ਦੀ ਓਵਰਡੋਜ਼ ਕਾਰਨ ਸਰੀਰ ਵਿੱਚ 'ਐਡਰੇਨਾਲੀਨ' ਹਾਰਮੋਨ ਦਾ ਪੱਧਰ ਵਧਦਾ ਹੈ, ਜਿਸ ਨਾਲ ਬਿਨਾਂ ਕਿਸੇ ਕਾਰਨ ਘਬਰਾਹਟ, ਐਂਗਜ਼ਾਇਟੀ, ਹੱਥਾਂ ਦਾ ਕੰਬਣਾ ਅਤੇ ਚਿੜਚਿੜਾਪਨ ਪੈਦਾ ਹੁੰਦਾ ਹੈ। ਜਦੋਂ ਡਰਿੰਕ ਦਾ ਅਸਰ ਖ਼ਤਮ ਹੁੰਦਾ ਹੈ, ਤਾਂ ਬਲੱਡ ਸੂਗਰ ਅਚਾਨਕ ਡਿੱਗਦੀ ਹੈ, ਜਿਸ ਨਾਲ ਮੂਡ ਸਵਿੰਗਜ਼ ਹੁੰਦੇ ਹਨ ਅਤੇ ਲੰਬੇ ਸਮੇਂ ਵਿੱਚ ਇਨਸਾਨ ਡਿਪਰੈਸ਼ਨ ਦਾ ਸ਼ਿਕਾਰ ਹੋ ਸਕਦਾ ਹੈ।

ਪਾਚਨ ਪ੍ਰਣਾਲੀ ਅਤੇ ਗੁਰਦਿਆਂ 'ਤੇ ਵੀ ਇਸ ਦਾ ਬਹੁਤ ਘਾਤਕ ਅਸਰ ਪੈਂਦਾ ਹੈ। ਕੈਫੀਨ ਇੱਕ 'ਡਾਇਯੂਰੇਟਿਕ ਤੱਤ ਹੈ, ਜੋ ਸਰੀਰ ਵਿੱਚੋਂ ਪਾਣੀ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ। ਜਦੋਂ ਖਿਡਾਰੀ ਜਾਂ ਜਿਮ ਜਾਣ ਵਾਲੇ ਲੋਕ ਪਸੀਨਾ ਵਹਾਉਣ ਤੋਂ ਬਾਅਦ ਇਸ ਨੂੰ ਪੀਂਦੇ ਹਨ, ਤਾਂ ਸਰੀਰ ਵਿੱਚ ਭਿਆਨਕ ਡੀਹਾਈਡਰੇਸ਼ਨ (ਪਾਣੀ ਦੀ ਕਮੀ) ਹੋ ਜਾਂਦੀ ਹੈ। ਗੁਰਦਿਆਂ ਨੂੰ ਖ਼ੂਨ ਸਾਫ਼ ਕਰਨ ਲਈ ਲੋੜੀਂਦਾ ਪਾਣੀ ਨਹੀਂ ਮਿਲਦਾ, ਜਿਸ ਨਾਲ ਪੱਥਰੀ ਅਤੇ ਕਿਡਨੀ ਫੇਲ੍ਹ ਹੋਣ ਦੀ ਨੌਬਤ ਆ ਸਕਦੀ ਹੈ। ਇਨ੍ਹਾਂ ਡਰਿੰਕਸ ਦਾ ਬਹੁਤ ਜ਼ਿਆਦਾ ਐਸਿਡਿਕ ਹੋਣਾ ਪੇਟ ਦੀ ਅੰਦਰੂਨੀ ਪਰਤ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਿਸ ਨਾਲ ਗੈਸਟਿਕ ਅਲਸਰ ਅਤੇ ਛਾਤੀ ਵਿੱਚ ਜਲਣ ਹੁੰਦੀ ਹੈ। ਰੋਜ਼ਾਨਾ ਇੰਨੀ ਵੱਧ ਸ਼ੂਗਰ ਲੈਣ ਨਾਲ ਨੌਜਵਾਨ ਉਮਰ ਵਿੱਚ ਹੀ ਟਾਈਪ-2 ਸ਼ੂਗਰ ਦੀ ਬੀਮਾਰੀ ਲੱਗ ਜਾਂਦੀ ਹੈ, ਅਤੇ ਜ਼ਿਆਦਾ ਕੈਫੀਨ ਸਰੀਰ ਵਿੱਚ ਕੈਲਸ਼ੀਅਮ ਦੇ ਜਜ਼ਬ ਹੋਣ ਦੀ ਪ੍ਰਕਿਰਿਆ ਨੂੰ ਰੋਕ ਕੇ ਹੱਡੀਆਂ ਅਤੇ ਦੰਦਾਂ ਨੂੰ ਕਮਜ਼ੋਰ ਕਰ ਦਿੰਦੀ ਹੈ।

ਐਨਰਜੀ ਡਰਿੰਕਸ ਦਾ ਕਾਰੋਬਾਰ ਦੁਨੀਆ ਭਰ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸੈਕਟਰ ਬਣ ਚੁੱਕਾ ਹੈ, ਜਿਸ ਦੀ ਮਾਰਕੀਟ ਵੈਲਿਊ 83.31 ਅਰਬ ਡਾਲਰ ਨੂੰ ਪਾਰ ਕਰ ਗਈ ਹੈ। ਰੈੱਡ ਬੁੱਲ ਵਰਗੇ ਵੱਡੇ ਬ੍ਰੈਂਡ ਖ਼ੁਦ ਨੂੰ ਐਡਵੈਂਚਰ ਸਪੋਰਟਸ ਅਤੇ ਫਾਰਮੂਲਾ 1 ਰੇਸਿੰਗ ਰਾਹੀਂ ਨੌਜਵਾਨਾਂ ਦੇ ਆਈਕਨ ਵਜੋਂ ਪੇਸ਼ ਕਰਦੇ ਹਨ। ਮੋਨਸਟਰ ਵਰਗੀਆਂ ਕੰਪਨੀਆਂ ਵੱਡੇ ਕੈਨਾਂ ਵਿੱਚ ਰੋਜ਼ਾਨਾ ਲੋੜ ਨਾਲੋਂ ਦੁੱਗਣੀ ਕੈਫੀਨ ਅਤੇ ਖੰਡ ਵੇਚ ਰਹੀਆਂ ਹਨ। ਉੱਥੇ ਹੀ ਪੈਪਸੀਕੋ ਨੇ 'ਸਟਿੰਗ' ਨੂੰ ਮਾਤਰ 20 ਰੁਪਏ ਵਰਗੀ ਸਸਤੀ ਕੀਮਤ 'ਤੇ ਲਾਂਚ ਕਰਕੇ ਇਸ ਨੂੰ ਛੋਟੇ ਬੱਚਿਆਂ ਅਤੇ ਮਜ਼ਦੂਰਾਂ ਤੱਕ ਪਹੁੰਚਾ ਦਿੱਤਾ ਹੈ। ਇਹ ਸਾਰੀਆਂ ਕੰਪਨੀਆਂ ਆਪਣੇ ਡਰਿੰਕਸ ਉੱਤੇ 'ਵਿਟਾਮਿਨ ਬੀ3, ਬੀ6, ਬੀ12' ਅਤੇ 'ਜਿਨਸੇਂਗ' ਵਰਗੇ ਸ਼ਬਦਾਂ ਨੂੰ ਵੱਡਾ-ਵੱਡਾ ਲਿਖ ਕੇ ਗਾਹਕਾਂ ਨੂੰ ਗੁੰਮਰਾਹ ਕਰਦੀਆਂ ਹਨ ਤਾਂ ਜੋ ਲੋਕ ਇਸ ਨੂੰ ਹੈਲਥ ਡਰਿੰਕ ਸਮਝਣ, ਜਦੋਂ ਕਿ ਇਨ੍ਹਾਂ ਵਿਟਾਮਿਨਾਂ ਦਾ ਫ਼ਾਇਦਾ ਕੈਫੀਨ ਅਤੇ ਖੰਡ ਦੇ ਨੁਕਸਾਨ ਅੱਗੇ ਬਿਲਕੁਲ ਜ਼ੀਰੋ ਹੁੰਦਾ ਹੈ।

ਸਾਲ 2026 ਵਿੱਚ ਐਨਰਜੀ ਡਰਿੰਕਸ ਦੇ ਖ਼ਿਲਾਫ਼ ਭਾਰਤ ਵਿੱਚ ਬਹੁਤ ਵੱਡੀਆਂ ਰੈਗੂਲੇਟਰੀ ਕਾਰਵਾਈਆਂ ਹੋਈਆਂ ਹਨ। ਭਾਰਤੀ ਖਾਧ ਸੁਰੱਖਿਆ ਅਤੇ ਮਾਨਕ ਅਥਾਰਟੀ (ਐੱਫ.ਐੱਸ.ਐੱਸ.ਏ.ਆਈ.) ਨੇ ਦੇਸ਼ ਦੇ ਪ੍ਰਮੁੱਖ ਬ੍ਰੈਂਡਾਂ ਨੂੰ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਲਈ ਸਖ਼ਤ ਨੋਟਿਸ ਜਾਰੀ ਕੀਤੇ ਹਨ। ਐੱਫ.ਐੱਸ.ਐੱਸ.ਏ.ਆਈ ਨੇ ਸਾਫ਼ ਕਿਹਾ ਹੈ ਕਿ ਭਾਰਤੀ ਕਾਨੂੰਨ ਵਿੱਚ 'ਐਨਰਜੀ ਡਰਿੰਕ' ਨਾਮ ਦਾ ਕੋਈ ਮਾਨਕ ਨਹੀਂ ਹੈ ਅਤੇ ਕੰਪਨੀਆਂ ਦੇ ਦਾਅਵਿਆਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਹੁਣ ਇਨ੍ਹਾਂ ਡਰਿੰਕਸ ਨੂੰ 'ਕੈਫੀਨੇਟਿਡ ਬੇਵਰੇਜ' ਲਿਖਣਾ ਪਵੇਗਾ ਅਤੇ ਕੈਨ ਦੇ ਉੱਪਰ ਸਪੱਸ਼ਟ ਚੇਤਾਵਨੀ ਲਿਖਣੀ ਲਾਜ਼ਮੀ ਹੋਵੇਗੀ ਕਿ ਇਹ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਉਚਿਤ ਨਹੀਂ ਹੈ। ਹਾਰਵਰਡ ਹੈਲਥ ਦੀਆਂ ਰਿਪੋਰਟਾਂ ਮੁਤਾਬਕ, ਰੋਜ਼ਾਨਾ ਇਨ੍ਹਾਂ ਨੂੰ ਪੀਣ ਵਾਲੇ ਨੌਜਵਾਨਾਂ ਦੀਆਂ ਨਾੜੀਆਂ ਦੀ ਅੰਦਰੂਨੀ ਪਰਤ ਖ਼ਰਾਬ ਹੋ ਰਹੀ ਹੈ ਅਤੇ 'ਕੈਫੀਨ ਟੌਕਸਿਸਿਟੀ' ਦੇ ਕਾਰਨ ਬੱਚਿਆਂ ਵਿੱਚ ਉਲਟੀਆਂ, ਹਲੂਸੀਨੇਸ਼ਨ (ਭਰਮ ਹੋਣਾ) ਅਤੇ ਦਿਲ ਦੇ ਦੌਰੇ ਦੇ ਮਾਮਲੇ 40 ਪ੍ਰਤੀਸ਼ਤ ਤੱਕ ਵਧੇ ਹਨ।

ਸਿਹਤ ਮਾਹਰਾਂ ਨੇ ਦੋ ਸਥਿਤੀਆਂ ਵਿੱਚ ਐਨਰਜੀ ਡਰਿੰਕਸ ਦੇ ਸੇਵਨ ਨੂੰ ਬੇਹੱਦ ਜਾਨਲੇਵਾ ਦੱਸਿਆ ਹੈ: ਸ਼ਰਾਬ ਦੇ ਨਾਲ ਮਿਲਾ ਕੇ ਪੀਣਾ: ਅੱਜ-ਕੱਲ੍ਹ ਪਾਰਟੀਆਂ ਵਿੱਚ ਸ਼ਰਾਬ ਦੇ ਅੰਦਰ ਰੈੱਡ ਬੁਲ ਜਾਂ ਮੋਨਸਟਰ ਮਿਲਾ ਕੇ ਪੀਣ ਦਾ ਫੈਸ਼ਨ ਹੈ। ਸ਼ਰਾਬ ਇੱਕ 'ਡਿਪਰੈਸ਼ਨਟ' (ਸਰੀਰ ਨੂੰ ਸ਼ਾਂਤ ਕਰਨ ਵਾਲੀ) ਹੈ ਅਤੇ ਐਨਰਜੀ ਡਰਿਕ ਇੱਕ 'ਸਟਿਮੂਲੈਂਟ' (ਸਰੀਰ ਨੂੰ ਉਤੇਜਿਤ ਕਰਨ ਵਾਲੀ) ਹੈ। ਜਦੋਂ ਇਹ ਦੋਵੇਂ ਇਕੱਠੇ ਮਿਲਦੇ ਹਨ, ਤਾਂ ਦਿਮਾਗ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਵਿਅਕਤੀ ਨੂੰ ਨਸ਼ੇ ਦਾ ਅਹਿਸਾਸ ਨਹੀਂ ਹੁੰਦਾ, ਜਿਸ ਨਾਲ 'ਅਲਕੋਹਲ ਪੋਇਜ਼ਨਿੰਗ' ਅਤੇ ਅਚਾਨਕ ਹਾਰਟ ਫੇਲ੍ਹ ਹੋਣ ਦੀਆਂ ਘਟਨਾਵਾਂ ਵਾਪਰਦੀਆਂ ਹਨ। ਭਾਰੀ ਵਰਕਆਉਟ (ਜ਼ੋਰਦਾਰ ਕਸਰਤ) ਤੋਂ ਬਾਅਦ ਪੀਣਾ: ਜਿਮ ਵਿੱਚ ਭਾਰੀ ਕਸਰਤ ਕਰਨ ਤੋਂ ਤੁਰੰਤ ਬਾਅਦ ਦਿਲ ਪਹਿਲਾਂ ਹੀ ਬਹੁਤ ਤੇਜ਼ ਧੜਕ ਰਿਹਾ ਹੁੰਦਾ ਹੈ। ਉਸ ਸਮੇਂ ਅਜਿਹੀ ਹਾਈ-ਕੈਫੀਨ ਡਰਿਕ ਪੀਣ ਨਾਲ ਦਿਲ 'ਤੇ ਦਬਾਅ ਇੰਨਾ ਵੱਧ ਜਾਂਦਾ ਹੈ ਕਿ ਕਾਰਡੀਅਕ ਅਰੈਸਟ ਹੋ ਸਕਦਾ ਹੈ।

ਐਨਰਜੀ ਡਰਿੰਕਸ ਅਸਲ ਵਿੱਚ ਸਿਹਤ ਲਈ ਇੱਕ 'ਮਿੱਠਾ ਜ਼ਹਿਰ' ਹਨ, ਜੋ ਸਰੀਰ ਨੂੰ ਕੋਈ ਅਸਲੀ ਕੈਲੋਰੀ ਜਾਂ ਪੋਸ਼ਣ ਨਹੀਂ ਦਿੰਦੀਆਂ, ਬਲਕਿ ਸਿਰਫ਼ ਦਿਮਾਗ ਨੂੰ ਕੁਝ ਸਮੇਂ ਲਈ ਝੂਠੀ ਊਰਜਾ ਦਾ ਅਹਿਸਾਸ ਕਰਵਾਉਂਦੀਆਂ ਹਨ। ਜੇਕਰ ਤੁਹਾਨੂੰ ਸੱਚਮੁੱਚ ਉਰਜਾ ਦੀ ਲੋੜ ਹੈ, ਤਾਂ ਨਕਲੀ ਕੈਮੀਕਲਜ਼ ਦੀ ਬਜਾਏ ਕੁਦਰਤੀ ਚੀਜ਼ਾਂ ਵੱਲ ਮੁੜਨਾ ਚਾਹੀਦਾ ਹੈ:ਕੁਦਰਤੀ ਇਲੈਕਟ੍ਰੋਲਾਈਟਸ ਨਾਲ ਭਰਪੂਰ ਤਾਜ਼ਾ ਨਾਰੀਅਲ ਪਾਣੀ। ਘਰ ਦੀ ਬਣੀ ਨਿੰਬੂ ਕਾਂਜੀ ਜਾਂ ਪੁਦੀਨੇ ਦਾ ਰਸ। ਤਾਜ਼ੇ ਫ਼ਲਾਂ ਦਾ ਜੂਸ। ਇਸ ਦੇ ਨਾਲ ਹੀ ਪੂਰੇ ਦਿਨ ਵਿੱਚ ਭਰਪੂਰ ਪਾਣੀ ਪੀਣਾ ਅਤੇ 7-8 ਘੰਟਿਆਂ ਦੀ ਚੰਗੀ ਨੀਂਦ ਲੈਣੀ ਚਾਹੀਦੀ ਹੈ, ਕਿਉਂਕਿ ਡੀਹਾਈਡਰੇਸ਼ਨ ਅਤੇ ਨੀਂਦ ਦੀ ਕਮੀ ਹੀ ਸਰੀਰਕ ਥਕਾਵਟ ਦਾ ਮੁੱਖ ਕਾਰਨ ਹੁੰਦੀ ਹੈ। ਆਪਣੇ ਸਰੀਰ ਦੀ ਕੁਦਰਤੀ ਊਰਜਾ ਦਾ ਸਤਿਕਾਰ ਕਰੋ ਅਤੇ ਇਨ੍ਹਾਂ ਡੱਬਾਬੰਦ ਕੈਮੀਕਲਾਂ ਤੋਂ ਦੂਰ ਰਹਿ ਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਦੀ ਰੱਖਿਆ ਕਰੋ।

# ਦੇਸ਼ 'ਚ ਜਮਹੂਰੀਅਤ ਦੀ ਰਾਖੀ ਜੇ ਅਦਾਲਤਾਂ ਨਹੀਂ ਕਰਨਗੀਆਂ, ਤਾਂ ਲੋਕ ਅੰਦੋਲਨ ਜ਼ਰੂਰੀ

*ਦੇਸ਼ ਨੂੰ ਸਭ ਤੋਂ ਵੱਡਾ ਲੋਕਤੰਤਰ ਕਹੇ ਜਾਣ ਵਾਲੇ ਰਾਜ ਪ੍ਰਬੰਧ ਅਧੀਨ ਸਤਾ 'ਤੇ ਕਾਬਜ਼ ਸਿਆਸੀ ਧਿਰ ਅਤੇ ਸਤਾ ਉੱਪਰ ਕਾਬਜ਼ ਹੋਣ ਦੇ ਯਤਨ ਕਰ ਰਹੀ ਸਤਾ ਹੀਣ ਧਿਰ ਵੱਲੋਂ, ਵੋਟਾਂ ਵੇਲੇ ਜੋ ਧੱਕੇਸ਼ਾਹੀ, ਬਦਮਾਸ਼ੀ, ਕੁੱਟਮਾਰ ਅਤੇ ਚੋਣ ਬੂਥਾਂ 'ਤੇ ਕਬਜ਼ੇ ਕਰਨ ਵਰਗੇ ਕਾਂਡ, ਲੋਕ ਅਕਸਰ ਹੀ ਵੇਖ ਰਹੇ ਹਨ। ਚੋਣ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਹ ਸਭ ਕੁੱਝ ਵੇਖਦੇ ਅਤੇ ਜਾਣਦੇ ਹੋਣ ਦੇ ਬਾਵਜੂਦ ਵੀ ਗਲਤ ਦੇ ਖਿਲਾਫ ਕੋਈ ਕਾਰਵਾਈ ਕਰਨੀ ਕਿਉਂ ਉਚਿੱਤ ਨਹੀਂ ਸਮਝੀ ਜਾਂਦੀ? ਵੱਡੇ ਸਵਾਲ ਹਨ। ਜਦੋਂ ਵੋਟ ਚੋਰੀ ਇਲੈਕਸ਼ਨ ਕਮਿਸਨ ਕਰ ਰਿਹਾ ਸੀ, ਪਰ ਕਿਸੇ ਵੀ ਅਦਾਲਤ ਵੱਲੋਂ ਉਸ ਨੂੰ ਰੋਕਣ ਦੀ ਬਣਦੀ ਜ਼ੁੰਮੇਵਾਰੀ ਨਹੀਂ ਨਿਭਾਈ।*



ਜਸਵੰਤ ਜੀਰਖ
98151-69825



ਸਾਡੇ ਦੇਸ਼ ਵਿੱਚ ਹਰ ਪਾਸੇ ਹੋ ਰਹੀਆਂ ਸੰਵਿਧਾਨਿਕ ਉਲੰਘਣਾਵਾਂ ਰਾਹੀਂ ਮਨੁੱਖੀ ਜਮਹੂਰੀਅਤ ਦਾ ਮਲੀਆਮੇਟ ਕਰਨ ਦਾ ਦੌਰ ਪੂਰੇ ਜ਼ੋਰ ਨਾਲ ਆਪਣੇ ਰੰਗ ਵਿਖਾ ਰਿਹਾ ਹੈ। ਸਤਾ 'ਤੇ ਬਰਾਜਮਾਨ ਸਿਆਸਤਦਾਨ ਜੋ ਚੋਣਾ ਸਮੇਂ ਆਪਣੇ ਆਪ ਨੂੰ ਲੋਕਾਂ ਦੇ ਸੇਵਕ ਹੋਣ ਦਾ ਦੰਭ ਕਰਕੇ ਲੋਕਾਂ ਨੂੰ ਭਰਮਾਉਂਦੇ ਹਨ। ਪਰ ਜਦੋਂ ਰਾਜ ਸਤਾ ਉੱਪਰ ਕਾਬਜ਼ ਹੋ ਕੇ ਸੇਵਕ ਦੀ ਬਜਾਏ ਦੇਸ਼ ਦੇ ਮਾਲਕ ਸਮਝਕੇ, ਲੋਕਾਂ ਦੀ ਥਾਂ ਕਿਹਨਾਂ ਦੀ ਸੇਵਾ ਕਰਦੇ ਹਨ, ਸਭ ਨੰਗਾ ਹੋ ਜਾਂਦਾ ਹੈ। ਹਰ ਵਿਭਾਗ ਦੇ ਛੋਟੇ ਵੱਡੇ ਅਧਿਕਾਰੀਆਂ, ਇੱਥੋਂ ਤੱਕ ਕਿ ਇਨਸਾਫ਼ ਦੇ ਫਰਿਸ਼ਤੇ ਅਖਵਾਉਣ ਵਾਲੇ ਜੱਜਾਂ ਵੱਲੋਂ ਵੀ, ਦੇਸ਼ ਦੇ ਅਸਲ ਮਾਲਕ ਲੋਕਾਂ ਨੂੰ ਕਿਵੇਂ ਕੀੜੇ ਮਕੌੜੇ ਸਮਝਕੇ ਉਹਨਾਂ ਪ੍ਰਤੀ ਕੀਤਾ ਜਾਂਦਾ ਦੁਰਵਿਹਾਰ ਜਮਹੂਰੀਅਤ ਦੇ ਸ਼ਬਦ ਨੂੰ ਹੀ ਸ਼ਰਮ ਸਾਰ ਕਰ ਰਿਹਾ ਹੈ। ਲੋਕਾਂ ਵੱਲੋਂ ਹਰ ਰੋਜ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਅਤੇ ਸਤਾ 'ਤੇ ਬਿਰਾਜਮਾਨ ਮੰਤਰੀਆਂ/ਮੁੱਖ ਮੰਤਰੀਆਂ ਨੂੰ ਮੰਗ ਪੱਤਰ ਦੇਣ ਦੀ ਜਮਹੂਰੀ ਪ੍ਰਕਿਰਿਆ ਬਾਰ ਬਾਰ ਦੋਹਰਾਈ ਜਾਂਦੀ ਹੈ। ਪਰ ਇਸ ਦੇ ਬਾਵਜੂਦ ਵੀ ਇਹਨਾਂ ਸਾਰੇ ਜ਼ੁੰਮੇਵਾਰਾਂ ਵੱਲੋਂ ਕੋਈ ਠੋਸ ਕਾਰਵਾਈ ਕਰਨ ਦੀ ਬਜਾਏ ਸਿਰਫ ਗੋਂਗਲੂਆਂ ਤੋਂ ਮਿੱਟੀ ਝਾੜਨ ਦੀ ਕਹਾਵਤ ਅਨੁਸਾਰ, ਹਾਂ ਹੂੰ ਕਰਕੇ ਲੋਕਾਂ ਨੂੰ ਟਾਲ-ਮਟੋਲ ਕਰਨ ਦੀ ਨੀਤੀ ਰਾਹੀਂ ਟਾਲਣ ਤੋਂ ਵੱਧ ਕੁੱਝ ਵੀ ਪੱਲੇ ਨਹੀਂ ਪਾਇਆ ਜਾ ਰਿਹਾ। ਜਦੋਂ ਬਾਰ ਬਾਰ ਅਜਿਹਾ ਵਾਪਰਨ ਨਾਲ ਦੇਸ਼ ਦੇ ਅਸਲ ਮਾਲਕ, ਭਾਵ ਲੋਕ ਆਪਣੇ ਚੁਣੇ ਹੋਏ ਨੁਮਾਇੰਦਿਆਂ ਅਤੇ ਅਫਸਰ ਸ਼ਾਹੀ ਨੂੰ ਪੁੱਛਣ ਲਈ ਆਪਣੇ ਜਮਹੂਰੀ ਅਧਿਕਾਰ ਦੀ ਵਰਤੋਂ ਕਰਦੇ ਹਨ ਤਾਂ ਇਹਨਾਂ ਦੇਸ਼ ਦੇ ਮਾਲਕ ਬਣ ਬੈਠੇ ਮੌਕਾਪ੍ਰਸਤਾਂ ਵੱਲੋਂ ਸਤਾ ਦੇ ਗਰੂਰ ਵਿੱਚ, ਸ਼ਾਂਤਮਈ ਰੋਸ ਪ੍ਰਗਟਾਉਂਦੇ ਲੋਕਾਂ ਨਾਲ ਜੋ ਵਰਤਾਓ ਕੀਤਾ ਜਾਂਦਾ ਹੈ, ਉਹ ਦੇਸ਼ ਦੇ ਹਰ ਖੇਤਰ ਵਿੱਚ ਹਰ ਰੋਜ ਹੁੰਦਾ ਵੇਖ ਰਹੇ ਹਾਂ। ਕਿਵੇਂ ਕਿਸਾਨਾਂ, ਮਜ਼ਦੂਰਾਂ, ਬੇਰੋਜ਼ਗਾਰਾਂ, ਵਿਦਿਆਰਥੀਆਂ, ਮੁਲਾਜ਼ਮਾਂ, ਪੈਨਸ਼ਨਰਾਂ ਉੱਪਰ ਪਾਣੀ ਦੀਆਂ ਬੁਛਾੜਾਂ, ਲਾਠੀਆਂ, ਅੱਥਰੂ ਗੈਸ ਗੋਲਿਆਂ ਰਾਹੀਂ ਹਮਲੇ ਹੀ ਨਹੀਂ ਕੀਤੇ ਜਾਂਦੇ ਸਗੋਂ ਝੂਠੇ ਕੇਸ ਮੜ੍ਹ ਕੇ ਜ਼ੇਲ੍ਹੀਂ ਡੱਕਿਆ ਜਾ ਰਿਹਾ ਹੈ। ਪਿਛਲੇ ਦਿਨੀਂ ਪਟਿਆਲਾ ਵਿਖੇ ਬੇਰੋਜ਼ਗਾਰ ਬਿਜਲੀ ਕਾਮਿਆਂ ਵੱਲੋਂ ਰੋਜਗਾਰ ਲੈਣ ਲਈ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਕਰਦੇ ਨੌਜਵਾਨਾਂ ਉੱਪਰ ਕਿਵੇਂ ਪੁਲਿਸ ਵੱਲੋਂ ਤਸੱਦਦ ਕੀਤਾ ਗਿਆ, ਉਹ ਹਰ ਇਕ ਦੇ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ, ਜੋ ਸੋਸਲ ਮੀਡੀਆ ਰਾਹੀਂ ਸਭ ਨੇ ਵੇਖਿਆ। ਇਹੋ ਵਰਤਾਓ ਸਫਾਈ ਮਜ਼ਦੂਰਾਂ ਨਾਲ ਹੋਇਆ, ਜਦੋਂ ਔਰਤਾਂ ਨਾਲ ਵੀ ਅਤਿ ਭੈੜਾ ਸਲੂਕ ਕੀਤਾ ਗਿਆ। ਬੇਟੀ ਬਚਾਓ-ਬੇਟੀ ਪੜ੍ਹਾਓ ਦੇ ਝੂਠੇ ਦਾਅਵਿਆਂ ਦਾ ਭਰਮ ਜਾਲ ਫੈਲਾ ਕੇ ਹੱਕ ਮੰਗਦੀਆਂ ਔਰਤਾਂ ਨਾਲ ਜੋ ਬਦਸਲੂਕੀ ਤੇ ਨਿਰਦਈ ਪੁਣਾ ਹੋ ਰਿਹਾ ਹੈ, ਉਹ ਸਰਕਾਰ ਦੇ ਝੂਠੇ ਦਾਅਵਿਆਂ ਨੂੰ ਲੀਰੋ ਲੀਰ ਕਰ ਰਿਹਾ ਹੈ।

ਪੁਲਿਸ ਵੱਲੋਂ ਹੁਣੇ ਹੀ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਸੇਰੋ ਦੇ ਮੋਹਨਜੀਤ ਸਿੰਘ ਅਤੇ ਤੂਰ ਵਨਜਾਰਾ ਪਿੰਡ ਦੇ ਗੁਲਜਾਰ ਸਿੰਘ ਨਾਲ ਨਸ਼ਿਆਂ ਸਬੰਧੀ ਆਵਾਜ ਉਠਾਉਣ ਦੇ ਇਵਜ ਵਿੱਚ ਪੁਲਿਸ ਵੱਲੋਂ ਜੋ ਵਰਤਾਓ ਕੀਤਾ ਗਿਆ, ਉਹ ਗੁੰਡਾ ਅਤੇ ਜੰਗਲ ਰਾਜ ਦੀ ਯਾਦ ਦਿਵਾਉਂਦਾ ਹੈ। ਗੁਲਜਾਰ ਸਿੰਘ ਬਦਸਲੂਕੀ ਨਾ ਸਹਾਰਦਾ ਹੋਇਆ ਸਦਾ ਲਈ ਦੁਨੀਆਂ ਨੂੰ ਅਲਵਿਦਾ ਆਖ ਗਿਆ ਹੈ ਅਤੇ ਮੋਹਹਨਜੀਤ ਸਿੰਘ ਆਪਣੇ ਨਾਲ ਪੁਲਿਸ ਵੱਲੋਂ ਕੀਤੀ ਦਰਿੰਦਗੀ ਦਾ ਹਸਪਤਾਲ ਵਿੱਚੋਂ ਇਵਜ਼ਾਨਾ ਭਗਤਕੇ ਹੁਣ ਸਰੀਰਕ ਤੋਰ ਤੇ ਦੁੱਖ ਭੋਗਣ ਲਈ ਮਜਬੂਰ ਹੈ। ਇਸੇ ਤਰ੍ਹਾਂ ਦੇਸ਼ ਦੇ ਵੱਖ ਵੱਖ ਖੇਤਰਾਂ ਵਿੱਚ ਸੂਬਾ ਤੇ ਕੇਂਦਰ ਸਰਕਾਰਾਂ ਵੱਲੋਂ ਅਜਿਹੇ ਅੱਤਿਆਚਾਰ ਕਰਨ ਲਈ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਦੇਸ਼ ਨੂੰ ਪੁਲਿਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। 34 ਸਾਲਾ ਟਿਊਟਰ ਨਰਿੰਦਰਦੀਪ ਸਿੰਘ ਦੀ ਪੁਲਿਸ ਤਸ਼ੱਦਦ ਕਾਰਣ ਹੋਈ ਮੌਤ ਦੀ ਘਟਨਾ ਸਮੇਤ ਹੋਰ ਅਨੇਕਾਂ ਹੀ ਅਜਿਹੇ ਦਰਦਨਾਕ ਵਰਤਾਰੇ ਹਨ, ਜਿਹੜੇ ਇਸ ਜੰਗਲ ਰਾਜ ਦੀ ਗਵਾਹੀ ਭਰਦੇ ਹਨ। ਇਸੇ ਤਰ੍ਹਾਂ ਆਏ ਦਿਨ ਪੁਲਿਸ ਮੁਕਾਬਲੇ ਦੇ ਨਾਂ ਹੇਠ ਮਨੁੱਖੀ ਜ਼ਿੰਦਗੀਆਂ ਦਾ ਘਾਣ ਹੋ ਰਿਹਾ ਹੈ।

ਲੋਕਾਂ ਉੱਪਰ ਹੋ ਰਹੇ ਅਜਿਹੇ ਅੱਤਿਆਚਾਰਾਂ ਦਾ ਦੇਸ਼ ਦੀਆਂ ਉੱਚ ਅਦਾਲਤਾਂ ਨੂੰ ਨੋਟਿਸ ਲੈਣਾ ਬਣਦਾ ਹੈ, ਪਰ ਕਿਸੇ ਨੇ ਵੀ ਸਰਕਾਰ ਵੱਲੋਂ ਲੋਕਾਂ ਉੱਪਰ ਕੀਤੇ ਅੱਤਿਆਚਾਰਾਂ ਬਾਰੇ ਪੁੱਛਣ ਤੱਕ ਦੀ ਵੀ ਲੋੜ ਨਹੀਂ ਸਮਝੀ। ਮਾਨਯੋਗ ਕਹੇ ਜਾਂਦੇ ਜੱਜਾਂ ਦੀ ਮਾਨਸਿਕਤਾ ਕੁੱਝ ਕੁ ਮਾਮਲਿਆਂ ਨੂੰ ਛੱਡ, ਸੱਤਾਧਾਰੀਆਂ ਦੀ ਰੱਖਿਆ ਕਰਨ ਵਾਲੀ ਬਣ ਰਹੀ ਹੈ ਕਿਉਂਕਿ ਉਹਨਾਂ ਨੂੰ ਸੇਵਾ ਮੁਕਤੀ ਉਪਰੰਤ ਸਰਕਾਰ ਵੱਲੋਂ ਕੋਈ ਉੱਚ ਅਹੁਦਾ ਮਿਲਣ ਦੀ ਝਾਕ ਹੁੰਦੀ ਹੈ। ਲੋਕ ਜੋ ਕਿ ਦੇਸ਼ ਦੇ ਮਾਲਕ ਹੁੰਦੇ ਹਨ ਅਤੇ ਹੋਰ ਸਾਰੇ ਹਾਕਮ ਇਹਨਾਂ ਦੇ ਨੌਕਰ, ਜਿਨ੍ਹਾਂ ਨੇ ਦੇਸ਼ ਦੇ ਮਾਲਕਾਂ ਭਾਵ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ। ਉਨ੍ਹਾਂ ਦੇ ਮੌਲਿਕ ਅਧਿਕਾਰਾਂ ਸਮੇਤ ਇੱਥੋਂ ਦੇ ਵਾਤਾਵਰਣ, ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਦੇਸ਼ ਦੇ ਵਿਕਾਸ ਲਈ ਨੀਤੀਆਂ ਤਹਿ ਕਰਨੀਆਂ ਹੁੰਦੀਆਂ ਹਨ। ਪਰ ਹਵਾ ਨੂੰ ਗੁਰੂ ਅਤੇ ਪਾਣੀ ਨੂੰ ਪਿਤਾ ਮੰਨ ਕੇ ਇਹਨਾਂ ਵਿੱਚ ਜ਼ਹਿਰ ਘੋਲਣ ਵਾਲੇ, ਮੁਲਕ ਦੀਆਂ ਨਦੀਆਂ ਦੇ ਪਾਣੀਆਂ ਸਮੇਤ ਸ਼ੁੱਧ ਹਵਾਵਾਂ ਵਿੱਚ, ਧਰਮ ਦੇ ਪਰਦੇ ਹੇਠ ਤੀਰਥਾਂ ਅਤੇ ਤਿਉਹਾਰਾਂ ਸਮੇਂ, ਗੰਧਲਾ ਕਰਨ ਦੀ ਕੋਈ ਕਸਰ ਨਹੀਂ ਛੱਡਦੇ। ਲੋਕਾਂ ਦੀ ਗੈਰ ਵਿਗਿਆਨਿਕ ਅੰਧਵਿਸ਼ਵਾਸੀ ਧਰਮ ਅਧਾਰਤ ਆਸਥਾ ਨੂੰ ਸਰਕਾਰ ਵੱਲੋਂ ਮਾਨਤਾ ਦੇ ਕੇ ਵਾਤਾਵਰਣ ਗੰਧਲਾ ਕਰਨ ਦੀ ਪੂਰੀ ਖੁੱਲ੍ਹ ਦਿੱਤੀ ਜਾਂਦੀ ਹੈ। ਗੰਗਾ ਨਦੀ ਵਿੱਚ ਹਜ਼ਾਰਾਂ ਕਵਿੰਟਲ ਕਚਰੇ ਰਾਹੀਂ ਗੰਦ ਪਾਉਣ ਵਾਲੇ ਇਨ੍ਹਾਂ ਧਰਮੀ ਅਖਵਾਉਣ ਵਾਲਿਆਂ ਵੱਲੋਂ ਪਾਏ, ਕੂੜੇ ਕਰਕਟ ਨੂੰ ਚੁੱਕਣ ਉੱਪਰ ਲੋਕਾਂ ਦੀ ਕਿਰਤ ਰਾਹੀਂ ਭਰੇ ਖਜ਼ਾਨੇ ਵਿੱਚੋਂ ਕਰੋੜਾਂ ਰੁਪਏ ਦਾ ਖਰਚ ਕੀਤਾ ਗਿਆ। ਇਸ ਖਰਚ ਨੂੰ ਹੋਰ ਉਸਾਰੂ ਕੰਮਾਂ ਲਈ ਵਰਤਿਆ ਜਾ ਸਕਦਾ ਸੀ। ਪਰ ਇੱਥੇ ਅਜਿਹੇ ਕਰਮ ਕਾਂਡਾਂ ਰਾਹੀਂ ਗੰਦਗੀ ਫੈਲਾਉਣ ਵਿਰੁੱਧ ਕਾਨੂੰਨ ਬਣਾ ਕੇ ਲੋਕਾਂ ਨੂੰ ਚੰਗੀ ਜ਼ਿੰਦਗੀ ਦੇਣ ਦੀ ਬਜਾਏ, ਉਨ੍ਹਾਂ ਨੂੰ ਹੋਰ ਮਾਨਸਿਕ ਗੁਲਾਮ ਅਤੇ ਕੰਗਾਲ ਬਣਾ ਕੇ ਪੂੰਜੀਪਤੀਆਂ/ਦੇਸੀ ਵਿਦੇਸ਼ੀ ਕੰਪਨੀਆਂ/ਕਾਰਪੋਰੇਟਾਂ ਨੂੰ ਹੋਰ ਮਾਲੋ-ਮਾਲ ਕਰਨ ਲਈ ਨੀਤੀਆਂ ਬਣਾਈਆਂ ਜਾ ਰਹੀਆਂ ਹਨ। ਆਦੀ ਵਾਸੀ ਇਲਾਕਿਆਂ ਵਿੱਚ ਵਿਕਾਸ ਦੇ ਨਾਂ ਹੇਠ ਉਨ੍ਹਾਂ ਦੀ ਰੋਜ਼ੀ ਰੋਟੀ ਦੇ ਸਾਧਨ ਖਤਮ ਕਰਕੇ, ਹਜਾਰਾਂ ਏਕੜ ਜੰਗਲਾਂ ਦੇ ਉਜਾੜੇ ਨੂੰ ਵਿਕਾਸ ਦਾ ਨਾਂ ਦੇ ਕੇ, ਕਾਰਪੋਰੇਟਾਂ ਦੇ ਮੁਨਾਫੇ ਵਧਾਉਣ ਲਈ ਮਨੁੱਖੀ ਤਬਾਹੀ ਕੀਤੀ ਜਾ ਰਹੀ ਹੈ। ਅਜਿਹੇ ਵਰਤਾਰਿਆਂ ਨੂੰ ਰੋਕਣ ਲਈ ਸਿਆਸਤਦਾਨਾ, ਉੱਚ ਅਧਿਕਾਰੀਆਂ ਅਤੇ ਅਦਾਲਤਾਂ ਵੱਲੋਂ ਕੋਈ ਕਦਮ ਨਹੀਂ ਚੁੱਕੇ ਜਾ ਰਹੇ, ਜਿਸ ਕਰਕੇ ਦੇਸ਼ ਦੇ ਹਿਤ ਵਿੱਚ ਅਗਾਂਹਵਧੂ ਮਨੁੱਖਤਾ ਪੱਖੀ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ।

ਦੇਸ਼ ਦੇ ਸਾਰੇ ਕਮਾਊ ਅਦਾਰੇ ਇੱਕ-ਇੱਕ ਕਰਕੇ ਵਿਉਪਾਰਿਕ ਅਦਾਰਿਆਂ/ਕਾਰਪੋਰੇਟਾਂ ਦੀ ਝੋਲੀ ਪਾਏ ਗਏ ਅਤੇ ਜੋ ਬਚਦੇ ਹਨ ਉਨ੍ਹਾਂ ਲਈ ਵੀ ਤਿਆਰੀਆਂ ਜਾਰੀ ਹਨ। ਪੈਟਰੋਲ ਡੀਜ਼ਲ ਦੇ ਭਾਅਵਾਂ ਵਿੱਚ ਵਿਸ਼ਵ ਮਾਰਕੀਟ ਵਿੱਚ ਵੱਡੀ ਪੱਧਰ 'ਤੇ ਹੇਠਾਂ ਆਣ ਦੇ ਬਾਵਜੂਦ ਵੀ ਤੇਲ ਕੰਪਨੀਆਂ ਦੇ ਮੁਨਾਫੇ ਘਟਾਉਣ ਦੀ ਥਾਂ ਉੱਚੇ ਭਾਅ ਵੇਚਕੇ ਲੋਕਾਂ ਦੀ ਲੁੱਟ ਕਰਨ ਲਈ ਦਿੱਤੀ ਖੁੱਲ੍ਹੀ ਛੋਟ ਪ੍ਰਤੱਖ ਹੈ। ਇਸ ਤਰ੍ਹਾਂ ਲੋਕਾਂ ਰਾਹੀਂ ਚੁਣੀਆਂ ਸਰਕਾਰਾਂ ਵੱਲੋਂ ਦੇਸ਼ ਦੇ ਕਾਰੋਬਾਰ ਆਪਣੇ ਪ੍ਰਬੰਧਾਂ ਹੇਠੋਂ ਕੱਢ, ਵੱਡੇ ਵੱਡੇ ਪੂੰਜੀਪਤੀਆਂ ਨੂੰ ਦਿੱਤੇ ਜਾ ਰਹੇ ਹਨ। ਜਿਸ ਦੇ ਸਿੱਟੇ ਆਮ ਲੋਕਾਂ ਨੂੰ ਬੇਰੋਜ਼ਗਾਰੀ, ਘੱਟ ਵੇਤਨ, ਗਰੀਬੀ, ਮਹਿੰਗਾਈ, ਅਨਪੜ੍ਹਤਾ ਆਦਿ ਦੇ ਰੂਪ ਵਿੱਚ ਭਗਤਣੇ ਪੈ ਰਹੇ ਹਨ।

ਦੇਸ਼ ਨੂੰ ਸਭ ਤੋਂ ਵੱਡਾ ਲੋਕਤੰਤਰ ਕਹੇ ਜਾਣ ਵਾਲੇ ਰਾਜ ਪ੍ਰਬੰਧ ਅਧੀਨ ਸਤਾ 'ਤੇ ਕਾਬਜ਼ ਸਿਆਸੀ ਧਿਰ ਅਤੇ ਸਤਾ ਉੱਪਰ ਕਾਬਜ਼ ਹੋਣ ਦੇ ਯਤਨ ਕਰ ਰਹੀ ਸਤਾ ਹੀਣ ਧਿਰ ਵੱਲੋਂ, ਵੋਟਾਂ ਵੇਲੇ ਜੋ ਧੱਕੇਸ਼ਾਹੀ, ਬਦਮਾਸ਼ੀ, ਕੁੱਟਮਾਰ ਅਤੇ ਚੋਣ ਬੂਥਾਂ 'ਤੇ ਕਬਜ਼ੇ ਕਰਨ ਵਰਗੇ ਕਾਂਡ, ਲੋਕ ਅਕਸਰ ਹੀ ਵੇਖ ਰਹੇ ਹਨ। ਚੋਣ ਕਮਿਸ਼ਨ ਅਤੇ ਅਦਾਲਤਾਂ ਵੱਲੋਂ ਇਹ ਸਭ ਕੁੱਝ ਵੇਖਦੇ ਅਤੇ ਜਾਣਦੇ ਹੋਣ ਦੇ ਬਾਵਜੂਦ ਵੀ ਗਲਤ ਦੇ ਖਿਲਾਫ ਕੋਈ ਕਾਰਵਾਈ ਕਰਨੀ ਕਿਉਂ ਉਚਿੱਤ ਨਹੀਂ ਸਮਝੀ ਜਾਂਦੀ? ਵੱਡੇ ਸਵਾਲ ਹਨ। ਜਦੋਂ ਵੋਟ ਚੋਰੀ ਇਲੈਕਸ਼ਨ ਕਮਿਸਨ ਕਰ ਰਿਹਾ ਸੀ, ਪਰ ਕਿਸੇ ਵੀ ਅਦਾਲਤ ਵੱਲੋਂ ਉਸ ਨੂੰ ਰੋਕਣ ਦੀ ਬਣਦੀ ਜ਼ੁੰਮੇਵਾਰੀ ਨਹੀਂ ਨਿਭਾਈ। ਇਲੈਕਸ਼ਨ ਕਮਿਸਨ ਸਰਕਾਰ ਦੇ ਪਿੰਜਰੇ ਦਾ ਤੋਤਾ ਬਣ ਕੇ ਕੰਮ ਕਰ ਰਿਹਾ ਹੈ, ਸੋਸ਼ਲ ਅਤੇ ਪ੍ਰਿੰਟ ਮੀਡੀਆ ਰਾਹੀਂ ਸਭ ਸਾਹਮਣੇ ਆ ਰਿਹਾ ਹੈ। ਜਿਸਨੂੰ ਮਰਜੀ ਚੋਣ ਪ੍ਰਕਿਰਿਆ 'ਚੋਂ ਬਾਹਰ ਕਰ ਦੇਣ, ਜਿਸ ਦੀ ਮਰਜੀ ਵੋਟ ਕੱਟ ਦੇਣ, ਲੋਕ ਪ੍ਰੇਸ਼ਾਨ ਹੋਈ ਜਾਣ, ਕੋਈ ਕਾਨੂੰਨ ਪੁੱਛਣ ਵਾਲਾ ਨਹੀਂ। ਮਾਨਯੋਗ ਸੁਪਰੀਮ ਕੋਰਟ ਵੱਲੋਂ ਲੋਕਾਂ ਦੀਆਂ ਨਜ਼ਾਇਜ ਕੱਟੀਆਂ ਗਈਆਂ ਵੋਟਾਂ ਬਾਰੇ ਇਹ ਕਹਿ ਕੇ ਪੱਲਾ ਝਾੜ ਲੈਣਾ ਕਿ ਕੋਈ ਗੱਲ ਨਹੀਂ ਅਗਲੀ ਵਾਰੀ ਠੀਕ ਕਰਵਾ ਲੈਣਾ, ਹੁਣ ਸਮਾਂ ਨਿੱਕਲ ਗਿਆ ਹੈ। ਜਦੋਂ ਕਿ ਉਹਨਾਂ ਦਾ ਮੁੱਖ ਕੰਮ ਗਲਤ ਹੋ ਰਹੇ ਨੂੰ ਰੋਕ ਕੇ, ਦੋਸ਼ੀ ਖਿਲਾਫ ਕਾਨੂੰਨੀ ਕਾਰਵਾਈ ਕਰਨਾ ਹੈ।

ਇਸੇ ਤਰ੍ਹਾਂ ਬਲਾਤਕਾਰ ਵਰਗੇ ਸੰਗੀਨ ਕੇਸਾਂ ਵਿੱਚ ਉਮਰ ਕੈਦ ਭੁਗਤ ਰਹੇ ਰਾਮ ਰਹੀਮ, ਆਸਾ ਰਾਮ ਵਰਗੇ ਬਲਾਤਕਾਰੀ ਬਾਬਿਆਂ ਨੂੰ ਦੋਸ਼ ਮੁਕਤ ਕਰਵਾਉਣ ਲਈ ਹੋ ਰਹੇ ਯਤਨ ਕੀ ਦਰਸਾਉਂਦੇ ਹਨ? ਕਿਉਂਕਿ ਇਹ ਸਭ ਸਰਕਾਰੀ ਛਤਰ ਛਾਇਆ ਹੇਠ ਪਲ ਰਹੇ ਉਹ ਬਾਬੇ ਹਨ, ਜਿਹਨਾਂ ਦੇ ਡੇਰਿਆਂ ਨੂੰ ਸਰਕਾਰਾਂ ਆਪਣੇ ਵੋਟ ਬੈਂਕ ਸਮਝਦੀਆਂ ਹਨ, ਜਿਸ ਕਰਕੇ ਇਹਨਾਂ ਨੂੰ ਬਾਰ ਬਾਰ ਪੈਰੋਲ ਦੇ ਕੇ ਜੇਲ੍ਹੋਂ ਬਾਹਰ ਲਿਆਉਣ ਦੇ ਵਿਸ਼ੇਸ ਉਪਰਾਲੇ ਕੀਤੇ ਜਾ ਰਹੇ ਹਨ। ਇੱਥੋਂ ਤੱਕ ਕਿ ਇਹਨਾਂ ਨੂੰ ਸਬੂਤਾਂ ਦੀ ਘਾਟ ਦੇ ਬਹਾਨੇ ਅਪ੍ਰਾਧਿਕ ਕੇਸਾਂ 'ਚੋਂ ਬਰੀ ਕਰਨ ਦੇ ਚਰਚੇ ਵੀ ਚੱਲ ਰਹੇ ਹਨ। ਇਨ੍ਹਾਂ ਤੋਂ ਬਿਨਾਂ ਧਾਰਮਿਕ ਅਖਵਾਉਣ ਵਾਲੇ ਅਦਾਰਿਆਂ ਵਿੱਚ ਔਰਤਾਂ ਨਾਲ ਹੋਣ ਵਾਲੇ ਦੁਰਵਿਹਾਰ ਦੀਆਂ ਹੋਰ ਵੀ ਅਨੇਕਾਂ ਉਦਾਹਰਣਾਂ ਅਜਿਹੀਆਂ ਹਨ, ਜਿਨ੍ਹਾਂ ਰਾਹੀਂ ਧਰਮ ਆਗੂਆਂ ਅਤੇ ਸਰਕਾਰਾਂ ਦੀ ਔਰਤ ਵਿਰੋਧੀ ਮਾਨਸਿਕਤਾ ਸਪਸ਼ਟ ਹੋ ਜਾਂਦੀ ਹੈ। ਜਿਵੇਂਕਿ ਬਿਲਕਸ ਬਾਨੋ ਦੇ ਬਲਾਤਕਾਰੀਆਂ ਨੂੰ ਸੰਸਕਾਰੀ ਬ੍ਰਾਹਮਣ ਦੇ ਸਰਟੀਫਿਕੇਟ ਦੇ ਕੇ ਬਰੀ ਕਰਵਾਉਣਾ, ਮਠਿਆਈਆਂ ਵੰਡ ਕੇ ਉਨ੍ਹਾਂ ਦੇ ਗਲਾਂ 'ਚ ਹਾਰ ਪਾ ਕੇ ਸੁਆਗਤ ਕਰਨਾ ਅਤੇ ਵਿਧਾਇਕ ਬਲਵੰਤ ਸਿੰਗਰ ਵਰਗੇ ਬਲਾਤਕਾਰੀ ਨੂੰ ਬਰੀ ਕਰਵਾਉਣਾ ਆਦਿ ਸਰਕਾਰ ਅਤੇ ਧਰਮ ਦੇ ਪਾਜ ਉਧੇੜਦੇ ਹਨ। ਪਰ ਜਦੋਂ ਇਸ ਸਬੰਧੀ ਅਦਾਲਤਾਂ ਦੀ ਥਾਂ ਲੋਕਾਂ ਵੱਲੋਂ ਆਪਣੀ ਜ਼ੁੰਮੇਵਾਰੀ ਬਾਖ਼ੂਬੀ ਨਿਭਾਈ ਗਈ, ਜਿਨ੍ਹਾਂ ਅਜਿਹੇ ਅਦਾਲਤੀ ਫੈਸਲਿਆਂ ਖਿਲਾਫ ਆਵਾਜ਼ ਉਠ ਕੇ ਉਨ੍ਹਾਂ ਦਰਿੰਦਿਆਂ ਨੂੰ ਦੁਬਾਰਾ ਜੇਲ੍ਹ ਭਜਵਾਇਆ ਗਿਆ। ਦੂਜੇ ਪਾਸੇ ਲੋਕਾਂ ਉੱਪਰ ਹੋ ਰਹੇ ਸਰਕਾਰੀ ਅੱਤਿਆਚਾਰਾਂ ਅਤੇ ਬੇਇਨਸਾਫੀ ਖਿਲਾਫ ਆਵਾਜ਼ ਉਠਾ ਕੇ ਸਵਾਲ ਕਰਨ ਵਾਲੇ ਦੇਸ਼ ਹਿਤੂ ਬੁੱਧੀਜੀਵੀ ਵਰਗ ਨੂੰ, ਦਿਮਾਗੀ ਨਕਸਲ ਕਹਿ ਕੇ ਬਦਨਾਮ ਕਰਨ ਦੇ ਫੁਰਮਾਨ ਜਾਰੀ ਕਰਕੇ ਹੱਕੀ ਆਵਾਜ ਦਬਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਉਮਰ ਖਾਲਦ ਵਰਗੇ ਦੇ ਕੇਸਾਂ ਵਿੱਚ ਜ਼ਮਾਨਤ ਦੇਣ ਲਈ ਜਮਹੂਰੀ ਪ੍ਰਕਿਰਿਆ ਨੂੰ ਤਿਆਗਕੇ ਮਨਘੜਤ ਦੋਸ਼ ਮੜ੍ਹ ਕੇ ਸਰਾਸਰ ਬੇਇਨਸਾਫੀ ਹੋ ਰਹੀ ਹੈ। ਬਿਨਾ ਕੋਈ ਕੇਸ ਚਲਾਏ ਉਨ੍ਹਾਂ ਦੀ ਜ਼ਿੰਦਗੀ ਜੇਲ੍ਹਾਂ ਵਿੱਚ ਬਰਬਾਦ ਕੀਤੀ ਜਾ ਰਹੀ ਹੈ। ਜੇਕਰ ਦੇਸ਼ ਵਿੱਚ ਮਨੁੱਖੀ ਜਮਹੂਰੀਅਤ ਦੀ ਰਾਖੀ ਲਈ ਮਾਨਯੋਗ ਅਦਾਲਤਾਂ ਵੱਲੋਂ ਸਰਕਾਰੀ ਪ੍ਰਭਾਵ ਹੇਠ ਮਨੁੱਖੀ ਬਰਾਬਰਤਾ ਦੇ ਅਧਿਕਾਰ ਨਾਲ ਇਸੇ ਤਰ੍ਹਾਂ ਪੱਖ ਪਾਤ ਅਤੇ ਖਿਲਵਾੜ ਜਾਰੀ ਰਿਹਾ ਤਾਂ ਲੋਕਾਂ ਦੇ ਜੱਥੇਬੰਦਕ ਅੰਦੋਲਨਾਂ ਦਾ ਵਿਕਸਤ ਹੋਣਾ ਲਾਜ਼ਮੀ ਹੈ।




# ਅਜੇ ਸ਼ਹੀਦ ਭਗਤ ਸਿੰਘ ਦੇ ਚਿਤਵੇ ਅਨੁਸਾਰ ਆਜ਼ਾਦੀ ਨਹੀਂ ਆਈ, ਸਿਆਸਤਦਾਨ ਬੁੱਤਾਂ ਨੂੰ ਹਾਰ ਪਾ ਕੇ ਸਿਰਫ ਵੋਟਾਂ ਲਈ ਵਰਤ ਰਹੇ ਹਨ : ਲੌਂਗੋਵਾਲ







ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਉਪਰ ਤਰਕਸ਼ੀਲ ਸੁਸਇਟੀ ਪੰਜਾਬ (ਜ਼ੋਨ ਲੁਧਿਆਣਾ) ਵੱਲੋਂ 'ਅਜੋਕੇ ਫਾਸ਼ੀਵਾਦੀ ਦੌਰ ਵਿੱਚ ਭਗਤ ਸਿੰਘ ਦੇ ਵਿਚਾਰਾਂ ਦੀ ਮਹੱਤਤਾ' ਵਿਸ਼ੇ 'ਤੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਸੈਮੀਨਾਰ ਕਰਵਾਇਆ ਗਿਆ ਜਿਸ ਦੇ ਮੁੱਖ ਬੁਲਾਰੇ ਉੱਘੇ ਸਮਾਜਿਕ ਚਿੰਤਕ ਬਲਵੀਰ ਲੌਂਗੋਵਾਲ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਸਮੇਂ ਉਪਰੋਕਤ ਯਾਦਗਾਰ ਵਿੱਚ ਲੱਗੇ ਸ਼ਹੀਦ ਭਗਤ, ਰਾਜਗੁਰੂ, ਤੇ ਸੁਖਦੇਵ ਦੇ ਬੁੱਤਾਂ ਨੂੰ ਹਾਰ ਪਾ ਕੇ ਉਨ੍ਹਾਂ ਦੇ ਅਧੂਰੇ ਰਹੇ ਇਨਕਲਾਬੀ ਕਾਰਜ ਨੂੰ ਪੂਰਾ ਕਰਨ ਦਾ ਪ੍ਰਣ ਦੁਹਰਾਇਆ।

ਸੈਮੀਨਾਰ ਦੇ ਸ਼ੁਰੂ ਵਿੱਚ ਸਟੇਜ ਸਕੱਤਰ ਜਸਵੰਤ ਜ਼ੀਰਖ ਨੇ ਸ਼ਹੀਦ ਭਗਤ ਸਿੰਘ ਵੱਲੋਂ ਆਜ਼ਾਦੀ ਉਪਰੰਤ ਦੇਸ਼ ਦੇ ਨਿਰਮਾਣ ਲਈ ਜੋ ਚਿਤਵਿਆ ਸੀ, ਬਾਰੇ ਭੂਮਿਕਾ ਬਨਦਿਆਂ ਅੱਜ ਦੇ ਫਾਸ਼ੀਵਾਦ ਦੌਰ ਦੀ ਗੱਲ ਕੀਤੀ।

ਇਸ ਦੇ ਬਾਅਦ ਮੁਖ ਬੁਲਾਰੇ ਬਲਵੀਰ ਲੌਂਗੋਵਾਲ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਆਜ਼ਾਦੀ ਦੇ ਸੰਘਰਸ਼ ਨਾਲ ਸਬੰਧਤ ਫਲਸਫ਼ੇ ਪ੍ਰਤੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨੇ ਜੇਲ੍ਹ ਕੱਟਣ ਸਮੇਂ ਹੀ 4 ਮਹੱਤਵਪੂਰਣ ਕਿਤਾਬਾਂ, ਲੋਕਾਂ 'ਚ ਚੇਤਨਾ ਪੈਦਾ ਕਰਨ ਲਈ ਦੇਸ਼ ਵਾਸੀਆਂ ਦੀ ਝੋਲੀ ਪਾਈਆਂ ਅਤੇ ਗਦਰੀ ਵਿਰਾਸਤ ਨੂੰ ਅੱਗੇ ਤੋਰਿਆ। ਉਨ੍ਹਾਂ ਫਲਸਫੇ ਬਾਰੇ ਬੋਲਦਿਆਂ ਕਿਹਾ ਕਿ ਇਕ ਵਿਚਾਰਵਾਦੀ ਤੇ ਦੂਜਾ ਪਦਾਰਥਵਾਦੀ ਦੋ ਫ਼ਲਸਫ਼ੇ ਹਨ। ਵਿਚਾਰਵਾਦੀ ਫ਼ਲਸਫ਼ਾ ਸਰਮਾਏਦਾਰੀ ਦੇ ਹੱਕ ਵਿੱਚ ਅਤੇ ਪਦਾਰਥਵਾਦੀ ਫ਼ਲਸਫ਼ਾ ਕਿਰਤੀ ਦੇ ਪੱਖ 'ਚ ਭੁਗਤਦਾ ਹੈ। ਇਸੇ ਕਾਰਨ ਧਰਮਾਂ ਦੀ ਸਾਂਝ ਸਰਮਾਏਦਾਰੀ ਨਾਲ ਹੈ। ਮੌਜੂਦਾ ਸਿਆਸਤਦਾਨਾਂ ਬਾਰੇ ਬੋਲਦਿਆਂ ਕਿਹਾ ਕਿ ਇਹ ਸ਼ਹੀਦਾਂ ਪ੍ਰਤੀ ਲੋਕਾਂ ਦੇ ਸਤਿਕਾਰ ਨੂੰ ਵੋਟਾਂ ਪ੍ਰਾਪਤ ਕਰਨ ਲਈ ਹੀ ਉਨ੍ਹਾਂ ਦੇ ਗਲਾਂ 'ਚ ਹਾਰ ਪਾਉਂਦੇ ਹਨ, ਉਨ੍ਹਾਂ ਦੀ ਵਿਚਾਰਧਾਰਾ ਨਾਲ ਕੋਈ ਮਤਲਬ ਨਹੀਂ ਰੱਖਦੇ। ਮੌਜੂਦਾ ਸਰਕਾਰਾਂ ਲੋਕਾਂ ਨੂੰ ਧਰਮਾਂ, ਜਾਤਾਂ, ਭਾਸ਼ਾਵਾਂ ਆਦਿ ਵਿੱਚ ਵੰਡ ਕੇ ਉਨ੍ਹਾਂ ਵਿੱਚ ਨਫ਼ਰਤ ਫੈਲਾ ਰਹੀਆਂ ਹਨ ਜਿਸ ਬਾਰੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅਪਣਾਉਣ ਦੀ ਅਹਿਮ ਲੋੜ ਹੈ।

### ਨੌਜਵਾਨਾਂ ਨੂੰ ਉਨ੍ਹਾਂ ਦਾ ਫਲਸਫਾ ਅਪਣਾਉਣ 'ਤੇ ਜ਼ੋਰ ਦਿੱਤਾ

ਪ੍ਰੋ. ਜਗਮੋਹਨ ਸਿੰਘ ਪ੍ਰਧਾਨ ਜਮਹੂਰੀ ਅਧਿਕਾਰ ਸਭਾ ਪੰਜਾਬ, ਨੇ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਸਬੰਧੀ ਖੋਜ ਭਰਪੂਰ ਜਾਣਕਾਰੀ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਨੌਜਵਾਨਾਂ ਨੂੰ ਅੱਗੇ ਵਧਣ ਲਈ ਆ ਰਹੀਆਂ ਸਮੱਸਿਆਵਾਂ ਪ੍ਰਤੀ ਚਿੰਤਨ ਕਰਦਿਆਂ ਆਪਣੀਆਂ ਲਿਖਤਾਂ ਰਾਹੀਂ ਜਾਤ-ਪਾਤ ਅਤੇ ਧਰਮਾਂ ਦੀਆਂ ਵਲਗਣਾਂ 'ਚੋਂ ਬਾਹਰ ਨਿਕਲਣ ਲਈ ਪ੍ਰੇਰਿਤ ਕੀਤਾ। ਧਰਮਾਂ ਦੇ ਨਾਂ ਹੇਠ ਅੰਧਵਿਸ਼ਵਾਸੀ ਵਿਚਾਰਾਂ ਨੂੰ ਪ੍ਰਫੁੱਲਤ ਕਰ ਰਹੇ ਵਿਚਾਰਾਂ ਦੀ ਥਾਂ ਵਿਗਿਆਨਕ ਵਿਚਾਰਾਂ ਦੇ ਆਧਾਰ ਤੇ ਪਦਾਰਥਵਾਦੀ ਫਲਸਫ਼ੇ ਨੂੰ ਅਪਣਾਉਣ, ਲਿੰਗਕ ਸਮਾਨਤਾ ਅਪਣਾਉਂਦੇ ਹੋਏ ਸਿਖਿਅਤ ਹੋਣ।

ਅਗਲੇ ਦੌਰ ਵਿੱਚ ਸਰੋਤਿਆਂ ਦੇ ਸਵਾਲਾਂ ਬਾਰੇ ਪ੍ਰੋ. ਜਗਮੋਹਨ ਸਿੰਘ ਅਤੇ ਬਲਬੀਰ ਲੌਂਗੋਵਾਲ ਵੱਲੋਂ ਸੰਤੁਸ਼ਟ ਕੀਤਾ ਗਿਆ। ਇਸ ਮੌਕੇ ਮਨਜੀਤ ਘਣਗਸ, ਗੋਲਡੀ ਚੌਹਾਨ, ਕਰਤਾਰ ਵੀਰਾਨ, ਬਲਵਿੰਦਰ ਸਿੰਘ ਨੇ ਬਹੁਤ ਹੀ ਭਾਵਪੂਰਕ ਗੀਤਾਂ ਰਾਹੀਂ ਸ਼ਹੀਦ ਭਗਤ ਸਿੰਘ ਦੀਆਂ ਯਾਦਾਂ ਨਾਲ ਸਾਂਝ ਪਾਈ। ਸੈਮੀਨਾਰ ਵਿੱਚ ਉਪਰੋਕਤ ਦੇ ਇਲਾਵਾ ਸੂਬਾ ਆਗੂ ਮੋਹਨ ਬਡਲਾ, ਜ਼ੋਨ ਆਗੂ ਧਰਮਪਾਲ ਸਿੰਘ ਸਮਸ਼ੇਰ ਨੂਰਪੁਰੀ, ਹਰਚੰਦ ਭਿੰਡਰ, ਸਮੇਤ ਇਕਾਈਆਂ ਦੇ ਮੁਖੀਆਂ ਧਰਮ ਸਿੰਘ ਸੁਧਾਰ, ਕਰਤਾਰ ਵੀਰਾਨ ਜਗਰਾਓਂ, ਮਾ. ਰੁਪਿੰਦਰ ਸਿੰਘ, ਮਾ. ਰਜਿੰਦਰ ਜੰਡਿਆਲੀ ਪੂਰੇ ਪਰਿਵਾਰ ਸਮੇਤ ਪੂਰਨ ਸਿੰਘ ਮਲੇਰਕੋਟਲਾ, ਬਲਵਿੰਦਰ ਸਿੰਘ ਤੇ ਅਜਮੇਰ ਦਾਖਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਮੈਂਬਰ ਅਤੇ ਤਰਕਸ਼ੀਲ ਮੈਂਬਰ ਅਤੇ ਹਿਤੈਸ਼ੀ ਰਾਕੇਸ਼ ਆਜ਼ਾਦ, ਸਤਨਾਮ ਸਿੰਘ ਧਾਲੀਵਾਲ, ਰਾਮ ਸਿੰਘ ਭੀਖੀ, ਐਡਵੋਕੇਟ ਨਰਿੰਦਰ ਸਿੰਘ, ਡਾ. ਹਰਬੰਸ ਗਰੇਵਾਲ, ਸਤੀਸ਼ ਸੱਚਦੇਵਾ, ਮੀਨਾਖਸ਼ੀ ਉਰਫ ਮੀਨੂੰ, ਤਜਿੰਦਰ ਕੁਮਾਰ, ਸੁਖਵੀਰ ਸੋਖੀ, ਐਡਵੋਕੇਟ ਹਰਪ੍ਰੀਤ ਜ਼ੀਰਖ, ਕਸਤੂਰੀ ਲਾਲ, ਮਾ. ਸੁਰਜੀਤ ਸਿੰਘ, ਤਰਲੋਚਨ ਸਿੰਘ ਰੰਗਕਰਮੀ, ਜਗਜੀਤ ਸਿੰਘ ਅਤੇ ਹੋਰ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਅਰੁਣ ਕੁਮਾਰ ਨੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਦੀਆਂ ਕਿਤਾਬਾਂ ਦੀ ਸਟਾਲ ਲਾਈ ਅਤੇ ਮਹੇਸ਼ ਕੁਮਾਰ ਨੇ ਸਮੁੱਚੇ ਪ੍ਰਬੰਧਾਂ ਵਿੱਚ ਅਹਿਮ ਭੂਮਿਕਾ ਨਿਭਾਈ।

# ਲੋਕਾਂ ਨਾਲ ਧੋਖਾਧੜੀ ਕਰਕੇ SIR ਦੌਰਾਨ ਵੋਟਰ ਸੂਚੀ ਵਿੱਚੋਂ 21 ਲੱਖ ਦੇ ਕਰੀਬ ਵੋਟਾਂ ਕੱਟਣ ਦੇ ਵਿਰੋਧ ਵਿੱਚ ਚੋਣ ਕਮਿਸ਼ਨ ਦਾ ਪੁਤਲਾ ਫੂਕਿਆ

### ਮੁੱਖ ਚੋਣ ਕਮਿਸ਼ਨਰ ਖਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਹੋਵੇ : ਜਮਹੂਰੀ ਜੱਥੇਬੰਦੀਆਂ




ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਸਥਾਨਕ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ, ਲੁਧਿਆਣਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ ਪੰਜਾਬ, ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ, ਮਹਾਸਭਾ ਲੁਧਿਆਣਾ ਅਤੇ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਵੱਲੋਂ SIR ਦੌਰਾਨ ਵੋਟਰ ਸੂਚੀਆਂ ਵਿੱਚੋਂ ਵੱਡੀ ਗਿਣਤੀ ਵਿੱਚੋਂ ਨਾਮ ਕੱਟੇ ਜਾਣ ਦੇ ਵਿਰੋਧ ਵਿੱਚ ਭਾਰਤੀ ਚੋਣ ਕਮਿਸ਼ਨ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।

ਚੋਣ ਕਮਿਸ਼ਨ ਵੱਲੋਂ ਜਾਰੀ ਡਰਾਫਟ ਵੋਟਰ ਸੂਚੀ ਸਬੰਧੀ ਰਿਪੋਰਟਾਂ ਮੁਤਾਬਕ ਪੰਜਾਬ ਵਿੱਚ ਪਿਛਲੀ ਸੂਚੀ ਦੇ ਮੁਕਾਬਲੇ 20.66 ਲੱਖ ਵੋਟਰਾਂ ਦੇ ਨਾਮ ਘਟੇ ਹਨ। ਚੋਣ ਕਮਿਸ਼ਨ ਵੱਲੋਂ ਇਨ੍ਹਾਂ ਨੂੰ ਗੈਰ-ਹਾਜ਼ਰ, ਮੌਤ ਹੋ ਚੁੱਕੀ, ਪੱਕੇ ਤੌਰ 'ਤੇ ਤਬਦੀਲ ਹੋਏ ਜਾਂ ਡੁਪਲੀਕੇਟ ਵੋਟਰਾਂ ਆਦਿ ਦੀਆਂ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ।

ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਵੋਟ ਪਾਉਣਾ ਹਰ ਯੋਗ ਨਾਗਰਿਕ ਦਾ ਮਹੱਤਵਪੂਰਨ ਲੋਕਤੰਤਰੀ ਅਧਿਕਾਰ ਹੈ। ਜੇਕਰ SIR ਦੀ ਪ੍ਰਕਿਰਿਆ ਦੌਰਾਨ ਕਿਸੇ ਯੋਗ ਵੋਟਰ ਦਾ ਨਾਮ ਗਲਤੀ ਨਾਲ ਵੋਟਰ ਸੂਚੀ ਵਿੱਚੋਂ ਬਾਹਰ ਰਹਿ ਜਾਂਦਾ ਹੈ ਤਾਂ ਉਸ ਦੀ ਤੁਰੰਤ ਜਾਂਚ ਕਰਕੇ ਨਾਮ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਆਗੂਆਂ ਨੇ ਮੰਗ ਕੀਤੀ ਕਿ ਹਟਾਏ ਗਏ ਹਰੇਕ ਨਾਮ ਦਾ ਕਾਰਨ ਜਨਤਕ ਕੀਤਾ ਜਾਵੇ ਅਤੇ ਯੋਗ ਵੋਟਰਾਂ ਨੂੰ ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦਿੱਤਾ ਜਾਵੇ।

ਆਗੂਆਂ ਨੇ ਕਿਹਾ ਕਿ ਵੋਟਰ ਸੂਚੀ ਦੀ ਸ਼ੁੱਧਤਾ ਅਤੇ ਪਾਰਦਰਸ਼ਤਾ ਲੋਕਤੰਤਰੀ ਪ੍ਰਕਿਰਿਆ ਲਈ ਬਹੁਤ ਜ਼ਰੂਰੀ ਹੈ ਅਤੇ ਕਿਸੇ ਵੀ ਯੋਗ ਨਾਗਰਿਕ ਨੂੰ ਆਪਣਾ ਵੋਟ ਦਾ ਅਧਿਕਾਰ ਵਰਤਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਮੰਗ ਕੀਤੀ ਕਿ SIR ਨਾਲ ਸਬੰਧਤ ਇਤਰਾਜ਼ਾਂ ਅਤੇ ਦਾਅਵਿਆਂ ਦਾ ਨਿਰਪੱਖ ਢੰਗ ਨਾਲ ਨਿਪਟਾਰਾ ਕੀਤਾ ਜਾਵੇ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਬੀਜੇਪੀ ਦੇ ਇਛਾਰਿਆਂ 'ਤੇ ਚੱਲਣ ਅਤੇ ਮਨਮਰਜ਼ੀ ਕਰਨ ਦੀ ਸਖ਼ਤ ਨਿੰਦਾ ਕਰਦਿਆਂ ਆਗੂਆਂ ਨੇ ਇਸ ਦੀ ਕਾਰਗੁਜ਼ਾਰੀ ਨੂੰ ਦੇਸ਼ ਵਿਰੋਧੀ ਕਰਾਰ ਦਿੱਤਾ। ਉਹਨਾਂ ਇਹ ਵੀ ਕਿਹਾ ਕਿ ਬੀਜੇਪੀ ਦੇਸ਼ ਨੂੰ ਵੰਡਣ ਦੇ ਰਾਹ ਚੱਲਕੇ ਅੰਗਰੇਜ਼ਾਂ ਤੋਂ ਵੀ ਵੱਧ ਖ਼ਤਰਨਾਕ ਸਾਬਤ ਹੋਈ ਹੈ। ਉਨ੍ਹਾਂ ਗਿਆਨੇਸ਼ ਕੁਮਾਰ ਖਿਲਾਫ਼ ਦੇਸ਼ ਨੂੰ ਧੋਖਾ ਦੇਣ ਕਾਰਨ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰਨ ਦੀ ਮੰਗ ਕੀਤੀ। ਦੇਸ਼ ਵਿੱਚ ਫਾਸ਼ੀਵਾਦੀ ਰੁਝਾਨਾਂ 'ਤੇ ਚੱਲਣ ਵਾਲੀ ਇਸ ਫਿਰਕੂ ਸਰਕਾਰ ਦਾ ਵਿਰੋਧ ਕਰਨ ਲਈ ਲੋਕਾਂ ਨੂੰ ਆਵਾਜ਼ ਉਠਾਉਣ ਲਈ ਅੱਗੇ ਆਉਣਾ ਦਾ ਸੱਦਾ ਦਿੱਤਾ ।

ਇਸ ਮੌਕੇ ਪ੍ਰੋ. ਜਗਮੋਹਨ ਸਿੰਘ, ਜਸਵੰਤ ਜੀਰਖ, ਸਤਨਾਮ ਸਿੰਘ ਧਾਲੀਵਾਲ, ਡਾ. ਹਰਬੰਸ ਸਿੰਘ ਗਰੇਵਾਲ, ਬਾਪੂ ਬਲਕੌਰ ਸਿੰਘ, ਬਲਵਿੰਦਰ ਸਿੰਘ, ਸ਼ਮਸ਼ੇਰ ਨੂਰਪੁਰੀ, ਹਰਚੰਦ ਭਿੰਡਰ, ਧਰਮ ਸਿੰਘ ਸੂਜਾਪੁਰ, ਗੁਰਵਿੰਦਰ ਸਿੰਘ, ਕਰਤਾਰ ਵੀਰਾਨ, ਰਪਿੰਦਰ ਸਿੰਘ, ਰਾਜਿੰਦਰ ਜੰਡਿਆਲੀ, ਐਡਵੋਕੇਟ ਹਰਪ੍ਰੀਤ ਜੀਰਖ, ਰਕੇਸ਼ ਕੁਮਾਰ, ਧਰਮਪਾਲ ਸਿੰਘ, ਅਜਮੇਰ ਦਾਖਾ, ਐਡਵੋਕੇਟ ਨਰਿੰਦਰ ਸਿੰਘ, ਸੁਖਵੀਰ ਸੋਖੀ, ਮਾ. ਰਾਜ ਕੁਮਾਰ ਸਮੇਤ ਔਰਤ ਕਾਰਕੁੰਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਡੀ. ਜੇ. ਦਾ ਰੌਲ਼ਾ ਸੰਗੀਤ ਦਾ ਸੱਤਿਆਨਾਸ

ਜਸਵਿੰਦਰ ਸੰਧੂ, ਬ੍ਰੈਂਪਟਨ
416-558-7359
jaswindersandhu@rogers.com



ਪੰਜਾਬੀਆਂ ਦਾ ਆਪਣੇ ਵਿਆਹ-ਸ਼ਾਦੀਆਂ ਬਗੈਰਾ ਦੇ ਪ੍ਰੋਗਰਾਮਾਂ ਤੇ ਦਿਖਾਵੇਬਾਜ਼ੀ ਕਰਨਾ ਤਾਂ ਸ਼ਾਇਦ ਚਲਦਾ ਹੀ ਰਹਿਣਾ ਹੈ। ਅਸੀਂ ਆਪਣੀ ਅਸਲੀਅਤ ਤੋਂ ਬਾਹਰ ਦੀਆਂ ਗੱਲਾਂ ਕਰਨ ਤੋਂ ਸ਼ਾਇਦ ਰੁਕ ਨਹੀਂ ਸਕਦੇ। ਸਾਡੀ ਸਲੀਕੇਦਾਰੀ ਸਾਡੀ ਸ਼ਰੀਕੇਬਾਜ਼ੀ ਨਾਲ਼ੋਂ ਬਹੁਤ ਪਿੱਛੇ ਹੈ। ਬੜ੍ਹਕਾਂ ਜਾਂ ਫੜ੍ਹਾਂ ਮਾਰਨਾ ਸਾਡੇ ਖ਼ੂਨ 'ਚ ਹੀ ਰਚ ਗਿਆ ਲਗਦਾ ਹੈ। ਇਹ ਗੱਲ ਬਿਲਕੁੱਲ ਨਹੀਂ ਕਿ ਸਾਡੀ ਕਾਬਲੀਅਤ ਹੀ ਗਾਇਬ ਹੋ ਗਈ ਹੈ, ਪਰ ਸਾਡੀਆਂ ਅੰਦਰੂਨੀ ਜਾਂ ਕਹਿ ਲਓ ਕਿ ਜਮਾਂਦਰੂ ਸੰਭਾਵੀ ਸਮਰੱਥਾਵਾਂ ਨੂੰ ਵਿਕਸਤ ਕਰਨ ਵਾਲ਼ੇ ਮਾਹੌਲ ਦੀ ਗੰਭੀਰ ਪੱਧਰ ਤੱਕ ਕਮੀ ਲਗਦੀ ਹੈ। ਆਪਣੇ ਪਲ਼ ਰਹੇ ਬੱਚਿਆਂ ਦੇ ਬਹੁਰੂਪੀ ਅਤੇ ਵਿਲੱਖਣ ਵਿਕਸਣ ਵਾਸਤੇ ਇੱਕ ਢੁਕਵਾਂ ਵਾਤਾਵਰਣ ਬਹੁਤ ਜ਼ਰੂਰੀ ਹੁੰਦਾ ਹੈ। ਪੰਜਾਬੀਆਂ ਦਾ ਹਰ ਖੇਤਰ ਵਿੱਚ ਪਿੱਛੇ ਰਹਿਣਾ ਅੱਜ-ਕੱਲ੍ਹ ਸਾਨੂੰ ਹੈਰਾਨ ਨਹੀਂ ਕਰਦਾ। ਅਸੀਂ ਅਜਿਹਾ ਖ਼ੁਦ ਜਾਂ ਕਹੋ ਕਿ ਝੱਲ, ਅੱਜ-ਕੱਲ੍ਹ ਦੇ ਪੰਜਾਬੀ ਗਾਣਿਆਂ ਵਿੱਚ ਵੀ ਝਲਕਦਾ ਸੁਣ ਸਕਦੇ ਹਾਂ। ਸਾਡੇ ਅਜੋਕੇ ਗੀਤ ਜ਼ਿਆਦਾਤਰ ਗੁੰਡਾਗਰਦੀ ਨੂੰ ਇੱਕ ਸ਼ਾਨ ਦੀ ਤਰਾਂ ਪੇਸ਼ ਕਰਦੇ ਹਨ ਅਤੇ ਸਾਡੇ ਲੋਕ ਸ਼ਾਇਦ ਖਾਸ ਕਰਕੇ ਸਾਡੇ ਗੱਭਰੂ ਤੇ ਮੁਟਿਆਰਾਂ ਵੀ ਅਜਿਹੇ ਬੇਤੁਕੇ ਰੌਲ਼ੇ ਤੇ ਠੁਮਕੇ ਲਾਉਂਦੇ ਹਰ ਪਾਰਟੀ ਦੇ ਦਿਸ ਜਾਣਗੇ। ਨਸ਼ਿਆਂ ਦੇ ਵਾਧੇ ਦੇ ਨਾਲ਼ ਨਾਲ਼ ਪੰਜਾਬੀ ਦੇ ਗਾਣਿਆਂ ਦਾ ਵੀ ਗਰਕੀ ਵੱਲ ਵਧਣਾ ਜਾਰੀ ਹੈ।

ਲੋਕੀਂ ਸਾਨੂੰ ਅਤਿਵਾਦੀ ਵੀ ਸਮਝਦੇ ਹਨ, ਬੇਸ਼ੱਕ ਇਹ ਸਹੀ ਨਹੀਂ ਹੈ। ਪਰ ਫੇਰ ਵੀ ਅਸੀਂ ਅਤਿਕਰਮੀ ਜ਼ਰੂਰ ਹਾਂ। ਸਾਡੇ ਹਜ਼ਾਰਾਂ ਹੀ ਸਿਰਲੱਥ ਯੋਧੇ ਹੋਏ ਹਨ, ਖੇਡਾਂ ਵਿੱਚ ਵੀ ਪੰਜਾਬੀ ਮੂਹਰਲੀ ਕਤਾਰ ਵਿੱਚ ਰਹੇ ਹਨ। ਮੇਰਾ ਮਤਲਬ ਹੈ ਕਿ ਜੋ ਵੀ ਕੰਮ ਆਪਾਂ ਕਰਦੇ ਹਾਂ ਉਸ ਦੀ ਅਤਿ ਤੱਕ ਪਹੁੰਚ ਜਾਂਦੇ ਹਾਂ। ਤੁਹਾਡੇ ਮਨਾਂ ਦੇ ਉੱਠਦੇ ਕੁੱਝ ਸਵਾਲਾਂ ਨੂੰ ਸ਼ਾਂਤ ਕਰਨ ਲਈ ਮੈਂ ਕੁੱਝ ਕੁ ਉਦਾਹਰਣਾਂ ਪੇਸ਼ ਕਰਦਾ ਹਾਂ। ਇੱਕੋ ਪਿੰਡ ਸੰਸਾਰਪੁਰ ਦੇ ਦੁਨੀਆਂ ਦੀ ਚੈਂਪਿਅਨ ਟੀਮ ਵਿੱਚ ਨੌਂ ਖਿਡਾਰੀ ਵੀ ਪੰਜਾਬੀ ਹੀ ਸਨ। ਬੇਸ਼ੱਕ ਜੰਗਲ਼ ਹੇਠਾਂ ਸਾਡੇ ਕੋਲ਼ ਹੁਣ 5.6% ਰਕਬਾ ਰਹਿ ਗਿਆ ਹੈ, ਉਸ ਵਿੱਚੋਂ ਵੀ 2.6% ਨਿੱਜੀ ਜਾਇਦਾਦਾਂ ਦਾ ਹਿੱਸਾ ਹਨ। ਪਰ ਫੇਰ ਵੀ ਲੱਕੜ ਅਸੀਂ ਬਾਕੀ ਸੂਬਿਆਂ ਨੂੰ ਭੇਜ ਰਹੇ ਹਾਂ। ਪਾਕਿਸਤਾਨ ਦੇ ਵੀ ਇੱਕ ਪਿੰਡ (ਨਵਾਂ ਕਾਲ਼ੀ) ਤੋਂ ਸਕੁਆਸ਼ ਦੇ ਬਹੁਤ ਚੈਂਪਿਅਨ ਹੋਏ ਨੇ। ਇਹ ਸਾਡੀਆਂ ਖੇਡਾਂ ਦੀਆਂ ਨਰਸਰੀਆਂ ਜਾਂ ਜ਼ਖੀਰੇ ਕਹੇ ਜਾ ਸਕਦੇ ਨੇ। ਸਾਡੇ ਕੋਲ਼ ਪਾਣੀ ਦੀ ਘਾਟ ਹੈ ਪਰ ਮੱਛੀ ਪਾਲ਼ ਕੇ ਅਸੀਂ ਬਾਹਰਲੇ ਸੂਬਿਆਂ ਨੂੰ ਭੇਜ ਰਹੇ ਹਾਂ। ਪੰਜਾਬ ਦਾ ਖੇਤਰਫਲ਼ ਸਿਰਫ਼ 50362 ਵਰਗ ਕਿ. ਮੀ. ਹੈ ਜੋ ਭਾਰਤ ਦੇ ਕੁੱਲ ਖੇਤਰਫਲ਼ (3 287 263 ਵਰਗ ਕਿ. ਮੀ.) ਦਾ ਸਿਰਫ਼ 1.532% ਹੀ ਬਣਦਾ ਹੈ, ਪਰ ਅਸੀਂ ਭਾਰਤ ਦੇ ਕੇਂਦਰੀ ਖਾਦ-ਭੰਡਾਰ ਲਈ 50% ਤੋਂ ਉੱਪਰ ਹਿੱਸਾ ਪਾ ਰਹੇ ਹਾਂ। ਭਾਵੇਂ ਅਸੀਂ ਪੰਜਾਬੀ ਪੂਰੇ ਦੇਸ਼ ਦੀ ਅਬਾਦੀ ਦਾ 2% ਹਾਂ, ਪਰ ਭਾਰਤੀ ਫੌਜ ਵਿੱਚ ਸਾਡੇ ਜਵਾਨ 15% ਤੱਕ ਰਹੇ ਹਨ। ਓਦਾਂ ਫੌਜ ਵਿੱਚ ਇੰਨੇ ਪੰਜਾਬੀ ਹੋਣ ਕਾਰਨ ਅੱਜ-ਕੱਲ੍ਹ ਤਾਂ ਬਾਕੀਆਂ ਨੇ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਵੀ ਫੌਜ ਦੀਆਂ ਨੌਕਰੀਆਂ ਮਿਲਣੀਆਂ ਚਾਹੀਦੀਆਂ ਹਨ। ਪੰਜਾਬੀਆਂ ਨੇ ਦੇਸ਼ ਦੀ ਅਜ਼ਾਦੀ ਲਈ ਵੀ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਹੋਰ ਵੀ ਬਹੁਤ ਕੁੱਝ ਅਜਿਹਾ ਹੀ ਹੈ। ਇਹ ਸਭ ਸਾਡੀਆਂ ਸ਼ਾਨਦਾਰ ਪ੍ਰਾਪਤੀਆਂ ਹਨ, ਪਰ ਸਾਡੀਆਂ ਕਈ ਬਹਿਬਤਾਂ ਨੂੰ ਨੱਥ ਪਾਉਣ ਲਈ ਢੁਕਵਾਂ ਵਾਤਾਵਰਣ ਪੈਦਾ ਕਰਨ ਦੀ ਲੋੜ ਹੈ। ਖੈਰ, ਇਹ ਤੇ ਅਜਿਹੀਆਂ ਹੋਰ ਗੱਲਾਂ ਵੀ ਬਹੁਤ ਜ਼ਰੂਰੀ ਨੇ ਕਰਨੀਆਂ, ਪਰ ਇੱਥੇ ਮੈਂ ਸਿਰਫ਼ ਆਪਣੇ ਵਿਆਹਾਂ ਬਗੈਰਾ ਦੇ ਪ੍ਰੋਗਰਾਮਾਂ ਤੇ ਪਾਏ ਜਾਂਦੇ ਡੀ-ਜੇ ਦੇ ਰੌਲ਼ੇ ਦੀ ਗੱਲ ਕਰਨੀ ਚਾਹੁੰਦਾ ਹਾਂ। ਸੰਗੀਤ ਸਾਡੀ ਸਭ ਦੀ ਪਸੰਦ ਹੁੰਦੀ ਹੈ। ਭਾਵੇਂ ਸਾਡੀ ਸਭ ਦੀ ਪਸੰਦ ਇੱਕੋ ਜਿਹੀ ਨਹੀਂ ਹੁੰਦੀ, ਪਰ ਰੌਲ਼ਾ ਤਾਂ ਕਿਸੇ ਨੂੰ ਵੀ ਪਸੰਦ ਨਹੀਂ ਹੁੰਦਾ। ਫੇਰ ਹਰ ਸਮਾਗਮ ਵਿੱਚ ਇਹ ਡੀ ਜੇ ਦਾ ਰੌਲ਼ਾ ਕਿਉਂ ਹੁੰਦਾ ਹੈ? ਮੈਂ ਜਿੰਨੇ ਦੋਸਤਾਂ ਬਗੈਰਾ ਨਾਲ਼ ਇਸ ਬਾਰੇ ਗੱਲ ਕੀਤੀ ਹੈ ਤਕਰੀਬਨ ਸਭ ਨੇ ਮੇਰੇ ਇਸ ਵਿਚਾਰ ਨਾਲ਼ ਸਹਿਮਤੀ ਪ੍ਰਗਟਾਈ ਹੈ। ਜਿਨ੍ਹਾਂ ਨੇ 100% ਸਹਿਮਤੀ ਨਹੀਂ ਪ੍ਰਗਟਾਈ ਉਹ ਵੀ ਇਹ ਕਹਿ ਰਹੇ ਸਨ ਕਿ ਅਜਿਹੇ ਪ੍ਰੋਗਰਾਮਾਂ ਤੇ ਕੁੱਝ ਸਮੇਂ ਲਈ ਰੌਲ਼ਾ-ਗੌਲ਼ਾ ਸਹਿ ਲੈਣਾ ਚਾਹੀਦਾ ਹੈ। ਅਸਲ ਵਿੱਚ ਤਾਂ ਸਾਨੂੰ ਸਹਿਣਾ ਹੀ ਪੈਂਦਾ ਹੈ ਕਿਉਂਕਿ ਅਸੀਂ ਕੁੱਝ ਕਰ ਵੀ ਨਹੀਂ ਸਕਦੇ। ਆਮ ਕਰਕੇ ਲੋਕ ਆਪਣੀਆਂ ਸੀਟਾਂ ਤੋਂ ਉੱਠ ਕੇ ਬਾਹਰ ਚਲੇ ਜਾਂਦੇ ਹਨ ਕਿਉਂਕਿ ਇੰਨੇ ਰੌਲ਼ੇ ਵਿੱਚ ਨਾ ਤਾਂ ਕਿਸੇ ਨਾਲ਼ ਗੱਲ-ਬਾਤ ਹੀ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਅਜਿਹਾ ਰੌਲ਼ੇ ਵਾਲ਼ਾ ਸੰਗੀਤ ਹੀ ਮਾਣਿਆ ਜਾ ਸਕਦਾ ਹੈ। ਪਰ ਸੋਚਣ ਵਾਲ਼ੀ ਗੱਲ ਇਹ ਵੀ ਹੈ ਕਿ ਜਿਸ ਸੰਗੀਤ ਨੂੰ ਮਾਣਿਆ ਜਾ ਸਕਦਾ ਹੈ ਜੇ ਕੁੱਝ ਹੌਲ਼ੀ ਕੀਤਾ ਜਾਵੇ, ਕੀ ਉਸ ਤੋਂ ਇਸ ਤਰਾਂ ਭੈ-ਭੀਤ ਜਾਂ ਪ੍ਰੇਸ਼ਾਨ ਹੋਣਾ ਠੀਕ ਲਗਦਾ ਹੈ? ਅਸਰ ਤਾਂ ਸਾਡੀ ਵੱਡਿਆਂ ਦੀ ਸੁਣਨ ਸ਼ਕਤੀ ਤੇ ਵੀ ਪੈਂਦਾ ਹੈ, ਪਰ ਨਵ-ਜੰਮੇ ਬੱਚਿਆਂ ਨੂੰ ਵੀ ਇਸ ਰੌਲ਼ੇ ਦਾ ਅੱਤਿਆਚਾਰ ਝੱਲਣਾ ਪੈਂਦਾ ਹੈ। ਸਾਡੇ ਫਿਜ਼ਿਕਸ ਵਾਲ਼ੇ ਪ੍ਰੋਫੈਸਰ ਨੇ ਇੱਕ ਵਾਰ ਸਮਝਾਇਆ ਸੀ ਕਿ ਜੇ ਮਧੁਰ ਜਾਣੀ ਸੁਣਨ ਨੂੰ ਚੰਗਾ ਲੱਗਣ ਵਾਲ਼ੇ ਸੰਗੀਤ ਨੂੰ ਵੀ ਬਹੁਤ ਉੱਚਾ ਕਰ ਦਿਓ ਤਾਂ ਰੌਲ਼ੇ 'ਚ ਬਦਲ ਜਾਂਦਾ ਹੈ। ਮਹਾਤਮਾ ਬੁੱਧ ਦਾ ਇੱਕ ਵਿਚਾਰ ਵੀ ਇੱਥੇ ਢੁਕਦਾ ਹੈ ਕਿ ਕਿਸੇ ਤਾਰ ਵਾਲ਼ੇ ਸਾਜ਼ ਨੂੰ ਨਾ ਜ਼ਿਆਦਾ ਖਿੱਚੋ ਤੇ ਨਾ ਹੀ ਜ਼ਿਆਦਾ ਢਿੱਲਾ ਛੱਡੋ ਜੇ ਚੰਗਾ ਸੰਗੀਤ ਸੁਣਨਾ ਚਾਹੁੰਦੇ ਹੋ।

ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਨਾ ਪ੍ਰੋਗਰਾਮ ਕਰਾਉਣ ਵਾਲ਼ਾ ਪਰਿਵਾਰ ਅਤੇ ਨਾ ਹੀ ਬੈਂਕੁਇਟ ਹਾਲ ਵਾਲ਼ੇ ਇਨ੍ਹਾਂ ਬੇਤੁਕੇ ਰੌਲ਼ੇ-ਰੱਪੇ ਵਾਲ਼ੇ ਡੀ-ਜੇ ਚਲਾਉਣ ਵਾਲ਼ਿਆਂ ਨੂੰ ਰੋਕਦੇ ਨੇ। ਇਉਂ ਲਗਦੈ ਕਿ ਅਸੀਂ ਸਾਰੇ ਆਪਣੇ ਸੱਭਿਆਚਾਰ ਦੇ ਸਲੀਕੇ ਅਤੇ ਨੈਤਿਕਤਾ ਤੋਂ ਬਹੁਤ ਦੂਰ ਚਲੇ ਗਏ ਹਾਂ। ਮੇਰੀ ਸਭ ਮੋਹਤਬਰਾਂ ਨੂੰ ਬੇਨਤੀ ਹੈ ਕਿ ਇਸ ਭੈੜੇ ਵਧ ਰਹੇ "ਸੰਗੀਤਕ-ਅੱਤਿਆਚਾਰ" ਤੋਂ ਛੁਟਕਾਰਾ ਦਿਵਾਓ। ਹਾਂ, ਸਾਨੂੰ ਸੰਗੀਤ ਦੀ ਜ਼ਰੂਰਤ ਹੁੰਦੀ ਹੈ ਪਾਰਟੀਆਂ ਵਿੱਚ, ਪਰ ਰੌਲ਼ੇ ਦੀ ਨਹੀਂ।



ਗੁਰਮੇਲ ਗਿੱਲ
+91 9888602191
gillgs2007@gmail.com

# ਧਰਮ ਬਨਾਮ ਨੈਤਿਕਤਾ !



ਸਾਡੇ ਭਾਰਤੀ ਸਮਾਜ ਦੀ ਮਾਨਸਿਕਤਾ ਇਹੋ ਜਿਹੀ ਹੈ ਕਿ ਜੇ ਕੋਈ ਕਹੇ ਕਿ "ਮੈਂ ਨਾਸਤਿਕ ਹਾਂ ਜਾਂ ਮੈਂ ਰੱਬ ਦੀ ਹੋਂਦ ਵਿੱਚ ਯਕੀਨ ਨਹੀਂ ਰੱਖਦਾ" ਤਾਂ ਇਹ ਸ਼ਬਦ, ਸੁਣਨ ਵਾਲੇ ਦੇ ਦਿਮਾਗ ਵਿੱਚ ਹਥੌੜੇ ਵਾਂਗ ਵੱਜਦੇ ਹਨ। ਮਤਲਬ ਕਿ ਸਾਡਾ ਸਮਾਜ ਨਾਸਤਿਕ ਬੰਦੇ ਦੇ ਮੱਥੇ ਤੇ, ਬਿਨ੍ਹਾਂ ਸੋਚੇ ਸਮਝੇ, ਝੂਠਾ, ਪਾਪੀ, ਮਾੜਾ, ਅਨੈਤਿਕ, ਸਮਾਜਿਕ ਕਦਰਾਂ ਕੀਮਤਾਂ ਤੋਂ ਡਿੱਗਿਆ ਹੋਇਆ, ਵਰਗੇ ਦੂਸ਼ਣ ਮੜ੍ਹ ਦਿੰਦਾ ਹੈ। ਮੇਰਾ ਵੀ ਨਿੱਜੀ ਤਜ਼ਰਬਾ ਇਹੀ ਹੈ ਕਿ ਸਾਡੇ ਕਈ ਰਿਸ਼ਤੇਦਾਰ ਸਾਨੂੰ ਇਸੇ ਕਰਕੇ ਚੰਗਾ ਨਹੀਂ ਸਮਝਦੇ ਕਿ ਸਾਡਾ ਪਰਿਵਾਰ ਤਰਕਸ਼ੀਲ ਹੈ। ਉਨ੍ਹਾਂ ਦੀ ਇਹੀ ਕੋਸ਼ਿਸ਼ ਰਹਿੰਦੀ ਸੀ ਕਿ ਉਨ੍ਹਾਂ ਦੇ ਬੱਚੇ ਸਾਡੇ ਬੱਚਿਆਂ ਨਾਲ ਜ਼ਿਆਦਾ ਨਾ ਮਿਲਣ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਤਰ੍ਹਾਂ ਉਨ੍ਹਾਂ ਦੇ ਬੱਚੇ 'ਵਿਗੜ' ਜਾਣਗੇ। ਜੇਕਰ ਮੈਂ ਉਨ੍ਹਾਂ ਦੇ ਪਰਿਵਾਰ ਵਿੱਚ ਬੈਠ ਕੇ ਕਦੇ ਧਾਰਮਿਕ ਅੰਧ ਵਿਸ਼ਵਾਸ਼ ਖਿਲਾਫ਼ ਕੋਈ ਤਰਕ ਦੀ ਗੱਲ ਕਰ ਦੇਣੀ ਤਾਂ ਉਨ੍ਹਾਂ ਨੇ ਬੱਚਿਆਂ ਨੂੰ ਕੰਨਾਂ ਤੇ ਹੱਥ ਰੱਖਣ ਨੂੰ ਕਹਿ ਦੇਣਾ। ਹਾਲਾਂਕਿ ਨੈਤਿਕ ਪੱਖੋਂ ਜਿਹੋ ਜਿਹਾ ਸਾਡਾ ਸਮਾਜ ਸਮੁੱਚੇ ਰੂਪ ਵਿੱਚ ਗਰਕਿਆ ਹੋਇਆ ਹੈ, ਉਸ ਤੋਂ ਉਹ ਕਿਸੇ ਤਰ੍ਹਾਂ ਵੀ ਚੰਗੇ ਨਹੀਂ। ਇਸੇ ਤਰ੍ਹਾਂ ਦੀ ਇਕ ਉਦਾਹਰਣ ਕੈਲਗਰੀ ਰਹਿੰਦੇ ਮੇਰੇ ਇਕ ਤਰਕਸ਼ੀਲ ਦੋਸਤ ਦੀ ਹੈ। ਉਨ੍ਹਾਂ ਦੀ ਇਕ ਪੰਜਾਬੀ ਪਰਿਵਾਰ ਨਾਲ ਬਹੁਤ ਨੇੜਤਾ ਸੀ। ਇਕ ਦਿਨ ਮੇਰੇ ਦੋਸਤ ਨੇ ਉਨ੍ਹਾਂ ਸਾਹਮਣੇ ਇਹ ਗੱਲ ਕਰ ਦਿੱਤੀ ਕਿ ਉਨ੍ਹਾਂ ਦਾ ਪਰਿਵਾਰ ਨਾਸਤਿਕ ਹੈ। ਉਸੇ ਟਾਈਮ ਉਨ੍ਹਾਂ ਦੇ ਦੋਸਤ ਦੇ ਚਿਹਰੇ ਦਾ ਰੰਗ ਬਦਲ ਗਿਆ ਅਤੇ ਉਨ੍ਹਾਂ ਨੇ ਮੇਰੇ ਦੋਸਤ ਨਾਲੋਂ ਸਾਰੇ ਰਿਸ਼ਤੇ ਤੋੜ ਲਏ।

ਦੂਜੇ ਪਾਸੇ ਜੋ ਆਦਮੀ ਦਿਖਾਵੇ ਪੱਖੋਂ ਧਾਰਮਿਕ ਹੋਵੇ ਜਾਂ ਪੂਜਾ ਪਾਠ ਜਾਂ ਹੋਰ ਧਾਰਮਿਕ ਕਰਮ ਕਾਂਡ ਕਰਦਾ ਹੋਵੇ ਉਸ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਆਮ ਹੀ ਇਹ ਸੁਣਨ ਨੂੰ ਮਿਲਦਾ ਹੈ ਕਿ ਫਲਾਣਾ ਤਾਂ ਪੂਰਨ ਗੁਰਸਿੱਖ ਹੈ ਜਾਂ ਅਮ੍ਰਿਤਧਾਰੀ ਹੈ ਜਾਂ ਨਿਤਨੇਮੀ ਹੈ ਜਾਂ ਹਰ ਰੋਜ ਧਾਰਮਿਕ ਸਥਾਨ ਤੇ ਜਾਂਦਾ ਹੈ ਤੇ ਉੱਥੇ ਬਹੁਤ ਸੇਵਾ ਕਰਦਾ ਹੈ ਜਾਂ ਲੰਗਰ ਲਾਉਂਦਾ ਹੈ ਵਗੈਰਾ। ਸਾਡਾ ਸਮਾਜ ਇਹੋ ਜਿਹੇ ਬੰਦੇ ਨੂੰ ਨੈਤਿਕ ਹੋਣ ਦਾ ਸਰਟੀਫਿਕੇਟ ਦੇ ਦਿੰਦਾ ਹੈ। ਧਾਰਮਿਕ ਅਸਥਾਨਾਂ ਤੇ ਵੀ ਆਮ ਕਰਕੇ ਬੰਦੇ ਦੇ ਦਿਖਾਵੇ ਵਲੋਂ 'ਪਤਿਤ' ਹੋਣ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ, ਬੰਦੇ ਦੇ ਕਿਰਦਾਰ, ਸਦਾਚਾਰਤਾ ਜਾਂ ਨੈਤਿਕਤਾ ਦੀ ਗੱਲ ਘੱਟ ਹੀ ਕੀਤੀ ਜਾਂਦੀ ਹੈ।

ਜਦੋਂ ਕਿਸੇ ਧਾਰਮਿਕ ਬੰਦੇ ਨਾਲ ਇਸ ਮਸਲੇ ਤੇ ਕੋਈ ਚਰਚਾ ਹੋ ਜਾਏ ਤਾਂ ਉਨ੍ਹਾਂ ਦਾ ਇਹ ਤਰਕ ਹੁੰਦਾ ਹੈ ਕਿ ਬੰਦਾ ਰੱਬ ਦੇ ਭੈਅ ਕਰਕੇ ਕੋਈ ਜੁਰਮ ਕਰਨੋਂ ਡਰਦਾ ਹੈ। ਜੇ ਰੱਬ ਦਾ ਡਰ ਨਾ ਹੋਵੇ ਤਾਂ ਦੁਨੀਆ ਵਿੱਚ ਜੁਰਮ ਇੰਨਾ ਵੱਧ ਜਾਵੇ ਕਿ ਇਥੇ ਹਫੜਾ ਤਫੜੀ ਫੈਲ ਜਾਵੇ। ਉਹ ਇਹ ਵੀ ਕਹਿੰਦੇ ਹਨ ਕਿ ਧਾਰਮਿਕ ਬੰਦੇ ਦੇ ਦਿਲ ਵਿੱਚ ਦਯਾ ਹੁੰਦੀ ਹੈ। ਇਸ ਆਰਟੀਕਲ ਵਿੱਚ ਆਪਾਂ ਇਸੇ ਗੱਲ ਤੇ ਚਰਚਾ ਕਰਾਂਗੇ ਕਿ ਕੀ ਇਹ ਗੱਲ ਦਰੁਸਤ ਹੈ? ਕੀ ਰੱਬ ਜਾਂ ਧਰਮ ਨੂੰ ਮੰਨਣ ਵਾਲੇ ਲੋਕ ਉਨ੍ਹਾਂ ਲੋਕਾਂ ਨਾਲੋਂ ਘੱਟ ਜੁਰਮ ਕਰਦੇ ਹਨ ਜਾਂ ਨੈਤਿਕ ਪੱਖੋਂ ਚੰਗੇ ਹਨ ਜੋ ਨਾਸਤਿਕ ਜਾਂ ਗੈਰ-ਧਾਰਮਿਕ ਹਨ? ਜਾਂ ਕੀ ਅੱਜ ਦਾ ਧਰਮ ਨੈਤਿਕਤਾ ਸਿਖਾਉਂਦਾ ਹੈ? ਜੇ ਇਹ ਗੱਲ ਸਹੀ ਹੈ ਤਾਂ ਦੁਨੀਆ ਦੇ ਉਹ ਦੇਸ਼ ਜਿਥੋਂ ਦੀ ਵੱਡੀ ਬਹੁਗਿਣਤੀ ਵਸੋਂ ਧਾਰਮਿਕ ਹੈ, ਉਹ ਬਹੁਤ ਸ਼ਾਂਤਮਈ, ਜੁਰਮ-ਰਹਿਤ ਅਤੇ ਖੁਸ਼ ਹੋਣੇ ਚਾਹੀਦੇ ਹਨ ਅਤੇ ਇਸਦੇ ਉਲਟ ਬਹੁਗਿਣਤੀ ਗੈਰ-ਧਾਰਮਿਕ ਵਸੋਂ ਵਾਲੇ ਦੇਸ਼ ਲੋਕਾਂ ਲਈ ਅਸੁਰੱਖਿਅਤ ਅਤੇ ਹਫੜਾ ਤਫੜੀ ਵਾਲੇ ਹੋਣੇ ਚਾਹੀਦੇ ਹਨ ਅਤੇ ਉਥੋਂ ਦੇ ਲੋਕ ਦੁਖੀ ਹੋਣੇ ਚਾਹੀਦੇ ਹਨ।

ਆਓ ਦੇਖਦੇ ਹਾਂ ਕਿ ਅਸਲੀਅਤ ਕੀ ਹੈ?

ਗੈਲਪ ਸੰਸਥਾ ਵਲੋਂ 147 ਦੇਸ਼ਾਂ ਦੇ ਸੰਸਾਰ ਖੁਸ਼ੀ ਸੂਚਕ ਅੰਕ (World Happiness Index) ਤੇ ਕੀਤੇ ਸਰਵੇ, ਜੋ ਪ੍ਰਤੀ ਵਿਅਕਤੀ ਆਮਦਨ, ਸਮਾਜਿਕ ਸਹਾਰਾ ਬਣਨ ਵਾਲਾ ਸਿਸਟਮ, ਸਿਹਤਮੰਦ ਉਮਰ ਦੀ ਲੰਬਾਈ, ਜ਼ਿੰਦਗੀ ਵਿਚ ਆਪਣੀਆਂ ਚੋਣਾਂ ਆਪ ਕਰਨ ਦੀ ਆਜ਼ਾਦੀ, ਦਯਾ-ਭਾਵਨਾ ਅਤੇ ਭ੍ਰਿਸ਼ਟਾਚਾਰ ਜਿਹੇ ਕਾਰਕਾਂ ਤੇ ਅਧਾਰਿਤ ਹੈ, ਮੁਤਾਬਕ ਦੁਨੀਆ ਦੇ ਦਸ ਸੱਭ ਤੋਂ ਖੁਸ਼ ਮੁਲਕਾਂ ਦੀ ਸੂਚੀ ਇਸ ਤਰ੍ਹਾਂ ਹੈ। 1. ਫਿਨਲੈਂਡ 2. ਡੈਨਮਾਰਕ 3. ਆਈਸਲੈਂਡ 4. ਸਵੀਡਨ 5. ਨੀਦਰਲੈਂਡ 6. ਕੋਸਟਾ ਰੀਕਾ 7. ਨਾਰਵੇ 8. ਇਜ਼ਰਾਈਲ 9. ਲਕਸਮਬਰਗ 10. ਮੈਕਸੀਕੋ।

ਇਸੇ ਤਰ੍ਹਾਂ ਆਸਟ੍ਰੇਲੀਆ ਸਥਿਤ ਇਕ ਗੈਰ-ਮੁਨਾਫ਼ਾ ਸੰਸਥਾ ਆਰਥਿਕ ਅਤੇ ਸ਼ਾਂਤੀ ਇੰਸਟੀਚਿਊਟ (Economic and Peace Institute) ਵਲੋਂ 163 ਦੇਸ਼ਾਂ ਦੇ ਸੰਸਾਰ ਸ਼ਾਂਤੀ ਸੂਚਕ ਅੰਕ ਤੇ ਕੀਤੇ ਗਏ ਸਰਵੇ ਜੋ ਨਾਗਰਿਕਾਂ ਦੀ ਸੁਰੱਖਿਆ, ਅੰਦਰੂਨੀ ਤੇ ਬਾਹਰੀ ਝਮੇਲੇ ਅਤੇ ਮਿਲਟਰੀ ਖਰਚਿਆਂ ਜਿਹੇ ਕਾਰਕਾਂ ਤੇ ਅਧਾਰਿਤ ਹੈ ਮੁਤਾਬਕ ਦੁਨੀਆ ਦੇ ਦਸ ਸਭ ਤੋਂ ਸ਼ਾਂਤਮਈ ਦੇਸ਼ ਹਨ 1. ਆਈਸਲੈਂਡ 2. ਨਿਊਜ਼ੀਲੈਂਡ 3. ਸਵਿਜ਼ਰਲੈਂਡ 4. ਸਲੋਵਾਨੀਆ 5. ਆਇਰਲੈਂਡ 6. ਆਸਟਰੀਆ 7. ਪੁਰਤਗਾਲ 8. ਸਿੰਘਾਪੁਰ 9. ਫਿਨਲੈਂਡ 10 ਜਪਾਨ।

ਜੇ ਇਨ੍ਹਾਂ ਦੋਨੋ ਸੂਚੀਆਂ ਵਿਚੋਂ ਅਸੀਂ ਉਹ ਦੇਸ਼ ਲੈ ਲਈਏ ਜੋ ਦੋਨੋਂ ਸਰਵਿਆਂ ਦੇ ਉਪਰਲੇ 35 ਦੇਸ਼ਾਂ (ਲਗਭੱਗ 20%) ਵਿਚ ਆਉਂਦੇ ਹਨ, ਮਤਲਬ ਕਿ ਉਥੋਂ ਦੇ ਲੋਕ ਖੁਸ਼ ਵੀ ਹਨ ਤੇ ਸੁਰੱਖਿਅਤ ਵੀ ਹਨ। ਉਨ੍ਹਾਂ ਦੀ ਸੂਚੀ ਇਸ ਤਰ੍ਹਾਂ ਹੈ 1. ਫਿਨਲੈਂਡ 2. ਡੈਨਮਾਰਕ 3. ਆਈਸਲੈਂਡ 4. ਸਵੀਡਨ 5. ਨੀਦਰਲੈਂਡ 6. ਨਾਰਵੇ 7. ਨਿਊਜ਼ੀਲੈਂਡ 8. ਸਵਿਟਜ਼ਰਲੈਂਡ 9. ਸਲੋਵੇਨੀਆ 10. ਆਇਰਲੈਂਡ 11. ਆਸਟਰੀਆ 12. ਸਿੰਘਾਪੁਰ।

ਇਨ੍ਹਾਂ 12 ਦੇਸ਼ਾਂ ਵਿੱਚੋਂ ਦੋ ਦੇਸ਼ਾਂ ਦੀ ਬਹੁਗਿਣਤੀ ਵਸੋਂ ਨੇ ਜਨਗਣਨਾ ਵਿੱਚ ਆਪਣੀ ਪਹਿਚਾਣ ਗੈਰ-ਧਾਰਮਿਕ ਦਰਜ ਕਰਾਈ ਹੈ, ਨਿਊਜ਼ੀਲੈਂਡ 52% ਅਤੇ ਨੀਦਰਲੈਂਡ 60%। ਬਾਕੀ ਦੇ ਦਸ ਦੇਸ਼ਾਂ ਦੀ ਗੈਰ-ਧਾਰਮਿਕ ਵਸੋਂ ਦੀ ਪ੍ਰਤੀਸ਼ਤ 20% ਤੋਂ ਲੈ ਕੇ 37% ਹੈ। ਇਨ੍ਹਾਂ ਦੇਸ਼ਾਂ ਦੀ ਧਾਰਮਿਕ ਵਸੋਂ ਦਾ ਇਕ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਵਿਚੋਂ ਬਹੁਤ ਥੋੜ੍ਹੇ ਲੋਕ ਹਨ ਜੋ ਪੂਜਾ ਪਾਠ ਕਰਦੇ ਹਨ ਜਾਂ ਧਾਰਮਿਕ ਅਸਥਾਨਾਂ ਤੇ ਜਾਂਦੇ ਹਨ ਬਾਕੀ ਵੱਡੀ ਗਿਣਤੀ ਸੱਭਿਆਚਾਰਕ ਤੌਰ 'ਤੇ ਹੀ ਆਪਣੀ ਪਹਿਚਾਣ ਧਾਰਮਿਕ ਦਰਜ ਕਰਵਾਉਂਦੀ ਹੈ। ਇਨ੍ਹਾਂ ਦੇਸ਼ਾਂ ਦਾ ਦੂਸਰਾ ਪਹਿਲੂ ਇਹ ਹੈ ਕਿ 1990 ਤੋਂ ਬਾਅਦ ਇਨ੍ਹਾਂ ਦੀ ਗੈਰ-ਧਾਰਮਿਕ ਵਸੋਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਨੌਜਵਾਨ ਵਰਗ ਧਰਮ ਦੀ ਗੈਰ-ਵਿਗਿਆਨਿਕ ਫ਼ਿਲਾਸਫੀ ਕਰਕੇ, ਦਿਨੋ-ਦਿਨ ਇਸ ਤੋਂ ਬੇਮੁੱਖ ਹੁੰਦਾ ਜਾ ਰਿਹਾ ਹੈ। ਇਨ੍ਹਾਂ ਦੇਸ਼ਾਂ ਦੇ ਧਾਰਮਿਕ ਲੋਕ ਵੀ ਕੱਟੜ ਨਹੀਂ ਬਲਕਿ ਨਰਮ ਖ਼ਿਆਲੀ ਹਨ।

ਹੁਣ ਆਪਾਂ ਭਾਰਤ, ਇਸਦੇ ਗਵਾਂਢੀ ਦੇਸ਼ ਅਤੇ ਕੁਝ ਹੋਰ ਦੇਸ਼, ਜਿਨ੍ਹਾਂ ਦੀ ਬਹੁਤ ਵੱਡੀ ਗਿਣਤੀ ਵਸੋਂ (ਲਗਭੱਗ 100%) ਧਾਰਮਿਕ ਹੈ, ਜਿਨ੍ਹਾਂ ਵਿਚੋਂ ਬਹੁਤੇ ਉਪਰਲੇ ਸਭ ਤੋਂ ਵੱਧ 20 ਧਾਰਮਿਕ ਦੇਸ਼ਾਂ ਵਿੱਚ ਆਉਂਦੇ ਅਤੇ ਜੋ ਵੱਡੀ ਗਿਣਤੀ ਵਿੱਚ ਹਿੰਸਕ ਹੋਣ ਦੀ ਹੱਦ ਤੱਕ ਧਾਰਮਿਕ ਤੌਰ 'ਤੇ ਕੱਟੜ ਹਨ, ਉਨ੍ਹਾਂ ਦਾ ਲੇਖਾ-ਜੋਖਾ ਕਰਦੇ ਹਾਂ। ਹੇਠਾਂ ਦਿੱਤੇ ਡਾਟੇ ਵਿੱਚ ਇਨ੍ਹਾਂ ਦੇਸ਼ਾਂ ਦਾ ਸੰਸਾਰ ਖੁਸ਼ੀ ਅਤੇ ਸੰਸਾਰ ਸ਼ਾਂਤੀ ਸੂਚਕ ਅੰਕ ਵਿੱਚ ਸਥਾਨ ਦਿੱਤਾ ਜਾ ਰਿਹਾ ਹੈ।

| ਕ੍ਰਮ ਅੰਕ | ਦੇਸ਼ ਦਾ ਨਾਂ | ਸੰਸਾਰ ਖੁਸ਼ੀ ਸੂਚਕ ਅੰਕ | ਸੰਸਾਰ ਸ਼ਾਂਤੀ ਸੂਚਕ ਅੰਕ |
|---|---|---|---|
| 1. | ਭਾਰਤ | 118 | 127 |
| 2. | ਪਾਕਿਸਤਾਨ | 109 | 152 |
| 3. | ਬੰਗਲਾ ਦੇਸ਼ | 134 | 117 |
| 4. | ਅਫ਼ਗਾਨਿਸਤਾਨ | 147 | 157 |
| 5. | ਸ਼੍ਰੀਲੰਕਾ | 133 | 67 |
| 6. | ਸਾਊਦੀ ਅਰਬ | 22 | 95 |
| 7. | ਸੋਮਾਲੀਆ | 122 | 153 |
| 8. | ਜ਼ਿੰਮਬਾਵੇ | 143 | 90 |
| 9. | ਇਥੋਪੀਆ | 132 | 138 |
| 10. | ਯੂਗਾਂਡਾ | 116 | 130 |
| 11. | ਤਨਜ਼ਾਨੀਆ | 136 | 98 |
| 12. | ਜ਼ਾਂਬੀਆ | 131 | 82 |

ਇਸ ਡਾਟੇ ਤੋਂ ਇਹ ਗੱਲ ਸ਼ੀਸ਼ੇ ਵਾਂਗ ਸਾਫ਼ ਹੋ ਜਾਂਦੀ ਹੈ ਕਿ ਧਾਰਮਿਕ ਲੋਕਾਂ ਦਾ ਇਹ ਤਰਕ ਕਿ ਧਾਰਮਿਕ ਬੰਦਾ ਰੱਬ ਦੇ ਭੈਅ ਕਰਕੇ ਜੁਰਮ ਕਰਨੋਂ ਡਰਦਾ ਹੈ ਅਤੇ ਜੇ ਬੰਦੇ ਨੂੰ ਰੱਬ ਦਾ ਡਰ ਨਾ ਹੋਵੇ ਤਾਂ ਸੰਸਾਰ ਵਿੱਚ ਇੰਨਾ ਜੁਰਮ ਵੱਧ ਜਾਵੇ ਕਿ ਹਫੜਾ ਤਫੜੀ ਫੈਲ ਜਾਵੇ, ਅਸਲੀਅਤ ਤੋਂ ਕੋਹਾਂ ਦੂਰ ਹੈ। ਸਗੋਂ ਜੇ ਆਪਾਂ ਸੰਸਾਰ ਦੇ ਸਾਰੇ ਦੇਸ਼ਾਂ ਦਾ ਬਾਰੀਕੀ ਨਾਲ ਸਰਵੇ ਕਰੀਏ ਤਾਂ ਨਤੀਜਾ ਇਸ ਦੇ ਉਲਟ ਹੈ। ਬਹੁਤੇ ਉਹ ਦੇਸ਼ ਜਿਨ੍ਹਾਂ ਦੀ ਕਾਫ਼ੀ ਵਸੋਂ ਗੈਰ-ਧਾਰਮਿਕ ਹੈ ਬਹੁਤੇ ਧਾਰਮਿਕ ਦੇਸ਼ਾਂ ਨਾਲੋਂ ਜ਼ਿਆਦਾ ਖੁਸ਼ ਅਤੇ ਜ਼ਿਆਦਾ ਸੁਰੱਖਿਅਤ ਹਨ।

ਜੇ ਰੱਬ ਦੇ ਡਰ ਕਰਕੇ ਬੰਦਾ ਜੁਰਮ ਨਾ ਕਰਦਾ ਹੁੰਦਾ ਤਾਂ 1947 ਦੀ ਭਾਰਤ-ਪਾਕਿ ਵੰਡ ਵੇਲੇ ਦਸ ਲੱਖ ਲੋਕਾਂ ਨੂੰ ਧਰਮ ਦੇ ਨਾਂ ਤੇ ਗਾਜਰਾਂ-ਮੂਲ਼ੀਆਂ ਵਾਂਗ ਨਾ ਵੱਢਿਆ ਹੁੰਦਾ। 2018 ਵਿੱਚ ਅੱਠ ਸਾਲ ਦੀ ਕਠੂਆ ਦੀ ਇੱਕ ਮਾਸੂਮ ਗੁੱਜਰ ਬਾਲੜੀ ਦਾ, ਇੱਕ ਮੰਦਰ ਦੀ ਜਾਇਦਾਦ ਦੇ ਅੰਦਰ, ਮੰਦਰ ਦੇ ਪੁਜਾਰੀ ਦੀ ਜਾਣਕਾਰੀ ਵਿੱਚ, ਨਸ਼ੇ ਦੇ-ਦੇ ਕੇ, ਪੁਜਾਰੀ ਦੇ ਪੁੱਤਰ ਅਤੇ ਭਾਣਜੇ ਸਣੇ ਸੱਤ ਦਿਨ ਕੀਤਾ ਗਿਆ ਸਮੂਹਿਕ ਬਲਾਤਕਾਰ ਅਤੇ ਬੇਰਹਿਮ ਕਤਲ ਦੀ ਯਾਦ ਨਾਲ ਅੱਜ ਵੀ ਦਿਲ ਕੰਬ ਜਾਂਦਾ ਹੈ। ਪਰ ਜਿਸ ਪੁਜਾਰੀ ਦੀਆਂ ਨਜ਼ਰਾਂ ਦੇ ਸਾਹਮਣੇ ਇਹ ਵਹਿਸ਼ੀ ਜੁਰਮ ਹੋ ਰਿਹਾ ਸੀ, ਨਾ ਉਸ ਦਾ ਦਿਲ ਕੰਬਿਆ, ਨਾ ਉਸ ਨੂੰ ਕੋਈ ਰੱਬ ਦਾ ਡਰ ਨਜ਼ਰ ਆਇਆ। ਜੇ ਇੱਕ ਧਾਰਮਿਕ ਸਥਾਨ ਦੇ ਪੁਜਾਰੀ ਨੂੰ ਜੋ 24 ਘੰਟੇ ਉਸ ਸਥਾਨ ਤੇ ਰਹਿੰਦਾ ਇਹੋ ਜਿਹਾ ਕੋਈ ਡਰ ਨਹੀਂ ਤਾਂ ਆਮ ਆਦਮੀ ਨੂੰ ਕਿਵੇਂ ਹੋ ਸਕਦਾ ਹੈ। ਇੱਕ ਹੋਰ ਘਟਨਾ ਕੁੱਝ ਮਹੀਨੇ ਪਹਿਲਾਂ ਦੀ ਹੈ, ਇਕ 14 ਸਾਲ ਦੀ ਬਾਲੜੀ, ਗਵਾਂਢ ਵਿੱਚ ਆਪਣੀ ਸਹੇਲੀ ਨਾਲ ਖੇਡਣ ਗਈ ਤਾਂ ਇਸ ਸਹੇਲੀ ਦੇ ਅੰਮ੍ਰਿਤਧਾਰੀ ਬਾਪ ਨੇ ਜੋ ਸ਼੍ਰੋਮਣੀ ਗੁਰਦਵਾਰਾ ਕਮੇਟੀ ਦਾ ਮੁਲਾਜ਼ਮ ਵੀ ਦੱਸਿਆ ਜਾਂਦਾ ਹੈ, ਉਸ ਨਾਲ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੇ ਵਿਰੋਧ ਕਰਨ ਤੇ ਉਸ ਦਾ ਕਤਲ ਕਰ ਦਿੱਤਾ। ਉਸ ਨੂੰ ਵੀ ਇਹ ਘਿਨਾਉਣਾ ਜੁਰਮ ਕਰਨ ਲੱਗੇ ਨਾ ਤਾਂ ਰੱਬ ਦਾ ਡਰ ਆਇਆ ਨਾ ਹੀ ਉਸ ਬੱਚੀ ਜੋ ਉਸ ਦੀ ਬੇਟੀ ਦੀ ਹਮ-ਉਮਰ ਸਹੇਲੀ ਸੀ ਤੇ ਕੋਈ ਦਯਾ ਆਈ। ਅਯੁਧਿਆ ਦੇ ਰਾਮ ਮੰਦਰ ਜੋ ਹਿੰਦੂ ਲੋਕਾਂ ਦਾ ਬਹੁਤ ਹੀ ਪਵਿੱਤਰ ਧਾਰਮਿਕ ਤੀਰਥ ਅਸਥਾਨ ਹੈ, ਵਿੱਚ ਚੜ੍ਹਾਵੇ ਦੀ ਕਰੋੜਾਂ-ਕਰੋੜ ਰੁਪੈ ਦੀ ਚੋਰੀ ਬਿਨ੍ਹਾਂ ਕਿਸੇ ਡਰ-ਭੈਅ ਦੇ ਧੜੱਲੇ ਨਾਲ ਕੀਤੀ ਗਈ।

ਇਹ ਕੁਝ ਉੱਘੜਵੀਆਂ ਉਦਾਹਰਣਾਂ ਸਾਡੇ ਦੇਸ਼ ਦੇ ਸਮੁੱਚੇ ਸਮਾਜ ਦੀ ਮਾਨਸਿਕਤਾ ਦੀ ਤਰਜਮਾਨੀ ਕਰਦੀਆਂ ਹਨ। ਇਸ ਤੋਂ ਬਿਨਾਂ, ਧਾਰਮਿਕ ਅਸਥਾਨਾਂ ਉੱਤੇ ਚੌਧਰਾਂ ਜਾਂ ਚੜ੍ਹਾਵੇ ਲਈ ਅਕਸਰ ਚਲਦੀਆਂ ਸੋਟੀਆਂ, ਕਿਰਪਾਨਾਂ ਅਤੇ ਲਹਿੰਦੀਆਂ ਪੱਗਾਂ ਦੀਆਂ ਆਉਂਦੀਆਂ ਖਬਰਾਂ ਧਾਰਮਿਕ ਲੋਕਾਂ ਦੇ ਨੈਤਿਕ ਪੱਧਰ ਦਾ ਜਲੂਸ ਹੀ ਹਨ। ਇੱਥੇ ਹੀ ਬਸ ਨਹੀਂ ਅੱਜ ਭਾਰਤ ਦੀਆਂ ਜੇਲ੍ਹਾਂ ਵਿੱਚ, ਬਲਾਤਕਾਰ, ਕਤਲ, ਧੋਖਾਧੜੀ ਅਤੇ ਬੱਚੇ-ਬੱਚੀਆਂ ਦੇ ਸੋਸ਼ਣ ਵਰਗੇ ਸੰਗੀਨ ਜੁਰਮਾਂ ਵਿੱਚ ਬੰਦ ਅਨੇਕਾਂ ਅਖੌਤੀ ਧਰਮ ਗੁਰੂ, ਡੇਰਿਆਂ ਦੇ ਸਾਧ, ਆਸ਼ਰਮਾਂ ਦੇ ਮੁਖੀ, ਮੱਠਾਂ ਦੇ ਪੁਜਾਰੀ ਅਤੇ ਪਾਦਰੀ ਵਗੈਰਾ ਧਾਰਮਿਕ ਲੋਕਾਂ ਦੇ ਤਰਕ ਦਾ ਮੂੰਹ ਚਿੜਾਉਂਦੇ ਹਨ। ਸੰਸਾਰ ਪੱਧਰ ਤੇ ਵੀ ਧਰਮ ਦੇ ਨਾਂ ਤੇ ਗਿਰਜਿਆਂ ਦੇ ਪਾਦਰੀਆਂ ਵਲੋਂ ਅਣਗਿਣਤ ਬੁੱਧੀਜੀਵੀਆਂ, ਦਾਰਸ਼ਨਿਕਾਂ ਤੇ ਵਿਰੋਧੀਆਂ ਦੇ ਦਰਦਨਾਕ ਕਤਲਾਂ ਅਤੇ ਧਰਮਾਂ ਦੀਆਂ ਆਪਸੀ ਲੜਾਈਆਂ ਤੇ ਦੰਗਿਆਂ ਵਿੱਚ ਕਰੋੜਾਂ ਲੋਕਾਂ ਦੇ ਵਹੇ ਲਹੂ ਨਾਲ ਇਤਿਹਾਸ ਦੇ ਪੰਨੇ ਲਾਲ ਹੋਏ ਪਏ ਹਨ। ਸੈਂਕੜੇ ਸਾਲਾਂ ਤੱਕ ਜਿਸ ਚਰਚ ਵਲੋਂ ਵਿਗਿਆਨ ਦੀ ਤਰੱਕੀ ਰੋਕਣ ਲਈ ਅਨੇਕਾਂ ਵਿਗਿਆਨੀਆਂ ਨੂੰ ਸ਼ਰੇਆਮ ਮੌਤ ਦੇ ਘਾਟ ਉਤਾਰਿਆ ਜਾਂਦਾ ਰਿਹਾ, ਅੱਜ ਉਹੀ ਚਰਚ ਬੜੀ ਬੇਸ਼ਰਮੀ ਨਾਲ ਵਿਗਿਆਨ ਨੂੰ ਆਪਣੇ ਧਰਮ ਦੇ ਪ੍ਰਚਾਰ ਅਤੇ ਆਪਣੇ ਸੁੱਖ ਸਹੂਲਤ ਲਈ ਜਿਸ ਕਦਰ ਵਰਤ ਰਿਹਾ ਹੈ ਉਹ ਨੈਤਿਕਤਾ ਦੇ ਕਿਹੜੇ ਮਾਪਦੰਡਾਂ ਵਿੱਚ ਆਉਂਦਾ ਹੈ?

ਇਸ ਸਾਰੇ ਆਰਟੀਕਲ ਤੋਂ ਕੋਈ ਇਹ ਪ੍ਰਭਾਵ ਨਾ ਲੈ ਲਵੇ ਕਿ ਸਾਰੇ ਧਾਰਮਿਕ ਲੋਕ ਮਾੜੇ ਹੁੰਦੇ ਹਨ ਅਤੇ ਗੈਰ-ਧਾਰਮਿਕ ਜਾਂ ਨਾਸਤਿਕ ਹੋਣ ਨਾਲ ਇਨਸਾਨ ਆਪਣੇ ਆਪ ਬਹੁਤ ਚੰਗਾ ਬਣ ਜਾਂਦਾ ਹੈ। ਬਿਲਕੁੱਲ ਨਹੀਂ। ਕਈ ਧਾਰਮਿਕ ਲੋਕ ਵੀ ਬਹੁਤ ਵਧੀਆ ਹੁੰਦੇ ਹਨ ਅਤੇ ਮਨੁੱਖਤਾ ਨੂੰ ਪ੍ਰਣਾਏ ਹੁੰਦੇ ਹਨ ਅਤੇ ਕਈ ਗੈਰ-ਧਾਰਮਿਕ ਲੋਕ ਵੀ ਇਨਸਾਨੀਅਤ ਤੋਂ ਗਿਰੇ ਹੋਏ ਹੁੰਦੇ ਹਨ। ਮੈਂ ਸਮਾਜ ਦੀ ਸਮੁੱਚਤਾ ਦੀ ਗੱਲ ਕਰਦਾ ਹਾਂ ਕਿਸੇ ਇਕੱਲੇ-ਇਕਹਿਰੇ ਇਨਸਾਨ ਦੀ ਨਹੀਂ। ਪਰ ਇਹ ਗੱਲ ਬਿਲਕੁਲ ਸਾਫ਼ ਤੇ ਸਪਸ਼ਟ ਹੋ ਗਈ ਹੈ ਕਿ ਅੱਜ ਦਾ ਸੰਸਥਾਗਤ ਧਰਮ ਨੈਤਿਕਤਾ ਨਹੀਂ ਸਿਖਾਉਂਦਾ। ਬਲਕਿ ਜੇ ਇਹ ਕਹਿ ਦੇਈਏ ਕਿ ਇਹ ਦੂਸਰੇ ਧਰਮਾਂ ਨਾਲ ਨਫ਼ਰਤ ਕਰਨੀ ਸਿਖਾਉਂਦਾ ਹੈ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ।

ਅਸਲ ਵਿੱਚ ਕਿਸੇ ਸਮਾਜ ਦੇ ਵਧੀਆ ਜਾਂ ਮਾੜੇ ਹੋਣਾ ਉਥੋਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਿਸਟਮ ਤੇ ਨਿਰਭਰ ਕਰਦਾ ਹੈ। ਉਪਰ ਆਪਾਂ ਸੰਸਾਰ ਦੇ ਜਿਹੜੇ 12 ਸਭ ਤੋਂ ਖੁਸ਼ਹਾਲ ਅਤੇ ਨਾਗਰਿਕ ਸੁਰੱਖਿਅਤਾ ਵਾਲੇ ਦੇਸ਼ਾਂ ਦੀ ਸੂਚੀ ਬਣਾਈ ਹੈ ਉਸ ਵਿਚੋਂ 10 ਇਕੱਲੇ ਯੂਰਪ ਮਹਾਂਦੀਪ ਦੇ ਹਨ, ਜਿੱਥੇ 15ਵੀਂ ਅਤੇ 16ਵੀਂ ਸਦੀ ਵਿੱਚ ਕਲਾ, ਸਭਿਆਚਾਰ ਅਤੇ ਵਿਚਾਰਾਂ ਦੀ ਮੁੜ-ਸੁਰਜੀਤੀ ਲਹਿਰ ਚੱਲੀ ਜਿਸ ਨੇ ਉਥੋਂ ਦੇ ਵਸਨੀਕਾਂ ਦੀ ਸੋਚ ਬਦਲ ਦਿੱਤੀ। ਉਹ ਸਮਾਜ ਅਤੇ ਮਨੁੱਖਤਾ ਪ੍ਰਤੀ ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਹੋ ਗਏ। ਉਨ੍ਹਾਂ ਦੇ ਕਿਰਦਾਰ ਵਿੱਚ ਸਦਾਚਾਰਤਾ, ਨੈਤਿਕਤਾ ਅਤੇ ਦਯਾ ਭਾਵਨਾ ਵਰਗੇ ਗੁਣ ਆ ਗਏ। ਉਨ੍ਹਾਂ ਦੇ ਧਾਰਮਿਕ ਜਾਂ ਗੈਰ-ਧਾਰਮਿਕ ਹੋਣ ਨਾਲ ਉਨ੍ਹਾਂ ਦੇ ਕਿਰਦਾਰ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਸਿੰਘਾਪੁਰ ਵਰਗੇ ਕੁੱਝ ਹੋਰ ਮੁਲਕਾਂ ਦੇ ਰਾਜਨੀਤਕ ਸਿਸਟਮ ਨੇ ਵੀ ਲੋਕਾਂ ਦਾ ਕਿਰਦਾਰ ਵਧੀਆ ਬਨਾਉਣ ਵਿੱਚ ਪ੍ਰਸ਼ੰਸ਼ਾਯੋਗ ਰੋਲ ਅਦਾ ਕੀਤਾ।

ਇਕ ਦੇਸ਼ ਨੀਦਰਲੈਂਡ ਜਿਸ ਦਾ ਜ਼ਿਕਰ ਉੱਪਰ ਵੀ ਹੋਇਆ ਹੈ, ਕਿ ਉਥੋਂ ਦੇ 60% ਲੋਕ ਧਰਮ ਤੋਂ ਬੇਮੁੱਖ ਹੋ ਗਏ ਹਨ। ਲਾਅ ਐਂਡ ਜਸਟਿਸ ਨੀਦਰਲੈਂਡ ਦੀ 20 ਅਕਤੂਬਰ 2024 ਦੀ ਇਕ ਰਿਪੋਰਟ ਮੁਤਾਬਕ ਉੱਥੇ ਜੁਰਮ ਇਸ ਹੱਦ ਤੱਕ ਘੱਟ ਗਿਆ ਕਿ ਉੱਥੇ ਜੇਲ੍ਹਾਂ ਬੰਦ ਕਰਕੇ ਉਨ੍ਹਾਂ ਨੂੰ ਹੋਟਲਾਂ ਜਾਂ ਸਭਿਆਚਾਰਕ ਕੇਂਦਰਾਂ ਵਿੱਚ ਬਦਲਿਆ ਜਾ ਰਿਹਾ ਹੈ। ਇਕ ਹੋਰ ਰਿਪੋਰਟ ਮੁਤਾਬਕ ਉੱਥੇ 2014 ਤੋਂ ਬਾਅਦ 23 ਤੋਂ ਜ਼ਿਆਦਾ ਜੇਲ੍ਹਾਂ ਬੰਦ ਹੋ ਗਈਆਂ ਹਨ। ਮਜ਼ੇਦਾਰ ਗੱਲ ਤਾਂ ਇਹ ਹੈ ਉੱਥੇ ਇੱਕ ਪਾਸੇ ਚਰਚ ਬੰਦ ਹੋ ਰਹੇ ਹਨ ਅਤੇ ਦੂਸਰੇ ਪਾਸੇ ਜੇਲ੍ਹਾਂ! ਕਿਸੇ ਦੋਸਤ ਵਲੋਂ ਸੋਸ਼ਲ ਮੀਡੀਆ ਤੇ ਕੀਤਾ ਗਿਆ ਇਹ ਕਟਾਖਸ਼ "ਨੀਦਰਲੈਂਡ ਵਿੱਚ ਕਿਸੇ ਦਾ ਮੋਬਾਈਲ ਫ਼ੋਨ ਵੀ ਸੜਕ ਤੇ ਡਿੱਗਿਆ ਪਿਆ ਹੋਵੇ, ਕਿਸੇ ਨੇ ਹੱਥ ਨਹੀਂ ਲਾਉਣਾ, ਸਾਡੇ ਦੇਸ਼ 'ਚ ਕਿਸੇ ਧਾਰਮਿਕ ਅਸਥਾਨ ਤੇ ਜਾਣ ਲਈ 100 ਰੁਪੈ ਦੀਆਂ ਚੱਪਲਾਂ ਨੂੰ ਵੀ ਜਮ੍ਹਾਂ ਕਰਾ ਕੇ ਜਾਣਾ ਪੈਂਦਾ ਹੈ" ਇਸ ਵਿਚਾਰ ਚਰਚਾ ਲਈ ਬਹੁਤ ਢੁਕਵਾਂ ਹੈ। ਸਲਾਮ ਹੈ ਇਸ ਦੇਸ਼ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਿਸਟਮ ਨੂੰ।

# ਨਹਿਰੂ, ਗਾਂਧੀ, ਜਿਨਾਹ, ਅੰਬੇਦਕਰ ਬਨਾਮ ਸਿੱਖ ਵਿਦਵਾਨ ਤੇ ਲੀਡਰ ਸਰਦਾਰ ਕਪੂਰ ਸਿੰਘ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਪਿਛਲੀ ਸਦੀ ਵਿੱਚ ਜਦੋ ਭਾਰਤੀ ਲੋਕ ਅੰਗਰੇਜ਼ਾਂ ਵਿਰੁੱਧ ਅਜ਼ਾਦੀ ਦੀ ਲੜਾਈ ਲੜ ਰਹੇ ਸਨ ਤਾਂ ਵੱਖ-ਵੱਖ ਭਾਈਚਾਰਿਆਂ ਦੇ ਉਪਰ ਲਿਖੇ ਨਾਵਾਂ ਵਾਲੇ ਪੰਜ ਵਿਅਕਤੀ ਉੱਚ ਸਿੱਖਿਆ ਦੀ ਪ੍ਰਾਪਤੀ ਲਈ ਇੰਗਲੈਂਡ 'ਚ ਪੜ੍ਹਨ ਗਏ। ਆਪਣੀ ਵਿੱਦਿਆ ਪ੍ਰਾਪਤੀ ਤੋਂ ਬਾਅਦ ਵਾਪਿਸ ਆ ਕੇ ਚਾਰਾਂ ਨੇ ਜਿੱਥੇ ਦੇਸ਼ ਦੀ ਅਜ਼ਾਦੀ ਲਈ ਲੜਾਈ 'ਚ ਹਿੱਸਾ ਪਾਉਣਾ ਸ਼ੁਰੂ ਕਰ ਕੀਤਾ, ਉੱਥੇ ਆਪਣੇ ਭਾਈਚਾਰਿਆਂ ਦੀ ਲੀਡਰਸ਼ਿਪ ਵੀ ਸੰਭਾਲੀ।

ਜਿਸਦੇ ਨਤੀਜੇ ਵਜੋਂ ਨਹਿਰੂ-ਗਾਂਧੀ ਹਿੰਦੂਆਂ ਦੇ ਵੱਡੇ ਲੀਡਰ ਬਣ ਕੇ ਉਭਰੇ, ਜਿਨਾਹ ਮੁਸਲਮਾਨਾਂ ਦੇ ਵੱਡੇ ਲੀਡਰ ਬਣੇ ਅਤੇ ਡਾ. ਅੰਬੇਦਕਰ ਦਲਿਤ ਅਤੇ ਅਛੂਤ ਜਾਤੀਆਂ ਦੇ ਮਸੀਹਾ ਬਣੇ।

ਆਪਣੀ ਲਿਆਕਤ, ਦੂਰ-ਅੰਦੇਸ਼ੀ, ਲੀਡਰਸ਼ਿਪ ਨਾਲ ਗਾਂਧੀ-ਨਹਿਰੂ ਵਿਸ਼ਾਲ ਭਾਰਤ ਦਾ ਰਾਜ ਭਾਗ ਸੰਭਾਲਣ 'ਚ ਕਾਮਯਾਬ ਹੋਏ। ਭਾਰਤ ਇੱਕ ਅਜਿਹਾ ਦੇਸ਼ ਬਣਿਆ, ਜਿੱਥੇ ਹਿੰਦੂ ਬਹੁ-ਗਿਣਤੀ ਸੀ।

ਦੂਜੇ ਪਾਸੇ ਮਿ ਜਿਨਾਹ ਮੁਸਲਮਾਨਾਂ ਲਈ ਵੱਖਰਾ ਦੇਸ਼ ਪਾਕਿਸਤਾਨ ਬਣਾਉਣ 'ਚ ਕਾਮਯਾਬ ਹੋਏ। ਤੀਜੇ ਡਾ. ਅੰਬੇਦਕਰ ਬੇਸ਼ੱਕ ਕੋਈ ਦਲਿਤਸਤਾਨ ਤਾਂ ਨਹੀ ਬਣਾ ਸਕੇ ਅਤੇ ਸ਼ਾਇਦ ਅਜਿਹਾ ਉਨ੍ਹਾਂ ਦਾ ਏਜੰਡਾ ਵੀ ਨਹੀਂ ਸੀ ਕਿਉਂਕਿ ਦਲਿਤ ਸਾਰੇ ਭਾਰਤ ਵਿੱਚ ਫੈਲੇ ਹੋਏ ਸਨ, ਪਰ ਕਿਤੇ ਵੀ ਉਨ੍ਹਾਂ ਦੀ ਮੁਸਲਮਾਨਾਂ ਵਾਂਗ ਇੱਕ ਖਿੱਤੇ 'ਚ ਬਹੁਮਤ ਨਹੀਂ ਸੀ। ਪਰ ਅੰਬੇਦਕਰ ਨੇ ਆਪਣੇ ਲੋਕਾਂ ਲਈ ਰਿਜ਼ਰਵੇਸ਼ਨ ਦਾ ਇੱਕ ਅਜਿਹਾ ਵਿਸ਼ੇਸ਼ ਕਨੂੰਨੀ ਤੋਹਫ਼ਾ ਲੈ ਦਿੱਤਾ।

ਜਿਸ ਨਾਲ ਹਜ਼ਾਰਾਂ ਸਾਲਾਂ ਤੋਂ ਲਿਤਾੜੇ ਹੋਏ ਲੋਕਾਂ ਨੂੰ ਸਭ ਜਗ੍ਹਾ ਨਾ ਸਿਰਫ ਬਰਾਬਰਤਾ ਮਿਲਣ ਲੱਗੀ, ਸਗੋਂ ਉਨ੍ਹਾਂ ਵਿਸ਼ੇਸ਼ ਕਨੂੰਨੀ ਅਧਿਕਾਰ ਤਹਿਤ ਰਾਖਵਾਂਕਰਨ ਅਤੇ ਹੋਰ ਸਹੂਲਤਾਂ ਮਿਲਣ ਲੱਗੀਆਂ। ਜਿਸਦੇ ਨਤੀਜੇ ਵਜੋਂ ਉਹ ਪਛੜੇ ਵਰਗ ਰਾਖਵੇਂਕਰਨ ਦਾ ਅੱਜ ਤੱਕ ਲਾਭ ਉਠਾ ਰਹੇ ਹਨ ਅਤੇ ਸਭ ਪਾਸੇ ਤਰੱਕੀ ਕਰ ਰਹੇ ਹਨ।

ਇਸਦੇ ਮੁਕਾਬਲੇ 'ਤੇ ਜਦੋ ਅਸੀਂ ਕਪੂਰ ਸਿੰਘ ਹੋਰਾਂ ਨੂੰ ਦੇਖਦੇ ਹਾਂ ਤਾਂ ਵਿਦੇਸ਼ ਤੋਂ ਪੜ੍ਹ ਕੇ ਆ ਕੇ, ਉਨ੍ਹਾਂ ਨੇ ਨਾ ਦੇਸ਼ ਦੀ ਅਜ਼ਾਦੀ 'ਚ ਹਿੱਸਾ ਲਿਆ, ਨਾ ਸਿੱਖ ਲੀਡਰ ਬਣ ਸਕੇ ਅਤੇ ਨਾ ਹੀ ਸਿੱਖਾਂ ਨੂੰ ਕੋਈ ਸੇਧ ਦੇ ਸਕੇ।



ਸਗੋਂ ਦੂਜੇ ਲੀਡਰਾਂ ਦੇ ਐਨ ਉਲਟ ਭਾਰਤ ਆ ਕੇ ਅੰਗਰੇਜ਼ਾਂ ਦੀ ਉੱਚ ਪੱਧਰੀ ਨੌਕਰੀ (ਗੁਲਾਮੀ) ਸ਼ੁਰੂ ਕਰਕੇ ਡੀ ਸੀ ਲੱਗ ਗਏ। ਉਨ੍ਹਾਂ 1947 ਤੱਕ ਪੂਰੀ ਤਨਦੇਹੀ ਨਾਲ ਅੰਗਰੇਜ਼ਾਂ ਦੀ ਨੌਕਰੀ ਟੌਹਰ ਨਾਲ ਕੀਤੀ।

ਜਦੋ ਦੇਸ਼ ਅਜ਼ਾਦ ਹੋ ਗਿਆ ਤਾਂ ਫਿਰ ਭਾਰਤ ਸਰਕਾਰ ਦੀ ਡੀਸੀ ਵਜੋਂ ਨੌਕਰੀ ਸ਼ੁਰੂ ਕਰ ਦਿੱਤੀ। ਜਿਸ ਤਰ੍ਹਾਂ ਉਨ੍ਹਾਂ ਨੂੰ ਪਹਿਲਾਂ ਅੰਗਰੇਜਾਂ ਨਾਲ ਕੋਈ ਇਤਰਾਜ਼ ਨਹੀਂ ਸੀ, ਇਸੇ ਤਰ੍ਹਾਂ 47 ਤੋਂ ਬਾਅਦ ਉਨ੍ਹਾਂ ਨੂੰ ਨਹਿਰੂ-ਗਾਂਧੀ ਆਦਿ ਹਿੰਦੂ ਲੀਡਰਾਂ ਜਾਂ ਸਰਕਾਰ ਨਾਲ ਕੋਈ ਇਤਰਾਜ਼ ਨਹੀ ਸੀ। ਉਹ ਬੜੀ ਸ਼ਾਨ ਨਾਲ ਇੱਕ ਵੱਡੇ ਅਫਸਰ ਵਜੋਂ ਨੌਕਰੀ ਕਰ ਰਹੇ ਸਨ।

ਫਿਰ ਅਚਾਨਕ ਉਨ੍ਹਾਂ 'ਤੇ ਕੁਰੱਪਸ਼ਨ ਦੇ ਦੋਸ਼ ਲੱਗੇ। ਉਨ੍ਹਾਂ ਨੂੰ 1949 ਵਿੱਚ ਡਿਸਮਿਸ ਕਰ ਦਿੱਤਾ ਗਿਆ। ਉਨ੍ਹਾਂ ਨੇ ਆਪਣੀ ਨੌਕਰੀ ਦੀ ਬਹਾਲੀ ਲਈ ਪੂਰੀ ਤਨਦੇਹੀ ਨਾਲ ਸਭ ਪਾਸੇ ਯਤਨ ਕੀਤੇ, ਪਰ ਕੋਈ ਸਫਲਤਾ ਨਹੀਂ ਮਿਲੀ। ਅਖੀਰ ਉਨ੍ਹਾਂ ਨੇ ਅਦਾਲਤਾਂ ਵਿੱਚ ਸੁਪਰੀਮ ਕੋਰਟ ਤੱਕ ਕੇਸ ਲੜੇ। ਪਰ ਕਿਤੇ ਵੀ ਕਾਮਯਾਬੀ ਨਾ ਮਿਲੀ ਤਾਂ 1951 ਵਿੱਚ ਨੌਕਰੀ ਤੋਂ ਬਰਖਾਸਤ ਕਰ ਦਿੱਤੇ ਗਏ।

ਉਨ੍ਹਾਂ ਨੇ ਆਪਣੇ ਨਿੱਜੀ ਕੇਸ ਨੂੰ ਕੌਮੀ ਕੇਸ ਵਜੋਂ ਪੇਸ਼ ਕੀਤਾ। ਸਿੱਖ ਲੀਡਰਸ਼ਿਪ ਨੇ ਪੂਰਾ ਸਾਥ ਦਿੱਤਾ ਤਾਂ ਇੱਕ ਵਾਰ ਐਮਪੀ ਅਤੇ ਇੱਕ ਵਾਰ ਐਮਐਲਏ ਬਣਨ ਤੋਂ ਇਲਾਵਾ ਅਕਾਲੀ ਦਲ ਦੇ ਵਾਈਸ ਪ੍ਰਧਾਨ ਵੀ ਰਹੇ।

ਜਦੋਂ ਉਨ੍ਹਾਂ ਕੋਲ ਸਿੱਖਾਂ ਲਈ ਕੁਝ ਕਰਨ ਦਾ ਮੌਕਾ ਸੀ, ਕੁਝ ਕੀਤਾ ਨਹੀਂ, ਨੌਕਰੀ ਨੂੰ ਤਰਜੀਰ ਦਿੱਤੀ। ਚਲੋ ਇਹ ਉਨ੍ਹਾਂ ਦਾ ਨਿੱਜੀ ਮਸਲਾ ਸੀ। ਪਰ ਜਦੋਂ ਕੁਰੱਪਸ਼ਨ ਦੇ ਕੇਸ 'ਚ ਨੌਕਰੀ ਤੋਂ ਹੱਥ ਧੋਣੇ ਪਏ ਤਾਂ ਇਸਨੂੰ ਸਿੱਖ ਮੁੱਦਾ ਬਣ ਲਿਆ ਕਿ ਮੈਨੂੰ ਸਿੱਖ ਹੋਣ ਕਰਕੇ ਨੌਕਰੀ ਚੋਂ ਕੱਢਿਆ ਗਿਆ।

ਜਦ ਸਭ ਪਾਸੇ ਅਸਫਲ ਹੋ ਗਏ ਤਾਂ 'ਸਾਚੀ ਸਾਖੀ' ਨਾਮ ਦੀ ਕਿਤਾਬ ਵਿੱਚ ਸ਼ਹੀਦ ਭਗਤ ਸਿੰਘ ਸਮੇਤ ਅਨੇਕਾਂ ਸਨਮਾਨਯੋਗ ਸਖਸ਼ੀਅਤਾਂ ਦੀ ਕਿਰਦਾਰਕੁਸ਼ੀ ਕੀਤੀ। ਕਿਸੇ ਲੀਡਰ ਨੂੰ ਨਹੀਂ ਬਖਸ਼ਿਆ।

ਆਪਣੇ ਨਿੱਜੀ ਮਸਲੇ ਨੂੰ ਹਿੰਦੂ-ਸਿੱਖ ਮਸਲਾ ਬਣਾਉਣ ਦੀ ਕੋਸ਼ਿਸ਼ ਕੀਤੀ। ਜਿਹੜੇ ਅਕਾਲੀ ਲੀਡਰਾਂ ਨੇ ਉਨ੍ਹਾਂ ਨੂੰ ਪੜ੍ਹਿਆ ਲਿਖਿਆ ਤੇ ਸਿਆਣਾ ਸਮਝ ਕੇ MP, MLA ਤੇ ਅਕਾਲੀ ਦਲ ਦਾ ਵਾਈਸ ਪ੍ਰਧਾਨ ਬਣਾਇਆ। ਉਨ੍ਹਾਂ ਅਕਾਲੀਆਂ ਨੂੰ ਸਾਰੀ ਉਮਰ ਭੰਡਿਆ, ਅਪਮਾਨਜਨਕ ਟਿੱਪਣੀਆਂ ਕੀਤੀਆਂ ਅਤੇ ਕਿਰਦਾਰਕੁਸ਼ੀ ਕੀਤੀ।

ਜਿਸ ਸਰਕਾਰੀ ਚਿੱਠੀ ਬਾਰੇ ਸਰਦਾਰ ਸਾਹਿਬ ਕਹਿੰਦੇ ਸਨ ਕਿ ਨਹਿਰੂ-ਪਟੇਲ ਜੁੰਡਲੀ ਨੇ ਗੁਪਤ ਚਿੱਠੀ ਰਾਹੀਂ ਸਿੱਖਾਂ ਨੂੰ ਜਰਾਇਮਪੇਸ਼ਾ ਕੌਮ ਕਿਹਾ ਸੀ, 1986 ਵਿੱਚ ਆਪਣੀ ਮੌਤ ਤੱਕ ਕਿਤੇ ਉਸ ਚਿੱਠੀ ਨੂੰ ਪੇਸ਼ ਨਹੀ ਕਰ ਸਕੇ। ਇਸੇ ਤਰ੍ਹਾਂ 'ਸਾਚੀ ਸਾਖੀ' ਵਿੱਚ 47 ਦੇ ਦੌਰ ਦੇ ਕਿਸੇ ਵੀ ਲੀਡਰ ਨੂੰ ਨਹੀ ਬਖਸ਼ਿਆ, ਜਿਸ ਬਾਰੇ ਇਤਰਾਜ਼ਯੋਗ ਟਿੱਪਣੀਆਂ ਨਾ ਕੀਤੀਆਂ ਹੋਣ।

ਜੇ ਸਾਡੇ ਵਿਦਵਾਨਾਂ, ਲੀਡਰਾਂ ਦਾ ਇਹ ਹਾਲ ਹੈ ਤਾਂ ਫਿਰ ਅਸੀਂ ਕਹੇ ਜਾਂਦੇ ਵਿਰੋਧੀਆਂ ਨੂੰ ਕੀ ਦੋਸ਼ ਦੇਈਦੇ। ਸਾਡਾ ਇਹ ਕੌਮੀ ਸੁਭਾਅ ਬਣ ਗਿਅ ਹੈ ਕਿ ਆਪਣੀਆਂ ਕੱਛ 'ਚ ਤੇ ਦੂਜਿਆਂ ਦੀ ਹੱਥ 'ਚ ਹੀ ਨਹੀ, ਸਾਰੀ ਦੁਨੀਆਂ 'ਚ ਢੰਡੋਰਾ ਪਿੱਟਦੇ ਹਾਂ।

ਅੱਜ ਸਿੱਖਾਂ ਲਈ ਵੱਖਰਾ ਦੇਸ਼ ਬਣਾਉਣ ਦੀ ਚਾਹਵਾਨ ਧਿਰ ਸ. ਕਪੂਰ ਸਿੰਘ ਨੂੰ ਸੰਤ ਭਿੰਡਰਾਂਵਾਲਿਆਂ ਤੋਂ ਬਾਅਦ ਆਪਣਾ ਦੂਜੇ ਨੰਬਰ ਦਾ ਰਹਿਨੁਮਾ ਮੰਨਦੀ ਹੈ। ਪਰ ਕਪੂਰ ਸਿੰਘ ਦੀ ਕੀ ਵਿਚਾਰਧਾਰਾ ਸੀ ? ਕਿਸੇ ਨੂੰ ਕੁਝ ਨਹੀਂ ਪਤਾ ?

ਅੱਗੇ ਵੀ ਇੱਕ ਹੋਰ ਆਰਟੀਕਲ ਵਿੱਚ ਅਸੀਂ ਦੱਸਿਆ ਸੀ ਕਿ ਕਿਵੇਂ ਉਹ ਖਾਲਸਾ ਰਾਜ ਦੇ ਵਿਸ਼ੇ 'ਤੇ ਕਿਤਨੀ ਦੁਬਿਧਾ ਵਿੱਚ ਸਨ। ਇੱਕ ਪਾਸੇ ਉਹ ਭਾਰਤ ਤੋਂ ਵੱਖ ਹੋਣ ਦੀ ਗੱਲ ਕਰਨ ਵਾਲਿਆਂ ਨੂੰ ਗਾਲ੍ਹਾਂ ਤੱਕ ਕੱਢਦੇ ਸਨ। ਦੂਜੇ ਪਾਸੇ ਉਹ ਵੱਖਰੇ ਰਾਜ ਦੀ ਵਕਾਲਤ ਕਰਦੇ ਸਨ।

ਇੱਕ ਪਾਸੇ ਖਾਲਸਾ ਰਾਜ ਦੇ ਹਾਮੀਆਂ ਦਾ ਪਿਛਲੇ 100 ਤੋਂ ਜ਼ੋਰ ਲੱਗਾ ਹੋਇਆ ਹੈ ਕਿ ਸਿੱਖ ਹਿੰਦੂ ਨਹੀਂ ਹਨ। ਉਹ ਹਰ ਯਤਨ ਕਰ ਰਹੇ ਹਨ ਕਿ ਕਿਸੇ ਢੰਗ ਨਾਲ ਹਿੰਦੂਆਂ ਨਾਲੋਂ ਆਪਣਾ ਨਾੜੂਆ ਕੱਟ ਦੇਈਏ। ਜਿਸ ਨਾਲ ਸਿੱਖ ਉਸੇ ਤਰ੍ਹਾਂ ਹਿੰਦੂਆਂ ਨਾਲ ਨਫਰਤ ਕਰਨ ਲੱਗਣ, ਜਿਵੇਂ ਮੁਸਲਮਾਨ ਯਹੂਦੀਆਂ ਨਾਲ ਕਰਦੇ ਹਨ।

ਪਰ ਜਦੋਂ ਤੁਸੀਂ ਕਪੂਰ ਸਿੰਘ ਹੋਰਾਂ ਨੂੰ ਪੜ੍ਹਦੇ ਹੋ ਤਾਂ ਉਹ ਸਿੱਖੀ ਦੀਆਂ ਜੜ੍ਹਾਂ ਭਾਰਤੀ ਸੰਸਕ੍ਰਿਤੀ ਵਿੱਚੋਂ ਲੱਭਦੇ ਹਨ। ਉਹ ਦਸਮ ਗ੍ਰੰਥ ਦੇ ਪੱਕੇ ਹਮਾਇਤੀ ਸਨ। ਉਨ੍ਹਾਂ ਅਨੁਸਾਰ ਸਿੱਖੀ ਦੀ ਭਾਰਤੀ ਸੰਸਕ੍ਰਿਤੀ ਤੋਂ ਬਿਨਾਂ ਕਲਪਨਾ ਨਹੀਂ ਕੀਤੀ ਜਾ ਸਕਦੀ।

ਇਹ ਸਾਰਾ ਕੁਝ ਸਪੱਸ਼ਟ ਕਰਦਾ ਹੈ ਕਿ ਹੋਰ ਸਿੱਖ ਵਿਦਵਾਨਾਂ ਤੇ ਲੀਡਰਾਂ ਵਾਂਗ ਉਹ ਵੀ ਸਿੱਖੀ ਤੇ ਸਿੱਖਾਂ ਦੇ ਰਾਜਸੀ ਭਵਿੱਖ ਬਾਰੇ ਦੁਬਿਧਾ ਦਾ ਸ਼ਿਕਾਰ ਸਨ। ਜਦੋਂ ਨਹਿਰੂ, ਗਾਂਧੀ, ਜਿਨਾਹ, ਅੰਬੇਦਕਰ ਵਾਂਗ ਸਿੱਖਾਂ ਲਈ ਕੁਝ ਕਰਨ ਦਾ ਸਮਾਂ ਸੀ ਤਾਂ ਕਪੂਰ ਸਿੰਘ ਅੰਗਰੇਜ਼ਾਂ ਦੀ ਚਾਕਰੀ ਕਰਨ ਲੱਗ ਪਏ। ਜਦੋਂ ਸਿੱਖ ਲੀਡਰ ਆਪਣੀ ਸੀਮਤ ਸੋਚ ਕਾਰਨ ਨਹਿਰੂ-ਗਾਂਧੀ ਕੋਲੋਂ ਡਾ. ਅੰਬੇਦਕਰ ਵਾਂਗ ਕੋਈ ਕਨੂੰਨੀ ਹੱਕ ਨਾ ਲੈ ਸਕੇ ਤਾਂ ਉਸ ਵਕਤ ਵੀ ਕਪੂਰ ਸਿੰਘ ਲੀਡਰਾਂ ਨੂੰ ਸੇਧ ਨਾ ਦੇ ਸਕੇ। ਪਰ ਜਦੋਂ ਨੌਕਰੀ ਤੋਂ ਬਰਖਾਸਤ ਹੋ ਗਏ ਤਾਂ ਉਨ੍ਹਾਂ ਕਿਸੇ ਸਿੱਖ ਲੀਡਰ ਨੂੰ ਗਦਾਰ ਤੋਂ ਘੱਟ ਦੀ ਉਪਾਧੀ ਨਹੀਂ ਦਿੱਤੀ।

ਜ਼ਰਾ ਸੋਚੋ! ਜੇ ਕਪੂਰ ਸਿੰਘ ਹੋਰਾਂ ਨੂੰ ਨੌਕਰੀ ਤੋਂ ਨਾ ਬਰਖਾਸਤ ਕੀਤਾ ਜਾਂਦਾ ਤਾਂ ਕੀ ਫੇਰ ਵੀ ਉਹ ਕਪੂਰ ਸਿੰਘ ਹੁੰਦੇ, ਜੋ ਅੱਜ ਹਨ ?




ਜਗਮੇਲ ਸਿੰਘ
9417224822

ਅੰਗਰੇਜ਼ੀ ਰਾਜ ਭਾਵੇਂ ਖਤਮ, ਭਾਰਤ ਦੀ ਸਾਮਰਾਜੀ ਲੁੱਟ ਜਿਉਂ ਦੀ ਤਿਉਂ। ਅੰਗਰੇਜ਼ੀ ਰਾਜ, ਦੋ ਸੌ ਸਾਲ। ਖੁੱਲ ਕੇ ਲੁੱਟਿਆ, 1757 ਤੋਂ 1938 ਤੱਕ 1230 ਖਰਬ ਰੁਪਏ। ਮੁਲਕ ਦੀ ਵੱਡੀ ਸਰਮਾਏਦਾਰੀ ਤੇ ਰਾਜੇ ਰਜਵਾੜੇ, ਅੰਗਰੇਜ਼ਾਂ ਨਾਲ ਬਗਲਗੀਰ। ਇਹਨਾਂ ਚਾਕਰੀ ਕੀਤੀ, ਉਹਨਾਂ ਰਾਜ ਕੀਤਾ ਤੇ ਲੁੱਟ ਕੀਤੀ। ਚਾਕਰੀ ਦਾ ਲੱਗਿਆ ਚਸਕਾ, ਅੱਜ ਵੀ ਇਹ ਸ਼ੌਕ ਵਾਂਗੂ ਪਾਲਣ। ਝੰਡਾ 'ਰਾਸ਼ਟਰਵਾਦ' ਦਾ ਤੇ ਜਸ਼ਨ 'ਆਜ਼ਾਦੀ' ਦੇ, ਸੇਵਾ ਕਰਨ ਸਾਮਰਾਜ ਦੀ। ਮੁਲਕ ਦਾ ਪੈਸਾ ਨੋਚਣ, ਈਸਟ ਇੰਡੀਆ ਕੰਪਨੀ ਵਰਗੀਆਂ ਗਿਰਝਾਂ। ਹਕੂਮਤਾਂ ਆਪਣੇ ਹੱਥੀਂ ਚੋਗ ਚਗਾਉਣ, ਕਨੂੰਨੀ ਰੋਕਾਂ ਚੱਕਣ। ਰਿਆਇਤਾਂ ਛੋਟਾਂ ਦੇ ਲਿਖਤੀ ਭਰੋਸੇ ਦੇਣ। ਜ਼ਮੀਨਾਂ ਕੌਡੀਆਂ ਦੇ ਭਾਅ, ਪਟੇ ਲਿਖਾਉਣ। ਕਿਰਤ ਵਿਦੇਸ਼ਾਂ ਤੋਂ ਕਿਤੇ ਸਸਤੀ। ਸ਼ਾਂਤੀ ਸੁਰੱਖਿਆ ਦੇ ਜ਼ੁੰਮੇ ਲੈਣ। ਮੌਜੂਦਾ ਭਾਜਪਾ ਤੇ ਆਪ ਹਕੂਮਤ ਕਹਿਣ ਨੂੰ ਚੌਂਕੀਦਾਰ, ਕਰਨ ਨੂੰ ਸਾਮਰਾਜੀਆਂ ਦੇ ਵੱਡੇ ਸੇਵਾਦਾਰ। ਅਖ਼ਬਾਰੀ ਅੰਕੜੇ ਦੱਸਣ, ਪੰਜ ਹਜ਼ਾਰ ਤੋਂ ਉਪਰ ਆ ਗਿਰਝਾਂ ਦਾ ਇਹ ਝੁੰਡ। ਹਰ ਸਾਲ, ਲੁੱਟ ਦੀਆਂ ਪੰਡਾਂ ਚੁੱਕ ਲੈ ਜਾਦੈ। ਇਹਨਾਂ ਦੀ ਇੱਕ ਸਾਲ ਦੀ ਆਮਦਨ ਦੀਆਂ ਕੁਝ ਕੁ ਝਲਕਾਂ:

ਇੰਗਲੈਂਡ ਦੀ ਯੂਨੀਲੀਵਰ ਕੰਪਨੀ, ਇਥੇ ਹਿੰਦੁਸਤਾਨ ਯੂਨੀਲੀਵਰ ਲਿਮਟਿਡ (HUL) ਦੇ ਨਾਂ 'ਤੇ ਚੱਲੇ। ਇਹਨੇ ਸਾਬਣ, ਸ਼ੈਂਪੂ, ਕਰੀਮ, ਟੂਥਪੇਸਟ ਡਿਟਰਜੈਂਟ ਚਾਹ ਤੇ ਹੋਰ ਖਾਣ ਪੀਣ ਵੇਚ ਕੇ ਸਾਲ 2026 ਦੀ ਪਹਿਲੀ ਤਿਮਾਹੀ 'ਚ ਹੀ 63763 ਕਰੋੜ ਰੁਪਏ ਕਮਾਏ। ਇੰਗਲੈਂਡ ਦਾ ਸਟੈਂਡਰਡ ਚਾਰਟਰਡ ਬੈਂਕ ਨੇ ਕਰਜ਼ੇ ਦੇ ਵਿਆਜ ਤੋਂ ਇੱਕ ਸਾਲ ਵਿਚ ਕਮਾਏ 14164 ਕਰੋੜ ਰੁਪਏ। ਇਸ ਦੀ ਵੋਡਾਫੋਨ ਕੰਪਨੀ ਨੇ ਮੋਬਾਇਲ ਵੇਚੇ। ਇੱਕ ਸਾਲ ਦੀ ਖੱਟੀ 44873 ਕਰੋੜ ਰੁਪਏ। ਇਸ ਦੀ ਇੱਕ ਹੋਰ ਆਈ.ਸੀ.ਆਈ. ਕੰਪਨੀ ਨੇ ਰਸਾਇਣ ਖਾਦ, ਪੇਂਟਸ, ਦਵਾਈਆਂ, ਪੈਸਟੀਸਾਈਡ ਤੇ ਪਲਾਸਟਿਕ ਤੋਂ ਕਮਾਏ 4091 ਕਰੋੜ ਰੁਪਏ। ਇਸ ਦੀ ਗਲੈਕਸੋ ਕੰਪਨੀ ਦੀ ਦਵਾਈਆਂ ਤੋਂ ਆਮਦਨ 3866 ਕਰੋੜ ਰੁਪਏ। ਇਸ ਦੀ ਆਈ.ਟੀ.ਸੀ. ਕੰਪਨੀ ਨੇ ਸਿਗਰੇਟ, ਤੰਬਾਕੂ, ਹੋਟਲ ਕਾਗਜ਼ ਤੋਂ ਕਮਾਏ 77690 ਕਰੋੜ ਰੁਪਏ। ਸੈਵਲੋਨ ਕੰਪਨੀ ਨੇ ਸਾਬਣ ਤੇ ਐਂਟੀਸੈਪਟਿਕ ਤਰਲ ਤੋਂ ਕਮਾਏ 73464 ਕਰੋੜ ਰੁਪਏ।

ਅਮਰੀਕਾ ਦੀਆਂ ਕਈ ਕੰਪਨੀਆਂ, ਮਾਈਕਰੋਸੋਫਟ ਕਾਰਪੋਰੇਸ਼ਨ ਇੰਡੀਆ ਤੇ ਮਾਈਕਰੋਸੋਫਟ ਇੰਡੀਆ (ਆਰ ਐਂਡ ਡੀ)। ਮਾਈਕਰੋਸੋਫਟ ਕਾਰਪੋਰੇਸ਼ਨ ਆਫ ਇੰਡੀਆ ਨੇ ਇੱਕ ਸਾਲ ਵਿੱਚ 29303 ਕਰੋੜ ਰੁਪਏ ਕਮਾਏ। ਮਾਈਕਰੋਸਾਫਟ ਇੰਡੀਆ (ਰ ਤੇ ਡੀ) ਨੇ 19106 ਕਰੋੜ ਰੁਪਏ। ਇਸ ਦੀ ਕੰਪਨੀ ਕਾਰਗਲ ਨੇ ਖਾਣ ਵਾਲੇ ਤੇਲ, ਬੀਜ, ਖੰਡ, ਪਸ਼ੂ ਫੀਡ, ਮੱਛੀ ਫੀਡ, ਸਟਾਰਟ, ਸਵੀਕਾਰ ਦੇ ਵੱਟੇ 66865 ਕਰੋੜ ਰੁਪਏ। ਇੱਕ ਹੋਰ ਕੰਪਨੀ ਡੋਅ ਨੇ ਪੌਲੀਮਰ, ਸਿਲੀਕੋਨ, ਪਲਾਸਟਿਕ ਦੇ ਇੱਕ ਸਾਲ ਵਿੱਚ 47,865 ਕਰੋੜ ਰੁਪਏ ਲੁੱਟੇ। ਪੈਪਸੀਕੋ ਕੰਪਨੀ ਨੇ ਕੋਲਡ ਡਰਿੰਕਸ, ਸਨੈਕਸ, ਪ੍ਰੋਸੈਸਡ ਫੂਡ ਦੀ ਕਮਾਈ 9060 ਕਰੋੜ ਰੁਪਏ। ਅਮਰੀਕਾ ਦੀ ਕੋਲਗੇਟ ਕੰਪਨੀ ਦੀ ਟੂਥ ਪੇਸਟ ਤੋਂ ਆਮਦਨ 6179 ਕਰੋੜ ਰੁਪਏ। ਅਮਰੀਕਾ ਦੀ ਜਿਲੇਟ ਕੰਪਨੀ ਦੀ ਬਲੇਡ ਤੇ ਸੇਵਾ ਕਰਨ ਦੇ ਸਮਾਨ ਤੋਂ 2235 ਕਰੋੜ ਰੁਪਏ ਆਮਦਨ। ਅਮਰੀਕਾ ਦੀ ਜੋਹਨਸਨ ਐਂਡ ਜੋਹਨਸਨ ਕੰਪਨੀ ਦੀ ਪਾਊਡਰ, ਦਵਾਈਆਂ ਤੋਂ ਆਮਦਨ 4461 ਕਰੋੜ ਰੁਪਏ। ਅਮਰੀਕਾ ਦੀ ਡਿਊਪੌਂਟ ਕੰਪਨੀ ਦੀ ਨਾਈਲੋਨ ਕਪੜਾ, ਪੌਲੀਮਰ ਤੋਂ ਆਮਦਨ 1 ਲੱਖ ਕਰੋੜ ਰੁਪਏ।

ਜਰਮਨ ਦੀ ਕੰਪਨੀ ਬੇਅਰ, ਬੀਜ, ਕੀਟ ਨਾਸ਼ਕ ਤੇ ਬੂਟੀ ਨਾਸਕ ਤੋਂ 2026 ਦੀ ਪਹਿਲੀ ਤਿਮਾਹੀ ਹੀ 5675 ਕਰੋੜ ਰੁਪਏ ਆਮਦਨ ਹੋਈ। ਅੰਗਰੇਜ਼ੀ ਰਾਜ ਸਮੇਂ ਤੋਂ ਹੀ ਭਾਰਤ ਨੂੰ ਲੁੱਟੇ। ਪੰਜਾਬ ਵਿੱਚ 2015 ਵਿੱਚ ਇਹਦਾ ਜਲੂਸ ਨਿਕਲਿਆ, ਮਾੜੇ ਬੀਜਾਂ ਕਾਰਨ। ਰਿਸ਼ਵਤ ਸਕੈਂਡਲ ਦੀਆਂ ਖਬਰਾਂ ਛਪੀਆਂ, ਉਂਗਲਾਂ ਪੰਜਾਬ ਦੇ ਖੇਤੀ ਮੰਤਰੀ ਤੇ ਖੇਤੀ ਮਹਿਕਮੇ ਦੇ ਅਫ਼ਸਰ ਵੱਲ। ਇਸ ਦਾ ਕਾਰੋਬਾਰ ਫਸਲਾਂ ਲਈ ਕੀਟ ਨਾਸਕ ਤੇ ਬੂਟੀ ਨਾਸਕ। ਬੀਜਾਂ ਦਾ ਧੰਦਾ ਵੀ।

ਇਟਲੀ ਦੀ ਕੰਪਨੀ ਮੀਟੇਨੀ ਨੇ, ਫਲੋਰੀਨ, ਪਾਣੀ, ਤੇਲ ਤੋਂ ਕਮਾਏ 2985 ਕਰੋੜ ਰੁਪਏ। ਭਾਰਤ ਵਿੱਚ 2020 ਤੋਂ ਮਹਾਂਰਾਸ਼ਟਰ ਵਿੱਚ। ਇਹਦੇ ਉਤਪਾਦ ਬੀਮਾਰੀਆਂ ਫੈਲਾਉਣ, ਪੈਂਤੀ ਹਜ਼ਾਰ ਲੋਕੀਂ ਪ੍ਰਭਾਵਿਤ। ਉਥੋਂ ਲੋਕਾਂ ਦੇ ਸੰਘਰਸ਼ ਨੇ ਭਜਾਈ ਐ। ਇੱਥੇ ਵੀ ਉਤਪਾਦਨ ਉਹੀ।

ਚੀਨ ਦੀਆਂ ਚਾਰ ਕੰਪਨੀਆਂ ਵੀ ਭਾਰਤ ਲੁੱਟਣ ਵਿੱਚ ਸ਼ਾਮਲ ਹਨ। ਜਿਨ੍ਹਾਂ ਦਾ ਕਾਰੋਬਾਰ ਮੋਬਾਈਲ, ਕੰਪਿਊਟਰ, ਫਰਿੱਜ, ਵਾਸ਼ਿੰਗ ਮਸ਼ੀਨਾਂ, ਏਅਰ ਕੰਡੀਸ਼ਨਰ, ਵਾਟਰ ਗੀਜਰ, ਮਾਈਕ੍ਰੋਵੇਵ ਵਗੈਰਾ। ਸ਼ਾਓਮੀ ਇੰਡੀਆ ਨਾਂ ਦੀ ਕੰਪਨੀ ਦੀ ਸਾਲ ਦੀ ਆਮਦਨ 23976 ਕਰੋੜ ਰੁਪਏ। ਓਪੋ ਇੰਡੀਆ ਇੱਕ ਸਾਲ ਵਿੱਚ ਕਮਾਉਂਦਾ 51962 ਕਰੋੜ ਰੁਪਏ। ਲੀਨੋਵੋ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਆਮਦਨ 13388 ਕਰੋੜ ਰੁਪਏ। ਹਾਇਰ ਐਪਲਾਈਂਸਸ ਦੀ ਆਮਦਨ ਸਾਲ 9974 ਕਰੋੜ ਰੁਪਏ।

ਰੂਸੀ ਕੰਪਨੀਆਂ ਲੁੱਟ ਦੇ ਧੰਦੇ ਵਿੱਚ ਪਿੱਛੇ ਨਹੀਂ। ਰੋਸਨੇਫ਼ਤ ਭਾਰਤ ਵਿੱਚ 2017 ਵਿੱਚ ਆਈ। ਇਹਦਾ ਕਾਰੋਬਾਰ ਕੱਚਾ ਤੇਲ ਕੱਢਣਾ, ਰਿਫਾਇਨ ਕਰਨਾ, ਵਪਾਰ ਕਰਨਾ ਤੇ ਕਈ ਹੋਰ ਪੈਟਰੋਲੀਅਮ ਪਦਾਰਥ। ਗੁਜਰਾਤ ਵਿੱਚ ਰਿਫਾਇਨਰੀ, ਪਹਿਲਾਂ ਐਸਆਰ (ESSAR) ਹੁਣ ਨਿਆਰਾ ਐਨਰਜੀ ਦੇ ਨਾਂ ਹੇਠ ਤੇਲ ਵੇਚੇ। ਹੈਵੀ ਵ੍ਹੀਕਲ ਲਈ ਹਾਈ ਸਪੀਡ ਡੀਜ਼ਲ ਤੇ ਉਦਯੋਗਿਕ ਭੱਠੀਆਂ ਲਈ ਲਾਈਟ ਡੀਜ਼ਲ ਵੇਚੇ। 6500 ਦੇ ਲਗਭਗ ਪਰਚੂਨ ਵਿਕਰੀ ਕੇਂਦਰ। ਪੌਲੀਪ੍ਰੋਪਾਈਲੀਨ ਪਲਾਂਟ ਵਿੱਚ ਪਲਾਸਟਿਕ ਤੇ ਪਲਾਸਟਿਕ ਤੋਂ ਕਈ ਆਮ ਵਰਤੋਂ ਵਾਲੀਆਂ ਵਸਤਾਂ ਬਣਾਵੇ। ਇਸਦੀ ਬਿਟੂਮਨ, ਸੜਕ ਨਿਰਮਾਣ ਲਈ ਵਿਕੇ। ਸੀਮੈਂਟ ਲਈ ਪੈਟਕੋਕ ਤੇ ਫ਼ਸਲੀ ਖਾਦ ਲਈ ਸਲਫ਼ਰ ਤਿਆਰ ਕਰੇ। ਪੇਂਟ ਵੀ ਬਣਾਉਂਦਾ। ਇਸ ਦੀ ਸਾਲ ਦੀ ਆਮਦਨ 898784 ਕਰੋੜ ਰੁਪਏ। ਇਸ ਦੀ ਕੈਸਪਰਸਕੀ ਕੰਪਨੀ ਦੀ ਸਾਲਾਨਾ ਕਮਾਈ ਲਗਭਗ 8000 ਕਰੋੜ ਰੁਪਏ ਹੈ।

ਰੂਸ ਦਾ ਵੀ. ਟੀ. ਬੀ. ਬੈਂਕ 2005 ਵਿੱਚ ਆਇਆ। ਇਸ ਦੀ ਆਮਦਨੀ 1937 ਕਰੋੜ ਰੁਪਏ। ਫਰਾਂਸ ਦੀਆਂ ਵੀ ਕਈ ਕੰਪਨੀਆਂ ਲੁੱਟ ਦੇ ਧੰਦੇ ਵਿੱਚ ਸ਼ਾਮਲ। ਰੀਨੌਲਟ ਕੰਪਨੀ ਨੇ ਕਾਰਾਂ ਵੇਚ ਕੇ 11877 ਕਰੋੜ ਰੁਪਏ ਕਮਾਏ। ਏਅਰਬੱਸ ਕੰਪਨੀ ਨੇ ਜਹਾਜ਼ਾਂ ਦੀ ਰੱਖ ਰਖਾਅ ਤੋਂ 2446 ਕਰੋੜ ਰੁਪਏ ਕਮਾਏ। ਲਾ ਓਰੀਅਲ ਕੰਪਨੀ ਨੇ ਕਾਸਮੈਟਿਕ ਦੇ ਸਮਾਨ ਤੋਂ 5925 ਕਰੋੜ ਰੁਪਏ ਕਮਾਏ। ਡੀ ਕੈਥਲੋਨ ਕੰਪਨੀ 2009 ਵਿੱਚ ਆਈ। ਖੇਡਾਂ ਤੇ ਯੋਗਾ ਨਾਲ ਸਬੰਧਤ ਹਰ ਸਮਾਨ, ਖੇਡ ਬੂਟਾਂ ਸਣੇ। ਇੱਕ ਸਾਲ ਵਿੱਚ 4008 ਕਰੋੜ ਰੁਪਏ ਕਮਾਏ।

ਸਵਿਟਜ਼ਰਲੈਂਡ ਦੀ ਸੀਬਾ ਗਾਈਗੀ/ਸਾਈਜੈਂਟਾ ਕੰਪਨੀ ਦੀ ਦਵਾਈਆਂ, ਪੇਂਟ, ਖੇਤੀ ਨਾਲ ਸਬੰਧਤ ਸਮਾਨ ਤੋਂ ਆਮਦਨ 5618 ਕਰੋੜ ਰੁਪਏ। ਨੈਸਲੇ ਕੰਪਨੀ ਦੀ ਦੁੱਧ, ਦੁੱਧ ਉਤਪਾਦ, ਮੈਗੀ, ਕੌਫ਼ੀ, ਬਿਸਕੁਟ, ਬੇਬੀ ਫੂਡ ਤੋਂ ਆਮਦਨ 20260 ਕਰੋੜ ਰੁਪਏ।

ਚੈਕੋਸਲਵਾਕੀਆ ਦੀ ਬਾਟਾ ਕੰਪਨੀ ਦੀ ਜੁੱਤਿਆਂ ਤੋਂ ਆਮਦਨ 3553 ਕਰੋੜ ਰੁਪਏ।

ਨੀਦਰਲੈਂਡ ਦੀ ਫਿਲਿਪਸ ਕੰਪਨੀ ਦੀ ਬਲਬ, ਟਿਊਬ, ਰੇਡੀਓ ਤੋਂ ਆਮਦਨ 6630 ਕਰੋੜ ਰੁਪਏ। ਵਿਦੇਸ਼ੀ ਕੰਪਨੀਆਂ ਦੀ ਲੁੱਟ ਦੀਆਂ ਆਹ ਝਲਕਾਂ, ਲੁੱਟ ਦੇ ਢੇਰ ਵਿਚੋਂ ਸਿਰਫ਼ ਇੱਕ ਮੁੱਠੀ। ਪੰਜ ਹਜ਼ਾਰ ਕੰਪਨੀਆਂ ਵਿੱਚੋਂ ਸਿਰਫ਼ ਦੋ ਢਾਈ ਦਰਜਨ। ਕਈ ਅੰਗਰੇਜ਼ੀ ਰਾਜ ਵੇਲੇ ਦੀਆਂ, ਕਈ ਪਿਛਲੇ ਵੀਹ ਪੱਚੀ ਸਾਲਾਂ ਤੋਂ। ਲੁੱਟ ਦੂਹਰੀ ਤੀਹਰੀ, ਅਰਬਾਂ ਖਰਬਾਂ 'ਚ। ਕਾਰੋਬਾਰਾਂ ਤੋਂ ਰਿਆਇਤਾਂ ਛੋਟਾਂ ਤੋਂ, ਸਸਤੀ ਜ਼ਮੀਨ, ਸਸਤੀ ਮਜ਼ਦੂਰੀ, ਸਸਤੇ ਕਰਜ਼ੇ ਤੇ ਕਰਜ਼ੇ-ਮਾਫ਼ੀਆਂ ਤੋਂ। ਖਤਰਾ ਹੋਰ ਵੀ ਵੱਡੈ। ਇਹ ਕਰੋਨਾ ਬੀਮਾਰੀ ਵਾਂਗੂ, ਘਰੇਲੂ ਸਨਅਤ ਦਾ ਗਲ ਘੁੱਟਦੀਆਂ। ਮੁਕਾਬਲੇ ਵਿੱਚ ਪਿੱਛੇ ਧੱਕਦੀਆਂ। ਕਬਜ਼ੇ ਕਰਦੀਆਂ। ਕੁਦਰਤੀ ਸਰੋਤਾਂ ਨੂੰ ਲੁੱਟਦੀਆਂ। ਵਾਤਾਵਰਣ ਪ੍ਰਦੂਸ਼ਿਤ ਕਰਦੀਆਂ। ਪਾਣੀ ਸੜਾਕਦੀਆਂ ਤੇ ਜ਼ਹਿਰੀ ਬਣਾਉਂਦੀਆਂ। ਮੁਲਕ ਦੀ ਪ੍ਰਭੂਸੱਤਾ ਤੇ ਆਜ਼ਾਦੀ ਨੂੰ ਵੀ ਖਤਰਾ, ਖੜਾ ਕਰਦੀਆਂ।

ਸਾਮਰਾਜੀ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲੁੱਟ, ਰੋਕੀ ਜਾਣੀ ਚਾਹੀਦੀ ਆ। ਸਰਕਾਰ ਨਹੀਂ ਰੋਕਦੀ, ਉਹ ਤਾਂ ਖੁਦ ਸੱਦੇ ਨਾਲ ਰਿਆਇਤਾਂ ਦੇ ਡੱਬੇ ਦੇ ਕੇ ਆਉਦੀ ਆ। ਲੋਕ ਜ਼ੋਰਦਾਰ ਆਵਾਜ਼ ਉਠਾਉਣ, ਸਰਕਾਰ ਮਜਬੂਰ ਹੋ ਕੇ ਇਹ ਰੋਕਣ ਲਈ ਕਦਮ ਚੱਕੇ। ਸਾਮਰਾਜੀ ਕੰਪਨੀਆਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ। ਮੁਲਕ ਵਿੱਚ ਸਨਅਤਾਂ ਲੱਗਣ, ਜੋ ਲੋਕਾਂ ਲਈ ਲੋੜੀਂਦੀ ਹਰ ਵਸਤ ਦਾ ਉਤਪਾਦਨ ਕਰਨ ਤੇ ਹਰ ਹੱਥ ਨੂੰ ਰੁਜ਼ਗਾਰ ਦੇਣ।

## ਨਕਲੀ ਪੱਤਰਕਾਰ

ਪੱਤਰਕਾਰੀ ਚੌਥਾ ਥੰਮ ਹੈ
ਲੋਕਤੰਤਰ ਦਾ
ਪਰ ਇਸ ਨੂੰ ਢਾਹ ਲਾਉਂਦੇ ਹਨ
ਆਪੇ ਬਣੇ ਉਹ ਪੱਤਰਕਾਰ
ਜੋ
ਜਨਤਾ ਦੀ ਨਹੀਂ
ਹਾਕਮ ਦੀ ਅਵਾਜ਼ ਬਣਦੇ ਹਨ
ਜੋ
ਮੁਨਾਫ਼ਾ ਰਹਿਤ ਸੰਸਥਵਾਂ ਦੇ
ਪਿੱਛੇ ਬੈਠੇ ਰਾਜਿਆਂ ਨੂੰ
ਨੰਗੇ ਨਹੀਂ ਕਰਦੇ
ਬਲਕਿ
ਉਹਨਾਂ ਲਈ ਲਾਈਵ
ਫੰਡਰੇਜ਼ਿੰਗ ਕਰਕੇ
ਉਨ੍ਹਾਂ ਦੇ ਸਰੀਰਾਂ ਨੂੰ ਹੋਰ ਰੁਪਏ ਅਤੇ ਡਾਲਰਾਂ
ਦੇ ਲੇਪਣ ਕਰ ਦਿੰਦੇ ਹਨ
ਉਹ
ਭੋਲੀ ਜਨਤਾ ਅੱਗੇ
ਭਾਵੁਕ ਅਪੀਲਾਂ ਕਰਦੇ
ਲੇਲੜੀਆਂ ਕੱਢਦੇ
ਬੂੰਦ-ਬੂੰਦ ਨਾਲ ਸਮੁੰਦਰ ਭਰਨਾ ਕਹਿਕੇ
ਮਿਹਨਤ ਦੀ ਕਮਾਈ ਨੂੰ
ਵੱਡੇ ਢਿੱਡਾਂ ਵਿਚ ਪਾ ਦਿੰਦੇ ਹਨ
ਕੈਮਰੇ ਲੈਕੇ
ਨਕਲੀ ਮਿਠੀਆਈ ਦੀਆਂ ਦੁਕਾਨਾਂ ਤੇ
ਹੋਰ ਥਾਵਾਂ ਤੇ
ਲਾਈਵ ਹੁੰਦੇ
ਮਿਲੀ ਹੱਡੀ ਦਾ ਮੁੱਲ ਮੋੜਦੇ ਹਨ
ਉਹ
ਰਜਵਾੜਿਆਂ ਨੂੰ ਸਿੱਧੇ ਸਵਾਲ ਨਹੀਂ ਕਰਦੇ
ਬਲਕਿ
ਸੱਚਾਈ ਤੇ ਮਿੱਟੀ ਪਾਉਂਦੇ
ਨਿਰਪੱਖਤਾ ਨੂੰ ਪੱਖਤਾ ਵਿਚ ਬਦਲਦੇ
ਜਨਹਿੱਤ ਨੂੰ ਮਨਹਿੱਤ ਲਈ ਭੁਗਤਾਉਂਦੇ
ਅਜ਼ਾਦ ਦੇਸ਼ਾਂ ਵਿਚ ਗੁਲਾਮਾਂ ਵਾਂਗ ਜਿਉਂਦੇ
ਪਰ ਪਰ
ਇਹਨਾਂ ਤੇ ਕਦੇ ਮੁੱਕਦਮੇ ਦਰਜ਼ ਨਹੀਂ ਹੁੰਦੇ
ਕਿਉਂਕਿ
ਇਹ ਉਹ ਪੱਤਰਕਾਰ ਨਹੀਂ
ਜੋ ਉਸਤਰਿਆਂ ਦੀ ਮਾਲਾ ਗਲ ਵਿਚ ਪਾਕੇ
ਧੌਣ ਹਿਲਾਉਂਦੇ ਰਹਿੰਦੇ ਹਨ
ਅਸਲ ਵਿਚ ਇਹ ਭਿਖ਼ਾਰੀ ਹਨ
ਇਹਨਾਂ ਨੂੰ ਚਾਹੀਦਾ ਹੈ
ਮਹਿੰਗੇ ਤੇ ਭਾਰੇ ਕੈਮਰੇ ਚੱਕਕੇ
ਬਿਨਾਂ ਗੇੜ੍ਹ ਦੀ ਹੱਡੀ ਤੋਂ ਰੀਘਣ ਨਾ
ਬਲਕਿ
ਭੀਖ਼ ਵਾਲਾ ਬਾਟਾ ਫੜ੍ਹ ਲੈਣ
ਕਿਉਂਕਿ
ਉਹ ਮੁਫ਼ਤ ਵਿਚ ਵੀ ਮਿਲ ਜਾਂਦਾ ਹੈ
'ਤੇ ਹਲਕਾ ਵੀ ਹੁੰਦਾ ਹੈ।

• • •

## ਕਲਮਕਾਰਾਂ ਨੂੰ

ਜੇਕਰ ਤੁਸੀਂ
ਅਜਿਹੇ ਕਲਮਕਾਰ ਹੋ
ਦਿਵਾਲੀ ਆਈ ਤਾਂ ਦਿਵਾਲੀ ਬਾਰੇ
ਲਿਖ ਦਿੱਤੀ ਕਵਿਤਾ ਜਾਂ ਲੇਖ
ਲੋਹੜੀ ਆਈ ਤਾਂ ਲੋਹੜੀ ਬਾਰੇ
ਲਿਖ ਦਿੱਤੀ ਕਵਿਤਾ ਜਾਂ ਲੇਖ
ਨਵਾਂ ਸਾਲ, ਰੱਖੜੀ, ਵਿਸਾਖੀ
ਸਾਉਣ, ਤੀਆਂ ਅਤੇ ਹੋਰ ਤਿਉਹਾਰ
ਹਰ ਸਾਲ ਲਿਖ-ਲਿਖ
ਲਗਾ ਰਹੇ ਹੋ ਕਿਤਾਬਾਂ ਦੇ ਅੰਬਾਰ
'ਤੇ ਕੀਮਤੀ ਸਮਾਂ ਵੀ ਰਹੇ ਹੋ ਗਾਲ
ਪਰ
ਤੁਹਾਨੂੰ ਨਹੀਂ ਪਤਾ
ਪੂੰਜੀਵਾਦ ਕੀ ਹੈ
ਸਾਮਰਾਜਵਾਦ ਕੀ ਹੈ
ਸਮਾਜਵਾਦ ਕੀ ਹੈ
ਮਾਰਕਸਵਾਦ ਕੀ ਹੈ
ਧਰਮਵਾਦ ਕੀ ਹੈ
'ਤੇ ਹੋਰ ਬਹੁਤ ਸਰੋਕਾਰ
ਤਾਂ ਤੁਸੀਂ ਲਿਖਣਾ ਬੰਦ ਕਰਕੇ
ਪੜ੍ਹੋ ਹੋਰ ਸਾਹਿਤ
ਸਮਝੋ ਤੇ ਕਰੋ ਵਿਚਾਰ
ਪਰ
ਜੇਕਰ ਅਜਿਹਾ ਨਹੀਂ ਕਰ ਸਕਦੇ ਤਾਂ
ਰੇਲ ਦੀ ਪਟੜੀ ਕੋਲ ਬੈਠ ਜਾਵੋ
ਤੇ ਆਪਣਾ ਉਹ ਹੱਥ
ਜਿਸ ਵਿਚ ਕਲਮ ਫੜਦੇ ਹੋ
ਰੇਲ ਦੀ ਲੀਹ ਉੱਪਰ ਰੱਖ ਲਵੋ
ਜਦੋਂ ਗੱਡੀ ਆ ਰਹੀ ਹੋਵੇ

**ਬਲਜਿੰਦਰ ਸੰਘਾ**
403-680-3212

## ਰੁਧਨ ਕਰੇ ਕਸ਼ਮੀਰ

ਨਾ ਇਸ ਦਾ ਨਾ ਉਸਦਾ ਦੁਸ਼ਟ
ਇਹ ਸਾਡਾ ਕਸ਼ਮੀਰ।
ਗੋਰੇ ਗਏ ਫੜਾ ਕੇ ਸਾਡੀ,
ਕਾਲਿਆਂ ਹੱਥ ਤਕਦੀਰ।
ਅਸੀਂ ਘਰੇ ਬੇਗਾਨੇ ਹੋ ਗਏ,
ਸਾਡੀ ਖੁੱਸ ਗਈ ਜਾਗੀਰ।
ਜੇ.ਕੇ. ਤੋਂ ਹੁਣ ਗਿਆ,
ਏ.ਕੇ. 47 ਰਾਈਫਲ ਜੰਮੂ ਕਸਮੀਰ।
ਸਾਡੇ ਫੁੱਲ, ਕਲੀਆਂ (ਬੱਚੇ) ਮੁਰਝਾ ਗਏ,
ਸਾਡੀ ਅਸਮਤ ਲੀਰੋ ਲੀਰ।
ਸਾਡੀ ਤਵੀ (ਦਰਿਆ) ਨਾ ਦਰਦ ਸਹਾਰਦੀ,
ਇਹਦੇ ਅੱਖੀਂ ਸੁੱਕਿਆ ਨੀਰ।
ਬਾਂਦਰ ਵੰਡ ਕਰੋ ਨਾ ਏਸ ਦੀ,
ਨਾ ਬਦਲੋ ਇਸ ਦੀ ਤਸਵੀਰ।
ਸਾਡੇ ਸ਼ਿਕਰੇ ਬਣ ਗਏ ਛਾਉਨੀਆਂ ,
ਸਾਡੀ ਦੂਸ਼ਤ ਹੋਈ ਝੀਲ।
ਇਥੇ ਬੰਬ ਬੰਦੂਕਾਂ ਬੀਜੀਆਂ,
ਇਥੇ ਕੇਲੇ ਮੁੱਢ ਕਰੀਰ।
ਇਥੇ ਫਿਰਨ ਸ਼ਿਕਾਰੀ ਹਰ ਗਲੀ,
ਇਥੇ ਇੱਜ਼ਤਾਂ ਲੀਰੋ ਲੀਰ।
ਨਾ ਮੁੱਲਾਂ ਦੀ ਬਾਂਗ ਹੁਣ,
ਨਾ ਪੰਡਿਤ, ਚਰਚ, ਫ਼ਕੀਰ।
ਇਥੇ ਕਬਰਾਂ ਦੇ ਵਿਚ ਰੌਣਕਾਂ
ਧਰਮਾਂ ਦੀ ਮਰੀ ਜ਼ਮੀਰ।
ਦੋਨੋਂ ਪਾਸੇ ਮਰਜੀਵੜੇ,
ਦੋਨੋਂ ਤਰਫ਼ ਸ਼ਹੀਦ।
ਇਥੇ ਘਰ ਘਰ ਸੱਥਰ ਵਿਛ ਗਏ,
ਖੁੱਸ ਗਏ ਭੈਣਾਂ ਤੋਂ ਵੀਰ।
ਇਹ ਦੀ ਧਰਤ ਸੁਹਾਣੀ ਰੰਗਲੀ,
ਬਦਲੀ ਕੇਸਰ ਦੀ ਤਾਸੀਰ।
ਅੱਧੀ ਰਾਤੀਂ ਬੁੱਝ ਗਈ ਕਾਂਗੜੀ,
ਇਥੇ ਅਗਵਾਹ ਹੋਈ ਹੀਰ।
ਸਭ ਦੇਸ਼ ਤਮਾਸ਼ਾ ਦੇਖਦੇ,
ਏਹਦੀ ਕੌਣ ਫੜੇ ਸ਼ਮਸ਼ੀਰ।
ਏਥੇ ਲੱਭਦੇ ਵਾਰਸ ਸ਼ਾਹ ਨੂੰ,
ਸਾਡਾ ਕੋਈ ਨਾ ਜੋਗੀ ਪੀਰ।
ਸਾਨੂੰ ਛੱਡੋ ਸਾਡੇ ਹਾਲ 'ਤੇ,
ਸਾਨੂੰ ਹੋਰ ਨਾ ਕਰੋ ਜਲੀਲ।
ਜਾਗੋ ਹੁਣ ਕਸ਼ਮੀਰੀ ਓ,
ਏਕੇ ਦੀ ਫੜ ਜ਼ੰਜੀਰ।
ਸਾਨੂੰ ਲੁੱਟਣ ਵਾਲੇ ਭੇੜੀਏ,
ਹੁਣ ਖਿਚੋ ਨਵੀਂ ਲਕੀਰ।
ਕਸ਼ਮੀਰ ਰਹੂ ਕਸ਼ਮੀਰੀਆਂ,
ਇਹ ਇਨ੍ਹਾਂ ਦੀ ਜਾਗੀਰ।
ਕੌਣ ਗਦਾਰੀ ਕਰ ਰਿਹਾ,
ਹੁਣ ਲੇਖਾ ਕਰੋ ਅਖ਼ੀਰ।
ਛੱਡੋ ਸਾਡਾ ਕਸ਼ਮੀਰ।
ਛੱਡੋ ਸਾਡਾ ਕਸ਼ਮੀਰ।

**- ਡਾ. ਬਲਵਿੰਦਰ ਸੋਢੀ, ਕੈਲਗਰੀ**
403-466-9810

## ਮਨ ਬੰਦੇ ਦਾ

ਮਨ ਬੰਦੇ ਦਾ ਬੜੀ ਸਾਧਾਰਨ ਸ਼ੈਅ
ਬਣ ਬੈਠਾ
ਨਿਸ ਦਿਨ ਵੇਖੇ ਜੋ ਕੁਝ
ਉਸੇ ਦਾ ਆਦੀ ਹੋ ਰਹਿੰਦਾ
ਘਰ ਦੇ ਅੱਗੇ ਰੋਜ਼ ਦਿਹਾੜੀ
ਲਹੂ ਡੁਲ੍ਹਦਾ ਪਾਣੀ ਦਾ ਛਿੜਕਾ ਬਣ ਜਾਂਦਾ
ਭੈਅ ਵਿੱਚ ਉਠਣਾ ਭੈਅ ਵਿੱਚ ਸੌਣਾ
ਭੈਅ ਨੂੰ ਸਵੀਕਾਰ ਕਰ ਲੈਣਾ
ਬਹੁਤ ਗੰਭੀਰ ਅਵਸਥਾ!

ਪਿਆਰੇ ਸ਼ੁਭਚਿੰਤਨ
ਕੋਈ ਨਿਰਭੈ ਲਾਟ ਜਗਾਓ
ਸਹਿਜੇ ਸਹਿਜੇ ਟਿਕਦੀ ਜਾਂਦੀ
ਉਦਾਸੀਨਤਾ
ਰੂਹਾਂ 'ਚੋਂ ਪਿਘਲਾਓ !
ਸ਼ੁਭ ਨੀਤੀ ਤੋਂ ਸੱਖਣਾ ਚਿੰਤਨ
ਜੋ ਹੋਵੇ ਕਿਉਂ ਹੋਵੇ
ਬਿਨ ਸ਼ੁਭ ਕਰਮ, ਧਰਮ ਜੇ ਹੋਵੇ
ਨਾ ਮੰਨੀਏ ਕੀ ਖੋਵੇ

ਪਰਉਪਕਾਰ ਤੋਂ ਸੱਖਣੀ ਮਨਸ਼ਾ
ਜਦ ਤੋਂ ਸਾਡੀ ਹੋਈ
ਸ਼ੁਭ ਪ੍ਰਭਾਤ ਉਦੈ ਨਾ ਹੋਵੇ
ਬਹੁਤ ਅਸ਼ੁਭ ਸੰਧਿਆ ਆਵੇ

ਪਿਆਰੇ ਸ਼ੁਭਚਿੰਤਨ
ਜੀ ਆਇਆਂ ਨੂੰ ਲੰਘ ਆਵੋ
ਥਾਂ ਥਾਂ ਪੁਸ਼ਪ ਜਿਹੇ ਖਿੜ ਜਾਵਣ
ਇਉਂ ਦੇਸ ਪੰਜਾਬ 'ਤੇ ਛਾਵੋ!

**- ਅਜਮੇਰ ਰੋਡੇ**

## ਭਗਤ ਸਿੰਘ ਨੂੰ ਯਾਦ ਕਰਦਿਆਂ!

ਪਿਆਰੇ ਭਗਤ!
ਦਸ ਦਿਨ ਪਹਿਲਾਂ ਬਾਲੇ
ਸਰਕਾਰੀ ਦੀਵਿਆਂ ਦੇ
ਬੁਝ ਜਾਣ 'ਤੇ
ਸੰਭਰ ਕੇ ਕੂੜੇ ਦੇ ਢੇਰ 'ਤੇ
ਸਿੱਟੇ ਜਾਣ ਤੋਂ ਬਾਅਦ
ਬਿਨਾਂ ਦੀਵੇ ਬਾਲੇ
ਅਸੀਂ ਤੈਨੂੰ
ਯਾਦ ਕਰ ਰਹੇ ਹਾਂ

ਕਿਉਂਕਿ
ਤੇਰੀ ਬਾਲੀ ਹੋਈ ਲੋਅ
ਭਲੇ ਹੀ
ਟਿਮ-ਟਿਮਾ ਰਹੀ ਹੋਵੇ
ਪਰ ਅਜੇ ਵੀ
ਬਲ ਰਹੀ ਹੈ
ਕਰੋੜਾਂ ਦਿਲਾਂ ਅੰਦਰ
ਬਿਨਾਂ ਕਿਸੇ
ਸਰਕਾਰੀ ਫ਼ੁਰਮਾਨ ਦੇ

ਪਿਆਰੇ ਭਗਤ!
ਅੱਜ ਅਸੀਂ ਤੁਹਾਨੂੰ
ਯਾਦ ਕਰ ਰਹੇ ਹਾਂ
ਬੜੀ ਸ਼ਰਮਿੰਦਗੀ ਨਾਲ

ਜਿਸ ਭਾਰਤ ਮਾਂ ਦੀ
ਆਜ਼ਾਦੀ ਲਈ
ਤੂੰ ਤੇ ਤੇਰੇ ਸਾਥੀਆਂ ਨੇ.
ਆਪਣੀ ਕੁਰਬਾਨੀ ਦਿੱਤੀ
ਹੱਸਦੇ ਹੋਏ

ਸਾਡੀ ਸਭਨਾਂ ਦੀ ਉਹ ਮਾਂ
ਫਸ ਗਈ ਹੈ
ਦਲਾਲਾਂ ਵਿਚਕਾਰ
ਲੋਕਤੰਤਰ ਦੇ ਜਾਦੂ ਰਾਹੀਂ

ਉਹ ਉਸਨੂੰ
ਠੀਕ ਉਸੇ ਤਰ੍ਹਾਂ
ਘੜੀਸ ਕੇ
ਬਾਜ਼ਾਰ 'ਚ ਲੈ ਆਏ ਨੇ
ਜਿਵੇਂ ਦਰੋਪਦੀ ਨੂੰ
ਲਿਆਂਦਾ ਗਿਆ ਸੀ
ਭਰੀ ਸਭਾ 'ਚ

ਨੀਲਾਮ ਕੀਤਾ ਜਾ ਰਿਹਾ ਹੈ
ਉਸਦੇ ਪੱਲੂ
ਉਸਦੇ ਜਿਸਮ
ਉਸਦੇ ਬੱਚਿਆਂ ਨੂੰ
ਭਗਤ!

ਤੇ ਅਸੀਂ
ਕੁਝ ਵੀ ਨਹੀਂ
ਕਰ ਪਾ ਰਹੇ

ਸਾਨੂੰ ਨਪੁੰਸਕ
ਤੇ ਨਕਾਰਾ ਕਰ ਦਿੱਤਾ ਹੈ
ਜਿੰਦਾ ਰਹਿਣ ਦੀ ਲਤ ਨੇ

ਅੱਜ ਸਾਡੇ ਚਾਰੇ ਪਾਸੇ
ਦੁਹਰਾਇਆ ਜਾ ਰਿਹਾ ਹੈ
ਇੱਕ ਨਵੀਂ ਕਿਸਮ ਦਾ
ਜਲ੍ਹਿਆਂਵਾਲਾ ਸਾਕਾ

ਜਨਰਲ ਡਾਇਰ
ਉਚਰ ਰਿਹਾ ਹੈ
ਰਾਸ਼ਟਰਵਾਦ ਦਾ
ਗਿਆਨ

ਚੀਥੜੇ ਉਡਾਏ ਜਾ ਰਹੇ ਨੇ
ਤੁਹਾਡੇ ਸਾਡੇ
ਸਮਾਜਵਾਦ ਦੇ

ਪਾਪ ਦੀ ਗੋਦੀ 'ਚ ਬੈਠਾ
ਨਗਰ-ਸੇਠ
ਹੈ ਆਸਮਾਨ ਦੀਆਂ
ਉਚਾਈਆਂ 'ਤੇ

ਤੇ ਸਾਡਾ ਮੁਲਕ
ਧਸਦਾ ਜਾ ਰਿਹੈ
ਪਾਤਾਲ ਦੀਆਂ
ਡੂੰਘਾਈਆਂ 'ਚ

ਸਾਡੇ 'ਚ
ਨਹੀਂ ਬਚੀ
ਇੰਨੀਂ ਵੀ ਸਮਰੱਥਾ
ਕਿ ਚਿੱਕੜ 'ਚ ਧਸ ਕੇ
ਬਚਾ ਸਕੀਏ
ਆਪਣੀ ਧਰਤੀ ਨੂੰ

ਸਾਨੂੰ ਡਰ ਲਗਦਾ ਹੈ
ਚਿੱਕੜ ਤੋਂ

ਉਂ ਤਾਂ
ਮਾੜੀਆਂ-ਮੋਟੀਆਂ
ਕੋਸ਼ਿਸ਼ਾਂ
ਚੱਲ ਹੀ ਰਹੀਆਂ ਨੇ

ਪਰ ਇਸ ਵਾਰ
ਦੈਂਤਾਂ ਨੇ
ਪਹਿਨ ਲਈ ਹੈ
ਰਾਮਨਾਮੀ

ਕਾਲੇ ਚਿਹਰੇ ਨੂੰ
ਢਕ ਲਿਆ ਹੈ
ਤਿਰੰਗੇ ਨਾਲ

ਇਸ ਲਈ
ਭੋਲੀ-ਭਾਲੀ
ਤੇ ਇੱਕ ਹੱਦ ਤੱਕ
ਮੂਰਖ ਪਰਜਾ
ਉਨ੍ਹਾਂ ਨੂੰ
ਨਹੀਂ ਪਹਿਚਾਣ ਪਾ ਰਹੀ
ਚੰਗੀ ਤਰ੍ਹਾਂ

ਇਸ ਵਾਰ ਅਸੀਂ
ਪਹਿਲਾਂ ਤੋਂ ਵੀ
ਭਿਆਨਕ ਗੁਲਾਮੀ ਦੇ
ਸ਼ਿਕੰਜੇ 'ਚ ਫਸ ਗਏ ਹਾਂ
ਸ਼ਹੀਦ-ਏ-ਆਜ਼ਮ!

ਹਤਿਆਰੇ
ਹਨੇਰੀਆਂ ਗਲੀਆਂ 'ਚੋਂ ਨਹੀਂ
ਮੰਦਰਾਂ ਦੇ ਉਜਾਲੇ 'ਚੋਂ
ਨਿਕਲ ਰਹੇ ਨੇ
ਵੱਡੇ ਹਜ਼ੂਮ ਬਣਕੇ

ਉਨ੍ਹਾਂ ਦੇ ਬੁਲ੍ਹਾਂ 'ਤੇ
ਹੈ ਰਾਸ਼ਟਰ ਗੀਤ
ਤੇ ਹੱਥਾਂ 'ਚ ਨੇ
ਤਿੱਖੇ ਖੰਜਰ

ਖ਼ੂੰਖ਼ਾਰ ਅੱਖਾਂ ਦੇ
ਜੰਗਲ 'ਚ
ਧਧਕ ਰਹੀ ਹੈ
ਨਫ਼ਰਤ ਦੀ ਅੱਗ

ਹੁਣ ਤੁਸੀਂ ਹੀ
ਰਾਹ ਦਿਖਾਓ
ਸਾਡੇ ਮਸੀਹਾ!

ਸਾਨੂੰ ਹੁਣ
ਕੁਝ ਵੀ
ਸੁਝ ਨਹੀਂ ਰਿਹਾ

ਸਾਨੂੰ ਜਿਵੇਂ
ਲੋਅ ਦਿੱਤੀ ਹੈ
ਉਵੇਂ ਹੀ
ਸੇਧ ਵੀ ਦਿਉ!

ਅਸੀਂ ਚੁੰਧਿਆਏ
ਭਟਕ ਰਹੇ ਹਾਂ
ਚਿਮਚਿਮਾਉਂਦੀ
ਰੋਸ਼ਨੀ 'ਚ!

ਇਹ ਨਵਾਂ ਰੂਪ ਹੈ
ਹਨੇਰੇ ਦਾ!

**ਮੂਲ : ਧ੍ਰੁਬ ਨਾਥ**
**ਅਨੁਵਾਦ : ਯਸ਼ ਪਾਲ**
(98145 35005)

## ਮੈਨੂੰ ਮਲਕ ਭਾਗੋ ਦੀ ਵੀ ਲੋੜ ਹੈ?

ਮੈਂ ਬਾਬੇ ਨਾਨਕ ਦਾ ਸ਼ਰਧਾਲੂ ਸਿੱਖ
ਨੇਮ ਨਾਲ ਨਿਤਨੇਮ ਵੀ ਕਰਦਾਂ
ਬਾਬੇ ਦਾ ਗੁਰਪੁਰਬ ਵੀ ਮਨਾਉਂਦਾ
ਅਖੰਡ ਪਾਠ ਵੀ ਕਰਾਉਂਦਾਂ
ਲੰਗਰ ਵੀ ਲਗਾਉਂਦਾਂ
ਭਾਈ ਦੀ ਦੱਸੀ ਮਰਿਯਾਦਾ ਵੀ ਨਿਭਾਉਂਦਾਂ
ਕਦੇ ਕਦੇ ਭਾਈ ਲਾਲੋ ਦੇ ਵੀ ਜਾ ਆਉਂਦਾਂ
ਕੀ ਪਤਾ ਕਦੋਂ ਭਾਈ ਲਾਲੋ ਦੀ ਵੀ ਲੋੜ ਪੈਜੇ
ਪਰ ਮੇਰਾ ਮਲਕ ਭਾਗੋ ਬਿਨਾਂ ਵੀ ਨੀ ਸਰਦਾ
ਕੀ ਪਤਾ ਕਦੋਂ ਸਰਕਾਰੀ ਦਰਬਾਰੇ ਕੰਮ ਪੈਜੇ
ਬਾਬਾ ਨਾਨਕ ਨਾਰਾਜ਼ ਨਾ ਹੋਈ
ਉਦੋਂ ਏਦਾਂ ਚੱਲਦਾ ਹੋਣਾ
ਮਲਕ ਭਾਗੋ ਦੇ ਲੰਗਰ ਨੂੰ ਠੁਕਰਾ ਕੇ
ਹੁਣ ਨੀ ਏਦਾਂ ਗੁਜ਼ਾਰਾ ਹੁੰਦਾ
ਜੇ ਮਲਕ ਭਾਗੋ ਸਾਥ ਨਾ ਦੇਣ
ਭਾਈ ਲਾਲੋਆਂ ਆਸਰੇ
ਵੰਨ ਸੁਵੰਨੇ ਲੰਗਰ ਕਿੰਨਾ ਚਿਰ ਚੱਲਣਗੇ?
ਕਿਵੇਂ ਬਨਣਗੀਆਂ ਤੇਰੇ ਘਰ ਦੀਆਂ ਬਿਲਡਿੰਗਾਂ?
ਮਲਕ ਭਾਗੋਆਂ ਬਿਨਾਂ ਉੱਚਾ ਦਰ ਬਾਬੇ
ਨਾਨਕ ਦਾ ਨੀ ਬਣਦਾ
ਹੁਣ ਮਲਕ ਭਾਗੋਆਂ ਨਾਲ ਬਣਾ ਕੇ ਰੱਖਣੀ ਪੈਂਦੀ
ਥੋੜੇ ਵਕਤ ਗੱਲ ਹੋਰ ਸੀ
ਹੁਣ ਸਮਾਂ ਬਦਲ ਗਿਆ
ਲੋਕ-ਤੰਤਰ ਦਾ ਜ਼ਮਾਨਾ
ਕੀ ਪਤਾ ਕਦੋਂ ਵੋਟਾਂ 'ਚ ਖੜਨ ਦਾ ਮਨ ਬਣ ਜੇ
ਥੋਨੂੰ ਪਤਾ ਈ ਐ
ਵੋਟਾਂ ਲਈ ਸਭ ਨਾ ਬਣਾ ਕੇ ਰੱਖਣੀ ਪੈਂਦੀ
ਨਾਲੇ ਭਾਈ ਲਾਲੋਆਂ ਦੇ ਅੱਜ ਪੱਲੇ ਹੀ ਕੀ ਹੈ?
ਵੋਟਾਂ, ਨੋਟਾਂ ਤੋਂ ਬਿਨਾਂ ਨੀ ਲੜ ਹੁੰਦੀਆਂ?
ਮਲਕ ਭਾਗੋਆਂ ਤੋਂ ਬਿਨਾਂ ਫੰਡ ਕੌਣ ਦਿੰਦੈ?
ਨਾਲੇ ਥੋਨੂੰ ਸਭ ਪਤਾ ਈ ਐ
ਥੋਡੇ ਤੋਂ ਕਾਹਦਾ ਲੁਕੋਅ
ਸਭ ਪਾਰਟੀਆਂ ਵੀ ਤਾਂ ਮਲਕ ਭਾਗੋਆਂ
ਦੀਆਂ ਹੀ ਨੇ
ਚਲੋ ਸਾਨੂੰ ਪਾਰਟੀਆਂ ਨਾ ਕੀ?
ਉਨ੍ਹਾਂ ਦੀਆਂ ਨੀਤੀਆਂ ਨਾ ਕੀ?
ਅਸੀ ਤਾਂ ਆਪਣੀ ਸੀਟ ਜਿੱਤਣੀ ਹੈ
ਨਾਲੇ ਸਭ ਪਾਰਟੀਆਂ ਇਕੋ ਜਿਹੀਆਂ ਹੀ ਤੇ ਹਨ
ਇਹ ਤਾਂ ਐਵੇਂ ਲੋਕਾਂ ਵਿੱਚ ਲੋਕ-ਤੰਤਰ ਦਾ ਭਰਮ
ਬਣਾਈ ਰੱਖਣ ਲਈ ਨਾਮ ਹੀ ਵੱਖ ਨੇ
ਦੋ ਤਿੰਨ ਪਾਰਟੀਆਂ ਬਣਾਉਣੀਆਂ ਹੀ ਪੈਂਦੀਆਂ
ਤਾਂ ਹੀ ਲੋਕ-ਤੰਤਰ ਚੱਲੂ
ਇੱਕ ਪਾਰਟੀ ਦਾ ਕਾਹਦਾ ਲੋਕ-ਤੰਤਰ
ਬਾਬਾ ਨਾਨਕ ਜੀ ਮੈਨੂੰ ਮਾਫ ਕਰੀਂ
ਮੈਂ ਤੇਰੇ ਵਾਂਗ ਇੱਕ ਪਾਸਾ ਨੀ ਕਰ ਸਕਦਾ
ਮੇਰੀ ਮਜਬੂਰੀ ਨੂੰ ਸਮਝ
ਹੁਣ ਕੱਟੜਤਾ ਨਾਲ ਕੰਮ ਨੀ ਚੱਲਦਾ
ਸਭ ਨਾ ਬਣਾ ਕੇ ਰੱਖਣੀ ਪੈਂਦੀ ਹੈ
ਹੁਣ ਤਾਂ ਤੇਰੇ ਘਰ ਦਾ ਪ੍ਰਧਾਨ ਬਣਨ
ਲਈ ਵੀ ਧੜਾ ਬਣਾਉਣਾ ਪੈਂਦਾ
ਹੁਣ ਹਰਿ ਸਿਉ ਵਾਲਾ ਧੜਾ ਨੀ ਚੱਲਦਾ
ਤੂੰ ਫਿਕਰ ਨਾ ਕਰੀਂ
ਤੇਰਾ ਵੀ ਸਾਥ ਨੀ ਛੱਡਾਂਗੇ
ਤੇਰੇ ਗੁਰਪੁਰਬ ਮਨਾਉਂਦੇ ਰਹਾਂਗੇ
ਸ਼ਤਾਬਦੀਆਂ ਵੀ ਮਨਾਵਾਂਗੇ
ਨਗਰ ਕੀਰਤਨ ਵੀ ਕੱਢਾਂਗੇ
ਤੇਰੀ ਪੂਰੀ ਟੌਹਰ ਬਣਾਵਾਂਗੇ
ਤੇਰਾ ਸਰੂਪ ਸੋਨੇ ਦੀ ਪਾਲਕੀ 'ਚ ਸਜਾਵਾਂਗੇ
ਤੇਰੀ ਬਾਣੀ ਪੜ੍ਹਦੇ ਰਹਾਂਗੇ
ਲੜੀਆਂ ਵੀ ਚਲਾਵਾਂਗੇ
ਤੇਰੇ ਨਾਮ ਦੇ ਅਤੁੱਟ ਲੰਗਰ ਵੀ ਚੱਲਦੇ ਰਹਿਣਗੇ
ਪਰ ਸਾਨੂੰ ਸਮੇਂ ਦੇ ਹਾਣੀ ਬਣ ਕੇ ਵੀ ਚੱਲਣਾ ਪੈਣਾ
ਮਲਕ ਭਾਗੋਆਂ ਤੇ ਭਾਈ ਲਾਲੋਆਂ ਸਭ ਦਾ
ਸਾਥ ਚਾਹੀਦਾ
ਤਾਂ ਹੀ ਸਭ ਵਿਕਾਸ ਹੋਵੇਗਾ
ਤਾਂ ਹੀ ਅੱਛੇ ਦਿਨ ਆਉਣਗੇ।

**-ਹਰਚਰਨ ਸਿੰਘ ਪ੍ਰਹਾਰ**

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ,
ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਸ਼ਰਧਾਂਜਲੀ

# ਇਨਕਲਾਬੀ ਤਬਦੀਲੀ ਲਈ ਤਾਉਮਰ ਕਾਰਜ ਕਰਨ ਵਾਲੇ ਹਰਬੰਸ ਸਿੰਘ ਨੂੰ ਸਲਾਮ



ਸਾਥੀ ਹਰਬੰਸ ਸਿੰਘ

ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਬਾਨੀ ਸੰਪਾਦਕ ਅਤੇ ਲੋਕ ਹਿਤੈਸ਼ੀ ਲਹਿਰਾਂ ਦੇ ਸੰਗੀ ਸਾਥੀ ਹਰਬੰਸ ਸਿੰਘ ਸਾਡੇ ਕਾਫ਼ਲੇ ਵਿਚੋਂ ਸ਼ਹੀਦੇ-ਆਜਮ ਭਗਤ ਸਿੰਘ ਦੀ ਜਨਮ ਦਿਨ 28 ਸਤੰਬਰ 2026 ਨੂੰ ਵਿਛੋੜਾ ਦੇ ਗਏ ਹਨ। ਭਲਾ ਹੀ ਉਨ੍ਹਾਂ ਨੇ ਆਪਣਾ ਰੈਣ ਬਸੇਰਾ ਕੈਨੇਡਾ ਦੀ ਧਰਤੀ 'ਤੇ ਬਰੈਂਪਟਨ ਵਿਖੇ ਬਣਾਇਆ ਹੋਇਆ ਸੀ ਪ੍ਰੰਤੂ ਉਹ ਪੰਜਾਬ ਦੀਆਂ ਵੱਖ ਵੱਖ ਲਹਿਰਾਂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ ਅਤੇ ਉਨ੍ਹਾਂ ਨੂੰ 'ਸਰੋਕਾਰਾਂ ਦੀ ਆਵਾਜ਼' ਰਾਹੀਂ ਸਮੁੱਚੇ ਕੈਨੇਡਾ ਵਿਚ ਜੋੜ ਕੇ ਰੱਖਿਆ ਹੋਇਆ ਸੀ।

ਸਾਥੀ ਹਰਬੰਸ ਸਿੰਘ ਦਾ ਜਨਮ ਪਿੰਡ ਧੂੜਕੋਟ ਰਣਸੀਂਹ (ਜ਼ਿਲ੍ਹਾ ਮੋਗਾ) ਵਿਖੇ ਹੋਇਆ ਪ੍ਰੰਤੂ ਉਨ੍ਹਾਂ ਆਪਣਾ ਅਸਲ ਰੈਣ ਬਸੇਰਾ ਪੰਜਾਬ ਵਿਚ ਭਰੋਵਾਲ ਨੇੜੇ ਭੂੰਦੜੀ ਬਣਾਇਆ ਹੋਇਆ ਸੀ। ਉਨ੍ਹਾਂ ਅੰਦਰ ਇਨਕਲਾਬੀ ਚੇਟਕ ਪੰਜਾਬ ਸਟੂਡੈਂਟਸ ਯੂਨੀਅਨ ਰਾਹੀਂ ਲੱਗੀ ਜਿਹੜੀ ਮੁੜ ਉਨ੍ਹਾਂ ਦੀ ਉਮਰ ਭਰ ਜੀਵਨ ਜਾਚ ਦਾ ਹਿਸਾ ਬਣ ਗਈ। ਪੰਜਾਬ ਦੀ ਇਨਕਲਾਬੀ ਵਿਦਿਆਰਥੀ ਲਹਿਰ ਦੀ ਚੜ੍ਹਤ ਦੇ ਦੌਰ ਵਿਚ ਸਾਇੰਸ ਕਾਲਜ ਜਗਰਾਓਂ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਵਜੋਂ ਅਹਿਮ ਭੂਮਿਕਾ ਨਿਭਾਈ, ਇਸੇ ਤਰ੍ਹਾਂ ਨੌਜਵਾਨ ਭਾਰਤ ਸਭਾ ਤੇ ਹੋਰ ਵੱਖ-ਵੱਖ ਲੋਕ ਸੰਘਰਸ਼ਾਂ ਵਿਚ ਸਰਗਰਮ ਹਿੱਸਾ ਲਿਆ। ਪੰਜਾਬ ਵਿਚੋਂ ਪਰਵਾਸ ਕਰਨ ਉਪਰੰਤ ਕੈਨੇਡਾ ਵਿਚ ਆ ਕੇ ਵੀ ਉਹ ਭਾਰਤ ਦੀ ਇਨਕਲਾਬੀ ਜਮਹੂਰੀ ਲਹਿਰ ਨਾਲ ਜੁੜੇ ਰਹੇ ਅਤੇ ਹਰੇਕ ਸੰਭਵ ਤਰੀਕੇ ਨਾਲ ਯੋਗਦਾਨ ਪਾਉਂਦੇ ਰਹੇ। ਉਨ੍ਹਾਂ ਆਪਣੇ ਹੋਰ ਸਾਥੀਆਂ ਨਾਲ ਮਿਲਕੇ ਪ੍ਰੋ-ਪਿਊਪਲ ਆਰਟ ਮੀਡੀਆ ਗਰੁੱਪ ਅਦਾਰੇ ਰਾਹੀਂ ਮਹੀਨਾਵਾਰ 'ਸਰੋਕਾਰਾਂ ਦੀ ਆਵਾਜ਼' ਲਗਾਤਾਰ ਕੱਢਦੇ ਸਨ। ਅਜੋਕੇ ਸਿਆਸੀ ਅਤੇ ਸਮਾਜਿਕ ਹਲਾਤਾਂ ਦੀਆਂ ਵੱਡੀਆਂ ਚੁਣੌਤੀਆਂ ਸਮੇਂ ਅਜਿਹੀ ਬਹੁ-ਪੱਖੀ ਇਨਕਲਾਬੀ ਸ਼ਖਸੀਅਤ ਦਾ ਵਿਛੋੜਾ ਦੇ ਜਾਣਾ ਅਦਾਰਾ 'ਸਰੋਕਾਰਾਂ ਦੀ ਆਵਾਜ਼' ਅਤੇ ਅਗਾਂਹਵਧੂ ਤਾਕਤਾਂ ਲਈ ਵੱਡਾ ਘਾਟਾ ਹੈ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਸਾਥੀ ਵੱਲੋਂ ਵਿੱਢੇ ਕਾਰਜ ਨੂੰ ਬੁਲੰਦ ਰੱਖੇਗਾ। ਸਾਥੀ ਹਰਬੰਸ ਸਿੰਘ ਦੀ ਇਨਕਲਾਬੀ ਘਾਲਣਾ ਨੂੰ ਸਲਾਮ।

**- ਅਦਾਰਾ 'ਸਰੋਕਾਰਾਂ ਦੀ ਅਵਾਜ਼'**

## ਸਾਥੀ ਹਰਬੰਸ ਸਿੰਘ ਮੁੱਖ ਸੰਪਾਦਕ 'ਸਰੋਕਾਰਾਂ ਦੀ ਆਵਾਜ਼' ਦੀ ਬੇਵਕਤੀ ਮੌਤ 'ਤੇ ਗਹਿਰੇ ਦੁੱਖ ਦਾ ਇਜ਼ਹਾਰ

ਲੁਧਿਆਣਾ : ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰੱਸਟ ਲੁਧਿਆਣਾ ਵੱਲੋਂ ਕੈਨੇਡਾ ਤੋਂ ਛਪਦੇ ਮਾਸਿਕ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ, ਸਾਬਕਾ ਵਿਦਿਆਰਥੀ ਤੇ ਨੌਜਵਾਨ ਆਗੂ ਅਤੇ ਪਿਛਲੇ ਦਹਾਕਿਆਂ ਤੋਂ ਕੈਨੇਡਾ ਵਿਚ ਸਰਗਰਮ ਲੋਕ ਪੱਖੀ ਸ਼ਖ਼ਸੀਅਤ ਸਾਥੀ ਹਰਬੰਸ ਸਿੰਘ ਦੇ ਹੋਏ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਜੱਥੇਬੰਦੀਆਂ ਦੇ ਆਗੂਆਂ ਪ੍ਰੋ. ਜਗਮੋਹਨ ਸਿੰਘ, ਜਸਵੰਤ ਜ਼ੀਰਖ, ਡਾ. ਹਰਬੰਸ ਗਰੇਵਾਲ, ਡਾ. ਦਰਸ਼ਨ ਖੇੜੀ, ਬਲਵਿੰਦਰ ਸਿੰਘ, ਸਤੀਸ਼ ਸੱਚਦੇਵਾ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਅਦਾਰਾ 'ਸਰੋਕਾਰਾਂ ਦੀ ਆਵਾਜ਼' ਭਾਰਤ ਦੇ ਦੱਬੇ ਕੁਚਲੇ ਮਿਹਨਤਕਸ਼ ਲੋਕਾਂ, ਧਾਰਮਿਕ ਘੱਟਗਿਣਤੀਆਂ, ਦਲਿਤਾਂ ਦੇ ਸੰਘਰਸ਼ਾਂ, ਵਿਗਿਆਨਕ ਵਿਚਾਰਾਂ ਦੇ ਹੱਕ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਪੰਜਾਬ ਦੇ ਲੋਕ ਪੱਖੀ ਮੁੱਦਿਆਂ ਨੂੰ ਵਿਸ਼ੇਸ਼ ਥਾਂ ਕੇ ਉਭਾਰਨ ਲਈ ਅਹਿਮ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਖ਼ਾਸ ਕਰਕੇ ਰਾਜ ਵੱਲੋਂ ਕੀਤੇ ਜਾ ਰਹੇ ਜਬਰ ਵਿਰੁੱਧ ਆਵਾਜ਼ ਉਠਾਉਣ ਵਿਚ ਬਹੁਤ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਇਹ ਸਾਥੀ ਹਰਬੰਸ ਦੇ ਪ੍ਰਪੱਕ ਇਨਕਲਾਬੀ ਜਮਹੂਰੀ ਨਜ਼ਰੀਏ ਅਤੇ ਫਰਾਖ਼ਦਿਲ ਸੋਚ ਕਾਰਨ ਹੀ ਸੰਭਵ ਹੋ ਸਕਿਆ। ਉਸਦੀ ਯਾਦ ਹਮੇਸ਼ਾ ਸਾਡੇ ਚੇਤਿਆਂ ਵਿਚ ਰਹੇਗੀ। ਉਸ ਦੇ ਬੇਵਕਤੀ ਵਿਛੋੜੇ ਨਾਲ ਅਗਾਂਹ ਵਧੂ ਹਲਕਿਆਂ ਨੂੰ ਬਹੁਤ ਵੱਡਾ ਘਾਟਾ ਪਿਆ ਹੈ ।

## ਸੋਗ ਸੰਦੇਸ਼

ਇਨਕਲਾਬੀ ਅਤੇ ਜਮਹੂਰੀ ਹਲਕਿਆਂ ਵਿਚ ਦੁਖਦਾਈ ਖ਼ਬਰ ਪਹੁੰਚੀ ਕਿ ਜੀਵਨ ਅਤੇ ਸੰਘਰਸ਼ ਦਾ ਸੁਮੇਲ ਕਰਕੇ ਚੱਲਣ ਵਾਲੀ ਸ਼ਖਸੀਅਤ ਸ. ਹਰਬੰਸ ਸਿੰਘ, ਮੁੱਖ ਸੰਪਾਦਕ 'ਸਰੋਕਾਰਾਂ ਦੀ ਆਵਾਜ਼' ਕਾਫ਼ਲੇ ਵਿਚੋਂ ਵਿਛੋੜਾ ਦੇ ਗਏ ਹਨ। ਉਨ੍ਹਾਂ ਨੇ ਆਪਣਾ ਜੀਵਨ ਵਿਦਿਆਰਥੀ ਸਮਿਆਂ ਤੋਂ ਲੈ ਕੇ ਅੱਜ ਤੱਕ ਲੋਕਪੱਖੀ ਲਹਿਰਾਂ ਅਤੇ ਸੰਘਰਸ਼ਾਂ ਨਾਲ ਸੁਮੇਲ ਕੇ ਰੱਖਿਆ ਹੋਇਆ ਸੀ। ਉਨ੍ਹਾਂ ਦੇ ਅਚਾਨਕ ਤੁਰ ਜਾਣ ਉਪਰੰਤ ਵੱਖ-ਵੱਖ ਸ਼ਖਸੀਅਤਾਂ ਅਤੇ ਜਥੇਬੰਦੀਆਂ ਨੇ ਡੂੰਘੇ ਗਮ ਦਾ ਇਜ਼ਹਾਰ ਕੀਤਾ ਹੈ। ਸਾਥੀ ਦੀਆਂ ਦੇਣਾਂ ਨੂੰ ਸਲਾਮ ਕਿਹਾ ਹੈ।

ਮਾਸਟਰ ਭਜਨ ਸਿੰਘ (ਕੈਲਗਰੀ), ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਹਰਚਰਨ ਪਰਹਾਰ ਕੈਨੇਡਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਪੰਜਾਬ ਲੋਕ ਸਭਿਆਚਾਰਕ ਮੰਚ ਪੰਜਾਬ ਵਲੋਂ ਅਮੋਲਕ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਪ੍ਰੋ. ਏ.ਕੇ. ਮਲੇਰੀ, ਤਰਕਸ਼ੀਲ ਸੁਸਾਇਟੀ ਪੰਜਾਬ, ਬਾਬਾ ਭਾਨ ਸਿੰਘ ਯਾਦਗਾਰੀ ਟਰੱਸਟ ਸੁਨੇਤ (ਲੁਧਿਆਣਾ), ਪ੍ਰੋਗਰੈਸਿਵ ਆਰਟਸ ਕਲੱਬ ਸਰ੍ਹੀ, ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ, ਇਨਕਲਾਬੀ ਕੇਂਦਰ ਪੰਜਾਬ ਵਲੋਂ ਕੰਵਲਜੀਤ ਖੰਨਾ, ਵਰਗ ਚੇਤਨਾ ਮੰਚ ਪੰਜਾਬ ਵਲੋਂ ਯਸ਼ਪਾਲ, ਸੀ ਪੀ ਆਈ (ਐਮ ਐਲ) ਲਿਬਰੇਸ਼ਨ, ਆਲ ਇੰਡੀਆ ਕਿਸਾਨ ਮਹਾਂ ਸਭਾ ਪੰਜਾਬ, ਓਪ੍ਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਸਾਂਝਾ ਪੈਨਸ਼ਨਰਜ਼ ਫਰੰਟ ਜਗਰਾਉਂ, ਡਾ. ਮਨਮੋਹਨ ਸਿੰਘ ਸਾਬਕਾ ਡਾਇਰੈਕਟਰ ਸਾਇੰਸ ਕਾਲਜ ਜਗਰਾਓਂ, ਡਾ. ਕੁਲਦੀਪ ਸਿੰਘ (ਪਟਿਆਲਾ), ਜਗਮੋਹਣ ਢੁੱਡੀਕੇ (ਕੈਨੇਡਾ), ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ, ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ ਉਨਟਾਰੀਓ ਦੇ ਕੋਆਰਡੀਨੇਟਰ ਡਾ. ਹਰਦੀਪ ਸਿੰਘ ਅਟਵਾਲ ਅਤੇ ਸਰਪ੍ਰਸਤ ਨਛੱਤਰ ਬਦੇਸ਼ਾ ਤੋਂ ਇਲਾਵਾ ਇਨ੍ਹਾਂ ਦੇ ਮੈਂਬਰ ਰਮਨਜੀਤ ਕਪੂਰ, ਅਮਨਦੀਪ ਸਿੱਧੂ, ਰਮਨਦੀਪ ਹੇਅਰ, ਸਮਰੀਤ ਕੌਰ ਅਟਵਾਲ, ਮਨਦੀਪ ਬਦੇਸ਼ਾ, ਹਰਜੀਤ ਬਰਾੜ, ਅਮਨਿੰਦਰ ਗਿੱਲ, ਹਰਦੀਪ ਸਿੰਘ, ਸਪਿੰਦਰ ਕੌਰ ਨੇ ਵੀ ਸ਼ੋਕ ਸੰਦੇਸ਼ ਜਾਰੀ ਕੀਤਾ ਹੈ।

ਇਸ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਉਨਟਾਰੀਓ ਦੇ ਪ੍ਰਧਾਨ ਨਿਰਮਲ ਸੰਧੂ ਅਤੇ ਜਰਨਲ ਸਕੱਤਰ ਜਸਵੀਰ ਚਾਹਲ ਵਲੋਂ ਆਪਣੇ ਕਾਰਜਕਾਰਨੀ ਦੇ ਮੈਂਬਰਾਂ ਬਲਵੀਰ ਕੌਰ, ਬਲਜਿੰਦਰ ਭੁੱਲਰ, ਅਮਰਦੀਪ ਮੰਡੇਰ ਨੇ ਵੀ ਸ਼ੋਕ ਸੰਦੇਸ਼ ਜਾਰੀ ਕੀਤਾ ਹੈ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਪ੍ਰਧਾਨ ਮਲੂਕ ਸਿੰਘ ਕਾਹਲੋਂ ਅਤੇ ਡਾ. ਸੁਖਦੇਵ ਸਿੰਘ ਝੰਡ, ਕਲਮਾਂ ਦਾ ਕਾਫ਼ਲਾ ਟੋਰਾਂਟੋ, ਕੁਲਵਿੰਦਰ ਖਹਿਰਾ, ਮਾਇਸੋ ਕੈਨੇਡਾ ਦੇ ਮਨਦੀਪ ਸੱਦੋਵਾਲ ਅਤੇ ਖੁਸਪਾਲ ਗਰੇਵਾਲ, ਨੌਜਵਾਨ ਨੈਟਵਰਕ ਕੈਨੇਡਾ ਦੇ ਬਿਕਰਮ ਕੁੱਲੇਵਾਲੀਆ, ਪੰਜਾਬੀ ਕਲਚਰਲ ਸੁਸਾਇਟੀ ਸਕਾਰਬਰੋ ਦੇ ਪ੍ਰਧਾਨ ਸੋਹਣ ਢੀਂਡਸਾ ਤੋਂ ਇਲਾਵਾ ਹਰਬੰਸ ਮੱਲੀ, ਭਰਪੂਰ ਰੰਧਾਵਾ, ਕੁਲਦੀਪ ਚਾਹਲ, ਅਕਰਮ ਧੂਰਕੋਟ, ਹਰਭਗਵਾਨ ਸਿੰਘ, ਬਲਦੇਵ ਔਲਖ, ਕੁਲਦੀਪ ਬੋਪਾਰਾਏ, ਹਰਪਰਮਿੰਦਰ ਗਦਰੀ, ਨਾਹਰ ਔਜਲਾ ਤੋਂ ਇਲਾਵਾ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਸਾਥੀ ਹਰਬੰਸ ਦੇ ਵਿਛੋੜੇ ਪ੍ਰਤੀ ਸ਼ੋਕ ਜ਼ਾਹਿਰ ਕੀਤਾ ਹੈ।

ਹਰਬੰਸ ਮੇਰਾ ਅਜਿਹਾ ਵਿਦਿਆਰਥੀ ਸੀ ਜਿਸ ਨੇ ਸਾਇੰਸ ਕਾਲਜ ਵਿਚ ਸਾਇੰਸ ਦੀ ਪੜ੍ਹਾਈ ਕਰਦਿਆਂ ਹੀ ਆਪਣੇ ਆਪ ਨੂੰ ਉਸ ਸਮੇਂ ਪ੍ਰਿਥੀਪਾਲ ਰੰਧਾਵਾ ਦੀ ਅਗਵਾਈ ਵਿਚ ਚਲਦੀ ਵਿਦਿਆਰਥੀਆਂ ਦੀ ਜਥੇਬੰਦੀ 'ਪੰਜਾਬ ਸਟੂਡੈਂਟਸ ਯੂਨੀਅਨ' ਵਿਚ ਆਪਣਾ ਨਾਂ ਦਰਜ ਕਰਵਾਇਆ ਸੀ। ਇਕ ਸਮੇਂ ਸਾਇੰਸ ਕਾਲਜ ਨੂੰ ਉਸ ਨੇ ਵਿਦਿਆਰਥੀ ਲਹਿਰ ਦਾ ਕੇਂਦਰਬਿੰਦੂ ਬਣਾ ਦਿੱਤਾ ਸੀ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਜਿਥੇ ਉਹ ਸਾਇੰਸ ਕਾਲਜ ਨਾਲ ਜੁੜਿਆ ਹੋਇਆ ਸੀ, ਉਥੇ ਉਸ ਨੇ ਮੇਰੇ ਵਰਗੇ ਅਤੇ ਆਪਣੇ ਹੋਰ ਵਿਦਿਆਰਥੀ ਸਮਿਆਂ ਦੇ ਸਾਥੀਆਂ ਨੂੰ 'ਸਰੋਕਾਰਾਂ ਦੀ ਆਵਾਜ਼' ਰਾਹੀਂ ਜੋੜਕੇ ਰੱਖਿਆ ਹੋਇਆ ਸੀ। ਉਸ ਦਾ ਵਿਛੋੜਾ ਮੇਰੇ ਅਤੇ ਹੋਰ ਮੇਰੇ ਵਰਗੇ ਤਮਾਮ ਹਿੱਸਿਆਂ ਲਈ ਅਸਹਿ ਅਤੇ ਅਕਹਿ ਹੈ।

**ਪ੍ਰੋਫੈਸਰ ਮਹਿੰਦਰ ਸਿੰਘ ਜੱਸਲ, ਸਾਇੰਸ ਕਾਲਜ ਜਗਰਾਓਂ**

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਨਵੀਂ ਕਮੇਟੀ ਨੇ ਚਾਰਜ ਸੰਭਾਲਿਆ



**ਦਵਿੰਦਰ ਮਲਹਾਂਸ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸਤੰਬਰ ਮਹੀਨੇ ਦੀ ਇਕੱਤਰਤਾ ਕੋਸੋ ਹਾਲ ਵਿਖੇ ਠੀਕ 2 ਵਜੇ ਸ਼ੁਰੂ ਹੋਈ।

ਦਵਿੰਦਰ ਮਲਹਾਂਸ ਨੇ ਪੰਜਾਬੀ ਲਿਖਾਰੀ ਸਭਾ ਦੇ 27 ਸਾਲਾਂ ਦੇ ਇਤਿਹਾਸ ਤੇ ਚਾਨਣਾ ਪਾਉਂਦਿਆਂ, ਲਿਖਾਰੀ ਸਭਾ ਦੇ ਸਰਪ੍ਰਸਤ ਹਰੀਪਾਲ ਜੀ ਨੂੰ ਸਟੇਜ ਤੇ ਸੱਦਾ ਦਿੱਤਾ।

ਹਰੀਪਾਲ ਨੇ ਨਵੇਂ ਅਹੁਦੇਦਾਰਾਂ ਦੇ ਨਾਵਾਂ ਦਾ ਐਲਾਨ ਕੀਤਾ, ਜਿਸ ਵਿੱਚ ਪ੍ਰਧਾਨ ਪਰਮਜੀਤ ਕੌਰ, ਮੀਤ ਪ੍ਰਧਾਨ ਜੋਰਾਵਰ, ਜਨਰਲ ਸਕੱਤਰ ਜਗਤਾਰ ਜਗਰਾਓਂ ਅਤੇ ਸਕੱਤਰ ਸੁਖਜੀਤ ਸਿਮਰਨ ਨੂੰ ਚੁਣਿਆ ਗਿਆ। ਸਾਰਿਆਂ ਨੇ ਨਵੀਂ ਕਮੇਟੀ ਨੂੰ ਮੁਬਾਰਕਾਂ ਦਿੱਤੀਆਂ।

ਮੰਚ ਦੀ ਅਗਲੀ ਕਾਰਵਾਈ ਜਨਰਲ ਸਕੱਤਰ ਜਗਤਾਰ ਜਗਰਾਓਂ ਨੇ ਬਾਖੂਬੀ ਨਿਭਾਈ। ਪਰਮਜੀਤ ਸਿੰਘ ਭੰਗੂ ਦੀ ਕਵਿਤਾ ਨਾਲ ਮੀਟਿੰਗ ਦਾ ਅਗਾਜ ਹੋਇਆ। ਗੁਰਚਰਨ ਸਿੰਘ ਹੇਅਰ ਨੇ ਆਪਣੀ ਨਵੀਂ ਕਿਤਾਬ 'ਅਰਪਨ' ਵਿਚੋਂ ਪੰਜਾਬੀ ਮਾਂ ਬੋਲੀ ਬਾਰੇ ਕਵਿਤਾ ਪੜ੍ਹੀ। ਹਰਚਰਨ ਸਿੰਘ ਪਰਹਾਰ ਨੇ ਬਹੁਤ ਹੀ ਵਧੀਆ ਰਚਨਾ ਸਾਂਝੀ ਕੀਤੀ। ਜਗਦੀਸ਼ ਸਿੰਘ ਚੋਹਕਾ, ਅਜੈਬ ਸਿੰਘ ਭੰਗੂ, ਇੰਜ. ਜੀਰ ਸਿੰਘ ਬਰਾੜ ਅਤੇ ਰਾਜਿੰਦਰ ਕੌਰ ਚੋਹਕਾ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ।

ਸਰਵਣ ਸਿੰਘ ਸੰਧੂ, ਬਲਜਿੰਦਰ ਸੰਘਾ, ਸੋਹਣ ਸਿੰਘ ਭੁੱਚੋ, ਮਾਸਟਰ ਹਰਭਜਨ ਸਿੰਘ, ਮੋਹਣ ਸਿੰਘ ਪਪਰਾਲਾ ਅਤੇ ਸੁਖਜੀਤ ਸਿਮਰਨ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀ ਲਗਵਾਈ।

ਮੰਗਲ ਚੱਠਾ ਨੇ ਉੱਘੇ ਕਵੀ ਮੋਹਨ ਗਿੱਲ ਦੀਆਂ ਪੁਸਤਕ 'ਇੱਕ ਹੰਝੂ ਦਾ ਭਾਰ 'ਪੰਜਾਬੀ ਲਿਖਾਰੀ ਸਭਾ ਦੇ ਮੈਂਬਰ ਸਾਹਿਬਾਨਾਂ ਨੂੰ ਭੇਂਟ ਕੀਤੀ ਅਤੇ ਇਸ ਪੁਸਤਕ ਵਿੱਚੋ ਕੁਝ ਦੋਹੇ ਵੀ ਪੜ੍ਹ ਕੇ ਸੁਣਾਏ। ਗੁਰਦੀਪ ਧਾਲੀਵਾਲ ਨੇ ਵੀ ਮੋਹਨ ਗਿੱਲ ਦੇ ਦੋਹੇ ਪੇਸ਼ ਕੀਤੇ ਅਤੇ ਆਪਦੀ ਕਵਿਤਾ ਸੁਣਾਈ।

ਉੱਘੇ ਗੀਤਕਾਰ ਅਲਬੇਲ ਬਰਾੜ ਨੇ 'ਮੁੰਡਾ ਆਪਦੇ ਵਿਆਹ ਵਿੱਚ ਨੱਚਦਾ ਫਿਰੇ' ਤਰੰਨਮ ਵਿੱਚ ਗਾਇਆ। ਮਨਮੋਹਣ ਸਿੰਘ ਬਾਠ, ਸਰਬਜੀਤ ਉੱਪਲ ਅਤੇ ਤਾਜਵੀਰ ਸਿੰਘ ਨੇ ਗੀਤ ਪੇਸ਼ ਕੀਤੇ। ਮਲਿਕ ਆਰਿਫ ਦੋ ਰਚਨਾਵਾਂ ਸਾਂਝੀਆਂ ਕੀਤੀਆਂ। ਹੋਰਨਾਂ ਤੋਂ ਇਲਾਵਾ ਗੁਰਦੀਪ ਕੌਰ ਪਰਹਾਰ, ਸੁਰਿੰਦਰ ਚੀਮਾਂ, ਜਤਿੰਦਰ ਸਿੰਘ ਅਤੇ ਰਾਕੇਸ਼ ਗੋਤਮ ਨੇ ਵੀ ਹਾਜ਼ਰੀ ਲਗਵਾਈ। ਰਣਜੀਤ ਸਿੰਘ ਨੇ ਫੋਟੋਗ੍ਰਾਫੀ ਕੀਤੀ।

ਆਖਿਰ ਵਿੱਚ ਪ੍ਰਧਾਨ ਪਰਮਜੀਤ ਕੌਰ ਸਾਰਿਆਂ ਦਾ ਧੰਨਵਾਦ ਕੀਤਾ। ਅਗਲੀ ਮੀਟਿੰਗ 17 ਅਕਤੂਬਰ 2026 ਨੂੰ ਕੋਸੋ ਹਾਲ ਵਿਖੇ ਹੋਵੇਗੀ।

ਹੋਰ ਜਾਣਕਾਰੀ ਲਈ ਪ੍ਰਧਾਨ ਪਰਮਜੀਤ ਕੌਰ 403 926 9702

ਜਨਰਲ ਸਕੱਤਰ ਜਗਤਾਰ ਜਗਰਾਓਂ 403 830 2110 ਤੇ ਸੰਪਰਕ ਕੀਤਾ ਜਾ ਸਕਦਾ ਹੈ।













## ਡਿਜ਼ੀਟਲ ਲਾਈਫ ਸਰਟੀਫਿਕੇਟ ਬਣਾਉਣ ਲਈ ਕਨੇਡਾ ਦੇ ਸਹਿਰਾਂ ਵਿੱਚ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ

ਕੋਆਰਡੀਨੇਟਰ ਗੋਪਾਲ ਸਿੰਘ ਕਾਉਂਕੇ +14039703588 ਕੈਲਗਰੀ
ਦਵਿੰਦਰ ਸਿੰਘ ਤੂਰ +1 (416) 902-9372
ਬਲਵਿੰਦਰ ਸਿੰਘ +16475338980 ਐਬਟਸਫੋਰਡ
ਸੂਬਾ ਸਿੰਘ ਬਾਜਵਾ +1 416-666-4959
ਸਰੀ, ਵੈਨਕੂਵਰ ਵਿੱਚ ਪਰਮਜੀਤ ਸਿੰਘ ਸਿੱਧੂ 7788635911
ਕਰਮਜੀਤ ਸਿੰਘ ਪੁਰਬਾ 6047632435 ਵੈਨਕੂਵਰ
ਹਰਦਿਆਲ ਸਿੰਘ +17785526422 ਐਬਟਸਫੋਰਡ
ਲਵਪ੍ਰੀਤ ਸਿੰਘ +1 (204) 999-0418 ਵਿੰਨੀਪੈਗ


Hans
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

Galaxy Kitchen Cabinets Ltd.
Residential & Commercial

• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

ZOLO

Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary

Hiring Drivers/Owners/Operators
GALAXY Frieghtline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਨਵ-ਉਦਾਰਵਾਦ ਦਾ ਕੱਚਾ ਚਿੱਠਾ

***ਨਵ-ਉਦਾਰਵਾਦ ਦੇ ਹੱਕ ਵਿਚ ਕਈ ਵਿਦਵਾਨ ਅਤੇ ਅੰਦੋਲਨ ਨਿੱਤਰੇ ਹਨ, ਜਿਨ੍ਹਾਂ ਵਿਚ ਪਹਿਲਾਂ ਦਿੱਤੇ ਵਿਸ਼ੇਸ਼ ਵਿਚਾਰਵਾਨਾਂ ਤੋਂ ਇਲਾਵਾ ਚਾਰਲਸ ਪੀਟਰਜ਼, ਬਿਲ ਕਲਿੰਟਨ, ਐਲ ਗੋਰੇ, ਚਾਰਲਸ ਗਾਈਡ, ਪੈਂਟਾਲੋਨੀ, ਜੇਮਜ਼ ਬੈਚਨੈਨ ਅਤੇ ਕਈ ਮਿਸ਼ਨ ਜਾਂ ਸੰਗਠਨ ਜਿਵੇਂ ਵਾਸ਼ਿੰਗਟਨ ਕੈਂਨਮੈਂਸਿਜ਼ ਅਤੇ ਸ਼ਿਕਾਗੋ ਬੁਆਇਜ਼ ਆਦਿ ਮੁੱਖ ਹਨ। ਇਸ ਦੇ ਨਾਲ ਹੀ ਕੁਝ ਸਮੇਂ ਤੋਂ ਨਵ-ਉਦਾਰਵਾਦ ਦਾ ਵਿਰੋਧ ਵੀ ਬਹੁਤ ਤਾਕਤ ਫੜ ਰਿਹਾ ਹੈ।***

**ਗੁਰਦੇਵ ਚੌਹਾਨ**

ਨਵ-ਉਦਾਰਵਾਦ ਨੂੰ ਸਮਝਣ ਲਈ ਸਾਨੂੰ ਆਪਣੀ ਗੱਲ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਅਤੇ ਖਾਸ ਕਰਕੇ ਦੂਜੇ ਸੰਸਾਰ ਯੁੱਧ ਤੋਂ ਛੇਤੀ ਬਾਅਦ ਤੋਂ ਗੱਲ ਸ਼ੁਰੂ ਕਰਨੀ ਹੋਵੇਗੀ। ਇਸ ਯੁੱਧ ਨੇ ਬਰਤਾਨੀਆ ਅਤੇ ਯੂਰਪੀ ਦੇਸ਼ਾਂ ਨੂੰ ਆਰਥਕ ਪੱਖੋਂ ਜਿਹੜੇ ਪਹਿਲਾਂ ਹੀ ਆਥਕ ਮੰਦਹਾਲੇ ਦੇ ਸੰਕਟ ਤੋਂ ਆਵਾਜ਼ਾਰ ਸਨ, ਹੋਰ ਵੀ ਨਿਤਾਣਾ ਕਰ ਦਿੱਤਾ ਸੀ। ਬੇਰੁਜ਼ਗਾਰੀ, ਬਿਮਾਰੀ, ਅਨਪੜ੍ਹਤਾ, ਗਰੀਬੀ, ਨਾ-ਬਰਾਬਰਤਾ, ਯੁੱਧ ਨਾਲ ਤਬਾਹੀ, ਲੋੜੀਦੀਆਂ ਵਸਤਾਂ ਦੀ ਥੋੜ, ਘਰ ਘਰ ਵਿਚ ਕਿਸੇ ਨਾ ਕਿਸੇ ਦੀ ਮੌਤ ਕਾਰਣ ਸੋਗ ਅਤੇ ਘਰੋਗੀ ਅਤੇ ਸਮਾਜਿਕ ਅਸਤ-ਵਿਅਸਤਥਾ, ਆਵਾਜਾਈ ਦੇ ਸਾਧਨਾਂ ਦੀ ਕਮੀ ਆਦਿ ਨਾਲ ਪਛੜੇ ਮੁਲਕਾਂ ਦੇ ਨਾਲ ਹੀ ਬਰਤਾਨੀਆਂ ਵਰਗੇ ਵਿਕਸਤ ਮੁਲਕ ਵੀ ਇਸ ਮੰਦਵਾੜੇ ਅਤੇ ਆਰਥਕ ਕਾਣੀ-ਵੰਡ ਦੀ ਲਪੇਟ ਵਿਚ ਆ ਗਏ ਸਨ। ਇਹ ਹੀ ਕਾਰਣ ਸੀ ਕਿ ਮਾਰਕਸੀ ਵਿਚਾਰਾਂ ਵਾਲੇ ਅਰਥ ਸ਼ਾਸਤਰੀ ਕੇਨਜ਼ ਨੇ ਸਮਾਜਕ ਲੋਕਰਾਜੀ ਉਦਾਰਵਾਦ ਜਿਸ ਨੂੰ ਆਧੁਨਿਕ ਉਦਾਰਵਾਦ ਵੀ ਕਿਹਾ ਜਾਂਦਾ ਹੈ, ਨੇ ਰਾਜ ਦੇ ਵੱਧ ਅਧਿਕਾਰ ਖੇਤਰਾਂ ਵੱਲ ਜ਼ਰੂਰਤ 'ਤੇ ਜ਼ੋਰ ਦਿੱਤਾ ਕਿਉਂਕਿ ਪੰਜੀਪਤੀਆਂ ਤੇ ਕੇਵਲ ਸਟੇਟ ਹੀ ਨਕੇਲ ਪਾ ਸਕਦੀ ਸੀ ਅਤੇ ਸਮਾਜਕ ਕਲਿਆਣ ਲਈ ਵੱਧ ਫੰਡ ਕਾਇਮ ਕਰ ਸਕਦੀ ਸੀ ਤਾਂ ਕਿ ਇਹ ਉਤਪਾਦਨ ਵਿਚ ਵਾਧਾ ਕੀਤਾ ਸਕੇ ਅਤੇ ਬੇਰੁਜ਼ਗਾਰੀ ਅਤੇ ਆਰਥਕ ਮੰਦਵਾੜੇ ਅਤੇ ਗਰੀਬਾਂ ਅਤੇ ਅਮੀਰਾਂ ਵਿਚਕਾਰ ਵੱਧ ਰਹੇ ਪਾੜੇ ਨੂੰ ਦੂਰ ਕੀਤਾ ਜਾ ਸਕੇ ਅਤੇ ਲੋਕ ਭਲਾਈ ਅਤੇ ਸਮਾਜਕ ਕਲਿਆਣ ਸੰਸਥਾਨਾਂ, ਸਕੂਲ, ਕਾਲਜ, ਯੂਨੀਵਰਸਿਟੀਆਂ, ਖੋਜ ਅਨੁਸੰਧਾਨ ਸੰਸਥਾਨ, ਹਸਪਤਾਲ, ਰੇਲਵੇ, ਸੜਕਾਂ, ਹਵਾਈ ਸੇਵਾਵਾਂ, ਤਕਨੀਕੀ ਸਿੱਖਿਆ, ਸਰਕਾਰੀ ਬੈਂਕ ਅਤੇ ਮੰਡੀਆਂ ਵਿਚ ਸਰਕਾਰੀ ਨਿਵੇਸ਼ ਕੀਤਾ ਜਾ ਸਕੇ। ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਵੀ ਆਜ਼ਾਦੀ ਤੋਂ ਛੇਤੀਂ ਬਾਅਦ ਜਵਾਰਲ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਦੇ ਸਮੇਂ ਅਜਿਹੀਆਂ ਬਹੁਤ ਸਾਰੀਆਂ ਸਮਾਜ ਕਲਿਆਣ ਸੇਵਾਵਾਂ ਦਾ ਆਰੰਭ ਜਾਂ ਸਰਕਾਰੀ ਕਰਨ, ਭਾਖੜਾ ਡੈਮ ਅਤੇ ਹੋਰ ਹਾਈਡਰੋ-ਈਲੈਕਟਿਕ ਪ੍ਰਾਜੈਕਟ, ਪੁੱਲ, ਸੁਰੰਘਾਂ ਦਾ ਨਿਰਮਾਣ ਅਤੇ ਬੀਮਾ ਕੰਪਨੀਆਂ ਅਤੇ ਬੈਂਕਾਂ ਦਾ ਸਰਕਾਰੀਕਰਨ ਇਸੇ ਮਾਰਕਸਵਾਦੀ ਅਤੇ ਕੇਨਜ਼ੀਅਨ ਆਰਥਕ ਵਿਚਾਰਧਾਰਾ ਨੂੰ ਲਾਗੂ ਕਰਨ ਦਾ ਉਪਰਾਲਾ ਸੀ। ਇਸ ਸੋਚ ਪਿਛੇ ਇਹ ਦਲੀਲ ਸੀ ਕਿ ਵਿਅੱਕਤੀ ਆਪਣੇ ਆਪ ਕੁਝ ਨਹੀਂ ਕਰ ਸਕਦੇ ਜਦ ਤਕ ਰਾਜ ਉਸ ਦੀ ਆਰਥਕ ਸਹਾਇਤਾ ਲਈ ਨਾ ਬਹੁੜੇ ਕਿਉਂਕਿ ਅਮੀਰ-ਵਰਗ ਅਤੇ ਵਿਉਪਾਰੀ ਅਦਾਰਿਆਂ ਦੀ ਲੁੱਟ-ਖਸੁੱਟ ਅਤੇ ਦਮਨਕਾਰੀ ਵਰਤਾਰੇ ਦਾ ਵਿਰੋਧ ਜਾਂ ਟਕਰਾ ਇੱਕਾਦੁਕਾ ਵਿਅਕਤੀਆਂ ਜਾਂ ਸਮੁਦਾਏ ਦੇ ਵੱਸ ਤੋਂ ਬਾਹਰ ਦੀ ਗੱਲ ਸੀ। ਇਕ ਤਰ੍ਹਾਂ ਨਾਲ ਇਸ ਨੂੰ ਅਸੀਂ ਸਮਾਜਵਾਦ ਅਤੇ ਪੂੰਜੀਵਾਦ ਦਾ ਮਿਲਗੋਭਾ ਆਰਥਕ ਰੂਪ ਵੀ ਕਹਿ ਸਕਦੇ ਹਾਂ।

ਪਰ ਅਸੀਂ ਵੇਖਦੇ ਹਾਂ ਕਿ ਇਹ ਵਿਵਸਥਾ ਅਧਿਕ ਦੇਰ ਨਾ ਚੱਲ ਸਕੀ। ਆਰਥਕ ਮੰਦਵਾੜੇ ਕਾਰਨ ਆਈ ਮੰਗ ਵਿਚ ਗਿਰਾਵਟ, ਵੱਧ ਮਜ਼ਦੂਰੀ ਲਈ ਟਰੇਡ ਯੂਨੀਅਨਾਂ ਦੀਆਂ ਹੜਤਾਲਾਂ ਕਾਰਣ ਬੰਦ ਹੋਏ ਕਾਰਖ਼ਾਨਿਆਂ ਉਪਰੰਤ ਉਤਪਾਦਨ ਵਿਚ ਗਿਰਾਵਟ ਅਤੇ ਕਿੱਲਤਾਂ, ਅੰਤਰਰਾਸ਼ਟਰੀ ਵਪਾਰ ਦੀਆਂ ਜ਼ਰੂਰਤਾਂ ਹਿੱਤ ਟੈਕਸ-ਰਹਿਤ ਅਤੇ ਮੁਕਤ ਮੰਡੀ ਦੀ ਲੋੜ, ਵਿੱਤੀ ਦਿਕਤਾਂ ਕਾਰਣ ਘਾਟੇ ਰਹੇ ਸਰਕਾਰੀ ਅਦਾਰਿਆ ਦਾ ਨਿੱਜੀਕਰਨ, ਵਿਅਕਤੀ-ਅਜ਼ਾਦੀ ਦੀ ਮੁੜ ਬਹਾਲੀ ਦਾ ਮੁੱਦਾ, ਬਹੁ-ਕੌਮੀ ਕੰਪਨੀਆਂ ਅਤੇ ਆਲਮੀ ਪੱਧਰ ਤੇ ਬੈਂਕਾਂ ਦਾ ਫੈਲ਼ਾਅ ਅੰਤਰ-ਰਾਸ਼ਟਰੀ ਮੁਦਰਾ-ਕੰਟਰੋਲ ਵਿਸ਼ਵ ਬੈਂਕ ਅਤੇ ਵਿਸ਼ਵ ਟਰੇਡ ਸੰਗਠਨਾਂ ਅਤੇ ਮੁਦਰਾ ਅਤੇ ਵਿੱਤੀ ਵਿਵਸਥਾਵਾਂ ਦੀ ਸੰਥਾਪਨਾ ਇਹਨਾਂ ਸਾਰੀਆਂ ਗੱਲਾਂ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ ਅਤੇ ਬਰਤਾਨੀਆਂ ਵਿਚ ਕੰਨਸਰਵੇਟਿਵ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ (1975-1990) ਅਤੇ ਅਮਰੀਕਾ ਦੇ ਪ੍ਰਧਾਨ ਡੋਨਾਲਡ ਰੀਗਨ (1981-89) ਦੇ ਰਾਜ-ਕਾਲਾਂ ਵਿਚ ਕਲਾਸੀਕਲ ਉਦਾਰਵਾਦ ਦੇ Laissez-faire ਭਾਵ ਅਵੰਘਨ ਜਾਂ ਮੁਕਤ ਬਿਉਪਾਰ ਵਾਲੇ ਪੂੰਜੀਵਾਦ ਦੇ ਸੰਕਲਪ ਜਿਸ ਨੂੰ ਪਹਿਲਾਂ ਬਰਤਾਨਵੀ ਅਰਥਸਾਸ਼ਤਰੀ, ਐਡਮ ਸਮਿੱਥ, ਮਾਲਥਸ ਅਤੇ ਬਾਅਦ ਵਿਚ ਰੀਕਾਰਡੋ ਨੇ ਫੈਲਾਇਆ ਸੀ ਹੁਣ ਉਸ ਦਾ ਨਵ-ਉਦਾਰਵਾਦ ਦੇ ਰੂਪ ਵਿਚ ਪੁੰਨਰ-ਗਠਨ ਹੋ ਗਿਆ ਅਤੇ ਤਥਾ-ਕਥਿਤ ਵਿਅਕਤੀ-ਮੁਕਤੀ ਦੇ ਸੰਕਲਪ ਦਾ, ਜਿਸ ਵਿਚਾਰਧਾਰਾ ਪਿੱਛੇ ਰਿਕ ਵਾਨ ਹੇਅਕ (1899-1972), ਮਿਲਟਨ ਫਰਾਈਡਮੈਨ (1912-2006) ਅਤੇ ਵਿਲਹੈਮ ਰਾਪਕੇ (1899-1966) ਵਰਗੇ ਆਰਥਕ ਵਿਦਵਾਨਾਂ ਦੀਆਂ ਥਿਊਰੀਆਂ ਅਤੇ ਐਂਟੀ-ਮਾਰਕਸਵਾਦੀ ਨਵ-ਆਰਥਕ ਨੀਤੀਆਂ ਕੰਮ ਕਰ ਰਹੀਆਂ ਸਨ। ਇਸ ਦੇ ਚਲਦਿਆਂ ਨਵ-ਉਦਾਰਵਾਦੀ ਆਰਥਕ ਉਪਚਾਰ ਅਰਥਾਤ ਟੈਕਸ-ਮੁਕਤ, ਆਜ਼ਾਦ ਅਤੇ ਮੁਫਤ ਮੰਡੀ, ਨਿੱਜੀਕਰਨ, ਕਾਮਿਆਂ ਦੇ ਅਧਿਕਾਰਾਂ ਵਿਚ ਕਮੀ, ਵਿੱਤੀ ਆਰਥਿਕਤਾ ਦੀ ਥਾਂ ਉਤਪਾਦਕ ਅਰਥ-ਵਿਵਸਥਾ, ਜਨਤਕ ਸਿਹਤ ਸਕੀਮਾਂ ਅਤੇ ਸੇਵਾਵਾਂ ਵਿਚ ਕਟੌਤੀ, ਗਲੋਬਲ ਵਪਾਰ ਦਾ ਵਿਸਤਾਰ ਅਮਲ ਵਿਚ ਲਿਆਂਦੇ ਗਏ ਜਿਨ੍ਹਾਂ ਕਾਰਨ ਆਰਥਕ ਅਸਮਾਨਤਾ, ਧੰਨ ਦੀ ਇਕਾਗਰਤਾ, ਵਾਤਾਵਰਨ ਅਤੇ ਮਾਨਵੀ ਹਿੱਤਾਂ ਅਤੇ ਮੁੱਲਾਂ ਅਤੇ ਮੁੱਦਿਆਂ ਵੱਲ ਕਾਰਪੋਰੇਟੀ ਸਾਜਸ਼ੀ ਚੁੱਪ, ਉਤਪਾਦਨ ਦੇ ਮੁਕਾਬਲੇ ਸੱਟਾਬਾਜ਼ੀ, ਕੀਮਤਾਂ ਦੀ ਮੰਗ ਅਤੇ ਸਪਲਾਈ ਅਧੀਨ ਨਿਰਧਾਰੀਕਰਨ, ਮੁਢਲੀਆਂ ਸੇਵਾਵਾਂ ਦਾ ਨਿੱਜੀਕਰਨ, ਦਰਾਮਦ ਉੱਤੇ ਟੈਕਸ ਦੀ ਵਿਰੋਧਤਾ, ਵਪਾਰਕ ਨੈੱਟਵਰਕਾਂ ਵਿਚ ਵਾਧੇ ਨਾਲ ਲੋਕਰਾਜੀ ਤਾਕਤਾਂ ਦੀ ਕਮਜ਼ੋਰੀ ਆਦਿ ਆਮ ਜਨ-ਹਿੱਤ ਵਿਰੋਧੀ ਨੀਤੀਆਂ ਅਤੇ ਗਤੀਵਿਧੀਆਂ ਦਾ ਵਿਕਾਸ ਹੋਇਆ ਜਿਸ ਉਪਰੰਤ ਭਾਵੇਂ ਆਰਥਕ ਖੜੋਤ ਦੇ ਸੰਕਟ ਨੂੰ ਤਾਂ ਵਕਤੀ ਠੱਲ ਪਾਈ ਜਾ ਸਕੀ ਪਰ ਇਸ ਨਾਲ ਗਰੀਬਾਂ ਅਤੇ ਅਮੀਰਾਂ ਵਿਚਾਰ ਪਾੜਾ ਹੋ ਵੀ ਵੱਧ ਗਿਆ ਅਤੇ ਗਰੀਬੀ ਰੇਖਾ ਉੱਤੇ ਰਹਿ ਰਹੇ ਲੋਕਾਂ ਦੀ ਗਿਣਤੀ ਵੀ। ਗਿਆਰਾਂ ਮਾਰਚ 1990 ਨੂੰ ਅਮਰੀਕਾ ਦੀ ਸ਼ਹਿ 'ਤੇ ਸਾਲਵੇਡਾਰ ਐਲੇਂਡਾ ਦੀ ਜਮਹੂਰੀ ਸਰਕਾਰ ਉਲਟਾ ਦਿੱਤੀ ਗਈ ਅਤੇ ਫੌਜੀ ਜਰਨੈਲ ਅਗਸਤੋ ਪੈਨੈਸ਼ੇ ਦਾ ਤਾਨਾਸ਼ਾਹ ਰਾਜ ਸਥਾਪਿੱਤ ਕਰ ਦਿੱਤਾ ਗਿਆ ਜਿਸ ਅਧੀਨ ਸਾਰੀਆਂ ਜਨਹਿੱਤ ਸੇਵਾਵਾਂ ਦਾ ਨਿੱਜੀਕਰਨ ਹੋਣਾ ਆਰੰਭ ਹੋ ਗਿਆ। ਇਹੀ ਕੁਝ ਬਹੁਤ ਸਾਰੇ ਵਿਕਸਤ ਦੇਸ਼ਾਂ ਅਤੇ ਅਣਵਿਕਸਤ ਦੇਸ਼ਾਂ ਦੇ ਲੋਕਰਾਜੀ ਨਿਜ਼ਾਮਾਂ ਦੀਆਂ ਆਰਥਕ ਨੀਤੀਆਂ ਨਾਲ ਵੀ ਵਾਪਰਿਆ। ਭਾਵੇਂ ਕਿਸੇ ਹੱਦ ਤੱਕ ਇਨ੍ਹਾਂ ਵਿਚੋਂ ਕੁਝ ਨੀਤੀਆਂ ਅਧੀਨ 1990-91 ਦੇ ਵਿਸ਼ਵ-ਵਿਆਪੀ ਆਰਥਕ ਮੰਦਵਾੜੇ ਅਤੇ ਖੜੋਤ ਦੀ ਰੋਕਥਾਮ ਹੋ ਸਕੀ ਪਰ ਇਹ ਲਾਭ ਛੇਤੀ ਹੀ ਅਲੋਪ ਹੋਣ ਲਗੇ। ਭਾਰਤ ਵਿਚ ਵੀ ਵਿੱਤ ਮੰਤਰੀ ਮਨਮੋਹਨ ਸਿੰਘ ਦੇ 1990 ਦੇ ਨੇੜੇ ਤੇੜੇ ਕੀਤੇ ਕੁਝ ਆਰਥਿਕ ਸੁਧਾਰਾਂ ਨੇ ਭਾਰਤ ਦੀ ਆਰਥਕ ਖੁਸ਼ਹਾਲੀ ਦੀ ਮੁੜ-ਬਹਾਲੀ ਵਿਚ ਹਾਂ-ਪੱਖੀ ਯੋਗਦਾਨ ਵੀ ਪਾਇਆ ਪਰ ਬਾਅਦ ਵਿਚ ਇਸ ਹਾਂ-ਪੱਖੀ ਰੁਝਾਨ ਦੀ ਕਾਇਮੀ ਬਹੁਤੀ ਦੇਰ ਨਾ ਨਿੱਭ ਸਕੀ। ਲਗਭਗ ਇਹੀ ਹਾਲ ਯੂਰਪੀ ਮੁਲਕਾਂ ਦੀ ਅਰਥ-ਵਿਵਸਥਾ ਵਿਚ ਵੀ ਦੇਰ ਸਵੇਰ ਪ੍ਰਗਟ ਹੋਣੇ ਸ਼ੁਰੂ ਹੋ ਗਏ। ਭਾਰਤ ਦੀ ਗੱਲ ਕਰਦਿਆਂ ਇਹ ਤੱਥ ਵੀ ਮਹੱਤਵਪੂਰਣ ਹੈ ਕਿ ਭਾਵੇਂ ਕਾਂਗਰਸ ਦੇ ਰਾਜ ਦੇ ਅਖੀਰਲੇ ਸਾਲਾਂ ਵਿਚ ਵੀ ਨਵ-ਉਦਾਰਵਾਦੀ ਨੀਤੀ ਦਾ ਪੂਰਨ ਤਿਆਗ ਨਹੀਂ ਹੋਇਆ ਜਿਸ ਦੇ ਫਲਸਰੂਪ ਵੱਢੀਖ਼ੋਰੀ ਬੈਂਕ ਕਰਜ਼ਾ ਘੁਟਾਲੇ ਅਤੇ ਪੂੰਜੀਵਾਦੀ ਤਾਕਤਾਂ ਅਤੇ ਕਾਰਪੋਰੇਟ ਤਾਕਤਾਂ ਦਾ ਸਰਕਾਰੀ ਨੀਤੀ ਅਤੇ ਮੀਡੀਆ ਵਿਚ ਨਿਵੇਸ਼ ਅਤੇ ਦਖਲ ਨੇ ਲੋਕਰਾਜੀ ਤੰਤਰ ਵਿਚ ਕਮਜ਼ੋਰੀ ਲੈ ਆਂਦੀ। ਪਰ ਫਿਰ ਵੀ ਕਾਫੀ ਹੱਦ ਤੀਕ ਲੰਮੇ ਸਮੇਂ ਤੋਂ ਭਾਰਤ ਦੀ ਮਿਸ਼ਰਤ ਆਰਥਕਤਾ ਦੀ ਨੀਤੀ ਦਾ ਭਾਵੇਂ ਕਮਜ਼ੋਰ ਹੀ ਸਹੀ, ਬੋਲਬਾਲਾ ਕਾਇਮ ਰਿਹਾ ਜਿਸ ਦੇ ਫਲਸਰੂਪ ਕੁਝ ਮਹੁੱਵਪੂਰਣ ਲੋਕ ਕਲਿਆਣ-ਕਾਰੀ ਯੋਜਨਾਵਾਂ ਅਤੇ ਸੇਵਾਵਾਂ ਨਵ-ਉਦਾਰਵਾਦ ਦੀ ਰਾਜਨੀਤੀ ਤੋਂ ਬਚੀਆਂ ਰਹੀਆਂ। ਪਰ ਪਿਛਲੇ ਕੁਝ ਸਾਲਾਂ ਤੋਂ ਅਜ਼ਾਦ ਮੰਡੀ ਅਤੇ ਬਿਉਪਾਰਕ ਵਿਸ਼ਵੀਕਰਨ ਤਹਿਤ ਨਿੱਜੀਕਰਨ ਦੀਆਂ ਨੀਤੀਆਂ ਵਿਚ ਵਾਧੇ, ਵਿਸ਼ਵ-ਬੈਂਕ, ਵਰਲਡ ਟਰੇਡ ਆਰਗੇਨਾਈਜ਼ੇਸ਼ਨ ਅਤੇ ਅੰਤਰ-ਰਾਸ਼ਟਰੀ ਮੁਦਰਾ-ਕੋਸ਼ ਦੀਆਂ ਸ਼ਰਤਾਂ ਅੱਗੇ ਵਿਸ਼ਵ ਬੈਂਕ ਤੋਂ ਮਿਲਣ ਵਾਲੇ ਆਰਥਕ ਸਹਿਯੋਗ ਨੂੰ ਮੱਖ ਰੱਖਦਿਆਂ ਭਾਰਤ ਦੇ ਬੇਵੱਸ ਸੰਮਰਪਣ ਨੇ ਰਾਜ ਨੂੰ ਅਸਿੱਧੇ ਕਾਰਪੋਰੇਟੀ ਦਖ਼ਲ ਅਤੇ ਨਿਵੇਸ਼ ਵਾਸਤੇ ਨਿੱਜੀਕਰਨ ਨੂੰ ਬੜ੍ਹਾਵਾ ਦੇ ਦਿੱਤਾ ਹੈ। ਇੰਜ ਘਾਟੇ ਵਿਚ ਜਾ ਰਹੇ ਬਹੁਤ ਸਾਰੇ ਸਰਕਾਰੀ ਉਦਯੋਗ ਅਤੇ ਅਦਾਰੇ ਜਿਹਨਾਂ ਨੂੰ ਲੋੜੀਂਦੀ ਮਾਇਕ ਸਹਾਇਤਾ ਅਤੇ ਸੇਧ ਨਾਲ ਬਚਾਇਆ ਜਾ ਸਕਦਾ ਸੀ, ਅਤੇ ਬਹੁਤ ਸਾਰੇ ਕਾਮਿਆਂ ਦਾ ਉਜਾੜਾ ਵੀ, ਉਹ ਵੀ ਸਰਕਾਰੀ ਅਦਾਰੇ ਅਤੇ ਉਦਯੋਗ ਨਵ-ਉਦਾਰਵਾਦ ਦੀ ਨੀਤੀ ਹਿੱਤ ਨਿੱਜੀਕਰਨ ਦੀ ਭੇਂਟ ਚੜ੍ਹ ਗਏ ਜਾਪਦੇ ਹਨ।



ਜਿੱਥੇ ਨਵ-ਉਦਾਰਵਾਦ ਦੇ ਹੱਕ ਵਿਚ ਕਈ ਵਿਦਵਾਨ ਅਤੇ ਅੰਦੋਲਨ ਨਿੱਤਰੇ ਹਨ, ਜਿਨ੍ਹਾਂ ਵਿਚ ਪਹਿਲਾਂ ਦਿੱਤੇ ਵਿਸ਼ੇਸ਼ ਵਿਚਾਰਵਾਨਾਂ ਤੋਂ ਇਲਾਵਾ ਚਾਰਲਸ ਪੀਟਰਜ਼, ਬਿਲ ਕਲਿੰਟਨ, ਐਲ ਗੋਰੇ, ਚਾਰਲਸ ਗਾਈਡ, ਪੈਂਟਾਲੋਨੀ, ਜੇਮਜ਼ ਬੈਚਨੈਨ ਅਤੇ ਕਈ ਮਿਸ਼ਨ ਜਾਂ ਸੰਗਠਨ ਜਿਵੇਂ ਵਸ਼ਿੰਗਟਨ ਕੈਂਨਸੈਂਸਿਜ਼ ਅਤੇ ਸ਼ਿਕਾਗੋ ਬੁਆਇਜ਼ ਆਦਿ ਮੁੱਖ ਹਨ। ਇਸ ਦੇ ਨਾਲ ਹੀ ਕੁਝ ਸਮੇਂ ਤੋਂ ਨਵ-ਉਦਾਰਵਾਦ ਦਾ ਵਿਰੋਧ ਵੀ ਬਹੁਤ ਤਾਕਤ ਫੜ ਰਿਹਾ ਹੈ। ਇਸ ਵਿਚਾਰਧਾਰਾ ਦੇ ਵਿਰੋਧ ਵਿਚ ਬਹੁਤ ਸਾਰੇ ਸਮਾਜਕ ਸੰਗਠਨ ਅਤੇ ਅਕਟਿਵਿਸਟ ਲਗਾਤਾਰ ਅਗਰਸਰ ਹਨ। ਕੁਝ ਵਿਸ਼ੇਸ਼ ਵਿਦਵਾਨ ਹਨ: ਮਾਈਕਲ ਹਡਸਨ, ਰੋਬਰਟ ਪੌਲਿਨ, ਨੌਮ ਚੌਮਸਕੀ, ਨਾਓਮੀ ਕਲੇਨ, ਮਸ਼ੈਲ ਫੁਕੋ, ਕੌਮਲ ਵੈਸਟ, ਅਮਰਤਿਆ ਸੇਨ, ਜਾਰਜ ਮੌਨਬਿਔਟ, ਗੇਲ ਡਾਈਨ, ਡੇਵਡ ਹਾਰਵੀ, ਜ਼ਿਜ਼ੇਕ, ਅਨੁੰਧੁਤੀ ਰਾਏ ਅਤੇ ਕੈਥੋਲਿਕ ਚਰਚ ਦੇ ਮਾਜੂਦਾ ਪੋਪ, ਫਰਾਂਸਿਜ਼।

ਹੁਣ ਅਸੀਂ ਨਵ-ਉਦਾਰਵਾਦ ਦੇ ਮੁੱਖ ਟੀਚਿਆਂ ਅਤੇ ਇਸ ਵਿਚਾਰਧਾਰਾ ਦੇ ਮੂਲ ਵਿਰੋਧ ਦੇ ਨੁੱਕਤਿਆਂ ਵੱਲ ਆਉਂਦੇ ਹਾਂ, ਅਰਥਾਤ ਨਵ-ਓਦਾਰਵਾਦ ਦੇ ਕੱਚੇ ਚਿੱਠੇ ਵੱਲ। ਅਸਲ ਵਿਚ ਨਵ-ਉਦਾਰਵਾਦ ਮਨੁੱਖ ਨੂੰ ਚਾਰਲਸ ਡਾਰਵਿਨ ਦੇ ਮੁੱਖ ਸਿਧਾਂਤ, ਸੀਲੈਕਸ਼ਨ ਆਫ ਦ ਫਿਟਸ, ਦੇ ਰਾਜਨੀਤਕ ਢਾਂਚੇ ਵਿਚ ਫਿੱਟ ਕਰਨ ਦੇ ਉਦੇਸ਼ ਤੋਂ ਪ੍ਰਭਾਵ ਲੈਂਦਾ ਹੈ। ਇੱਥੇ ਫਿਟ ਤੋਂ ਭਾਵ ਪੈਸੇ ਵਲੋਂ ਫਿੱਟ ਤੋਂ ਹੈ ਕਿਉਂਕਿ ਅੱਜਕਲ੍ਹ ਤਾਕਤ ਸਰੀਰਕ ਤੋਂ ਮਾਇਕ ਦੇ ਰੂਪ ਵਿਚ ਤਬਦੀਲ ਹੋ ਗਈ ਹੈ। ਦੂਜੇ ਇਹ ਵਿਚਾਰਧਾਰਾ ਪੈਸੇ ਨੂੰ ਮਾਨਵੀ ਜਿੰਦਗੀ ਅਤੇ ਵਿਅੱਕਤੀ ਤੋਂ ਉਤਾਂਹ ਰੱਖਦੀ ਹੈ ਅਤੇ ਇਹ ਜ਼ਿੰਦਗੀ ਦੇ ਮੁੱਲਾਂ ਨੂੰ ਮੰਡੀ ਅਤੇ ਬਾਜ਼ਾਰ ਦੇ ਮੁੱਲਾਂ ਵਿਚ ਤਬਦੀਲ ਕਰਨ ਵਾਲੀ ਰਾਜਨੀਤਕ ਗਤੀਵਿਧੀ ਹੈ, ਡੇਵਿਡ ਹਾਰਵੀ ਇਸ ਨੂੰ "ਖੁੱਲ੍ਹਾ ਛੱਡਿਆਂ, ਬੇ-ਲਗਾਮ ਵਿਅਕਤੀਵਾਦ ਕਹਿੰਦਾ ਹੈ ਜਿਹੜਾ ਅਮੀਰ ਵਰਗ ਦੀ ਤਾਕਤ ਵਧਾਉਣ ਲਈ ਈਜਾਦ ਕੀਤਾ ਗਿਆ ਹੈ।" ਅਸਲ ਵਿਚ ਇਹ ਪੂੰਜੀਵਾਦੀ ਅਮੀਰ ਵਰਗ ਅਤੇ ਕਾਰਪੋਰੇਟ ਸੈਕਟਰ ਦੀ ਅਧੀਨਗੀ ਵਿਚ ਲਿਆਉਣ ਵਾਲੀ ਵਿਵਸਥਾ ਹੈ। ਇਸ ਨੂੰ ਗ਼ੈਰਹਾਜ਼ਰੀ ਵਾਲਾ ਸਾਮਰਾਜ ਵੀ ਕਿਹਾ ਗਿਆ ਹੈ। ਕਈ ਇਸ ਨੂੰ ਗਰੀਬੀ ਦੇ ਜੁਰਮੀਕਰਨ ਵਾਲੀ ਵਿਵਸਥਾ ਪੈਦਾ ਕਰਨ ਵਾਲਾ ਨਿਜ਼ਾਮ ਕਹਿੰਦੇ ਹਨ ਜਿਸ ਦੇ ਚਲਦਿਆਂ ਇਸ ਵਿਵਸਥਾ ਦਾ ਕਹਿਣਾ ਮੰਨਣ ਵਾਲੀਆਂ ਸਰਕਾਰਾਂ ਅਤੇ ਸੱਤਾਧਾਰੀ ਰਾਜਾਂ 'ਤੇ ਨਿਰੰਤਰ ਕਾਬਜ਼ ਰਹਿਣ ਲਈ, ਕਾਰਪੋਰੇਟ ਅਦਾਰੇ ਸਰਕਾਰਾਂ ਨਾਲ ਮਿਲ ਕੇ ਕਈ ਤਰ੍ਹਾਂ ਦੇ ਪੈਂਤਰੇ ਅਪਨਾਉਂਦੇ ਹਨ ਜਿਨ੍ਹਾਂ ਵਿਚ ਨਿੱਜੀ ਜਾਇਦਾਦ ਦੇ ਹੱਕਾਂ ਦੀ ਰਖਵਾਲੀ ਦੀ ਜਾਮਨੀ, ਨਿੱਜੀਕਰਨ, ਵਿਉਪਾਰ ਅਤੇ ਪੂੰਜੀਪਤੀਆਂ ਦੇ ਆਮਦਨ ਕਰਾਂ ਵਿਚ ਕਟੌਤੀ ਨੂੰ ਆਰਥਿਕ ਖੜੋਤ ਵਿਚੋਂ ਮੁਲਕ ਨੂੰ ਕੱਢਣ ਲਈ ਇਹਨਾਂ ਸੁਵਿਧਾਵਾਂ ਦਾ ਜ਼ਰੂਰੀ ਹੋਣਾ ਦਰਸਾਉਣਾ, ਮਿਲਟਰੀ ਨੂੰ ਹੋਰ ਸ਼ਕਤੀਸ਼ਾਲੀ ਬਨਾਉਣ ਦੇ ਉਪਰਾਲੇ ਵਜੋਂ ਅਧਿਕ ਧੰਨ ਲਈ ਬਜਟ ਰੱਖਣਾ, ਅਜਿਹੀ ਵਿਵਸਥਾ ਪੈਦਾ ਕਰਨਾ ਤਾਂ ਕਿ ਆਮ ਜਨਤਾ ਦਾ ਧਿਆਨ ਉਹਨਾਂ ਦੇ ਅਸੁਰੱਖਿਅਤ ਹੋਣ ਅਤੇ ਕਲਪਿਤ ਖ਼ਤਰਿਆਂ ਵੱਲ ਖਿੱਚ ਕੇ ਉਹਨਾਂ ਨੂੰ ਮੂਲ ਮਸਲਿਆਂ ਤੋਂ ਅਵੇਸਲੇ ਰੱਖਿਆ ਜਾ ਸਕੇ ਆਦਿ ਆਉਂਦੇ ਹਨ। ਨਵਉਦਾਰਵਾਦੀ ਨੀਤੀਆਂ ਸਭਿਆਚਾਰਕਤਾ, ਵਾਤਾਵਰਣ ਅਤੇ ਸਥਾਨਿਕਤਾ ਤੇ ਵੀ ਬੋਝ ਬਣ ਜਾਂਦੀਆਂ ਹਨ। ਕਾਰਪੋਰੇਟ ਖੇਤੀ ਭੋਇੰ ਦੀ ਤਾਕਤ ਘਟਾ ਦਿੰਦੀ ਹੈ ਅਤੇ ਇਸ ਰਾਹੀਂ ਪੈਦਾ ਹੋਈ ਸਮਾਜਿਕਤਾ ਅਤੇ ਸਭਿਆਚਾਰ 'ਜ਼ਮੀਨ ਉੱਤੇ ਮਨੁੱਖ ਦਾ ਅਧਾਰ ਵੀ ਘਟਾ ਦਿੰਦਾ ਹੈ। ਰਾਕ ਫਾਊਂਡੇਸ਼ਨ ਨੇ ਜ਼ਮੀਨ ਨੂੰ ਰਸਾਣਿਕ ਖਾਦਾਂ ਅਤੇ ਕੀੜੇਮਾਰ ਦੁਆਈਆਂ ਅਤੇ ਬਾਇਓਟੈਕਨਾਲੋਜੀ ਨਾਲ ਅਧਮੋਈ ਕਰ ਦਿੱਤਾ ਹੈ। ਇਸ ਤੋਂ ਇਲਾਵਾਂ ਮਜ਼ਦੂਰੀਆਂ ਵਿਚ ਖੜੋਤ ਅਤੇ ਗਤੀਹੀਨਤਾ, ਘੱਟ ਕਾਰੀਗਰ ਕਾਮਿਆਂ ਦੀ ਮੰਡੀ ਲਚੀਲੀ ਨਾ ਹੋਣ ਕਾਰਨ ਅਜਿਹੇ ਕਾਮਿਆਂ ਦਾ ਘਾਣ, ਬਗ਼ੈਰ ਮਿਹਨਤ ਤੋਂ ਪੈਦਾ ਹੋਏ ਸਾਧਨਾਂ ਤੋਂ ਆਰਥਕ ਕਰਾਏ ਦੀ ਵਸੂਲੀ, ਸਮਾਜਕ ਕਾਰਜਾਂ, ਜਿਵੇਂ ਵਿਦਿਆ, ਸਿਹਤ, ਪੈਨਸ਼ਨ ਆਦਿ ਵਿਚ ਸਰਕਾਰੀ ਖਰਚੇ ਦੀ ਕਟੌਤੀ, ਸਰਕਾਰੀ ਕਾਰਜਾਂ ਅਤੇ ਅਧਿਕਾਰ ਖੇਤਰਾਂ ਵਿਚ ਕਟੌਤੀ, ਸਮਾਜਕ ਭਲਾਈ ਵਾਲੀਆਂ ਸੰਸਥਾਵਾਂ ਲਈ ਰੱਖੇ ਬਜਟ-ਘਾਟੇ (Deficit Budge) ਵਿਚ ਕਟੌਤੀ, ਰਾਜਸੀ ਸਾਲਾਨਾ ਬੱਜਟ ਵਿਚ ਕਟੌਤੀ, ਕਾਰਪੋਰੇਟ ਦੇ ਆਮਦਨੀ ਕਰਾਂ ਵਿਚ ਕਟੌਤੀ ਕਰਨ, ਸੱਟਾਬਾਜ਼ਾਰੀ ਰਾਹੀਂ ਵਿੱਤੀ ਅਸਥਿਰਤਾ, ਹਾਸ਼ੀਆਗੱਤ ਆਬਾਦੀਆਂ ਦੀ ਅਸਥਿਰਤਾ ਨੂੰ ਅਪਰਾਧੀਕਰਨ ਦੀ ਨੀਤੀ ਰਾਹੀਂ ਨਜਿੱਠਣਾ, ਵਿਸ਼ਵੀਕਰਨ ਦੌਰ ਵਿਚ ਤੇਜ਼ੀ, ਪਬਲਿਕ ਕਾਰਜਾਂ ਤੇ ਖਰਚ ਵਿਚ ਕਟੌਤੀ ਕਰਨ ਅਤੇ ਵੱਧ ਤੋਂ ਵੱਧ ਖੇਤਰਾ ਦੇ ਨਿੱਜੀਕਰਨ ਅਤੇ ਅਵਿਨਿਯਮਨ (Deregulation) ਦੁਆਰਾ ਅਸਿੱਧੇ ਰੂਪ ਵਿਚ ਬਹੁਤ ਸਾਰੀਆਂ ਵਿੱਤੀ ਸਹੂਲਤਾਂ ਨੂੰ ਅਲੀਤ ਵਰਗ ਅਤੇ ਕਾਰਪੋਰੇਟ ਦੇ ਕਾਰੋਬਾਰੀ, ਵਿੱਤੀ, ਸਮਾਜਕ, ਅਤੇ ਮਾਇਕ ਹਿੱਤਾਂ ਨੂੰ ਪ੍ਰਦਾਨ ਕਰਨ ਵੱਲ ਪੂਰੀ ਤਰ੍ਹਾਂ ਅਗਰਸਰ ਹਨ। ਇਹਨਾਂ ਸਭ ਗੱਲਾਂ ਦੇ ਫਲਸਰੂਪ ਨਵ-ਉਦਾਰਵਾਦ ਦਾ ਇਹ

ਫਲਸਫ਼ਾ ਲੋਕਰਾਜੀ ਸਾਸ਼ਨ ਵਿਚ ਪਤਨ ਅਤੇ ਨਿਘਾਰ ਲਿਆਉਣ ਵਰਗੀਆਂ ਸਮਾਜਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਦੀ ਜਨਮਦਾਤਾ ਹੋਣ ਵਜੋਂ ਵੀ ਜਾਣਿਆ ਜਾਂਦਾ ਹੈ। ਹਾਲਤ ਇਹ ਹੋ ਗਈ ਹੈ ਕਿ ਵਿਕਸਤ ਰਾਸ਼ਟਰਾਂ ਦੀਆਂ ਸਰਕਾਰਾਂ ਪੂੰਜੀਵਾਦੀ ਤਾਕਤਾਂ ਅਤੇ ਕਾਰਪੋਰੇਟੀ ਦਬਾਓ ਰਾਹੀਂ ਜਿਹੜਾ ਮੋਟੇ ਰੂਪ ਵਿਚ ਸਰਕਾਰਾਂ ਨੂੰ, ਭਾਵੇਂ ਉਹ ਜਿਹੜੀ ਮਰਜ਼ੀ, ਖੱਬੀ ਜਾਂ ਸੱਜੀ ਪਾਰਟੀ ਨਾਲ ਸਬੰਧ ਰੱਖਦੀਆਂ ਹੋਣ ਜਾਂ ਕਿਸੇ ਵਿਸ਼ੇਸ਼ ਤਾਕਤਵਰ ਧਾਰਮਿਕ ਵਿਚਾਰਧਾਰਾ ਵਾਲੇ ਤਬਕੇ ਜਾਂ ਸੱਤਾਧਾਰੀ ਧਾਰਮਿਕ ਵਰਗ ਨਾਲ, ਉਹ ਕਾਰਪੋਰੇਟੀ ਫੰਡਿੰਗ ਉੱਤੇ ਨਿਰਭਰ ਹੁੰਦੀਆਂ ਹਨ ਜਾਂ ਹੋਣ ਵੱਲ ਰੁਚਿਤ ਹੁੰਦੀਆਂ ਹਨ ਇਸ ਲਈ ਉਹ ਬਾਵਜ਼ੂਦ ਦੇਸ਼ ਅੰਦਰ ਚੱਲ ਰਹੇ ਅੰਦੋਲਨਾਂ ਦੇ ਜਿਹੜੇ ਭਾਵੇਂ ਕਿੰਨੇ ਵੀ ਜ਼ਾਇਜ਼ ਅਤੇ ਨਿਆਂਸੰਗਤ ਕਿਉਂ ਨਾ ਹੋਣ ਜਿਵੇਂ ਕਿ ਭਾਰਤ ਸਰਕਾਰ ਦੁਆਰਾ ਕੁਝ ਸਮਾਂ ਪਹਿਲਾਂ ਬਣਾਏ ਤਿੰਨ ਖੇਤੀ ਬਾਰੇ ਕਾਨੂੰਨਾਂ ਜਿਹੜੇ ਭਾਵੇਂ ਸਫਲ ਕਿਸਾਨ ਅੰਦੋਲਨ ਕਾਰਣ ਰੱਦ ਹੋ ਗਏ ਹਨ ਨੂੰ ਲੈ ਕੇ ਵੀ ਇਹੀ ਕਿਹਾ ਜਾਂਦਾ ਹੈ ਕਿ ਉਹ ਕਾਰਪੋਰੇਟ ਅਤੇ ਅੰਤਰਾਸ਼ਟਰੀ ਟਰੇਡ ਸੰਗਠਨ ਅਤੇ ਵਿਸ਼ਵ ਬੈਂਕ ਦੇ ਦਬਾਓ ਹੇਠ ਬਣਾਏ ਗਏ ਜਿਹੜੇ ਸੱਤਾ 'ਤੇ ਕਾਬਜ਼ ਹਰ ਪਾਰਟੀ ਜਾਂ ਕਾਬਜ਼ ਹੋ ਸਕਣ ਵਾਲੀ ਰਾਜਸੀ ਪਾਰਟੀ ਨੂੰ ਕਰਜ਼ਾ ਅਤੇ ਆਰਥਕ ਸਹਾਇਤਾ ਦੇ ਕੇ ਅਕਸਰ ਆਰਥਕ ਸੰਕਟਾਂ ਤੋਂ ਬਚਾਉਂਦੇ ਰਹੇ ਹੁੰਦੇ ਹਨ, ਅਤੇ ਚੋਣਾਂ ਵੇਲੇ ਫੰਡ ਕਰਦੇ ਰਹੇ ਹੁੰਦੇ ਹਨ। ਸੋ ਸਰਕਾਰਾਂ ਵਾਹ ਲਗਦਿਆਂ ਇਹਨਾਂ ਪੂੰਜੀ-ਧਾਰਕ ਤਾਕਤਾਂ ਦਾ ਵਿਰੋਧ ਨਹੀਂ ਸਹੇੜ ਸਕਦੀਆਂ।

ਕੁਝ ਹੋਰ ਮੁੱਦਿਆਂ ਜਿਨ੍ਹਾਂ ਵੱਲ ਆਰਥਕ ਮਾਹਿਰਾਂ ਅਤੇ ਸਮਾਜ ਸੇਵੀਆਂ ਨੇ ਧਿਆਨ ਦੁਆਇਆ ਹੈ ਇਨ੍ਹਾਂ ਵਿਚ ਸਟੇਟ ਦਾ ਹੌਲੀ ਹੌਲੀ ਪਤਨ ਹੋ ਜਾਣਾ ਸਭ ਤੋਂ ਪ੍ਰਮੁੱਖ ਹੈ। ਨੇੜਲੇ ਭਵਿੱਖ ਵਿਚ ਸਾਰੀਆਂ ਸੱਤਾਧਾਰੀ ਸਰਕਾਰਾਂ ਅਤੇ ਰਾਜਾਂ ਦਾ ਆਪੋ ਆਪਣੇ ਰਹਿਮੋ- ਕਰਮ ਤੇ ਪਹੁੰਚ ਜਾਣਾ ਲਗਭਗ ਤਹਿ ਹੈ, ਵਿਸ਼ਵ ਪ੍ਰਸੱਧ ਅਰਥ-ਵਿਗਿਆਨੀਆਂ ਦਾ ਇਹ ਕਹਿਣਾ ਹੈ। ਸਮਾਜ ਅੰਣੂ-ਸਮਾਜ (Atomised society) ਵਿਚ ਬਦਲ ਜਾਵੇਗਾ। ਅਜਿਹਾ ਸਮਾਜ ਆਪਸੀ ਸਾਂਝ ਤੋਂ ਨਿਰਲੇਪ ਹੋ ਜਾਵੇਗਾ। ਜਿੰਦਗੀ ਦੀ ਫ਼ਜ਼ੂਲਤਾ (Absurdity) ਪ੍ਰਖ਼ਰ ਹੋ ਜਾਵੇਗੀ ਅਤੇ ਸਮਾਜ ਆਤਮਘਾਤੀ ਹੋਣ ਵੱਲ ਵੱਧ ਰੁਚਿੱਤ ਹੋ ਜਾਵੇਗਾ। ਜਾਰਜ ਮੌਨਬਿਔਟ ਦੇ ਆਖਣ ਅਨੁਸਾਰ ਨਵ-ਉਦਾਰਵਾਦ ਦਾ ਸਭ ਤੋਂ ਮਾੜਾ ਪੱਖ ਇਸਦਾ ਕੁਦਰਤੀ ਸੰਸਾਧਨਾਂ ਦੀ ਦੁਰਵਰਤੋਂ ਹੈ, ਅਤੇ ਪਰਿਆਵਰਣ ਦਿਆਂ ਮੁੱਦਿਆਂ ਦੀ ਅਵਹੇਲਣਾ। ਖਾਸ ਤੌਰ 'ਤੇ ਮਿੱਟੀ ਦਾ ਦੁਰਉਪਯੋਗ ਜਿਸ ਨਾਲ ਅਗਲੇ ਸੱਠ ਸਾਲਾਂ ਵਿਚ ਮਨੁੱਖ ਧਰਤੀ ਤੋਂ ਪੂਰੀ ਤਰ੍ਹਾਂ ਟੁਟ ਜਾਵੇਗਾ ਜਿਹੜੀ ਉਸ ਦੀ ਮਾਂ ਹੈ, ਉਸ ਦਾ ਸਾਝ ਬਿੰਦੂ। ਜੰਗਲਾਂ ਦਾ ਕੱਟਿਆ ਜਾਣਾ, ਦਿਹਾਤ ਅਤੇ ਪਹਾੜੀ ਖੇਤਰਾਂ ਵਿਚ ਬਨਸਪਤੀ, ਪਸ਼ੂਆਂ, ਪੇੜਾਂ ਅਤੇ ਪਾਣੀ ਤੇ ਨਿਰਭਰ ਲੋਕ ਉਖਾੜ ਦਿੱਤੇ ਜਾਣਗੇ। ਇਹ ਲੋਕ ਬੇ-ਘਰੇ ਹੀ ਨਹੀਂ, ਫਾਲਤੂ ਵੀ ਹੋ ਜਾਣਗੇ ਅਤੇ ਬੇ-ਆਬਾਦ, ਕਿੱਤਾ-ਹੀਣ ਅਤੇ ਬੇਰੁਜ਼ਗ਼ਾਰ। ਸ਼ਹਿਰੀ-ਖੇਤਰਾਂ ਦੇ ਕੇਂਦਰੀਕਰਨ ਰਾਹੀਂ ਕਾਮਿਆਂ ਦੀ ਸਮੂਹਕ ਸੁਰੱਖਿਆ ਨੂੰ ਘਟਾਉਣਾ, ਕਾਮਿਆਂ ਦਾ ਬੇਰੋਕ, ਯੋਜਨਾ-ਰਹਿਤ ਸ਼ਹਿਰੀਕਰਨ ਨਾ ਸਿਰਫ ਰੋਬਟ-ਨੁਮਾ ਜਿੰਦਗੀ ਦਾ ਅਕਸ ਬਣ ਜਾਵੇਗਾ ਸਗੋਂ ਇਹ ਕੁਦਰਤੀ ਵਾਤਾਵਰਣ ਅਤੇ ਬਹੁਤ ਸਾਰੀਆਂ ਪ੍ਰਜਾਤੀਆਂ ਦਾ ਮਲੀਆਮੇਟ ਵੀ ਕਰ ਦੇਵੇਗਾ।

ਹੁਣ ਅਸੀਂ ਇਹ ਵੇਖਣ ਦੀ ਕੋਸ਼ਿਸ਼ ਕਰਾਂਗੇ ਕਿ ਨਵ-ਉਦਾਰਵਾਦ ਦੀ ਮਾਜੂਦਾ ਸਥਿੱਤੀ ਕਿਥੋਂ ਤੀਕ ਹੋਰ ਚਲ ਸਕਦੀ ਹੈ ਅਤੇ ਕੀ ਇਸ ਨੂੰ ਲਗਾਮ ਦਿੱਤਾ ਜਾ ਸਕਦਾ ਹੈ। ਇਹ ਵੀ ਕਿ ਇਸ ਬਾਰੇ ਆਲੇ ਦੁਆਲੇ ਕੀ ਵਾਪਰ ਰਿਹਾ ਹੈ? ਲਾਤੀਨੀ ਅਮਰੀਕਾ ਵਿਚ ਇਸ ਦੀ ਵਿਰੋਧੀ ਲਹਿਰ ਸਦਕਾ ਕਈ ਦੇਸ਼ਾਂ ਵਿਚ ਖੱਬੇ-ਪੱਖੀ ਸਰਕਾਰਾਂ ਹੋਂਦ ਵਿਚ ਆ ਗਈਆਂ ਹਨ। ਕੋਰੀਆ ਦੇ ਕਿਸਾਨ ਨੇਤਾ ਨੇ 2003 ਵਿਚ ਵਿਸ਼ਵ ਬਿਉਪਾਰ ਸੰਗਠਨ ਦੀ ਮੀਟਿੰਗ ਵਿਚ ਆਤਮਹੱਤਿਆ ਕਰ ਲਈ ਸੀ। ਉਹ ਦੱਖਣੀ ਕੋਰੀਆ ਵਿਚ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਵਿਚ ਕੀਤੀ ਕਟੌਤੀ ਖਿਲਾਫ਼ ਅਵਾਜ਼ ਬੁਲੰਦ ਕਰ ਰਿਹਾ ਸੀ। ਕਰਿਸਟਨ ਗੌਡਸੀ ਦੇ ਕਹਿਣ ਮੁਤਾਬਿਕ ਇਸ ਵਿਰੋਧ ਨੂੰ "ਲਾਲ ਉਦਰੇਵਾਂ" ਕਿਹਾ ਹੈ। ਕਮਯੂਨਿਸਟ ਨਿਜ਼ਾਮ ਪ੍ਰਤੀ ਲਾਤੀਨੀ ਅਮਰੀਕੀ ਦੇ ਵਿਚ ਅਜਿਹੀ ਲਾਲ ਲਹਿਰ ਨੇ ਇਸ ਸਦੀ ਦੇ ਆਰੰਭ ਵਿਚ ਖੱਬੀਆਂ ਸਰਕਾਰਾਂ ਸਥਾਪਿਤ ਕੀਤੀਆਂ ਹਨ। ਗਰੀਸ ਅਤੇ ਇਟਲੀ ਨੇ ਪਿੱਛੇ ਜਿਹੇ ਵਿਸ਼ਵ ਮੁਦਰਾ ਕੋਸ਼ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਿਚਾਰ ਹੁਣ ਮਜ਼ਬੂਤ ਸ਼ਕਤੀ ਪਕੜ ਰਿਹਾ ਹੈ ਕਿ ਬਾਜ਼ਾਰ ਹੀ ਕਿਉਂ ਸਮਾਜਿਕ ਜੀਵਨ ਅਤੇ ਨਿੱਜਤਾ ਦੀਆਂ ਸ਼ਰਤਾਂ ਤੈਅ ਕਰੇ। ਲੈਨਿਨ ਨੇ ਕਿਹਾ ਸੀ ਕਿ ਪੂੰਜੀਵਾਦ ਦੀ ਆਖ਼ਰੀ ਸਟੇਜ ਸਾਮਰਾਜ ਹੁੰਦੀ ਹੈ। ਸੋ ਆਮ ਲੋਕਾਂ ਵਿਚ ਨਵ-ਉਦਾਰਵਾਦ ਖਿਲਾਫ ਜਥੇਬੰਦੀ ਹੌਲੇ ਹੌਲੇ ਸਥਾਪਿਤ ਹੋ ਰਹੀ ਹੈ। ਸਹਿਕਾਰਤਾ ਦੀਆਂ ਲਹਿਰਾਂ ਦਾ ਉਥਾਨ, ਲੋਕ-ਸਮੂਹੀ ਭਾਵਨਾ ਦਾ ਵਿਕਾਸ ਅਤੇ ਆਪੋ ਆਪਣੇ ਖਿੱਤੇ ਅਤੇ ਮਿੱਟੀ ਨਾਲ ਲਗਾਓ ਅਤੇ ਜੁੜਾਵ, ਘਰੇਲੂ ਅਤੇ ਲਘੂ ਉਦਯੋਗ, ਛੋਟੀਆਂ ਪੱਧਰਾਂ 'ਤੇ ਨਿੱਕੇ ਨਿੱਕੇ ਕੰਮਾਂ ਵਾਲੇ ਰੁਝੇਵਿਆਂ ਦਾ ਰੁਝਾਨ, ਸਥਾਨਿਕਤਾ ਜਾਂ ਡੀ-ਗਲੋਬਲਾਈਜੇਸ਼ਨ ਅਤੇ ਰਾਜਨੀਤਕ ਚੇਤਨਤਾ ਹੀ ਸਾਨੂੰ ਇਸ ਵਿਸ਼ਵ-ਵਿਆਪੀ ਨਵ-ਉਦਾਰਵਾਦੀ ਪਸਾਰ ਦੁਆਰਾ ਉਤਪੰਨ ਆਰਥਕ ਤਬਾਹੀ ਅਤੇ ਮਾਨਵੀ ਮੁੱਲਾਂ ਦੇ ਅੰਨ੍ਹੇਵਾਹ ਖਿਲਵਾੜ ਤੋਂ ਬਚਾ ਸਕਦੀ ਹੈ।

**ਪੁਸਤਕ ਚਰਚਾ**

# ਨਾਟਕਾਂ ਦੀ ਕਿਤਾਬ 'ਬੇਸਮੈਂਟ ਵਿਚ ਤਰੇੜ ਹੈ' ਖੋਖਲੇ ਸਮਾਜ ਨੂੰ ਢਾਹ ਕੇ ਦੁਬਾਰਾ ਉਸਾਰਨ ਦੀ ਗੱਲ ਕਰਦੀ ਹੈ



ਬਲਜਿੰਦਰ ਸੰਘਾ
403-680-3212

ਡਾ. ਸਾਹਿਬ ਸਿੰਘ ਦੇ ਖੁਦ ਕਹਿਣ ਅਨੁਸਾਰ- "ਮੈਂ ਨਾਟਕ ਲਈ ਹੀ ਬਣਿਆ ਹਾਂ, ਰੰਗਮੰਚ ਮੇਰੀ ਰੂਹ ਦੀ ਖੁਰਾਕ ਹੈਮੈਂ ਅੱਜ ਕੱਲ੍ਹ ਰੰਗਮੰਚ ਖਾਂਦਾ ਹਾਂ, ਰੰਗਮੰਚ ਪੀਂਦਾ ਹਾਂ ਤੇ ਰੰਗਮੰਚ ਦੇ ਹੀ ਸੁਪਨੇ ਲੈਂਦਾ ਹਾਂਲੋਕ ਪੱਖੀ ਰੰਗਮੰਚ"

ਗੱਲ ਸਪੱਸ਼ਟ ਹੈ ਕਿ ਇੱਕ ਤਾਂ ਅਜਿਹੀ ਪ੍ਰਤੀਬੱਧਤਾ ਵਾਲਾ, ਦੂਸਰਾ ਲੋਕ ਪੱਖੀ ਵਿਅਕਤੀ ਸਮਾਜ ਨੂੰ ਹੋਰ ਨਰੋਆ ਅਤੇ ਸਭ ਦੇ ਰਹਿਣ ਲਈ ਮੋਕਲਾ ਕਰਨ ਬਾਰੇ ਬਹੁਤ ਗੰਭੀਰਤਾ ਨਾਲ ਹੀ ਸੋਚੇਗਾ, ਨਾਟਕ ਲਿਖੇਗਾ ਅਤੇ ਸਮਾਜ ਦੇ ਸਰੋਕਾਰ ਸਮਾਜ ਦੇ ਸਾਹਮਣੇ ਲੈ ਕੇ ਆਵੇਗਾ। ਜੇਕਰ ਉਸ ਸਮਾਜ ਰੂਪੀ ਰੁੱਖ ਦੀ ਬਿਮਾਰੀ ਦਾ ਪਤਾ ਹੈ, ਬਿਮਾਰੀ ਦੇ ਪਿੱਛੇ ਦੇ ਕਾਰਨਾਂ ਦਾ ਵੀ ਪਤਾ ਹੈ ਤਾਂ ਉਹ ਉਸ ਦੀਆਂ ਟਾਹਣੀਆਂ ਦਾ ਇਲਾਜ ਨਹੀਂ ਕਰੇਗਾ ਬਲਕਿ ਉਹ ਉਸ ਦੀਆਂ ਜੜ੍ਹਾਂ ਪੱਟੇਗਾ ਤਾਂ ਕਿ ਉਸ ਦੀ ਥਾਂ ਹੋਰ ਨਰੋਆ ਬੂਟਾ ਲਗਾਇਆ ਜਾ ਸਕੇ ਜਿਸ ਦੀਆਂ ਜੜ੍ਹਾਂ ਤੰਦਰੁਸਤ ਹੋਣ।

ਬਿਲਕੁਲ ਇਸੇ ਹਿਸਾਬ ਅਤੇ ਤਰਜ਼ ਤੇ ਹੀ ਡਾ.ਸਾਹਿਬ ਸਿੰਘ ਦਾ ਨਾਟਕ 'ਬੇਸਮੈਂਟ ਵਿਚ ਤਰੇੜ ਹੈ' ਚੱਲਦਾ ਹੈ। ਮੈਨੂੰ ਖੁਸ਼ੀ ਹੈ ਕਿ ਮੈਂ ਇਸ ਨਾਟਕ ਦਾ ਪਹਿਲਾ ਸ਼ੋਅ ਦੇਖਿਆ ਜੋ ਇਸ ਕਿਤਾਬ ਦੇ ਛਪਣ ਤੋਂ ਪਹਿਲਾ 27 ਸਤੰਬਰ 2025 ਨੂੰ ਕੈਲਗਰੀ ਵਿਚ ਡਾ. ਸਾਹਿਬ ਸਿੰਘ ਨੇ ਪ੍ਰੋਗਰੈਸਿਵ ਕਲਰਲ ਐਸੋਸ਼ੀਏਸ਼ਨ ਕੈਲਗਰੀ ਦੇ ਉਪਰਾਲੇ ਨਾਲ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਨੂੰ ਤਿਆਰੀ ਕਰਵਾ ਕੇ ਖੇਡਿਆ।

ਨਾਟਕ ਸਾਡੀ ਪੰਜਾਬੀਆਂ ਦੀ ਕੈਨੇਡਾ ਵਿਚਲੀ ਪਿੱਤਰਸੱਤਾ ਦੀ ਕਹਾਣੀ ਹੈ ਉਹ ਪਿੱਤਰਸੱਤਾ ਜੋ ਨਾਟਕ ਦੀ ਪਾਤਰ ਬਲਪ੍ਰੀਤ ਕਹਿੰਦੀ ਹੈ 'ਸਾਡੇ ਆਲੇ ਬੈਲਟ 'ਤੇ ਜਾਣ ਆਲੇ ਬੈਗ ਵਿਚ ਪਾ ਕੇ ਲਿਆਉਂਦੇ ਆ'। ਘਰਾਂ ਵਿਚ ਪਨਪਦੀ ਇਹ ਪਿੱਤਰਸੱਤਾ ਜਦੋਂ ਹੌਲੀ ਹੌਲੀ ਸਮੇਂ ਅਨੁਸਾਰ ਰੰਗ ਫੜਦੀ ਹੈ ਤਾਂ ਇਸਦੀ ਭਿਣਕ ਆਸੇ ਪਾਸੇ ਪੈਂਦੀ ਹੈ ਨਾਟਕ ਵਿਚ ਇਸੇ ਫੈਲਦੀ ਭਿਣਕ ਨੂੰ ਬੋਅ ਦਾ ਨਾਮ ਦਿੱਤਾ ਗਿਆ ਹੈ ਜਦੋਂ ਇਹ ਬੋਅ ਸਮਾਜ ਦੇ ਨੱਕ ਤੱਕ ਪਹੁੰਚਦੀ ਹੈ ਤਾਂ-ਸਮਾਜ ਨੱਕ ਵੀ ਢੱਕਦਾ ਹੈ, ਪਰ ਘਰ ਦੀਆਂ ਖਿੜਕੀਆਂ-ਦਰਵਾਜ਼ਿਆ ਰਾਹੀਂ ਨੇੜੇ ਆ ਆ ਸੁੰਘਦਾ ਵੀ ਹੈ, ਰੌਲਾ ਵੀ ਪਾਉਂਦਾ ਹੈ, ਮਜਾਕ ਵੀ ਕਰਦਾ ਹੈ, ਅਨੰਦ ਵੀ ਲੈਂਦਾ ਹੈ ਅਤੇ ਸੰਜੀਦਾ ਹੋਕੇ ਉਹਨਾਂ ਪਰਿਵਾਕ ਮੈਂਬਰਾਂ ਦੀ ਗੱਲ ਵੀ ਸੁਣਦਾ ਹੈ ਜਿਨ੍ਹਾਂ ਦੇ ਨੱਕ ਇਸ ਬੋਅ ਦੇ ਮਾਹੌਲ ਵਿਚ ਸਾਹ ਤਾਂ ਬਹੁਤ ਚਿਰ ਦੇ ਲੈ ਰਹੇ ਹਨ ਪਰ ਬੋਲਦੇ ਨਹੀਂ ਅਤੇ ਬੋਅ ਬਾਰੇ ਗੱਲ ਵੀ ਨਹੀਂ ਕਰਦੇ ਤੇ ਜਾਂ ਫਿਰ ਕਦੇ ਕਦੇ ਸਿਰਫ਼ ਆਪਣੇ-ਆਪਣੇ ਹਿੱਸੇ ਦਾ ਬੋਲਦੇ ਹਨ।




ਨਾਟਕ ਸਭ ਕੁਝ ਦਿਖਾਉਂਦਾ, ਸਮਝਾਉਂਦਾ ਬੜੀ ਸੰਜੀਦਗੀ ਨਾਲ ਅੱਗੇ ਵੱਧਦਾ ਹੈ। ਇਕ ਪਰਿਵਾਰ ਰਾਹੀਂ ਸਾਡੇ ਪੂਰੇ ਸਮਾਜ ਦੀ ਬਣਤਰ ਦਾ ਚਿੱਤਰਨ ਪੇਸ਼ ਕਰਦਾ ਹੈ। ਦਾਦੀ ਤੇ ਦਾਦੇ ਵਿਚੋਂ ਘਰ ਵਿਚ ਫੈਲ ਰਹੀ ਇਸ ਪਿੱਤਰਸੱਤਾ ਅਤੇ ਇਸ ਦੇ ਟਕਰਆ ਦੀ ਬੋਅ, ਸਲਾਬ੍ਹ ਅਤੇ ਜਲਨ ਨੂੰ ਦਾਦੀ ਮਹਿਸੂਸ ਕਰਦੀ ਹੈ ਕਿ ਮਰਦਾਵੀਂ ਧੌਂਸ ਦਾ ਪੂਰਾ ਚਿੱਠਾ ਸਾਡੇ ਸਮਾਜ ਦੀ ਔਰਤ ਦੀ ਜ਼ਿੰਦਗੀ ਕਿਵੇਂ ਨਿਚੋੜ ਜਾਂਦਾ ਹੈ ਅਤੇ ਉਹ ਚੁੱਪ ਰਹਿੰਦੀ ਹੈ, ਇਹ ਇਸ ਨਾਟਕ ਵਿਚ ਸਾਡੀ ਬਜ਼ੁਰਗ ਹੋ ਚੁੱਕੀ ਪੀੜ੍ਹੀ ਦਾ ਨਾਟਕੀ ਬਿਰਤਾਂਤ ਹੈ। ਦਾਦੀ ਦੇ ਆਪਣੇ ਪਤੀ ਬਾਰੇ ਬੋਲ ਹਨ- ਇਹਦਾ ਨੱਕ ਤਾਂ ਬਾਹਲਾ ਉੱਚਾ ਹੈ ਅਤੇ ਉਸਦੇ ਅੰਦਰੋਂ ਦੱਬੀ ਹੋਈ ਔਰਤ ਬੁਢਾਪੇ ਵਿਚ ਆਪਣਾ ਮੂੰਹ ਖੋਲ੍ਹਦੀ ਹੈ ਜੋ ਨਾਟਕ ਵਿਚ ਇਸ ਗੱਲ ਦਾ ਸੂਚਕ ਹੈ ਕਿ ਹੁਣ ਪਿੱਤਰਸੱਤਾ ਟੁੱਟਣ ਲੱਗੀ ਹੋਣ ਕਰਕੇ ਉਹ ਵੀ ਬੋਲ ਰਹੀ ਹੈ ਪਰ ਪੂਰੀ ਜ਼ਿੰਦਗੀ ਦੇ ਪੱਤੇ ਇਸ ਪਿੱਤਰਸੱਤਾ ਦੇ ਦਬਦਬੇ ਅਧੀਨ ਹੀ ਖੇਡ ਚੁੱਕੀ ਹੈ ਅਤੇ ਪਾਤਰ ਦਾਦੇ (ਆਪਣੇ ਪਤੀ ਦੀ ਨਕਲ ਉਤਾਰਦੀ) ਕਹਿੰਦੀ ਹੈ: ਉੱਥੇ ਨਾ ਚਲੀ ਜਾਵੀਂ, ਹੋਰ ਨਾ ਮੇਰਾ ਨੱਕ ਵਢਾ ਦਈਂ, ਉੱਥੇ ਅੱਗੇ ਹੋਕੇ ਨਾ ਖੜ੍ਹ ਜਾਵੀਂ, ਆ ਨਾ ਪਾ ਲਵੀਂ, ਉਹ ਨਾ ਪਾ ਲਵੀਂ, ਅੱਗੇ ਕਹਿੰਦੀ ਹੈ ਸੁਰਖੀ ਪੌਡਰ ਲਾ ਕੇ ਚਲੀ ਗਈ ਤਾਂ ਤੂੰ ਮੇਰਾ ਨੱਕ ਵਢਾ ਦਿੱਤਾ ਮੇਰੇ ਸਿਰੋਂ ਚੁੰਨੀ ਲਹਿ ਗਈਤਾਂ ਤੂੰ ਮੇਰਾ ਨੱਕ ਵਢਾ ਦਿੱਤਾ ਤੇ ਹੋਰ ਬਹੁਤ ਕੁਝ।

**ਇਹ ਪੁਸਤਕ 4 ਅਕਤੂਬਰ ਨੂੰ ਕੈਲਗਰੀ ਵਿਖੇ ਨਾਟਕ ਸਮਾਗਮ ਦੌਰਾਨ ਡਾ. ਸਾਹਿਬ ਨਾਲ ਰਿਲੀਜ਼ ਕਰਨਗੇ**

ਨਾਟਕ ਦਾ ਲਹਿਜ਼ਾ, ਮਜਾਕੀਆਂ, ਸਰਲ ਅਤੇ ਆਮ ਬੋਲੀ ਦਾ ਹੈ। ਸਾਡੇ ਸਮਾਜ ਵਿਚ ਜੋ ਘਰੇਲੂ ਹਿੰਸਾ ਹੈ ਇਸ ਦੇ ਕਾਰਨ ਚਾਹੇ ਬਹੁਤ ਸਾਰੇ ਰੂਪਾਂ ਵਿਚ ਸਾਹਮਣੇ ਆਉਂਦੇ ਹਨ ਪਰ ਇਸ ਦੇ ਬਹੁਤੇ ਕਾਰਨਾਂ ਪਿੱਛੇ ਸਾਡੀ ਸਦੀਆਂ ਦੀ ਮਰਦ ਪ੍ਰਧਾਨ ਮਾਨਸਿਕਤਾ ਹੀ ਹੈ, ਜਿਸ ਵੱਲ ਕਦੇ ਅਸੀਂ ਧਿਆਨ ਹੀ ਨਹੀਂ ਦਿੱਤਾ ਅਤੇ ਨਾਟਕ ਵਿਚ ਇਸ ਬਾਰੇ ਬਾਰ ਬਾਰ ਕਿਹਾ ਗਿਆ ਹੈ "ਇਹ ਤਾਂ ਆਏ ਹੀ ਚੱਲਦਾ ਇਸ ਵਿਚ ਮਾੜਾ ਕੀ ਆ, ਬਿਲਡਰ ਨਾਮ ਦਾ ਪਾਤਰ ਇਸ ਬਾਰੇ (ਜੋ ਇਕ ਸਮਾਜ ਸੁਧਾਰਕ ਸੰਸਥਾ ਨਾਲ ਵੀ ਕੰਮ ਕਰਦਾ ਹੈ) ਕਹਿੰਦਾ ਹੈ "ਬਈ ਤੁਹਾਡੇ ਵਾਲੀ ਵੀ ਹੱਦ ਐ ਘਰ 'ਚ ਮੋਲਡ (ਉੱਲੀ) ਲੱਗੀ ਐ! ਤੁਸੀਂ ਧਿਆਨ ਈ ਨਹੀਂ ਦਿੱਤਾ ਇਸ ਵੱਲਹੁਣ ਸਾਰਾ ਘਰ ਚੈਕ ਕਰਨਾ ਪਊ।

ਪਿੱਤਰਸੱਤਾ ਕਿਵੇਂ ਕਿਵੇਂ ਸਮਾਜ ਨੂੰ ਬਿਮਾਰ ਕਰੀ ਅਤੇ ਜਕੜੀ ਬੈਠੀ ਹੈ ਇਹ ਇਸ ਨਾਟਕ ਰਹੀ ਪੇਸ਼ ਕੀਤਾ ਗਿਆ ਹੈ। ਬਲਪ੍ਰੀਤ ਦੇ ਪਤੀ ਕੁਲਬੀਰ ਦੇ ਰੂਪ ਵਿਚ, ਦਾਦੇ ਦੇ ਰੂਪ ਵਿਚ, ਸੰਵਾਦ ਵਿਚ ਆਉਂਦੇ ਬਲਪ੍ਰੀਤ ਦੇ ਡੈਡੀ ਦੇ ਰੂਪ ਵਿਚ ਇਸੇ ਤਰ੍ਹਾਂ ਸਿਮਰਨ ਦੇ ਪਤੀ ਦੇ ਰੂਪ ਵਿਚ। ਨਾਟਕ ਦਿਖਾਉਂਦਾ ਹੈ ਕਿ ਉੱਪਰੋਂ ਲਿਸ਼ਕਦਾ-ਪੁਸ਼ਕਦਾ ਦਿੱਸਦਾ ਸਾਡਾ ਸਮਾਜ ਅੰਦਰੋਂ ਸਿਮਰਨ ਦੇ ਪਤੀ ਦੀ ਬਨੈਣ ਵਰਗਾ ਮੋਰੀਆਂ ਵਾਲਾ ਅਤੇ ਮੁਸ਼ਕ ਮਾਰਦਾ ਹੈ, ਜਿਵੇਂ ਉਹ ਅੰਦਰਲੇ ਕੱਪੜਿਆਂ ਦੀ ਪਰਵਾਹ ਨਹੀਂ ਕਰਦਾ ਉਸੇ ਤਰ੍ਹਾਂ ਅਸੀਂ ਬਾਹਰੋਂ ਸ਼ੇਖੀਆਂ ਮਾਰਦੇ ਹਾਂ। ਸ਼ਇਦ ਹੁਣ ਗੋਰਿਆਂ ਨੂੰ ਵੀ ਸਾਡੇ ਅੰਦਰ ਦੇ ਸਮਾਜ ਦਾ ਪੂਰਾ ਗਿਆਨ ਹੋ ਗਿਆ ਹੈ ਤੇ ਇਸੇ ਕਰਕੇ ਚਾਹੇ ਅਸੀਂ ਬਾਹਰੋਂ ਰੋਜਾਨਾ ਸੇਵਾਦਾਰਾਂ ਵਾਲਾ, ਧਰਮ ਦੇ ਲਿਬਾਸ ਵਿਚ ਕੱਜਿਆ, ਲਿਸ਼ਕਦਾ-ਪੁਸ਼ਕਦਾ, ਲੋੜਵੰਦਾਂ ਦੇ ਕੰਮ ਆਉਣ ਵਾਲਾ, ਧਾਰਮਿਕ ਹੋਣ ਦਾ ਦਿਖਾਵਾ ਅਤੇ ਚੋਚਲੇ ਕਰੀਏ ਪਰ ਉਹ ਹੁਣ ਸਾਡਾ ਕੁਟਾਪਾ ਹੀ ਚਾੜ੍ਹਦੇ ਹਨ।

ਨਾਟਕ ਵਿਚ ਹੋਰ ਬਹੁਤ ਸਾਰੇ ਸੰਵਾਦ ਹਨ ਜੋ ਹਰ ਗੱਲ ਬੜੀ ਸਰਲ ਅਤੇ ਸਪੱਸ਼ਟ ਦਰਸ਼ਕਾਂ ਦੇ ਖਾਨੇ ਪਾਉਂਦੇ ਹਨ ਅਤੇ ਨਾਲ-ਨਾਲ ਸੰਜੀਦਗੀ ਅਤੇ ਸੰਵੇਦਨਾ ਬਹੁਤ ਵਾਰ ਮਨ ਭਰ ਦਿੰਦੀ ਹੈ ਜਦੋਂ ਇਹੋ ਜਿਹੇ ਸਵਾਲ ਉੱਠਦੇ ਹਨ ਜਿਵੇਂ ਬਲਪ੍ਰੀਤ ਆਪਣੇ-ਆਪ ਨਾਲ ਗੱਲ ਕਰਦੀ ਹੈ

"ਮੇਰਾ ਘਰ ਕਿਹੜਾ ਹੈ! ਘਰ ਕਿਸ ਸ਼ੈਅ ਨੂੰ ਕਹਿੰਦੇ ਆ, ਮੈਨੂੰ ਤਾਂ ਨ੍ਹੀ ਪਤੈਪੇਕੀਂ ਸੀ ਤਾਂ ਮੰਮੀ ਡੈਡੀ ਕਹਿੰਦੇ ਰਹੇ, ਪੇਕਾ ਘਰ ਪਰਾਇਆ, ਅਸਲ ਘਰੇ ਤੂੰ ਵਿਆਹ ਕੇ ਜਾਣੈ!"

"ਥੋਨੂੰ ਕੁੜੀ ਨਹੀਂ, ਫਿਕਸਿੰਗ ਮਸ਼ੀਨ ਚਾਹੀਦੀ ਸੀਪਰ ਥੋਡੇ ਮੁੰਡੇ ਦੀ ਪ੍ਰਾਬਲਮ ਫਿਕਸ ਕਰਦੀ ਕਰਦੀ ਮੈਂ ਖੁਦ ਹਿੱਲ ਗਈ ਆਂ

ਸਿਮਰਨ: "ਹਾਂ ਅਸੀਂ ਭੂਤਨੀਆਂ ਹਾਂ ਚੁੜੇਲਾਂ! 'ਤੇ ਜਿਨ੍ਹਾਂ ਵੱਡੇ ਵੱਡੇ ਮਕਾਨਾਂ 'ਚ ਰਹਿੰਨੀਆਂ, ਉਹ ਸਿਵੇ ਨੇ ਸਿਵਿਆਂ ਦੀ ਮਾਲਕੀ ਭੂਤਾਂ ਕੋਲ ਆ, ਚੁੜੇਲਾਂ ਸਿਰਫ਼ ਨੱਚਣ ਲਈ ਨੇ"

ਸਮੂਹ: "ਸੱਭਿਅਤਾ ਦੇ ਹਾਂ ਪਹਿਰੇਦਾਰ ਪਰ ਸੱਭਿਅਕ ਹੋਣੋ ਮੁਨਕਰ ਹਾਂ।"

ਪੂਰੇ ਨਾਟਕ ਵਿਚ ਕੀ ਹੁੰਦਾ ਹੈ, ਕੀ ਬਿਲਡਰ ਇਸ ਸਮਾਜ ਰੂਪੀ ਘਰ ਦੀ ਬੋਅ, ਜਲਣ, ਸਲ੍ਹਾਬ ਅਤੇ ਮੋਲਡ ਨੂੰ ਪਛਾਣਕੇ ਇਸ ਨੂੰ ਠੀਕ ਕਰਦਾ ਜਾਂ ਪੂਰਾ ਘਰ ਢਾਹ ਕੇ ਦੁਬਾਰਾ ਬਣਾਉਣ ਦੀ ਸਲਾਹ ਦਿੰਦਾ, ਘਰ ਦੇ ਜੀਆਂ ਦੀ ਇਸ ਬਾਰੇ ਸੋਚ ਅਤੇ ਨਜ਼ਰੀਆਂ ਕੀ ਹੈ, ਇਸ ਬਾਰੇ ਮੈਂ ਹੋਰ ਨਹੀਂ ਲਿਖਾਗਾਂ ਤਾਂ ਕਿ ਆਪ ਸਭ ਦੀ ਨਾਟਕ ਪ੍ਰਤੀ ਖਿੱਚ ਬਣੀ ਰਹੇ ਅਤੇ ਇਹ ਸਭ ਤੁਸੀਂ ਇਸ ਕਿਤਾਬ ਨੂੰ ਖਰੀਦ ਕੇ ਪੜੋ ਅਤੇ ਆਪਣੀ ਲਾਇਬਰੇਰੀ ਦਾ ਹਿੱਸਾ ਬਣਾਓ ਜਾਂ ਡਾ.ਸਾਹਿਬ ਸਿੰਘ ਨੂੰ ਸੱਦਾ ਦਿਓ ਕਿ ਤੁਹਾਡੇ ਸ਼ਹਿਰ ਆਕੇ ਵੀ ਇਸ ਨਾਟਕ ਦਾ ਸ਼ੋਅ ਕਰਨ।

ਇਸ ਤੋਂ ਬਿਨਾਂ ਇਸ ਕਿਤਾਬ ਵਿਚ ਸਾਡੇ ਸਮਾਜ ਦੀਆਂ ਹੋਰ ਸਮੱਸਿਆ ਬਾਰੇ ਸਭ ਪਹਿਲੂ ਫਰੋਲਦੇ ਦੋ ਨਾਟਕ 'ਐਲ.ਐਮ.ਆਈ.' ਅਤੇ 'ਤੇਰੀ ਕਹਾਣੀ ਮੇਰੀ ਕਹਾਣੀ' ਦਰਜ ਹਨ, ਜਿਨ੍ਹਾਂ ਬਾਰੇ ਲੇਖ ਦੀ ਲੰਬਾਈ ਨੂੰ ਧਿਆਨ ਵਿਚ ਰੱਖਿਦਆ ਇਸ ਲੇਖ ਵਿਚ ਗੱਲ ਨਹੀਂ ਕੀਤੀ ਜਾ ਸਕਦੀ।

ਡਾ. ਸਾਹਿਬ ਸਿੰਘ ਨੇ ਆਪਣੇ ਵੱਲੋਂ ਲਿਖੇ ਸ਼ਬਦਾ ਵਿਚ ਬੜੀ ਰੋਚਕਤਾਂ ਨਾਲ ਨਾਟਕ 'ਐਲ.ਐਮ.ਆਈ.' ਤੇ 'ਬੇਸਮੈਂਟ ਵਿਚ ਤਰੇੜ ਹੈ' ਦੇ ਲਿਖਣ ਅਤੇ ਇਹਨਾਂ ਦੇ ਕੈਲਗਰੀ ਵਿਚ ਪਹਿਲੇ ਸ਼ੋਅ ਲਈ ਪਾਤਰਾਂ ਦੀ ਚੋਣ, ਮਾਸਟਰ ਭਜਨ ਸਿੰਘ, ਇਹਨਾਂ ਦੀ ਬੇਟੀ ਕਮਲਪ੍ਰੀਤ ਪੰਧੇਰ, ਦੋਹਾਂ ਦੇ ਪਰਿਵਾਰਾਂ ਦੇ ਯੋਗਦਾਨ ਬਾਰੇ ਗੱਲ ਕੀਤੀ ਹੈ। ਨਾਟਕ ਵਿਚ ਪਾਤਰ ਬਣਨ ਵਾਲੀਆਂ ਹਸਤੀਆਂ ਕਮਲਪ੍ਰੀਤ ਪੰਧੇਰ, ਹਰਪ੍ਰੀਤ ਪੰਨੂ, ਸੰਦੀਪ ਕੌਰ ਗਿੱਲ, ਕਮਲ ਸਿੱਧੂ, ਬਲਜਿੰਦਰ ਢਿੱਲੋਂ, ਨਵਕਰਨ ਢੁੱਡੀਕੇ, ਆਰੀਅਨ ਪਾਲ, ਅਮਰਵੀਰ ਕੌਰ ਭੱਠਲ, ਵਿਜੇ ਸਚਦੇਵਾ, ਜੱਸ ਲੰਮ੍ਹੇ, ਰਾਜਵਿੰਦਰ ਸਿੰਘ ਢਿੱਲੋਂ, ਅਨਿਆ ਪਾਲ, ਮੰਨਤ ਕੌਰ ਗਿੱਲ, ਜਪਰਾਜ ਸਿੰਘ, ਸੁਖਮਨੀ ਸਿੱਧੂ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਅਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਨਾਲ ਜੁੜਨ ਅਤੇ ਡਾ. ਸਾਹਿਬ ਸਿੰਘ ਨਾਲ ਨਾਟਕ ਕਰਨ ਅਤੇ ਸਿੱਖਣ ਬਾਰੇ ਆਪਣੇ ਵਿਚਾਰ 'ਦਿਲ ਦੀਆਂ ਗੱਲਾਂ' ਸਿਰਲੇਖ ਹੇਠ ਸਾਂਝੇ ਕੀਤੇ ਹਨ। ਨਾਟਕਾਂ ਦੇ ਸ਼ੋਆ ਦੀਆਂ ਯਾਦਗਾਰੀ ਤਸਵੀਰਾਂ ਵੀ ਕਿਤਾਬ ਦਾ ਹਿੱਸਾ ਹਨ।

ਡਾ. ਸਾਹਿਬ ਸਿੰਘ ਨੇ ਲਿਖਿਆ ਹੈ ਕਿ ਇਹ ਨਾਟਕ ਮੇਰੇ ਲਈ ਖਾਸ ਦਰਜਾ ਰੱਖਦੇ ਹਨ ਕਿਉਂਕਿ ਇਹ ਸਮੂਹਕ ਕੋਸ਼ਿਸ਼ਾਂ ਨਾਲ ਹੋਂਦ ਵਿਚ ਆਏ ਹਨ। ਇਸ ਤਰ੍ਹਾਂ ਉਹਨਾਂ ਨਵੇਂ ਵਿਸ਼ਿਆਂ ਨੂੰ ਨਾਟਕੀ ਰੂਪ ਵਿਚ ਢਾਲਣ ਦਾ ਮਾਣ ਆਪ ਲੈਣ ਤੋਂ ਵੱਧ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਨੂੰ ਦਿੱਤਾ ਹੈ।

ਇਸ ਕਿਤਾਬ ਨੂੰ 'ਚੇਤਨਾ ਪ੍ਰਕਾਸ਼ਨ' ਵੱਲੋਂ ਛਾਪਿਆ ਗਿਆ ਹੈ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.), ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ ਸਪਾਂਸਰ ਕੀਤਾ ਗਿਆ ਹੈ। ਮਾਸਟਰ ਭਜਨ ਸਿੰਘ ਵੱਲੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਪੂਰੇ ਇਤਿਹਾਸ, ਗਤੀਵਿਧੀਆਂ, ਵਿਸ਼ੇਸ਼ ਸਰਗਰਮੀਆਂ, ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਬਾਰੇ ਜਾਣਕਾਰੀ ਭਰਪੂਰ ਲੇਖ ਕਿਤਾਬ ਦੇ ਅਰੰਭ ਵਿਚ ਲਿਖਿਆ ਗਿਆ ਹੈ ਜਿਸ ਨੂੰ ਪੜ੍ਹਕੇ ਸੰਸਥਾ ਦੇ ਅਥਾਹ ਕੰਮਾਂ ਬਾਰੇ ਜਾਣਕਾਰੀ ਮਿਲਦੀ ਹੈ। ਆਪ ਸਭ ਨੂੰ ਇਸ ਕਿਤਾਬ ਨੂੰ ਪੜ੍ਹਨ ਅਤੇ ਨਾਟਕਾਂ ਵਿਚ ਪੇਸ਼ ਕੀਤੇ ਸਮਾਜ ਦੇ ਸਰੋਕਾਰਾਂ ਬਾਰੇ ਚੇਤਨ ਹੋਣ ਦੀ ਸਨਿਮਰ ਬੇਨਤੀ ਹੈ।

# ਮੀਡੀਆ ਅਤੇ ਪੱਤਰਕਾਰਤਾ ਨੂੰ ਦਰਬਾਰੀ ਬਣਾਉਣ ਲਈ ਸੱਤਾ ਦੇ ਹਮਲੇ



ਬੂਟਾ ਸਿੰਘ
ਮਹਿਮੂਦਪੁਰ
94634-74342

ਮੋਦੀ ਸਮੇਤ ਸਰਕਾਰੀ ਤੇ ਗ਼ੈਰਸਰਕਾਰੀ ਭਗਵਾ ਨੁਮਾਇੰਦੇ ਦੇਸ਼-ਬਦੇਸ਼ ਵਿਚ ਦਾਅਵੇ ਕਰਦੇ ਦੇਖੇ ਜਾ ਸਕਦੇ ਹਨ ਕਿ ਸਾਡੇ ਤਾਂ ਡੀ.ਐੱਨ.ਏ. ਵਿਚ ਲੋਕਤੰਤਰ ਹੈ! ਹਾਲਾਂਕਿ ਸਭ ਤੋਂ ਵੱਧ ਜੇਕਰ ਕੋਈ ਪ੍ਰੈੱਸ ਅਤੇ ਪੱਤਰਕਾਰਾਂ ਦੇ ਸਵਾਲਾਂ ਦਾ ਸਾਹਮਣਾ ਕਰਨ ਤੋਂ ਭੈਅਭੀਤ ਹੈ ਤਾਂ ਉਹ ਇਹੀ ਸੰਘੀ ਲਾਣਾ ਹੈ। ਜੇਕਰ ਕੋਈ ਸਟੇਟ ਸੱਤਾ ਦੇ ਗੁਣ ਗਾਉਣ ਵਾਲੇ ਦਰਬਾਰੀ ਪੱਤਰਕਾਰਾਂ ਨੂੰ ਦਿੱਤੀ ਖੁੱਲ੍ਹ ਖੇਡ ਨੂੰ ਪ੍ਰੈੱਸ ਦੀ ਆਜ਼ਾਦੀ ਦੱਸਦਾ ਹੈ ਤਾਂ ਇਹ ਉਸਦੀ ਇਸ ਆਜ਼ਾਦੀ ਪ੍ਰਤੀ ਵਚਨਬੱਧਤਾ ਦਾ ਸਬੂਤ ਬਿਲਕੁਲ ਨਹੀਂ ਹੈ। ਪ੍ਰੈੱਸ ਦੀ ਆਜ਼ਾਦੀ ਦੀ ਅਸਲ ਪਰਖ ਉਦੋਂ ਹੁੰਦੀ ਹੈ, ਜਦੋਂ ਘੋਖੀ ਪੱਤਰਕਾਰ ਰਾਜਨੀਤਕ ਬਿਆਨਾਂ ਨੂੰ ਜਨਤਕ ਜਵਾਬਦੇਹੀ ਦਾ ਬਦਲ ਮੰਨਣ ਤੋਂ ਇਨਕਾਰ ਕਰਦੇ ਹਨ, ਜਦੋਂ ਉਹ ਸੱਤਾ ਨੂੰ ਅਸਹਿਜ ਕਰਨ ਵਾਲੇ ਸਵਾਲ ਪੁੱਛਦੇ ਹਨ, ਜਦੋਂ ਉਹ ਸਰਕਾਰੀ ਕਾਰਗੁਜ਼ਾਰੀ ਦੀ ਜਾਂਚ ਕਰਦੇ ਹਨ ਅਤੇ ਜਦੋਂ ਉਹ ਰਾਜਕੀ ਤੇ ਹਕੂਮਤੀ ਪੁਸ਼ਤ-ਪਨਾਹੀ ਵਾਲੀ ਹਿੰਸਾ ਦੀ ਬੇਬਾਕੀ ਨਾਲ ਰਿਪੋਰਟਿੰਗ ਕਰਦੇ ਹਨ। ਕਈ ਕਸ਼ਮੀਰੀ ਤੇ ਹੋਰ ਪੱਤਰਕਾਰ ਬੇਬਾਕ ਰਿਪੋਰਟਿੰਗ ਕਾਰਨ ਸਾਲਾਂ ਤੋਂ ਜੇਲ੍ਹੀਂ ਡੱਕੇ ਹੋਏ ਹਨ। ਇਸ ਜਾਵੀਏ ਤੋਂ ਦੇਖਿਆਂ ਪ੍ਰੈੱਸ ਦੀ ਆਜ਼ਾਦੀ ਹੁਣ ਕਸ਼ਮੀਰ ਅਤੇ ਹੋਰ 'ਅੱਤਵਾਦ ਪ੍ਰਭਾਵਿਤ' ਇਲਾਕਿਆਂ ਤੋਂ ਪਾਰ ਜਾ ਕੇ ਪੂਰੇ ਭਾਰਤ ਵਿੱਚ ਹੁਣ ਤੱਕ ਦੇ ਸਭ ਤੋਂ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੀ ਹੈ।

ਇਹ ਖ਼ਤਰਾ ਸਿਰਫ਼ ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ, ਮੁਕੱਦਮਿਆਂ, ਛਾਪੇਮਾਰੀਆਂ ਅਤੇ ਸਿੱਧੀ ਸੈਂਸਰਸ਼ਿਪ ਵਿੱਚ ਹੀ ਨਜ਼ਰ ਨਹੀਂ ਆਉਂਦਾ, ਸਗੋਂ ਰਿਪੋਰਟਿੰਗ ਦੇ ਆਮ ਕਾਰਵਿਹਾਰ ਦੀ ਘੇਰਾਬੰਦੀ ਕਰ ਰਹੀਆਂ ਰੋਜ਼ਮਰ੍ਹਾ ਧਮਕੀਆਂ ਅਤੇ ਧਮਕਾਊ ਸਿਆਸਤ ਵਿੱਚ ਵੀ ਨਜ਼ਰ ਆਉਂਦਾ ਹੈ। ਨਵੀਂ ਦਿੱਲੀ ਵਿੱਚ ਔਰਤ ਪੱਤਰਕਾਰਾਂ ਉੱਤੇ ਪੁਲਿਸ ਵੱਲੋਂ ਕੀਤੇ ਹਮਲੇ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਸਵਾਲ ਪੁੱਛਣ ਤੋਂ ਬਾਅਦ ਇਕ ਔਰਤ ਪੱਤਰਕਾਰ ਵਿਰੁੱਧ ਚਲਾਈ ਗਈ ਆਨਲਾਈਨ ਭੰਡੀ ਮੁਹਿੰਮ ਦਰਸਾਉਂਦੀ ਹੈ ਕਿ ਪ੍ਰੈੱਸ ਨੂੰ ਸੱਤਾ ਦੇ ਸੌੜੇ ਹਿਤਾਂ ਦੇ ਪ੍ਰਚਾਰ ਦਾ ਸੰਦ ਬਣਾਉਣ ਲਈ ਭਗਵਾ ਹਕੂਮਤ ਦੀ ਛਤਰ-ਛਾਇਆ ਹੇਠ ਹਿੰਸਕ ਤਾਕਤ, ਦੁਸ਼ਮਣਾਨਾ ਵਤੀਰਾ ਅਤੇ ਆਨਲਾਈਨ ਟ੍ਰੋਲਿੰਗ ਕਿਸ ਤਰ੍ਹਾਂ ਤਾਲਮੇਲ ਬਿਠਾਕੇ ਕੰਮ ਕਰ ਰਹੇ ਹਨ।

ਪਿਛਲੇ ਦਿਨੀਂ 4ਪੀਐੱਮ ਨਿਊਜ਼ ਨੈੱਟਵਰਕ ਦੀਆਂ ਪੱਤਰਕਾਰਾਂ ਸ਼ਾਹੀਨ ਖ਼ਾਨ ਅਤੇ ਨਫ਼ੀਸਾ ਖ਼ਾਨ ਨੇ ਆਪਣੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਦੱਸੀ ਕਿ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਉਸ ਸਮੇਂ ਹਿਰਾਸਤ 'ਚ ਲੈ ਕੇ ਬੇਕਿਰਕੀ ਨਾਲ ਕੁੱਟਿਆ, ਜਦੋਂ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਦੀ ਹਾਜ਼ਰੀ ਵਾਲੇ ਇਕ ਸਮਾਗਮ ਦੀ ਕਵਰੇਜ਼ ਕਰ ਰਹੀਆਂ ਸਨ। ਪੱਤਰਕਾਰਾਂ ਅਨੁਸਾਰ ਉਨ੍ਹਾਂ ਨੂੰ ਸਮਾਗਮ ਵਾਲੀ ਥਾਂ ਦੇ ਨੇੜੇ ਰੋਕਿਆ ਗਿਆ, ਉਨ੍ਹਾਂ ਦੀ ਸ਼ਨਾਖ਼ਤ ਪੁੱਛੀ ਗਈ ਅਤੇ ਉਨ੍ਹਾਂ ਨਾਲ ਸਰੀਰਕ ਹਿੰਸਾ ਕੀਤੀ ਗਈ। ਉਨ੍ਹਾਂ ਨੇ ਆਪਣੇ ਸਰੀਰ ਉੱਤੇ ਲੱਗੀਆਂ ਸੱਟਾਂ ਦਿਖਾਈਆਂ, ਜੋ ਪੁਲਿਸ ਵੱਲੋਂ ਕੀਤੀ ਕਰੂਰ ਕੁੱਟਮਾਰ ਦਾ ਨਤੀਜਾ ਸਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਜਦੋਂ ਪੁਲਸੀਆਂ ਨੂੰ ਉਨ੍ਹਾਂ ਦੇ ਮੁਸਲਮਾਨ ਹੋਣ ਦਾ ਪਤਾ ਲੱਗਿਆ ਤਾਂ ਉਹ ਨਫ਼ਰਤ ਨਾਲ ਭੜਕਕੇ ਹੋਰ ਵੀ ਹਿੰਸਕ ਅਤੇ ਕਰੂਰ ਹੋ ਗਏ। ਝੂਠੀ ਕਹਾਣੀ ਘੜਕੇ ਆਪਣੀਆਂ ਲਾਕਾਨੂੰਨੀਆਂ 'ਤੇ ਪਰਦਾ ਪਾਉਣ ਦੀ ਪੁਰਾਣੀ ਆਦਤ ਅਨੁਸਾਰ ਇਸ ਕੇਸ ਵਿਚ ਵੀ ਦਿੱਲੀ ਪੁਲਿਸ ਦੇ ਅਧਿਕਾਰੀਆਂ ਨੇ ਇਹ ਝੂਠ ਪਰੋਸਿਆ ਕਿ ਪੱਤਰਕਾਰਾਂ ਨੇ ਵੀ.ਵੀ.ਆਈ.ਪੀ. ਰਸਤੇ ਵਿੱਚ ਰੁਕਾਵਟ ਪਾਈ ਸੀ ਅਤੇ ਪੁਲਿਸ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਸੀ। ਅਜਿਹੇ ਦਾਅਵੇ ਕਰਨ 'ਚ ਦਿੱਲੀ ਪੁਲਿਸ ਦਾ ਕੋਈ ਸਾਨੀ ਨਹੀਂ ਹੈ, ਸਿਰਫ਼ ਆਜ਼ਾਦਾਨਾ ਅਤੇ ਪਾਰਦਰਸ਼ੀ ਜੁਡੀਸ਼ੀਅਲ ਜਾਂਚ ਹੀ ਦਿੱਲੀ ਪੁਲਿਸ ਦੇ ਇਨ੍ਹਾਂ ਦਾਅਵਿਆਂ ਦਾ ਕੱਚ-ਸੱਚ ਨਿਤਾਰ ਸਕਦੀ ਹੈ। ਅਜਿਹੀ ਜਾਂਚ ਨਾ ਕਦੇ ਸਰਕਾਰਾਂ ਨੇ ਕਰਾਈ ਹੈ ਅਤੇ ਨਾ ਹੁਣ ਕਰਾਉਣਗੀਆਂ ਜਿਨ੍ਹਾਂ ਦਾ ਰਾਜ ਹੀ ਪੁਲਸੀ ਦਹਿਸ਼ਤ ਅਤੇ ਬਦਲਾਲਊ ਕਾਰਵਾਈਆਂ ਦੇ ਸਹਾਰੇ ਚੱਲਦਾ ਹੈ।

ਸਰਕਾਰੀ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਪ੍ਰਤੀ ਅਪਣਾਏ ਇਸ ਰਾਜਕੀ ਵਤੀਰੇ ਦੇ ਮਾਇਨੇ ਇਸ ਇਕਹਿਰੇ ਸਵਾਲ ਤੋਂ ਕਿਤੇ ਵਿਆਪਕ ਹਨ। ਜੇ ਕਿਸੇ ਜਨਤਕ ਸਮਾਗਮ ਦੀ ਰਿਪੋਰਟਿੰਗ ਕਰਦੇ ਪੱਤਰਕਾਰਾਂ ਨੂੰ ਇੰਝ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਦੀ ਬੇਕਿਰਕੀ ਨਾਲ ਕੁੱਟਮਾਰ ਕੀਤੀ ਜਾ ਸਕਦੀ ਹੈ ਜਾਂ ਸਰਕਾਰੀ ਅਧਿਕਾਰੀਆਂ ਦੇ ਵਿਹਾਰ ਨੂੰ ਰਿਕਾਰਡ ਕਰਨ ਤੋਂ ਰੋਕਿਆ ਜਾ ਸਕਦਾ ਹੈ ਤਾਂ ਇਸਦਾ ਸੰਦੇਸ਼ ਸਿੱਧੇ ਪੀੜਤਾਂ ਤੋਂ ਬਹੁਤ ਦੂਰ ਤੱਕ ਜਾਂਦਾ ਹੈ। ਇਹ ਦੇਖਕੇ ਹਰ ਪੱਤਰਕਾਰ ਕਿਸੇ ਸੁਰੱਖਿਆ ਵਾਲੇ ਸਮਾਗਮ ਵਾਲੀ ਥਾਂ ਤੱਕ ਪਹੁੰਚਣ, ਪੁਲਿਸ ਦੀ ਕਾਰਵਾਈ ਨੂੰ ਫ਼ਿਲਮਾਉਣ ਜਾਂ ਸਰਕਾਰੀ ਬਿਆਨ ਉੱਤੇ ਸਵਾਲ ਉਠਾਉਣ ਦੀ ਸੰਭਾਵਿਤ ਨਿੱਜੀ ਕੀਮਤ ਦਾ ਹਿਸਾਬ ਲਾ ਕੇ ਜ਼ਬਾਨਬੰਦੀ ਕਰਨ 'ਚ ਹੀ ਆਪਣੀ ਭਲਾਈ ਸਮਝੇਗਾ। ਅਜਿਹੀਆਂ ਘਟਨਾਵਾਂ ਨੂੰ ਅੰਜਾਮ ਰਸਮੀ ਸੈਂਸਰਸ਼ਿਪ ਦਾ ਹੁਕਮ ਜਾਰੀ ਹੋਣ ਤੋਂ ਪਹਿਲਾਂ ਹੀ ਸੱਤਾ ਦੇ ਖ਼ੌਫ਼ ਅਤੇ ਸਵੈ-ਸੈਂਸਰਸ਼ਿਪ ਵਾਲਾ ਮਾਹੌਲ ਪੈਦਾ ਕਰਨ ਲਈ ਦਿੱਤਾ ਜਾਂਦਾ ਹੈ। ਹਿਰਾਸਤ, ਸਰੀਰਕ ਸੱਟ ਜਾਂ ਫ਼ੋਨ ਜ਼ਬਤ ਹੋਣ ਦਾ ਡਰ ਕਿਸੇ ਪੱਤਰਕਾਰ ਨੂੰ ਉਨ੍ਹਾਂ ਹੀ ਸਥਿਤੀਆਂ ਤੋਂ ਪਿੱਛੇ ਹਟਣ ਲਈ ਮਜਬੂਰ ਕਰ ਸਕਦਾ ਹੈ, ਜਿੱਥੇ ਸਬੂਤ ਸਭ ਤੋਂ ਵੱਧ ਜ਼ਰੂਰੀ ਹੁੰਦੇ ਹਨ।

ਸ਼ਾਹੀਨ ਅਤੇ ਨਫ਼ੀਸਾ ਵੱਲੋਂ ਦਿੱਤੇ ਵੇਰਵੇ ਇਕ ਹੋਰ ਬੇਹੱਦ ਚਿੰਤਾਜਨਕ ਪਹਿਲੂ ਨੂੰ ਸਾਹਮਣੇ ਲਿਆਉਂਦੇ ਹਨ। ਔਰਤ ਪੱਤਰਕਾਰ ਨੂੰ ਸਿਰਫ਼ ਪੱਤਰਕਾਰ ਵਜੋਂ ਹੀ ਨਿਸ਼ਾਨਾ ਨਹੀਂ ਬਣਾਇਆ ਜਾਂਦਾ, ਸਗੋਂ ਉਸਦੇ ਲਿੰਗ, ਧਰਮ ਅਤੇ ਸਮਾਜਿਕ ਪਛਾਣ ਦੇ ਆਧਾਰ ਉੱਤੇ ਵੀ ਹਮਲਾ ਕੀਤਾ ਜਾ ਸਕਦਾ ਹੈ। ਜੇਕਰ ਇਕ ਮੁਸਲਮਾਨ ਔਰਤ ਪੱਤਰਕਾਰ ਆਪਣੀ ਧਾਰਮਿਕ ਸ਼ਨਾਖ਼ਤ ਦੇ ਕਾਰਨ ਸੱਤਾ ਦੀਆਂ ਸ਼ਿਸ਼ਕੇਰੀਆਂ ਸਰਕਾਰੀ-ਗ਼ੈਰਸਰਕਾਰੀ ਤਾਕਤਾਂ ਅੱਗੇ ਹੋਰ ਵੀ ਜ਼ਿਆਦਾ ਅਸੁਰੱਖਿਅਤ ਹੋਣ ਦਾ ਸੰਤਾਪ ਝੱਲਦੀ ਹੈ ਤਾਂ ਇਸਨੂੰ ਉਸਦੀ ਵਿਅਕਤੀਗਤ ਸ਼ਿਕਾਇਤ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਹ ਹਕੀਕਤ ਉੱਭਰਦੀ ਹੈ ਕਿ ਫਿਰਕੂ ਪੱਖਪਾਤ ਅਤੇ ਤੁਅੱਸਬ ਅਮਨ-ਕਾਨੂੰਨ ਦੀ ਵਿਵਸਥਾ ਬਣਾਈ ਰੱਖਣ ਲਈ ਜ਼ਿੰਮੇਵਾਰ ਸੰਸਥਾਵਾਂ ਦੇ ਅੰਦਰ ਡੂੰਘੇ ਰੂਪ 'ਚ ਜੜ੍ਹਾਂ ਲਾ ਚੁੱਕੇ ਹਨ। 'ਸੰਵਿਧਾਨ ਅੱਗੇ ਸਾਰੇ ਬਰਾਬਰ ਹਨ', ਇਸ ਦਾਅਵੇ ਦੇ ਖੋਖਲੇਪਣ ਦਾ ਇਸ ਤੋਂ ਉੱਘੜਵਾਂ ਸਬੂਤ ਕੀ ਹੋ ਸਕਦਾ ਹੈ ਜਦੋਂ ਪੁਲਿਸ ਕਿਸੇ ਪੱਤਰਕਾਰ ਦੇ ਨਾਂ ਯਾਨੀ ਉਸ ਦੀ ਧਾਰਮਿਕ ਸ਼ਨਾਖ਼ਤ ਤੋਂ ਇਹ ਤੈਅ ਕਰੇ ਕਿ ਉਸਨੂੰ ਪ੍ਰੈੱਸ ਦੀ ਜਾਇਜ਼ ਨੁਮਾਇੰਦਾ ਮੰਨਿਆ ਜਾਵੇਗਾ ਜਾਂ ਉੱਥੋਂ ਹਟਾਏ ਜਾਣ ਯੋਗ ਸ਼ੱਕੀ ਵਿਅਕਤੀ।

ਇਸ ਤੋਂ ਕੁਝ ਦਿਨ ਬਾਅਦ ਹੀ ਇਕ ਹੋਰ ਔਰਤ ਪੱਤਰਕਾਰ ਨੂੰ ਸਵਾਲ ਕਰਨ ਦਾ ਸਬਕ ਸਿਖਾਉਣ ਦਾ ਮਾਮਲਾ ਸਾਹਮਣੇ ਆਇਆ। ਲਖਨਊ ਵਿੱਚ ਹੋਈ ਇਕ ਪ੍ਰੈੱਸ ਕਾਨਫਰੰਸ ਦੌਰਾਨ 4ਪੀਐੱਮ ਨਿਊਜ਼ ਦੀ ਪੱਤਰਕਾਰ ਦਿਵਿਆ ਸ੍ਰੀਵਾਸਤਵ ਨੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੂੰ ਜਨਤਕ ਮਸਲਿਆਂ—ਸੜਕਾਂ ਦੇ ਟੋਇਆਂ ਅਤੇ ਪਾਣੀ ਖੜਨ ਵਰਗੇ ਮੁੱਦਿਆਂ—ਬਾਰੇ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ। ਸੰਬੋਧਨ ਕਰਨ ਤੋਂ ਬਾਅਦ ਮੁੱਖ ਮੰਤਰੀ ਅਦਿੱਤਿਆਨਾਥ ਉਸਦਾ ਸਵਾਲ ਲਏ ਬਿਨਾਂ ਹੀ ਉੱਥੋਂ ਨਿਕਲ ਗਿਆ। ਸ੍ਰੀਵਾਸਤਵ ਨੇ ਇਤਰਾਜ਼ ਕੀਤਾ ਕਿ ਜੇ ਪੱਤਰਕਾਰਾਂ ਤੋਂ ਸਿਰਫ਼ ਭਾਸ਼ਣ ਸੁਣਨ ਦੀ ਉਮੀਦ ਰੱਖੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੱਤਾਧਾਰੀ ਨੂੰ ਸਵਾਲ ਪੁੱਛਣ ਦਾ ਮੌਕਾ ਹੀ ਨਹੀਂ ਦਿੱਤਾ ਜਾਂਦਾ ਤਾਂ ਅਜਿਹੇ ਤਮਾਸ਼ੇ ਨੂੰ ਪ੍ਰੈੱਸ ਕਾਨਫਰੰਸ ਕਿਵੇਂ ਕਿਹਾ ਜਾ ਸਕਦਾ ਹੈ। ਇਸ ਤੋਂ ਬਾਅਦ ਜੋ ਕੁਝ ਵਾਪਰਿਆ, ਉਹ ਇਸ ਗੱਲ ਦੀ ਸਿੱਖਿਆਦਾਇਕ ਮਿਸਾਲ ਹੈ ਕਿ ਸਰਕਾਰ ਵੱਲੋਂ ਕੋਈ ਲਿਖਤੀ ਹੁਕਮ ਜਾਰੀ ਕੀਤੇ ਬਿਨਾਂ ਵੀ ਰਾਜਨੀਤਕ ਸੱਤਾ ਨੂੰ ਡਰਾਉਣ-ਧਮਕਾਉਣ ਰਾਹੀਂ ਸਰਕਾਰ ਦੇ ਕਰਤਿਆਂ-ਧਰਤਿਆਂ ਨੂੰ ਅਸਹਿਜ ਸਵਾਲਾਂ ਤੋਂ ਸੁਰੱਖਿਅਤ ਕਿਵੇਂ ਕੀਤਾ ਜਾ ਸਕਦਾ ਹੈ।

ਪੱਤਰਕਾਰ ਕੁੜੀ ਨੇ ਦੱਸਿਆ ਕਿ ਭਾਜਪਾ ਦੇ ਕਾਰਿੰਦਿਆਂ ਨੇ ਉਸਨੂੰ ਘੇਰ ਲਿਆ ਅਤੇ ਉਸ ਨਾਲ ਧੱਕੇਸ਼ਾਹੀ ਕੀਤੀ। ਉਨ੍ਹਾਂ ਨੇ ਵਾਰ-ਵਾਰ ਉਸਦਾ ਨਾਂ ਅਤੇ ਉਸਦੇ ਚੈਨਲ ਦੀ ਸ਼ਨਾਖ਼ਤ ਪੁੱਛੀ, ਕੈਮਰਾ ਬੰਦ ਕਰਨ ਲਈ ਦਬਾਅ ਪਾਇਆ ਅਤੇ ਦੁਰਵਿਹਾਰ ਕਰਨ ਦੇ ਝੂਠੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ। ਮੀਡੀਆ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਇਸ ਤੋਂ ਬਾਅਦ ਉਹ ਤਿੱਖੀ ਆਨਲਾਈਨ ਟ੍ਰੋਲਿੰਗ ਦਾ ਨਿਸ਼ਾਨਾ ਬਣੀ। ਉਸਨੂੰ ਆਪਣਾ ਪੇਸ਼ਾਵਰ ਫ਼ਰਜ਼ ਨਿਭਾਉਣ ਵਾਲੀ ਪੱਤਰਕਾਰ ਦੀ ਥਾਂ ਸਮਾਜਵਾਦੀ ਪਾਰਟੀ ਜਾਂ ਕਾਂਗਰਸ ਦੀ ਏਜੰਟ ਵਜੋਂ ਭੰਡਣ ਦੀ ਮੁਹਿੰਮ ਵਿੱਢ ਦਿੱਤੀ ਗਈ। ਉਸਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਹ ਆਪਣੇ ਘਰੋਂ ਬਾਹਰ ਨਿਕਲਣ ਤੋਂ ਵੀ ਡਰਦੀ ਹੈ।



ਇਸੇ ਤਰ੍ਹਾਂ ਦੀ ਕਹਾਣੀ ਪੂਜਾ ਮਾਥੁਰ ਦੀ ਹੈ। ਉਸਨੂੰ 6 ਸਤੰਬਰ ਨੂੰ ਸਹਾਰਨਪੁਰ ਵਿਚ ਇਕ ਮਸਜਿਦ ਨੂੰ ਬੁਲਡੋਜ਼ਰ ਨਾਲ ਤੋੜੇ ਜਾਣ ਦੀ ਰਿਪੋਰਟ ਕਰਨ ਬਦਲੇ ਨਿਸ਼ਾਨਾ ਬਣਾਇਆ ਗਿਆ। ਉਸਨੇ ਮਸਜਿਦ ਦੇ ਇਮਾਮ ਦਾ ਇੰਟਰਵਿਊ ਲਿਆ ਅਤੇ ਮਲਬੇ ਦਾ ਵੀਡੀਓ ਬਣਾਇਆ ਸੀ। ਉਸਨੂੰ ਵੀਡੀਓ ਡਿਲੀਟ ਕਰਨ ਦੀਆਂ ਧਮਕੀਆਂ ਆਉਣੀਆਂ ਸ਼ੁਰੂ ਹੋ ਗਈਆਂ ਅਤੇ ਇਹ ਵੀ ਰਿਪੋਰਟਾਂ ਹਨ ਕਿ ਉਸ ਵਿਰੁੱਧ ਐੱਫ.ਆਈ.ਆਰ.ਦਰਜ ਕਰ ਲਈ ਗਈ ਹੈ।

ਇਸੇ ਤਰ੍ਹਾਂ, ਦਿੱਲੀ ਤੋਂ ਸੁਤੰਤਰ ਪੱਤਰਕਾਰ ਬਿੰਦੂ ਰੋਮੀ ਗੁੱਜਰ ਅਤੇ ਮੋਨਿਕਾ ਸਿੰਘ ਨੇ ਅਗਸਤ 2026 'ਚ ਬਾਲਾਘਾਟ (ਮੱਧ ਪ੍ਰਦੇਸ਼) ਵਿਚ 30 ਬੈਗਾ ਆਦਿਵਾਸੀ ਬੱਚਿਆਂ ਦੀਆਂ ਮਲੇਰੀਆ ਨਾਲ ਮੌਤਾਂ ਅਤੇ ਸਿਹਤ ਸੇਵਾਵਾਂ ਦੇ ਅਤਿ ਭੈੜੇ ਹਾਲਾਤਾਂ ਦੀ ਰਿਪੋਰਟ ਕੀਤੀ ਸੀ। ਉਨ੍ਹਾਂ ਉੱਪਰ ਨਜ਼ਰ ਰੱਖੀ ਜਾਣ ਲੱਗੀ ਅਤੇ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਵੀ ਮੁਅੱਤਲ ਕਰਵਾ ਦਿੱਤੇ ਗਏ। ਆਪਣੀ ਜਾਨ ਨੂੰ ਖ਼ਤਰਾ ਦੇਖਕੇ ਉਹ ਰਾਤ ਨੂੰ ਹੀ ਹੋਟਲ ਛੱਡਕੇ ਦਿੱਲੀ ਵਾਪਸ ਆ ਗਈਆਂ।

ਇਹ ਘਟਨਾਵਾਂ ਦੱਸਦੀਆਂ ਹਨ ਕਿ ਭਗਵਾ ਹਕੂਮਤ ਦੇ ਤਹਿਤ ਕਿਸ ਤਰ੍ਹਾਂ ਦਾ ਦਹਿਸ਼ਤਵਾਦੀ ਰਾਜਨੀਤਕ ਸੱਭਿਆਚਾਰ ਸਿਰਜਿਆ ਗਿਆ ਹੈ। ਹਕੂਮਤੀ ਖ਼ੌਫ਼ ਦਾ ਬੋਲਬਾਲਾ ਹੈ ਜਿੱਥੇ ਕੋਈ ਮੁੱਖ ਮੰਤਰੀ ਜਾਇਜ਼ ਸਵਾਲ ਦਾ ਜਵਾਬ ਨਹੀਂ ਦਿੰਦਾ ਸਗੋਂ ਉਸਦੇ ਹਮਾਇਤੀ ਅਤੇ ਪੁਲਿਸ ਅਧਿਕਾਰੀ ਸਵਾਲ ਪੁੱਛਣ ਵਾਲਿਆਂ ਨੂੰ, ਚਾਹੇ ਉਹ ਪੱਤਰਕਾਰ ਹੋਣ ਜਾਂ ਆਮ ਨਾਗਰਿਕ, ਦੁਸ਼ਮਣ ਮੰਨਕੇ ਦਬਾਉਂਦੇ ਹਨ। ਉਨ੍ਹਾਂ ਮੁਤਾਬਿਕ, ਸੱਤਾ ਤੋਂ ਜਵਾਬਦੇਹੀ ਜਾਂ ਸਪਸ਼ਟੀਕਰਨ ਮੰਗਣਾ ਦੁਸ਼ਮਣੀ ਹੈ ਅਤੇ ਚੁੱਪ ਰਹਿਣਾ ਵਫ਼ਾਦਾਰੀ।

ਸਵਾਲ ਪੁੱਛਣ ਵਾਲੇ ਪੱਤਰਕਾਰ ਜਾਂ ਆਮ ਨਾਗਰਿਕ ਨੂੰ ਸਿਆਸੀ ਸਾਜ਼ਿਸ਼ਕਰਤਾ ਬਣਾ ਦੇਣਾ ਜਾਣੀ-ਪਛਾਣੀ ਤਕਨੀਕ ਬਣ ਚੁੱਕੀ ਹੈ। ਸਵਾਲ ਦਾ ਜਵਾਬ ਦੇਣ ਦੀ ਬਜਾਏ ਸੱਤਾ ਦਾ ਹਮਾਇਤੀ ਪ੍ਰਚਾਰਤੰਤਰ ਸਵਾਲ ਕਰਤਾ ਦੀ ਨੀਅਤ, ਸਿਆਸੀ ਸਬੰਧਾਂ, ਕਿਰਦਾਰ ਅਤੇ ਦੇਸ਼ਭਗਤੀ ਉੱਤੇ ਸਵਾਲ ਚੁੱਕਣੇ ਸ਼ੁਰੂ ਕਰ ਦਿੰਦਾ ਹੈ। ਟੁੱਟੀਆਂ ਸੜਕਾਂ ਬਾਰੇ ਪੁੱਛਿਆ ਸਵਾਲ ਵਿਰੋਧੀ ਧਿਰ ਦੀ ਸਾਜ਼ਿਸ਼ ਦਾ ਸਬੂਤ ਬਣਾ ਦਿੱਤਾ ਜਾਂਦਾ ਹੈ; ਆਲੋਚਨਾ ਨੂੰ ਦੁਰਵਿਹਾਰ ਅਤੇ ਸਵਾਲ ਉੱਤੇ ਕਾਇਮ ਰਹਿਣ ਨੂੰ ਹਮਲਾਵਰ ਹੋਣਾ ਕਿਹਾ ਜਾਂਦਾ ਹੈ। ਇਸ ਗਿਣੇ-ਮਿੱਥੇ ਪ੍ਰਚਾਰ ਹੇਠ ਅਸਲ ਸਵਾਲ ਦਬਾ ਦਿੱਤਾ ਜਾਂਦਾ ਹੈ। ਇਹ ਤਰੀਕਾ ਖ਼ਾਸ ਤੌਰ ਉੱਤੇ ਕਾਰਗਰ ਹੈ, ਕਿਉਂਕਿ ਇਸਦੇ ਲਈ ਸਰਕਾਰ ਵੱਲੋਂ ਰਿਪੋਰਟਿੰਗ ਉੱਤੇ ਰਸਮੀ ਪਾਬੰਦੀ ਲਾਉਣ ਦੀ ਲੋੜ ਨਹੀਂ ਪੈਂਦੀ। ਸਿਰਫ਼ ਸਵਾਲ ਪੁੱਛਣ ਦੀ ਵਿਅਕਤੀਗਤ ਕੀਮਤ ਨੂੰ ਅਸਹਿ ਬਣਾ ਦੇਣਾ ਹੀ ਕਾਫ਼ੀ ਹੁੰਦਾ ਹੈ।

ਧਮਕੀਆਂ ਅਤੇ ਝੂਠੇ ਕੇਸਾਂ ਦਾ ਸਾਹਮਣਾ ਤਾਂ ਮਰਦ ਪੱਤਰਕਾਰਾਂ ਨੂੰ ਵੀ ਕਰਨਾ ਪੈਂਦਾ ਹੈ, ਪਰ ਔਰਤ ਪੱਤਰਕਾਰਾਂ ਵਿਰੁੱਧ ਇਸ ਦਬਾਅ ਦੇ ਖ਼ਾਸ ਕਰਕੇ ਵਹਿਸ਼ੀ ਰੂਪ ਵਰਤੇ ਜਾਂਦੇ ਹਨ। ਇਹ ਹਮਲੇ ਆਮ ਹੀ ਜਿਨਸੀ ਅਤੇ ਨਿੱਜੀ ਕਿਰਦਾਰਕੁਸ਼ੀ ਦੇ ਰੂਪ 'ਚ ਕੀਤੇ ਜਾਂਦੇ ਹਨ। ਉਨ੍ਹਾਂ ਦੇ ਸਰੀਰਾਂ, ਕੱਪੜਿਆਂ, ਰਿਸ਼ਤਿਆਂ ਅਤੇ ਨੈਤਿਕਤਾ ਬਾਰੇ ਟਿੱਪਣੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਜਨਤਕ ਖੇਤਰ ਤੋਂ ਬਾਹਰ ਕੱਢਣ ਲਈ ਜਬਰ-ਜਨਾਹ ਅਤੇ ਸਰੀਰਕ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ। ਇਹ ਦੋਸ਼ ਲਾ ਕੇ ਉਨ੍ਹਾਂ ਦੀ ਯੋਗਤਾ ਉੱਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ ਕਿ ਉਹ ਕਿਸੇ ਸਿਆਸੀ ਪਾਰਟੀ ਲਈ, ਕਿਸੇ ਦੇ ਇਸ਼ਾਰੇ ਉੱਤੇ ਕਾਰਵਾਈ ਕਰਦੀਆਂ ਹਨ ਜਾਂ ਨਿੱਜੀ ਸਬੰਧਾਂ ਦੇ ਸਹਾਰੇ ਅੱਗੇ ਵਧੀਆਂ ਹਨ। ਜਦੋਂ ਪੱਤਰਕਾਰ ਕਿਸੇ ਧਾਰਮਿਕ ਘੱਟਗਿਣਤੀ ਜਾਂ ਹਾਸ਼ੀਏ ਉੱਤੇ ਧੱਕੇ ਗਏ ਭਾਈਚਾਰੇ ਨਾਲ ਸਬੰਧਤ ਹੋਵੇ ਤਾਂ ਔਰਤ ਦੀ ਕਿਰਦਾਰਕੁਸ਼ੀ ਵਿਚ ਧਾਰਮਿਕ ਜਾਂ ਜਾਤੀ ਤੁਅੱਸਬ ਵੀ ਸ਼ਾਮਲ ਹੋ ਜਾਂਦਾ ਹੈ। ਆਨਲਾਈਨ ਬਦਤਮੀਜ਼ੀ ਸਿਆਸੀ ਆਗਿਆਕਾਰੀ ਦੇ ਨਾਲ-ਨਾਲ ਸਮਾਜਿਕ ਦਰਜਾਬੰਦੀ ਲਾਗੂ ਕਰਨ ਦਾ ਸਾਧਨ ਵੀ ਹੈ।

ਲਿਹਾਜ਼ਾ ਟ੍ਰੋਲਿੰਗ ਆਪ-ਮੁਹਾਰਾ ਗੁੱਸਾ ਜਾਂ ਸੋਸ਼ਲ ਮੀਡੀਆ ਦਾ ਅਟੱਲ ਹੋ-ਹੱਲਾ ਨਹੀਂ ਹੈ। ਅਪਮਾਨਜਨਕ ਪੋਸਟਾਂ ਦਾ ਹੜ੍ਹ ਸੈਂਸਰਸ਼ਿਪ ਦੀ ਇਕ ਵਿਕੇਂਦਰੀਕ੍ਰਿਤ ਪ੍ਰਣਾਲੀ ਵਾਂਗ ਕੰਮ ਕਰਦਾ ਹੈ। ਇਹ ਪੱਤਰਕਾਰ ਨੂੰ ਮਾਨਸਿਕ ਤੌਰ 'ਤੇ ਤੋੜਦਾ ਹੈ, ਉਸਦੇ ਪਰਿਵਾਰ ਨੂੰ ਖ਼ੌਫ਼ਜ਼ਦਾ ਕਰਦਾ ਹੈ ਅਤੇ ਉਸਦੀ ਪੇਸ਼ਾਵਰ ਸਾਖ਼ ਨੂੰ ਢਾਹ ਲਾਉਂਦਾ ਹੈ। ਉਸਦੀ ਨੌਕਰੀ ਵੀ ਖ਼ਤਰੇ 'ਚ ਪੈ ਜਾਂਦੀ ਹੈ। ਨਾਲ ਹੀ ਇਹ ਹੋਰ ਔਰਤਾਂ ਲਈ ਸੰਦੇਸ਼ ਵੀ ਹੁੰਦਾ ਹੈ ਕਿ ਜਨਤਕ ਤੌਰ 'ਤੇ ਸਵਾਲ ਪੁੱਛਣ 'ਤੇ ਕਿਸ ਤਰ੍ਹਾਂ ਦੇ ਨਤੀਜੇ ਭੁਗਤਣੇ ਪੈ ਸਕਦੇ ਹਨ। ਮਨੋਰਥ ਬਿਲਕੁਲ ਸਪਸ਼ਟ ਹੈ-ਪੱਤਰਕਾਰ ਸਵਾਲ ਕਰਨ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦੇਵੇ, ਆਪਣੀ ਰਿਪੋਰਟਿੰਗ ਦੀ ਸੁਰ ਨਰਮ ਕਰ ਲਵੇ ਜਾਂ ਪੇਸ਼ਾ ਹੀ ਨਾ ਛੱਡ ਦੇਵੇ। ਕੌਮਾਂਤਰੀ ਅਧਿਐਨ ਵੀ ਦੱਸਦੇ ਹਨ ਕਿ ਔਰਤ ਪੱਤਰਕਾਰਾਂ ਵਿਰੁੱਧ ਡਿਜੀਟਲ ਹਿੰਸਾ ਅਕਸਰ ਆਫਲਾਈਨ ਪਿੱਛਾ ਕਰਨ, ਡਰਾਉਣ-ਧਮਕਾਉਣ ਅਤੇ ਸਰੀਰਕ ਨੁਕਸਾਨ ਤੱਕ ਪਹੁੰਚ ਜਾਂਦੀ ਹੈ। ਐਸੋਸੀਏਟਿਡ ਪ੍ਰੈੱਸ ਵੱਲੋਂ ਹਵਾਲਾ ਦਿੱਤੇ ਇਕ ਵੱਡੇ ਕੌਮਾਂਤਰੀ ਸਰਵੇਖਣ ਵਿੱਚ ਸ਼ਾਮਲ ਦੋ-ਤਿਹਾਈ ਤੋਂ ਵੱਧ ਔਰਤ ਪੱਤਰਕਾਰਾਂ, ਕਾਰਕੁਨਾਂ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਡਿਜੀਟਲ ਹਿੰਸਾ ਦਾ ਸਾਹਮਣਾ



ਕਰਨਾ ਪਿਆ ਹੈ।

ਭਾਰਤ ਦੀਆਂ ਉਪਰੋਕਤ ਘਟਨਾਵਾਂ ਨੂੰ ਲਗਾਤਾਰ ਵਿਗੜ ਰਹੇ ਵਿਆਪਕ ਮਾਹੌਲ ਦੇ ਪ੍ਰਸੰਗ 'ਚ ਦੇਖਿਆਂ ਆਜ਼ਾਦ ਪੱਤਰਕਾਰੀ ਲਈ ਵਧ ਰਹੀ ਚੁਣੌਤੀ ਸਾਫ਼ ਸਮਝੀ ਜਾ ਸਕਦੀ ਹੈ। ਪੱਤਰਕਾਰਾਂ ਨੂੰ ਅਪਰਾਧਿਕ ਮਾਮਲਿਆਂ, ਪੁਲਿਸ ਸੰਮਨਾਂ, ਛਾਪਿਆਂ, ਲੰਮੀ ਹਿਰਾਸਤ, ਸਰੀਰਕ ਹਮਲਿਆਂ, ਮਾਣਹਾਨੀ ਦੇ ਮੁਕੱਦਮਿਆਂ ਅਤੇ ਡਿਜੀਟਲ ਸੰਚਾਰ ਉੱਤੇ ਸਰਕਾਰ ਦੀਆਂ ਵਧਦੀਆਂ ਸ਼ਕਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਜ਼ਾਦ ਅਤੇ ਖੇਤਰੀ ਪੱਤਰਕਾਰ ਖ਼ਾਸ ਤੌਰ ਉੱਤੇ ਅਸੁਰੱਖਿਅਤ ਹਨ, ਕਿਉਂਕਿ ਉਨ੍ਹਾਂ ਕੋਲ ਵੱਡੇ ਮੀਡੀਆ ਅਦਾਰਿਆਂ ਨੂੰ ਉਪਲਬਧ ਕਾਨੂੰਨੀ, ਵਿੱਤੀ ਅਤੇ ਸੰਸਥਾਗਤ ਸੁਰੱਖਿਆ ਨਹੀਂ ਹੁੰਦੀ।

ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਨੇ ਆਲੋਚਨਾਤਮਕ ਸਵਾਲ ਪੁੱਛਣ ਤੋਂ ਬਾਅਦ ਭਾਰਤ ਵਿਚ ਪੱਤਰਕਾਰਾਂ ਉੱਤੇ ਹੋਏ ਹਮਲਿਆਂ, ਆਮ ਰਿਪੋਰਟਿੰਗ ਵਿਰੁੱਧ ਪੁਲਿਸ ਕਾਰਵਾਈਆਂ ਅਤੇ ਪੱਤਰਕਾਰਾਂ ਤੇ ਸਮਾਚਾਰ ਮੰਚਾਂ ਵਿਰੁੱਧ ਸਖ਼ਤ ਕਾਨੂੰਨਾਂ ਦੀ ਵਰਤੋਂ ਦਾ ਦਸਤਾਵੇਜ਼ੀਕਰਨ ਕੀਤਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਡਰਾਉਣਾ-ਧਮਕਾਉਣਾ ਕਿਸੇ ਇਕ ਰਾਜ ਜਾਂ ਇੱਕੋ ਤਰੀਕੇ ਤੱਕ ਸੀਮਤ ਨਹੀਂ ਹੈ। ਇਹ ਸੱਤਾ ਅਤੇ ਪ੍ਰੈੱਸ ਦੇ ਰਿਸ਼ਤੇ ਦੀ ਇਕ ਲਗਾਤਾਰ ਦੁਹਰਾਈ ਜਾਣ ਵਾਲੀ ਖ਼ਾਸੀਅਤ ਬਣ ਚੁੱਕੀ ਹੈ।

ਸਰਕਾਰੀ ਰਸੂਖ਼ ਗੁੱਝੇ ਸਾਧਨਾਂ ਰਾਹੀਂ ਵੀ ਕੰਮ ਕਰਦਾ ਹੈ। ਸਰਕਾਰੀ ਇਸ਼ਤਿਹਾਰਾਂ ਜਾਂ ਕਾਰਪੋਰੇਟ ਸਰਪ੍ਰਸਤੀ ਉੱਤੇ ਨਿਰਭਰ ਮੀਡੀਆ ਅਦਾਰੇ ਆਪਣੀ ਵਿੱਤੀ ਹੋਂਦ ਨੂੰ ਕੰਟਰੋਲ ਕਰਨ ਵਾਲਿਆਂ ਦੀ ਜਾਂਚ ਕਰਨ ਤੋਂ ਝਿਜਕਦੇ ਹਨ। ਮੀਡੀਆ ਮਾਲਕੀ ਦਾ ਕੁਝ ਹੱਥਾਂ ਵਿੱਚ ਕੇਂਦਰੀਕਰਨ ਪ੍ਰਵਾਨਤ ਬਹਿਸ ਦੀ ਹੱਦ ਨੂੰ ਵੀ ਸੁੰਗੇੜ ਦਿੰਦਾ ਹੈ। ਟੀ.ਵੀ. ਸਟੂਡੀਓ ਅਕਸਰ ਛਾਣਬੀਣ ਆਧਾਰਤ ਤੱਥਪੂਰਨ ਰਿਪੋਰਟ ਦੀ ਬਜਾਏ ਟੀ.ਆਰ.ਪੀ. ਜਾਂ ਸੱਤਾ ਦੇ ਏਜੰਡੇ 'ਤੇ ਆਧਾਰਤ ਤਮਾਸ਼ੇ ਨੂੰ ਤਰਜ਼ੀਹ ਦਿੰਦੇ ਹਨ। ਸਰਕਾਰੀ ਐਲਾਨਾਂ ਨੂੰ ਲਗਾਤਾਰ ਬਿਨਾਂ ਸਵਾਲ ਪੁੱਛੇ ਪ੍ਰਸਾਰਿਤ ਕੀਤਾ ਜਾਂਦਾ ਹੈ। ਸਿਆਸੀ ਆਗੂਆਂ ਤੱਕ ਪਹੁੰਚ ਨੂੰ ਅਜਿਹਾ ਵਿਸ਼ੇਸ਼ ਅਧਿਕਾਰ ਬਣਾ ਦਿੱਤਾ ਗਿਆ ਹੈ ਜੋ ਆਲੋਚਨਾਤਮਕ ਪੱਤਰਕਾਰਾਂ ਤੋਂ ਜਦੋਂ ਮਰਜ਼ੀ ਖੋਹਿਆ ਜਾ ਸਕਦਾ ਹੈ। ਇਸ ਤਰ੍ਹਾਂ ਪ੍ਰੈੱਸ ਕਾਨਫਰੰਸ ਹੌਲੀ-ਹੌਲੀ ਪ੍ਰਚਾਰ ਸਮਾਗਮ ਵਿੱਚ ਬਦਲ ਦਿੱਤੀ ਗਈ ਹੈ। ਪੱਤਰਕਾਰਾਂ ਤੋਂ ਪਹਿਲਾਂ ਹੀ ਤਿਆਰ ਕੀਤੇ ਬਿਆਨ ਪ੍ਰਸਾਰਤ ਕਰਨ ਅਤੇ ਬਿਨਾਂ ਕਿਸੇ ਸਵਾਲ ਦੇ ਰਾਜਨੀਤਕਾਂ ਦਾ ਸੰਦੇਸ਼ ਪ੍ਰਚਾਰਨ ਦੀ ਉਮੀਦ ਕੀਤੀ ਜਾਂਦੀ ਹੈ।

ਇਹ ਤਬਦੀਲੀ ਸਿਰਫ਼ ਪੇਸ਼ਾਵਰ ਸ਼ਿਸ਼ਟਾਚਾਰ ਦਾ ਮਾਮਲਾ ਨਹੀਂ ਹੈ। ਸਵਾਲਾਂ ਤੋਂ ਰਹਿਤ ਪ੍ਰੈੱਸ ਕਾਨਫਰੰਸ ਪੱਤਰਕਾਰੀ ਨੂੰ ਉਸਦੇ ਮੂਲ਼ ਉਦੇਸ਼ ਤੋਂ ਵਿਰਵਾ ਕਰ ਦਿੰਦੀ ਹੈ। ਪੱਤਰਕਾਰ ਉੱਥੇ ਕਿਸੇ ਲੇਖਕ ਜਾਂ ਸਿਆਸੀ ਸੱਤਾ ਦੇ ਸੰਦੇਸ਼ ਨੂੰ ਹੋਰ ਉੱਚੀ ਆਵਾਜ਼ ਵਿੱਚ ਦੁਹਰਾਉਣ ਵਾਲੇ ਵਿਅਕਤੀ ਵਜੋਂ ਮੌਜੂਦ ਨਹੀਂ ਹੁੰਦਾ। ਉਹ ਲੋਕਾਂ ਦੇ ਨੁਮਾਇੰਦੇ ਵਜੋਂ ਉੱਥੇ ਹੁੰਦਾ ਹੈ—ਉਨ੍ਹਾਂ ਲੋਕਾਂ ਸਮੇਤ ਜਿਹੜੇ ਖ਼ੁਦ ਮੰਤਰੀਆਂ, ਪੁਲਿਸ ਕਮਿਸ਼ਨਰਾਂ ਅਤੇ ਉੱਚ ਅਧਿਕਾਰੀਆਂ ਨੂੰ ਸਿੱਧਾ ਸਵਾਲ ਨਹੀਂ ਕਰ ਸਕਦੇ। ਜਦੋਂ ਦਿਵਿਆ ਸ੍ਰੀਵਾਸਤਵ ਨੇ ਮੁੱਖ ਮੰਤਰੀ ਨੂੰ ਟੁੱਟੀਆਂ ਸੜਕਾਂ ਅਤੇ ਪਾਣੀ ਖੜ੍ਹਾ ਹੋਣ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੇ ਸੱਚੇ ਸਵਾਲ ਉਠਾ ਰਹੀ ਸੀ। ਉਸਨੂੰ ਚੁੱਪ ਕਰਵਾਉਣਾ ਸਿਰਫ਼ ਪੱਤਰਕਾਰ ਦਾ ਅਪਮਾਨ ਨਹੀਂ ਹੈ; ਇਹ ਨਾਗਰਿਕਾਂ ਤੋਂ ਸਰਕਾਰ ਤੋਂ ਜਵਾਬ ਮੰਗਣ ਦਾ ਮੌਕਾ ਖੋਹਣ ਲਈ ਹਮਲਾ ਹੈ।

ਚੇਤੇ ਰਹੇ ਕਿ ਪ੍ਰੈੱਸ ਦੀ ਜ਼ਬਾਨਬੰਦੀ ਕਿਸੇ ਇਕ ਪਾਰਟੀ ਤੱਕ ਸੀਮਤ ਨਹੀਂ ਹੈ। ਸਾਰੀਆਂ ਹਾਕਮ ਜਮਾਤੀ ਪਾਰਟੀਆਂ ਦੀਆਂ ਸਰਕਾਰਾਂ ਆਲੋਚਨਾਤਮਕ ਪੱਤਰਕਾਰੀ ਵਿਰੁੱਧ ਪੁਲਿਸ ਤੇ ਹੋਰ ਸਰਕਾਰੀ ਏਜੰਸੀਆਂ, ਕਾਲੇ ਕਾਨੂੰਨਾਂ, ਅਪਰਾਧਿਕ ਸ਼ਿਕਾਇਤਾਂ, ਝੂਠੇ ਕੇਸਾਂ, ਇਸ਼ਤਿਹਾਰੀ ਦਬਾਅ, ਜਾਂ ਪ੍ਰਸ਼ਾਸਕੀ ਤਾਕਤ ਦੀ ਵਰਤੋਂ ਕਰਦੀਆਂ ਆ ਰਹੀਆਂ ਹਨ। ਨਿਰਸੰਦੇਹ, ਫਾਸ਼ੀਵਾਦੀ ਭਾਜਪਾ ਇਸ ਪੱਖੋਂ ਸਭ ਤੋਂ ਵੱਧ ਕਰੂਰ ਹੈ।

ਸੰਵਿਧਾਨਕ ਤੌਰ ਉੱਤੇ ਭਾਰਤ ਵਿੱਚ ਪ੍ਰੈੱਸ ਦੀ ਆਜ਼ਾਦੀ ਸੰਵਿਧਾਨ ਦੀ ਧਾਰਾ 19(1)(ਏ) ਹੇਠ ਪ੍ਰਾਪਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਤੋਂ ਪੈਦਾ ਹੁੰਦੀ ਹੈ। ਪਰ ਸੰਵਿਧਾਨਕ ਗਾਰੰਟੀਆਂ ਸੰਸਥਾਵਾਂ, ਪੇਸ਼ਾਵਰ ਇਕਜੁੱਟਤਾ ਅਤੇ ਨਾਗਰਿਕਾਂ ਵੱਲੋਂ ਉਨ੍ਹਾਂ ਦੀ ਰੱਖਿਆ ਕਰਨ ਦੇ ਹੌਸਲੇ ਰਾਹੀਂ ਹੀ ਜਿਊਂਦੀਆਂ ਰਹਿੰਦੀਆਂ ਹਨ। ਜਦੋਂ ਕਾਨੂੰਨੀ ਪ੍ਰਕਿਰਿਆ ਖ਼ੁਦ ਪੱਤਰਕਾਰ ਉੱਤੇ ਮੁਕੱਦਮਿਆਂ ਨਾਲ ਸਾਲਾਂ ਦੀ ਚਿੰਤਾ, ਖ਼ਰਚ ਅਤੇ ਪੇਸ਼ਾਵਰ ਰੁਕਾਵਟ ਥੋਪਣ ਦੇ ਸਮਰੱਥ ਹੈ ਤਾਂ ਕਿਸੇ ਪੱਤਰਕਾਰ ਦਾ ਆਖ਼ਿਰਕਾਰ ਝੂਠੇ ਦੋਸ਼ਾਂ ਤੋਂ ਬਰੀ ਹੋ ਜਾਣਾ ਉਸਦੀ ਸੁਰੱਖਿਆ ਨਹੀਂ ਹੈ। ਅਜਿਹੇ ਹਾਲਾਤ ਵਿੱਚ ਸਜ਼ਾ ਮੀਡੀਆ ਟ੍ਰਾਇਲ ਸਮੇਤ ਦੋਸ਼ ਸਾਬਤ ਹੋਣ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਜਾਂਦੀ ਹੈ।

ਉਪਰੋਕਤ ਪੱਤਰਕਾਰ ਕੁੜੀਆਂ ਦੀ ਹਿੰਮਤ ਕਿਸੇ ਅਸਾਧਾਰਨ ਆਕੀ ਕਾਰਵਾਈ ਵਿੱਚ ਨਹੀਂ, ਸਗੋਂ ਪੱਤਰਕਾਰੀ ਦਾ ਧਰਮ ਨਿਭਾਉਣ ਲਈ ਡਟੇ ਰਹਿਣ ਵਿੱਚ ਹੈ। ਇਹ ਸਧਾਰਨ ਡਿਊਟੀ ਕਰਨ ਲਈ ਵੀ ਹੁਣ ਅਸਾਧਾਰਨ ਹਿੰਮਤ ਦਰਕਾਰ ਹੈ। ਕੋਈ ਸਰਕਾਰ ਸਵਾਲ ਤੋਂ ਬਚ ਸਕਦੀ ਹੈ, ਉਸਦੇ ਹਮਾਇਤੀ ਸਵਾਲ ਪੁੱਛਣ ਨੂੰ ਦਬਾ ਸਕਦੇ ਹਨ ਅਤੇ ਪੁਲਿਸ ਕਿਸੇ ਕੈਮਰੇ ਨੂੰ ਅਸਹਿਜ ਦ੍ਰਿਸ਼ ਰਿਕਾਰਡ ਕਰਨ ਤੋਂ ਰੋਕ ਸਕਦੀ ਹੈ। ਪਰ ਅਜਿਹੀ ਹਰ ਕਾਰਵਾਈ ਜਵਾਬ ਨਾ ਦਿੱਤੇ ਗਏ ਸਵਾਲ ਦੀ ਜਮਹੂਰੀ ਮਹੱਤਤਾ ਨੂੰ ਹੋਰ ਵਧਾਉਂਦੀ ਹੈ।

ਮੀਡੀਆ ਦੀ ਆਜ਼ਾਦੀ ਹਕੂਮਤੀ ਸੈਂਸਰਸ਼ਿੱਪ ਅਤੇ ਹੋਰ ਜਬਰ ਨਾਲ ਨਹੀਂ ਦਬਦੀ। ਇਹ ਓਦੋਂ ਦਬਦੀ ਹੈ ਜਦੋਂ ਪੱਤਰਕਾਰ ਡਰਕੇ ਜ਼ਬਾਨਬੰਦੀ ਨੂੰ ਕਬੂਲ ਕਰ ਲੈਣ, ਸੰਪਾਦਕ ਸੰਵੇਦਨਸ਼ੀਲ ਖ਼ਬਰਾਂ ਤੋਂ ਗੁਰੇਜ਼ ਕਰਨਾ ਸ਼ੁਰੂ ਕਰ ਦੇਣ, ਦਬਾਅ ਹੇਠ ਮੀਡੀਆ ਕੈਮਰੇ ਬੰਦ ਹੋ ਜਾਣ ਅਤੇ ਧਮਕੀਆਂ ਨੂੰ ਅਸਹਿਣ ਮੰਨ ਲਿਆ ਜਾਵੇ। ਅੱਜ ਇਸ ਚੁਣੌਤੀ ਦਾ ਮੁਕਾਬਲਾ ਕਰਨ ਦੀ ਜ਼ਰੂਰਤ ਹੋਰ ਵੀ ਜ਼ਿਆਦਾ ਹੈ। ਪੱਤਰਕਾਰ ਕੁੜੀਆਂ ਵੱਲੋਂ ਖ਼ੌਫ਼ਜ਼ਦਾ ਹੋ ਕੇ ਸਵੈ-ਸੈਂਸਰਸ਼ਿੱਪ ਅਪਣਾ ਲੈਣ ਦੀ ਬਜਾਏ ਪੱਤਰਕਾਰੀ ਲਈ ਡੱਟੇ ਰਹਿਣ ਦਾ ਹੌਸਲਾ ਦਿਖਾਉਣਾ ਬਹੁਤ ਆਸ ਬੰਨਾਊ ਹੈ।

# ਦੁਨੀਆ ਵਿਚ ਫੈਲਣ ਲੱਗਾ ਹੈ ਇਕ ਹੋਰ ਮਾਰੂ ਨਸ਼ਾ-ਜ਼ੌਂਬੀ

ਗੁਰਚਰਨ ਸਿੰਘ ਨੂਰਪੁਰ



*ਨਸ਼ਾ ਕੋਈ ਵੀ ਹੋਵੇ, ਇਸ ਨੂੰ ਲੈਣ ਨਾਲ ਸਾਡੀ ਸਰੀਰਕ ਸਿਹਤ, ਮਾਨਸਿਕ ਸਿਹਤ, ਘਰ ਦੀ ਅਰਥ ਵਿਵਸਥਾ, ਸਾਡਾ ਮਾਣ-ਸਨਮਾਨ ਸਭ ਤਬਾਹ ਹੋਣ ਲੱਗਦੇ ਹਨ । ਹੁਣ ਤੱਕ ਨਸ਼ੇ ਲੱਖਾਂ ਨੌਜਵਾਨਾਂ ਤੇ ਅਨੇਕਾਂ ਪ੍ਰਤਿਭਾਵਾਂ ਨੂੰ ਖ਼ਤਮ ਕਰ ਚੁੱਕੇ ਹਨ, ਲੱਖਾਂ ਘਰ ਨਸ਼ਿਆਂ ਕਾਰਨ ਖ਼ਤਮ ਹੋ ਚੁੱਕੇ ਹਨ । ਹੁਣ ਨਸ਼ਿਆਂ ਤੋਂ ਬਚਾਅ ਤੇ ਮਨੁੱਖ ਦੀ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਣ ਦੀ ਲੋੜ ਹੈ ।*

ਇਸ ਸਮੇਂ ਪੂਰੀ ਦੁਨੀਆ ਦੇ ਦੇਸ਼ ਇਕ ਬੇਹੱਦ ਭਿਆਨਕ ਨਸ਼ੇ ਜ਼ੌਂਬੀ ਤੋਂ ਭੈਭੀਤ ਹਨ, ਜੋ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ। ਇਸ ਨਵੇਂ ਤੇ ਖ਼ਤਰਨਾਕ ਨਸ਼ੇ ਨੇ ਦੁਨੀਆ ਭਰ ਦੇ ਸਿਹਤ ਮਾਹਿਰਾਂ, ਸਰਕਾਰਾਂ ਤੇ ਸਮਾਜ ਨੂੰ ਗਹਿਰੀ ਚਿੰਤਾ ਵਿਚ ਪਾ ਦਿੱਤਾ ਹੈ। ਅਮਰੀਕਾ ਦੇ ਕਈ ਸੂਬਿਆਂ, ਕੈਨੇਡਾ, ਮੈਕਸੀਕੋ ਤੇ ਕੁਝ ਹੋਰ ਦੇਸ਼ਾਂ ਵਿਚ ਫੈਲ ਫੈਲ ਚੁੱਕੇ ਜ਼ੌਂਬੀ ਡਰੱਗ ਦੇ ਕੁਝ ਮਾਮਲੇ ਯੂਰਪੀਅਨ ਦੇਸ਼ਾਂ ਵਿਚ ਵੀ ਸਾਹਮਣੇ ਆਉਣ ਕਾਰਨ ਦੁਨੀਆ ਦੀਆਂ ਸਿਹਤ ਏਜੰਸੀਆਂ ਹਰਕਤ ਵਿਚ ਆ ਗਈਆਂ ਹਨ, ਕਿਉਂਕਿ ਇਹ ਨਸ਼ਾ ਬੜੀ ਤੇਜ਼ੀ ਨਾਲ ਲੋਕਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਿਹਾ ਹੈ।

**ਜ਼ੌਂਬੀ ਤੋਂ ਕੀ ਭਾਵ ਹੈ**-ਜ਼ੌਂਬੀ ਫ਼ਿਲਮਾਂ 'ਚ ਇਕ ਅਜਿਹਾ ਕਾਲਪਨਿਕ ਮੁਰਦਾ ਇਨਸਾਨ/ਪਾਤਰ ਹੁੰਦਾ ਹੈ, ਜੋ ਮਰ ਕੇ ਵੀ ਆਪਣੀ ਕਬਰ 'ਚੋਂ ਉੱਠ ਪੈਂਦਾ ਹੈ। ਉਹ ਕੁਝ ਬੋਲਦਾ ਨਹੀਂ, ਕੁਝ ਸੋਚਦਾ ਨਹੀਂ, ਪਰ ਅੱਧਮਰੀ ਹਾਲਤ ਵਿਚ ਹੁੰਦਾ ਹੋਇਆ ਵੀ ਸਨਸਨੀਖੇਜ਼ ਮਾਨਵ ਵਿਰੋਧੀ ਘਟਨਾਵਾਂ ਨੂੰ ਅੰਜ਼ਾਮ ਦਿੰਦਾ ਹੈ। ਇਸ ਨੂੰ ਖਾਸ ਕਰਕੇ ਪੱਛਮੀ ਫ਼ਿਲਮਾਂ ਵਿਚ ਦੂਜੇ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਤੇ ਲੋਕਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਂਦਾ ਦਰਸਾਇਆ ਜਾਂਦਾ ਹੈ, ਜੋ ਅਜੀਬ ਅਨਹੋਣੀਆਂ ਹਰਕਤਾਂ ਕਰਦਾ ਹੈ। ਇਸ ਨੂੰ ਕੁਝ ਨਾਵਲਾਂ ਜਾਂ ਹਾਲੀਵੁੱਡ ਫ਼ਿਲਮਾਂ ਵਿਚ ਕੋਈ ਵਾਇਰਸ ਫੈਲਾਉਂਦੇ ਵਿਖਾਇਆ ਜਾਂਦਾ ਹੈ। ਦਰਅਸਲ ਜ਼ੌਂਬੀ ਇਕ ਅਜਿਹੀ ਲਾਸ਼ ਨੂੰ ਕਹਿ ਸਕਦੇ ਹਾਂ, ਜਿਸ ਨੂੰ ਕਾਲਪਨਿਕ ਢੰਗ ਨਾਲ ਜ਼ਿੰਦਾ ਕਰ ਲਿਆ ਗਿਆ ਹੋਵੇ। ਜਦੋਂ ਇਹ ਕਿਸੇ ਹੋਰ ਇਨਸਾਨ ਨੂੰ ਕੱਟ ਲਵੇ ਜਾਂ ਆਪਣੇ ਪ੍ਰਭਾਵ ਹੇਠ ਲੈ ਲਵੇ ਤਾਂ ਦੂਜਾ ਚੰਗਾ ਭਲਾ ਇਨਸਾਨ ਵੀ ਜ਼ੌਂਬੀ ਬਣ ਕੇ ਅਜੀਬ ਹਰਕਤਾਂ ਕਰਨ ਲੱਗ ਪੈਂਦਾ ਹੈ।

**ਕੀ ਹੈ ਜ਼ੌਂਬੀ ਡਰੱਗ** - ਦੋ ਦਵਾਈਆਂ ਦੇ ਮਿਸ਼ਰਣ ਤੋਂ ਬਣਨ ਵਾਲੇ ਇਸ ਨਸ਼ੇ ਦਾ ਕੋਈ ਪੱਕਾ ਨਾਂਅ ਨਹੀਂ ਹੈ ਪਰ ਪੂਰੀ ਦੁਨੀਆ ਇਸ ਨੂੰ 'ਜ਼ੌਂਬੀ' ਕਹਿਣ ਲੱਗ ਗਈ ਹੈ, ਜਿਸ ਨੂੰ ਲੈਣ ਬਾਅਦ ਬੰਦਾ ਇਕ ਤਰ੍ਹਾਂ ਨਾਲ ਜ਼ਿੰਦਾ ਲਾਸ਼ ਬਣ ਜਾਂਦਾ ਹੈ। ਅਸੀਂ ਕਹਿ ਸਕਦੇ ਹਾਂ 'ਜ਼ੌਂਬੀ ਡਰੱਗ' ਆਮ ਲੋਕਾਂ ਵਲੋਂ ਘੜਿਆ ਤੇ ਪ੍ਰਚਾਰਿਆ ਗਿਆ ਨਾਂਅ ਹੈ। ਇਸ ਨਸ਼ੇ ਦਾ ਅਸਲ ਨਾਂਅ 'ਜ਼ਾਈਲਾਜ਼ੀਨ' ਹੈ। ਜੋ ਖਾਸ ਕਰਕੇ ਵੱਡੇ ਪਸ਼ੂਆਂ ਹਾਥੀ, ਗੈਂਡੇ, ਘੋੜੇ ਤੇ ਗਾਵਾਂ ਆਦਿ ਨੂੰ ਇਲਾਜ ਕਰਨ ਸਮੇਂ ਬੇਹੋਸ਼ ਕਰਨ ਲਈ ਦਿੱਤੀ ਜਾਂਦੀ ਦਵਾਈ ਹੈ, ਇਸ ਦਵਾਈ ਨਾਲ ਇਕ ਹੋਰ ਦਵਾਈ 'ਫੈਂਟਾਨਿਲ' ਨੂੰ ਮਿਲਾ ਕੇ ਜ਼ੌਂਬੀ ਨਸ਼ਾ ਤਿਆਰ ਕੀਤਾ ਜਾਂਦਾ ਹੈ। ਹਾਲਾਂਕਿ ਇਸ ਵਿਚ ਕਈ ਵਾਰ ਹੋਰ ਨਸ਼ੀਲੇ ਪਦਾਰਥ ਹੈਰੋਇਨ, ਕੋਕੇਨ ਤੇ ਹੋਰ ਗੈਰਕਾਨੂੰਨੀ ਕੈਮੀਕਲ ਵੀ ਮਿਲਾਏ ਜਾਂਦੇ ਹਨ। ਇਹ ਮਿਸ਼ਰਣ ਇਸ ਨਸ਼ੇ ਨੂੰ ਬਹੁਤ ਘਾਤਕ ਤੇ ਜਾਨਲੇਵਾ ਬਣਾ ਦਿੰਦਾ ਹੈ, ਕੁਝ ਦੇਸ਼ਾਂ ਦੇ ਨੌਜਵਾਨ ਇਸ ਨਸ਼ੇ ਨੂੰ ਲੈਣ ਲੱਗ ਪਏ ਹਨ।

**ਮਨੁੱਖਾਂ 'ਤੇ ਜ਼ੌਂਬੀ ਦਾ ਪ੍ਰਭਾਵ** - ਇਸ ਨਸ਼ੇ ਨੂੰ ਲੈਣ ਵਾਲਾ ਬੰਦਾ ਘੰਟਿਆਂਬੱਧੀ ਕਿਸੇ ਪੱਥਰ ਦੇ ਬੁੱਤ ਵਾਂਗ ਇਕੋ ਥਾਂ ਖੜ੍ਹਾ ਰਹਿੰਦਾ ਹੈ, ਕਿਉਂਕਿ ਇਸ ਨਾਲ ਦਿਮਾਗ ਪੂਰੀ ਤਰ੍ਹਾਂ ਸੁੰਨ ਹੋ ਜਾਂਦਾ ਹੈ। ਉਸ ਦੇ ਸਰੀਰ ਦੀ ਹਰ ਹਰਕਤ ਧੀਮੀ ਹੋ ਜਾਂਦੀ ਹੈ ਤੇ ਆਲੇ-ਦੁਆਲੇ ਦੀ ਸਮਝ ਤੱਕ ਖ਼ਤਮ ਹੋ ਜਾਂਦੀ ਹੈ। ਦਿਲ ਦੀ ਧੜਕਣ ਮੱਠੀ ਪੈਣ ਨਾਲ ਸਾਹ ਲੈਣ ਦੀ ਪ੍ਰਕਿਰਿਆ ਵੀ ਮੱਠੀ ਪੈ ਜਾਂਦੀ ਹੈ ਤੇ ਬਲੱਡ ਪ੍ਰੈਸ਼ਰ ਵੀ ਘਟ ਜਾਂਦਾ ਹੈ। ਇਹ ਨਸ਼ਾ ਲੈਣ ਵਾਲਿਆਂ ਦੀ ਸੁੱਧ-ਬੁੱਧ ਗੁਆਚ ਜਾਂਦੀ ਹੈ, ਖ਼ੂਨ ਦੀਆਂ ਨਸਾਂ ਸੁੰਗੜਨ ਕਾਰਨ ਪੂਰੇ ਸਰੀਰ ਤੇ ਚਮੜੀ ਵਿਚ ਆਕਸੀਜਨ ਦੀ ਸਪਲਾਈ ਘਟਣ ਨਾਲ ਚਮੜੀ 'ਤੇ ਜ਼ਖ਼ਮ ਹੋਣ ਲੱਗਦੇ ਹਨ। ਸਰੀਰ ਦੇ ਟਿਸ਼ੂ ਹੌਲੀ-ਹੌਲੀ ਮਰਨ ਲੱਗਦੇ ਹਨ, ਹੱਥਾਂ-ਪੈਰਾਂ 'ਤੇ ਸੋਜ ਪੈਣ ਕਾਰਨ ਗੈਂਗਰੀਨ ਹੋਣ ਲੱਗਦੀ ਹੈ। ਇਹ ਅਜਿਹਾ ਨਸ਼ਾ ਹੈ, ਜੋ ਮਨੁੱਖ ਦੇ ਦਿਲ, ਦਿਮਾਗ, ਸਾਹ ਪ੍ਰਣਾਲੀ ਤੇ ਚਮੜੀ 'ਤੇ ਇਕੋ ਸਮੇਂ ਹਮਲਾ ਕਰਦਾ ਹੈ। ਜੋ ਲੋਕ ਲਗਾਤਾਰ ਜ਼ੌਂਬੀ ਡਰੱਗ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦੀ ਯਾਦਦਾਸ਼ਤ ਖ਼ਤਮ ਹੋਣ ਲੱਗਦੀ ਹੈ। ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਚੰਗੇ ਤੇ ਮਾੜੇ ਦਾ ਫਰਕ ਕਰਨ ਯੋਗ ਨਹੀਂ ਰਹਿੰਦੇ। ਇਸ ਨਸ਼ੇ ਦਾ ਸੇਵਨ ਕਰਨ ਵਾਲਿਆਂ ਦੀ ਬਹੁਤ ਜਲਦੀ ਮੌਤ ਜਾਂਦੀ ਹੈ, ਫਿਰ ਵੀ ਲੋਕ ਇਸ ਨਸ਼ੇ ਦਾ ਸੇਵਨ ਕਰ ਰਹੇ ਹਨ।

**ਜ਼ੌਂਬੀ ਦੀ ਸ਼ੁਰੂਆਤ** - ਇਹ ਨਸ਼ਾ ਸਭ ਤੋਂ ਪਹਿਲਾਂ ਅਮਰੀਕੀ ਦੇਸ਼ ਪਿਊਰਟੋ ਰੀਕੋ ਤੋਂ ਸ਼ੁਰੂ ਹੋਇਆ ਹੈ, ਜੋ ਛੋਟੇ-ਛੋਟੇ ਟਾਪੂਆਂ ਦਾ ਸਮੂਹ ਹੈ। ਇਹ ਦੇਸ਼ ਸਪੇਨੀ, ਅਫਰੀਕੀ ਤੇ 'ਤੇ ਸਥਾਨਕ ਤਾਈਨੋ ਲੋਕਾਂ ਦਾ ਸੁਮੇਲ ਹੈ। ਇੱਥੋਂ ਸ਼ੁਰੂ ਹੋਇਆ ਇਹ ਨਸ਼ਾ ਬੜੀ ਤੇਜ਼ੀ ਨਾਲ ਹੋਰ ਮੁਲਕਾਂ ਤੱਕ ਫੈਲ ਚੁੱਕਾ ਹੈ। ਇਹ ਦੁਨੀਆ 'ਚ ਇਕੋ-ਇਕ ਅਜਿਹਾ ਨਸ਼ਾ ਹੈ, ਜਿਸ ਦਾ ਨਾਂਅ ਜ਼ੌਂਬੀ ਹੈ ਤੇ ਇਸ ਨੂੰ ਲੈਣ ਵਾਲਿਆਂ ਨੂੰ ਵੀ ਜ਼ੌਂਬੀ ਕਿਹਾ ਜਾਂਦਾ ਹੈ। ਅਮਰੀਕਾ ਦੇ ਕੁਝ ਇਲਾਕਿਆਂ ਦੇ ਚੌਕਾਂ, ਸੜਕਾਂ, ਬਾਜ਼ਾਰਾਂ ਵਿਚ ਇਸ ਨਸ਼ੇ ਦੀ ਵਰਤੋਂ ਕਰਕੇ ਲੋਕ ਬੁੱਤ ਬਣ ਕੇ ਖੜ੍ਹੇ ਦਿਖਾਈ ਦਿੰਦੇ ਹਨ। ਨਸ਼ੇ ਨਾਲ ਧੁੱਤ ਹੋ ਕੇ ਬੁੱਤ ਬਣ ਕੇ ਖੜ੍ਹੇ ਨੌਜਵਾਨ ਲੜਕੇ-ਲੜਕੀਆਂ ਦੀਆਂ ਤਸਵੀਰਾਂ ਤੇ ਵੀਡੀਓਜ਼ ਵੇਖਣ ਵਾਲਿਆਂ ਨੂੰ ਦੁਖੀ ਕਰ ਦਿੰਦੀਆਂ ਹਨ। ਮਹਿੰਗੇ ਨਸ਼ਿਆਂ ਦੇ ਮੁਕਾਬਲੇ ਸਸਤਾ ਹੋਣ ਕਰਕੇ ਇਹ ਨਸ਼ਾ ਬੜੀ ਤੇਜ਼ੀ ਨਾਲ ਫੈਲ ਰਿਹਾ ਹੈ।

**ਬਚਾਅ ਲਈ ਯਤਨ** - ਸਰਕਾਰਾਂ ਨੂੰ ਹਰ ਤਰ੍ਹਾਂ ਦੇ ਨਸ਼ਿਆਂ ਨੂੰ ਰੋਕਣ ਲਈ ਢੁਕਵੇਂ ਯਤਨ ਕਰਨ ਦੇ ਨਾਲ ਹੀ ਨਸ਼ਿਆਂ ਨੂੰ ਰੋਕਣ ਲਈ ਰਵਾਇਤੀ ਢੰਗਾਂ ਦੀ ਬਜਾਏ ਨਵੇਂ ਢੰਗ-ਤਰੀਕੇ ਖੋਜਣ ਦੀ ਲੋੜ ਹੈ, ਕਿਉਂਕਿ ਮੌਜੂਦਾ ਪ੍ਰਸ਼ਾਸਨਿਕ ਵਿਵਸਥਾ ਨਸ਼ਿਆਂ ਦੇ ਪ੍ਰਕੋਪ ਨੂੰ ਰੋਕਣ ਲਈ ਨਾ-ਕਾਫ਼ੀ ਹੈ। ਨਸ਼ੇ ਕਰਨ ਵਾਲਿਆਂ ਦਾ ਇਲਾਜ ਕਰਨ ਦੇ ਨਾਲ-ਨਾਲ ਨਸ਼ਿਆਂ ਦੀਆਂ ਸਪਲਾਈ ਲਾਈਨਾਂ ਕੱਟਣ ਲਈ ਵੱਡੇ ਪੱਧਰ 'ਤੇ ਯਤਨ ਕਰਦਿਆਂ ਨਸ਼ਿਆਂ ਦੀ ਰੋਕਥਾਮ ਲਈ ਇਨ੍ਹਾਂ ਦੇ ਸਰੋਤਾਂ ਨੂੰ ਬੰਦ ਕਰਨ ਲਈ ਢੁਕਵੇਂ ਕਦਮ ਚੁੱਕਣ ਦੀ ਲੋੜ ਹੈ। ਨਸ਼ੇ ਤੇ ਅਪਰਾਧ ਦਾ ਆਪਸੀ ਗੂੜ੍ਹਾ ਸਬੰਧ ਹੁੰਦਾ ਹੈ, ਜੇਕਰ ਕਿਸੇ ਸਮਾਜ ਵਿਚ ਨਸ਼ਿਆਂ ਦਾ ਪ੍ਰਕੋਪ ਵਧੇਗਾ ਤਾਂ ਯਕੀਨਨ ਅਪਰਾਧ ਵੀ ਵਧਣਗੇ। ਫ਼ਸਲਾਂ ਦੇ ਰੂਪ ਵਿਚ ਪੈਦਾ ਹੋਣ ਵਾਲੇ ਤੇ ਕੁਝ ਹੱਦ ਤੱਕ ਸੁਰੱਖਿਅਤ ਨਸ਼ੇ-ਪੋਸਤ, ਅਫੀਮ ਆਦਿ-ਸ਼ਰਾਬ ਦੇ ਨਸ਼ੇ ਤੋਂ ਵੀ ਘੱਟ ਮਾਰੂ ਹਨ, ਸਰਕਾਰਾਂ ਨੂੰ ਇਨ੍ਹਾਂ ਦੀ ਬਿਜਾਈ ਕਰਾਉਣ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਲੋਕਾਂ ਵਿਚ ਵਧ ਰਹੀਆਂ ਮਾਨਸਿਕ ਬਿਮਾਰੀਆਂ ਤੇ ਇਨ੍ਹਾਂ ਦੇ ਇਲਾਜ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਆਸਾਨੀ ਨਾਲ ਮਿਲਣ ਇਸ ਸੰਬੰਧੀ ਵੀ ਸਿਹਤ ਮਾਹਿਰਾਂ ਨੂੰ ਗੰਭੀਰ ਵਿਚਾਰ ਚਰਚਾ ਕਰਨ ਦੀ ਲੋੜ ਹੈ। ਸਕੂਲਾਂ, ਕਾਲਜਾਂ ਵਿਚ ਨਸ਼ੇ ਤੇ ਇਨ੍ਹਾਂ ਨਾਲ ਹੋਣ ਵਾਲੇ ਸਰੀਰਕ ਤੇ ਮਾਨਸਿਕ ਰੋਗਾਂ ਸੰਬੰਧੀ ਬੱਚਿਆਂ ਨੂੰ ਸੁਚੇਤ ਕਰਨ ਦੀ ਬਹੁਤ ਲੋੜ ਹੈ। ਮਨ ਦੀ ਬੈਚੇਨੀ, ਉਦਾਸੀ ਤੇ ਨਿਰਾਸ਼ਾ ਨੂੰ ਕਿਸੇ ਨਸ਼ੇ ਨਾਲ ਦੂਰ ਕਰਨ ਦੀ ਬਜਾਏ ਇਸ ਸਥਿਤੀ 'ਚੋਂ ਬਾਹਰ ਨਿਕਲਣ ਬਾਰੇ ਸਾਡੇ ਸਮਾਜ ਨੂੰ ਵੀ ਸਿੱਖਿਅਤ ਕਰਨ ਦੀ ਲੋੜ ਹੈ।

ਨਸ਼ਾ ਕੋਈ ਵੀ ਹੋਵੇ, ਇਸ ਨੂੰ ਲੈਣ ਨਾਲ ਸਾਡੀ ਸਰੀਰਕ ਸਿਹਤ, ਮਾਨਸਿਕ ਸਿਹਤ, ਘਰ ਦੀ ਅਰਥ ਵਿਵਸਥਾ, ਸਾਡਾ ਮਾਣ-ਸਨਮਾਨ ਸਭ ਤਬਾਹ ਹੋਣ ਲੱਗਦੇ ਹਨ। ਹੁਣ ਤੱਕ ਨਸ਼ੇ ਲੱਖਾਂ ਨੌਜਵਾਨਾਂ ਤੇ ਅਨੇਕਾਂ ਪ੍ਰਤਿਭਾਵਾਂ ਨੂੰ ਖ਼ਤਮ ਕਰ ਚੁੱਕੇ ਹਨ, ਲੱਖਾਂ ਘਰ ਨਸ਼ਿਆਂ ਕਾਰਨ ਖ਼ਤਮ ਹੋ ਚੁੱਕੇ ਹਨ। ਹੁਣ ਨਸ਼ਿਆਂ ਤੋਂ ਬਚਾਅ ਤੇ ਮਨੁੱਖ ਦੀ ਮਾਨਸਿਕ ਸਿਹਤ ਨੂੰ ਤੰਦਰੁਸਤ ਰੱਖਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਣ ਦੀ ਲੋੜ ਹੈ। ਨਸ਼ਿਆਂ ਦੀ ਰੋਕਥਾਮ ਲਈ ਸਾਡੀਆਂ ਸਰਕਾਰਾਂ ਨੂੰ ਰਵਾਇਤੀ ਲੀਹਾਂ ਤੋਂ ਹਟ ਕੇ ਸੋਚਣ, ਵਿਚਾਰਨ ਤੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ। ਭਵਿੱਖ ਵਿਚ ਜਦੋਂ ਏ.ਆਈ. ਦੇ ਚੱਲਦਿਆਂ ਸਾਡੇ ਹੱਥੀਂ ਕੀਤੇ ਜਾਣ ਵਾਲੇ ਕੰਮ ਹੋਰ ਵੀ ਘਟਣ ਨਾਲ ਵਿਹਲ ਹੋਰ ਵੀ ਵਧ ਜਾਵੇਗੀ। ਦੁਨੀਆ ਭਰ 'ਚ ਬੇਰੁਜ਼ਗਾਰੀ ਹਰ ਦਿਨ ਵਧਦੀ ਜਾ ਰਹੀ ਹੈ, ਇਸ ਸਥਿਤੀ ਵਿਚ ਮਨੁੱਖ ਦੇ ਵਿਹਾਰ ਵਿਚ ਪਤਾ ਨਹੀਂ ਕੀ-ਕੀ ਤਬਦੀਲੀਆਂ ਹੋਣਗੀਆਂ? ਮਨੁੱਖ ਵਿਹਲਾ ਅਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਕਿਵੇਂ ਰਹੇਗਾ, ਇਸ ਸੰਬੰਧੀ ਦੁਨੀਆ ਭਰ ਦੇ ਸਿਹਤ ਮਾਹਿਰਾਂ ਨੂੰ ਗੰਭੀਰ ਚਰਚਾ ਛੇੜਨ ਦੀ ਜ਼ਰੂਰਤ ਹੈ।


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਰਜਿਸਟਡ ਡਿਸਏਬਿਲਟੀ ਸੇਵਿੰਗ ਪਲਾਨ (RDSP)

ਲਗਦਾ ਹੈ ਕਿ ਇਹ ਕੋਈ ਨਵਾਂ ਪਲਾਨ ਹੈ। ਪਰ ਨਹੀਂ ਇਸ ਬਾਰੇ ਸਭ ਤੋਂ ਪਹਿਲਾਂ 2008 ਦੇ ਵਿਚ ਗੌਰਮਿੰਟ ਆਫ਼ ਕੈਨੇਡਾ ਨੇ ਕਾਨੂੰਨ ਬਣਾਇਆ ਸੀ ਜਿਸ ਦਾ ਮਕਸਦ ਸੀ ਕਿ ਉਹ ਕੈਨੇਡੀਅਨ ਜਿਹੜੇ ਜਾਂ ਤਾਂ ਜਮਾਂਦਰੂ ਹੀ ਡਿਸਏਬਲ ਹੁੰਦੇ ਹਨ ਜਾਂ ਫਿਰ ਬਾਅਦ ਵਿਚ ਜ਼ਿੰਦਗੀ 'ਚ, ਪਰਮਾਨੈਂਟਲੀ ਡਿਸਏਬਲ ਹੋ ਜਾਂਦੇ ਹਨ। ਉਨ੍ਹਾਂ ਦਾ ਹੱਕ ਹੈ ਕਿ ਉਹ ਰੋਟੀ, ਕੱਪੜਾ ਤੇ ਮਕਾਨ ਲਈ ਯਾਨੀ ਰਹਿਣ ਸਹਿਣ ਜਾਂ ਖਾਣ ਪੀਣ ਤੇ ਤਨ 'ਤੇ ਕੱਪੜੇ ਲਈ ਸਰਕਾਰੀ ਸਹਾਇਤਾ ਪਾ ਸਕਣ।

**ਇਹ ਹੈ ਕੀ ?**

ਇਹ ਇਕ ਉਹ ਸੇਵਿੰਗ ਅਕਾਊਂਟ ਹੁੰਦਾ ਹੈ ਜਿਸ ਵਿਚ ਕੈਨੇਡੀਅਨ ਜੋ ਕਿ ਜਾਂ ਪੀ ਆਰ (PR) ਹਨ ਜਾਂ ਫਿਰ ਪੱਕੀ ਸ਼ਹਿਰੀ ਹਨ, ਆਪਣਾ ਆਰਡੀਐਸਪੀ ਅਕਾਊਂਟ ਖੋਲ੍ਹ ਸਕਦੇ ਹਨ। ਅਜੇ ਤੱਕ ਸਿਰਫ਼ ਇਕ ਹੀ ਇੰਸ਼ੋਰੈਂਸ ਕੰਪਨੀ ਹੈ ਜਿਸ ਵਿਚ ਉਹ ਆਪਣਾ ਸੇਵਿੰਗਜ਼ ਅਕਾਉਂਟ ਖੋਲ੍ਹ ਸਕਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿੱਤੀ ਸੰਸਥਾਵਾਂ ਵੀ ਹਨ। ਸਰਕਾਰ ਆਪਣੇ ਵਲੋਂ ਉਸ ਦੀ ਬਣਦੀ ਗਰਾਂਟ ਵੀ ਪਾ ਦਿੰਦੀ ਹੈ। ਕਿੰਨਾ ਅਕਾਊਂਟ ਖੋਲ੍ਹਣਾ ਹੈ ਤੇ ਕਿੰਨੀ ਗਰਾਂਟ ਮਿਲ ਸਕਦੀ ਹੈ ਇਸ ਲਈ ਉਨ੍ਹਾਂ ਨੂੰ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਕਰ ਕੀਤਾ ਜਾ ਸਕਦਾ ਹੈ।

ਇਸ ਅਕਾਊਂਟ ਨੂੰ ਖੋਲ੍ਹਣ ਦੀ ਉਮਰ 0 ਸਾਲ ਤੋਂ 49 ਸਾਲ ਤੱਕ ਦੀ ਹੈ। ਜੇ ਗਰਾਂਟ ਲੈਣੀ ਹੋਵੇ।

ਇਹ ਗਰਾਂਟ 0 ਤੋਂ 49 ਸਾਲ ਦੀ ਉਮਰ ਤੱਕ $90,000 ਤੱਕ ਦੀ ਹੋ ਸਕਦੀ ਹੈ। ਸੇਵਿੰਗ ਕਰਨ ਲਈ ਵੀ ਬਹੁਤਾ ਵੱਡਾ ਅਮਾਊਂਟ ਨਹੀਂ ਹੈ। ਅਸੀਂ ਮਹੀਨੇ ਦੇ ਮਹੀਨੇ $125 ਤੱਕ ਦੀ ਵੀ ਸੇਵਿੰਗ ਕਰ ਸਕਦੇ ਹਾਂ।

ਇਸ ਤਰ੍ਹਾਂ ਇਸ ਪਲਾਨ ਵਿਚ ਆਪਣਾ ਮੂਲ ਪੈਸਾ ਪਲੱਸ ਗਰਾਂਟ ਤੇ ਪਲੱਸ ਦੋਹਾਂ ਉਤੇ ਵਿਆਜ ਵੀ ਲੈ ਸਕਦੇ ਹਾਂ। ਵੱਧ ਤੋਂ ਵੱਧ ਇਸ ਪਲਾਨ ਵਿਚ ਅਸੀਂ $200,000 ਡਾਲਟ ਤੱਕ ਸੇਵ ਕਰ ਸਕਦੇ ਹਾਂ। $500 ਜੋੜਨ ਨਾਲ $1500 ਦੀ ਗਰਾਂਟ ਤੇ ਹੋਰ $1000 ਜੋੜਨ ਨਾਲ $2000 ਦੀ ਗਰਾਂਟ। ਗਰਾਂਟ ਇਸ ਤੋਂ ਵੱਧ ਵੀ ਉਪਲਬਧ ਹੈ।

ਇਹ ਪਲੈਨ ਕਦੋਂ ਮਿਚਿਓਰ (Mature) ਹੁੰਦੀ ਹੈ ?




ਵੈਸੇ ਪੈਸੇ ਜੋੜਨ ਵਾਲੇ ਆਪਣਾ ਪੈਸਾ ਵਿਆਜ ਸਮੇਤ ਜਦ ਮਰਜ਼ੀ ਲੈ ਸਕਦੇ ਹਨ ਪਰ ਜੇ ਅਸੀਂ ਆਪਣਾ ਪੈਸਾ ਪੂਰਾ ਤੇ ਗਰਾਂਟ ਤੇ ਉਪਰ ਦਾ ਵਿਆਜ ਥੋੜ੍ਹਾ-ਥੋੜ੍ਹਾ ਕਰਕੇ ਲੈਣਾ ਚਾਹੁੰਦੇ ਹਾਂ ਤਾਂ ਇਹ ਪਲੈਨ 60 ਸਾਲ ਦੀ ਉਮਰ ਤੇ ਮਿਚਿਓਰ ਹੋ ਜਾਂਦੀ ਹੈ।

ਫਿਰ ਆਪਣਾ ਜੋ ਹੈਂਡੀਕੈਪ ਹੁੰਦਾ ਹੈ ਉਹ ਆਪਣੇ 60 ਸਾਲ ਤੋਂ ਵੱਧ ਦੇ ਸਮੇਂ ਲਈ ਮਹੀਨੇ ਦੇ ਮਹੀਨੇ ਪੈਸੇ ਲੈਣਾ ਸ਼ੁਰੂ ਕਰ ਸਕਦਾ ਹੈ। ਕਿੰਨਾ ਪੈਸਾ ਮਹੀਨੇ ਦਾ ਜਾਂ ਸਾਲ ਦਾ ਲਿਆ ਜਾ ਸਕਦਾ ਹੈ ? ਇਹ ਨਿਰਭਰ ਕਰਦਾ ਹੈ ਕਿ ਉਸ ਨੇ ਕਿੰਨਾ ਪੈਸਾ ਸੇਵ ਕੀਤਾ ਹੈ ਤੇ ਕਿੰਨੀ ਗਰਾਂਟ ਲਈ ਹੈ।

ਤੇ ਉਸ ਨੂੰ ਕਿੰਨਾ ਵਿਆਜ ਮਿਲਿਆ ਹੈ।

**ਕਿੰਨਾ ਲੋਕਾਂ ਲਈ ਇਹ ਪਲੈਨ ਲਾਹੇਵੰਦ ਹੈ ?**

- ਜਿਨ੍ਹਾਂ ਕੋਲ CRA ਕੋਲੋਂ DTC Certificate ਹੈ।
- ਜਿਨ੍ਹਾਂ ਦੀ ਉਮਰ 59 ਸਾਲ ਤੋਂ ਘੱਟ ਹੈ ਜਾਂ ਗਰਾਂਟ ਹਾਸਲ ਕਰਨ ਲਈ 49 ਸਾਲ ਤੋਂ ਘੱਟ ਹੈ।
- ਜੋ ਜਨਮ ਤੋਂ ਹੀ Autism, Bipolar Disorder, Cerebral palsy, COPD, permanent depression Down syndrome , Hearing Loss, blindness, multiple sclerosis, paralysis, Parkinson disease, Dementia, crohn's disease, cystic, Fibrosis or amputation.
- ਇਸ ਤੋਂ ਇਲਾਵਾ ਕੋਈ ਵੀ ਜੋ ਪੂਰੀ ਤਰ੍ਹਾਂ ਕਿਸੇ ਵੀ ਕਾਰਨ ਕਰਕੇ ਡਿਸਏਬਲ ਹੈ ਉਹਦਾ ਡਾਕਟਰ ਉਹ ਨੂੰ CRA ਦਾ T 2201 ਫਾਰਮ ਭਰ ਕੇ ਦੇ ਸਕਦਾ ਹੈ।
- ਬਾਕੀ ਤੁਸੀਂ ਵੱਧ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਫੋਨ ਕਰਕੇ ਜਾਣਕਾਰੀ ਹਾਸਲ ਕਰ ਸਕਦੇ ਹੋ। ਕਿਉਂਕਿ ਇਥੇ ਸਾਰਾ ਕੁਝ ਨਹੀਂ ਲਿਖਿਆ ਜਾ ਸਕਦਾ। ਜਿਵੇਂ ਕਿ ਹਰ ਕੋਈ ਵੱਖਰੇ ਢੰਗ ਨਾਲ ਵੀ ਡਿਸਟੇਬਲ ਹੋ ਸਕਦਾ ਹੈ।



ਸ਼ੇਰ ਜੰਗ ਰਾਣਾ
416-910-9000



ਬਚਿੱਤਰ ਸਿੰਘ
416-527-3737



ਹਰਬੰਸ ਸਿੰਘ
416-817-7142




# ਡਾ. ਸਾਹਿਬ ਦੇ ਨਾਟਕ 4 ਅਕਤੂਬਰ ਨੂੰ ਕੈਲਗਰੀ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਹੋਣਗੇ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸੱਦੇ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਡਾ. ਸਾਹਿਬ ਸਿੰਘ ਇੱਕ ਵਾਰ ਫਿਰ ਆਪਣੇ ਨਾਟਕ ਲੈ ਕੇ ਕੈਲਗਰੀ ਪਹੁੰਚ ਚੁੱਕੇ ਹਨ ਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ ਨਵੇਂ ਨਾਟਕ "ਕੋਈ ਮੋੜ ਲਿਆਵੋ ਨੀ" ਦੀ ਤਿਆਰੀ ਆਰੰਭ ਕਰ ਦਿੱਤੀ ਹੈ। ਇਹ ਨਾਟਕ ਕੈਨੇਡਾ ਵਿੱਚ ਵਾਪਰੀਆਂ ਫ਼ਿਰੌਤੀ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਨੌਜਵਾਨਾਂ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਤੇ ਮੁਸ਼ਕਲਾਂ ਨੂੰ ਵੀ ਪੇਸ਼ ਕਰੇਗਾ ਤੇ ਗਲਤੀਆਂ 'ਤੇ ਵੀ ਉਂਗਲ ਧਰੇਗਾ। ਇਸ ਨਾਟਕ ਵਿੱਚ 16 ਕਲਾਕਾਰ ਹਿੱਸਾ ਲੈ ਰਹੇ ਹਨ। 4 ਅਕਤੂਬਰ 2026 ਨੂੰ ਇਹ ਨਾਟਕ 'ਬਰਟ ਚਰਚ ਥੀਏਟਰ' Bert Church Theatre Address: ਡੋਰ ਓਪਨ ਬਾ. ਦੁਪਹਿਰ 1.30 ਵਜੇ ਨਾਟਕ 6.00 ਵਜੇ 1000 East Lake Blvd NE, Airdrie, AB T4A 1P6 ਵਿਖੇ ਖੇਡਿਆ ਜਾਵੇਗਾ। ਇਸ ਮੌਕੇ ਡਾ. ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਲੱਛੂ ਕਬਾੜੀਆ" ਦਾ 225ਵਾਂ ਸ਼ੋਅ ਵੀ ਪੇਸ਼ ਕਰਨਗੇ।

ਇਸ ਤੋਂ ਇਲਾਵਾ ਡਾ. ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਤੂੰ ਅਗਲਾ ਵਰਕਾ ਫੋਲ" ਦੀਆਂ ਪੇਸ਼ਕਾਰੀਆਂ ਵੀ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਨਗੇ। 10 ਅਕਤੂਬਰ ਨੂੰ ਕੰਵਰ ਫਾਰਮ ਚਿਲਾਵੈਕ ਵਿਖੇ ਇਹ ਨਾਟਕ ਖੇਡਿਆ ਜਾਵੇਗਾ। ਪਿਛਲੇ ਸਾਲਾਂ ਵਿੱਚ ਡਾ. ਸਾਹਿਬ ਸਿੰਘ "ਧਨੁ ਲੇਖਾਰੀ ਨਾਨਕਾ, ਸੰਮਾਂ ਵਾਲੀ ਡਾਂਗ, ਲੱਛੂ ਕਬਾੜੀਆ, ਸੰਦੂਕੜੀ ਖੋਲ੍ਹ ਨਰੈਣਿਆਂ" ਦੀਆਂ ਪੇਸ਼ਕਾਰੀਆਂ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰ ਚੁੱਕੇ ਹਨ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ "ਤੇਰੀ ਕਹਾਣੀ ਮੇਰੀ ਕਹਾਣੀ, ਐੱਲ ਐਮ ਆਈ ਏ, ਬੇਸਮੈਂਟ 'ਚ ਤਰੇੜ ਹੈ" ਨਾਟਕ ਤਿਆਰ ਕਰਵਾ ਕੇ ਕਾਮਯਾਬੀ ਨਾਲ ਖੇਡ ਚੁੱਕੇ ਹਨ।

ਵਧੇਰੇ ਜਾਣਕਾਰੀ ਲਈ ਸੰਪਰਕ ਮਾ. ਭਜਨ 403-455-4220




BRING YOUR PARENTS & GRAND PARENTS FOR A FREE HEARING TEST



1410-6004 Country Hills Blvd NE
Building 1401 Calgary, AB T3N 1T8
APEX SKY MEDICAL CENTRE

ਅਲਬਰਟਾ ਦੀ ਪਹਿਲੀ ਪੰਜਾਬੀ ਬੋਲਣ ਵਾਲੀ
Hearing Instrument ਸਪੈਸ਼ਲਿਸਟ

403 723 3141
www.primehearing.clinic
info@primehearing.clinic

PRIME HEARING CLINIC



*Conditions Apply

18 ਸਾਲ ਤੋਂ ਵੱਧ ਉਮਰ ਵਾਲਿਆਂ ਲਈ
ਮੁਫ਼ਤ ਕੰਨਾਂ ਦਾ ਟੈਸਟ ਅਤੇ ਮੁਫ਼ਤ ਕੰਨਾਂ ਦੀਆਂ ਮਸ਼ੀਨਾਂ

WE SPEAK YOUR LANGUAGE
ਪੰਜਾਬੀ | हिंदी
URDU | ENGLISH

Ramandeep (Reet) Kaur
Registered Hearing Aid Prcatitioner(RHAP)
Board Certified Hearing Instrument Specialist(BC-HIS)
Book Your Free Hearing Test

YYC Home Care Services
Serving All Across Alberta

ਬਜ਼ੁਰਗਾਂ ਦੀ ਦੇਖਭਾਲ ਬਿਨਾਂ ਕਿਸੇ ਖਰਚੇ ਦੇ ਤੋਂ!
ਪੈਰਾਮੈਡਿਕ ਦੁਆਰਾ ਚਲਾਈ ਜਾ ਰਹੀ ਕੰਪਨੀ

825-760-0983

DIRECT BILLING AVAILABLE FOR HOME CARE

ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁੱਕਿੰਗ ਕਰੋ



Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

RDSP UP TO $90,000 GOVERNMENT GRANT + BOND.
SUPER VISA INSURANCE



MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616



WWW.PUNJABINSURANCE.CA